ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 233
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ



ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ



ਕੁੱਲ ਪੰਨੇ: 12 (Sunday, 24 August, 2025) ਐਤਵਾਰ, 24 ਅਗਸਤ, 2025, 9 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


ਭਾਰਤ ਵੱਲੋਂ ਅਮਰੀਕਾ ਨੂੰ ਸਪੱਸ਼ਟ ਸੰਦੇਸ਼

## ਕੌਮੀ ਹਿੱਤਾਂ ਨਾਲ ਕਿਸੇ ਕੀਮਤ ’ਤੇ ਸਮਝੌਤਾ ਨਹੀਂ ਕਰਾਂਗੇ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 23 ਅਗਸਤ: ਭਾਰਤ ਤੇ ਅਮਰੀਕਾ ਵਿਚਾਲੇ ਚੱਲ ਰਹੇ ਟੈਰਿਫ਼ ਤਣਾਅ ਦਰਮਿਆਨ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਮਰੀਕਾ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਭਾਰਤ ਆਪਣੇ ਰਾਸ਼ਟਰੀ ਹਿੱਤ ਅਤੇ ਰਣਨੀਤਕ ਖ਼ੁਦਮੁਖਤਿਆਰੀ ਨਾਲ ਸਮਝੌਤਾ ਨਹੀਂ ਕਰੇਗਾ। ਰੂਸ ਤੋਂ ਤੇਲ ਖਰੀਦਣ ’ਤੇ ਅਮਰੀਕਾ ਦੀ ਨਾਰਾਜ਼ਗੀ ’ਤੇ ਉਨ੍ਹਾਂ ਨੇ ਇਹ ਸਵਾਲ ਉਠਾਇਆ ਕਿ ‘ਜਦੋਂ ਚੀਨ ਰੂਸੀ ਤੇਲ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ ਤਾਂ ਉਸ ’ਤੇ ਟੈਰਿਫ ਕਿਉਂ ਨਹੀਂ ਲਗਾਇਆ ਗਿਆ ?’

ਜੈਸ਼ੰਕਰ ਨੇ ਅਮਰੀਕਾ ਨਾਲ ਚੱਲ ਰਹੇ ਵਪਾਰ ਵਿਵਾਦ ’ਤੇ ਕਿਹਾ ਕਿ ਭਾਰਤ ਦੀਆਂ ਤਿੰਨ ਸਖ਼ਤ ਤਰਜੀਹਾਂ ਹਨ- ਕਿਸਾਨਾਂ ਅਤੇ ਛੋਟੇ ਉਤਪਾਦਕਾਂ ਦੇ ਹਿੱਤਾਂ ਦੀ ਰੱਖਿਆ, ਤੇਲ ਆਯਾਤ ’ਤੇ ਰਾਸ਼ਟਰੀ ਹਿੱਤ ਅਤੇ ਭਾਰਤ-ਪਾਕਿ ਸਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਬਾਹਰੀ ਵਿਚੋਲਗੀ ਦਾ ਵਿਰੋਧ। ਉਨ੍ਹਾਂ ਕਿਹਾ ਕਿ ਅਮਰੀਕਾ ਨਾਲ ਗੱਲਬਾਤ ਚੱਲ ਰਹੀ ਹੈ, ਪਰ ਇਨ੍ਹਾਂ ਮੁੱਦਿਆਂ ’ਤੇ ਕੋਈ ਸਮਝੌਤਾ ਸੰਭਵ ਨਹੀਂ ਹੈ।

ਅਮਰੀਕਾ ਨਾਲ ਚੱਲ ਰਹੀ ਗੱਲਬਾਤ ’ਤੇ ਵਿਦੇਸ਼ ਮੰਤਰੀ ਨੇ ਸਪੱਸ਼ਟ ਤੌਰ ’ਤੇ ਕਿਹਾ- ‘ਗੱਲਬਾਤ ਅਜੇ ਵੀ ਚੱਲ ਰਹੀ ਹੈ ਪਰ ਸਾਡੇ ਮੁੱਦੇ ਸਪੱਸ਼ਟ ਹਨ, ਜਿਨ੍ਹਾਂ ’ਚੋਂ ਸਭ ਤੋਂ ਮਹੱਤਵਪੂਰਨ ਕਿਸਾਨਾਂ ਅਤੇ ਛੋਟੇ ਉਤਪਾਦਕਾਂ ਦਾ ਹਿੱਤ ਹੈ। ਕੋਈ ਵੀ ਸਰਕਾਰ ਇਸ ’ਤੇ ਸਮਝੌਤਾ ਨਹੀਂ ਕਰ ਸਕਦੀ। ਜੇਕਰ ਵਿਰੋਧੀ ਧਿਰ ਨੂੰ ਵੀ ਕੋਈ ਇਤਰਾਜ਼ ਹੈ, ਤਾਂ ਉਨ੍ਹਾਂ ਨੂੰ ਸਪੱਸ਼ਟ ਤੌਰ ’ਤੇ ਕਹਿਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਰੱਖਿਆ ਦੇ ਹੱਕ ਵਿੱਚ ਨਹੀਂ ਹਨ।’

ਜੈਸ਼ੰਕਰ ਨੇ ਰੂਸ ਤੋਂ ਤੇਲ ਆਯਾਤ ’ਤੇ ਅਮਰੀਕਾ ਦੀਆਂ ਪਾਬੰਦੀਆਂ ਬਾਰੇ ਦੋਹਰੇ ਮਾਪਦੰਡਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਕਿਹਾ, ‘ਜੇਕਰ ਮੁੱਦਾ ਤੇਲ ਦਾ ਹੈ ਤਾਂ ਚੀਨ ’ਤੇ ਟੈਰਿਫ ਕਿਉਂ ਨਹੀਂ ਲਗਾਇਆ ਗਿਆ, ਜੋ ਰੂਸ ਤੋਂ ਸਭ ਤੋਂ ਵੱਧ ਤੇਲ ਆਯਾਤ ਕਰਦਾ ਹੈ ?’

ਉਨ੍ਹਾਂ ਅੱਗੇ ਕਿਹਾ, ‘ਯੂਰਪ ਅਤੇ ਅਮਰੀਕਾ ਖ਼ੁਦ ਰੂਸ ਤੋਂ ਖਰੀਦਦੇ ਹਨ ਤਾਂ ਭਾਰਤ ’ਤੇ ਸਵਾਲ ਕਿਉਂ ?’ ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਭਾਰਤ ਊਰਜਾ ਨੀਤੀ ’ਤੇ ਫੈਸਲੇ ਆਪਣੇ ਹਿੱਤ ਵਿੱਚ ਲਵੇਗਾ, (ਬਾਕੀ ਸਫਾ 2 ’ਤੇ)

ਕੇਂਦਰ ਵੱਲੋਂ ਕੱਟੇ ਜਾ ਰਹੇ ਰਾਸ਼ਨ ਕਾਰਡਾਂ ’ਤੇ ਮੁੱਖ ਮੰਤਰੀ ਦਾ ਵੱਡਾ ਬਿਆਨ

## ਭਾਜਪਾ ‘ਵੋਟ ਚੋਰ’ ਤੋਂ ਬਾਅਦ ਹੁਣ ‘ਰਾਸ਼ਨ ਚੋਰ’ ਬਣੀ: ਮਾਨ

### ‘ਕੇਂਦਰ ਸਰਕਾਰ 8,02,493 ਗ਼ਰੀਬ ਲੋਕਾਂ ਦੇ ਕੱਟ ਰਹੀ ਹੈ ਰਾਸ਼ਨ ਕਾਰਡ’

ਚੜ੍ਹਦੀਕਲਾ ਬਿਊਰੋ
================




ਚੰਡੀਗੜ੍ਹ, 23 ਅਗਸਤ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜਨਤਕ ਵੰਡ ਪ੍ਰਣਾਲੀ ਤਹਿਤ 55 ਲੱਖ ਪੰਜਾਬੀਆਂ ਨੂੰ ਮੁਫ਼ਤ ਅਨਾਜ ਸਕੀਮ ਤੋਂ ਵਾਂਝਾ ਰੱਖਣ ਦੇ ਫੈਸਲੇ ਨੂੰ ਪੰਜਾਬ ਵਿਰੋਧੀ ਕਦਮ ਦੱਸਦਿਆਂ ਭਾਰਤੀ ਜਨਤਾ ਪਾਰਟੀ ਦੀ ਸਖ਼ਤ ਅਲੋਚਨਾ ਕੀਤੀ।

ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ ਕੁੱਲ ਇਕ ਕਰੋੜ 53 ਲੱਖ ਰਾਸ਼ਨ ਕਾਰਡਾਂ ਵਿੱਚੋਂ 55 ਲੱਖ ਲੋਕਾਂ ਨੂੰ ਦਿੱਤੇ ਜਾ ਰਹੇ ਮੁਫ਼ਤ ਰਾਸ਼ਨ ਨੂੰ ਬੰਦ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੇ.ਵਾਈ.ਸੀ. ਦੀ ਰਜਿਸਟ੍ਰੇਸ਼ਨ ਨਾ ਹੋਣ ਦਾ ਬਹਾਨਾ ਬਣਾ ਕੇ ਜੁਲਾਈ ਮਹੀਨੇ ਵਿੱਚ 23 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕਰ ਦਿੱਤਾ ਗਿਆ ਹੈ ਜਦਕਿ 32 ਲੱਖ ਹੋਰ ਲੋਕਾਂ ਦਾ ਮੁਫ਼ਤ ਰਾਸ਼ਨ 30 ਸਤੰਬਰ ਤੋਂ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਮਨਸੂਬਿਆਂ ਵਿੱਚ ਕਦੇ ਵੀ ਸਫ਼ਲ ਨਹੀਂ ਹੋਵੇਗੀ ਅਤੇ ਉਹ ਸੂਬੇ ਵਿੱਚ ਇਕ ਵੀ ਕਾਰਡ ਰੱਦ ਨਹੀਂ ਹੋਣ ਦੇਣਗੇ। (ਬਾਕੀ ਸਫਾ 2 ’ਤੇ)

## ਮਾਨ ਤਾਮਿਲਨਾਡੂ ਸਰਕਾਰ ਦੇ ‘ਮੁੱਖ ਮੰਤਰੀ ਨਾਸ਼ਤਾ ਯੋਜਨਾ’ ਸਮਾਰੋਹ ’ਚ ਮੁੱਖ ਮਹਿਮਾਨ ਵਜੋਂ ਹੋਣਗੇ ਸ਼ਾਮਲ

ਚੜ੍ਹਦੀਕਲਾ ਬਿਊਰੋ
================



ਚੰਡੀਗੜ੍ਹ, 23 ਅਗਸਤ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਾਮਿਲਨਾਡੂ ਸਰਕਾਰ ਵੱਲੋਂ ‘ਮੁੱਖ ਮੰਤਰੀ ਨਾਸ਼ਤਾ ਯੋਜਨਾ’ ਦੇ ਵਿਸਥਾਰ ਸਬੰਧੀ ਚੇਨਈ ਵਿੱਚ ਰੱਖੇ ਗਏ ਸਮਾਗਮ ’ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।

ਤਾਮਿਲਨਾਡੂ ਤੋਂ ਰਾਜ ਸਭਾ ਮੈਂਬਰ ਸ੍ਰੀ ਵਿਲਸਨ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਵੱਕਾਰੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਦੀ ਤਰਫ਼ੋਂ ਰਸਮੀ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਤਾਮਿਲਨਾਡੂ ਸਰਕਾਰ ਵੱਲੋਂ 26 ਅਗਸਤ ਨੂੰ ਹੋਣ ਵਾਲੇ ਇਸ ਸਮਾਗਮ ਵਿੱਚ ਸ਼ਹਿਰੀ ਖੇਤਰਾਂ ਦੇ ਸਾਰੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ‘ਮੁੱਖ ਮੰਤਰੀ ਨਾਸ਼ਤਾ ਯੋਜਨਾ’ ਦੇ ਵਿਸਥਾਰ ਦਾ ਐਲਾਨ ਕੀਤਾ ਜਾਵੇਗਾ। (ਬਾਕੀ ਸਫਾ 2 ’ਤੇ)

## ਪੰਜਾਬ ’ਚ 5 ਦਿਨ ਪਵੇਗਾ ਭਾਰੀ ਮੀਂਹ

ਚੰਡੀਗੜ੍ਹ, 23 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੌਸਮ ਵਿਚ ਇਕ ਵਾਰ ਫਿਰ ਤੋਂ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ। ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਦਿਨਾਂ ਨੂੰ ਲੈ ਕੇ ਪੰਜਾਬ ਦੇ ਮੌਸਮ ਸਬੰਧੀ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਅਗਲੇ ਕਰੀਬ 5 ਦਿਨਾਂ ਤੱਕ ਮੌਸਮ ਵਿਭਾਗ ਵੱਲੋਂ ਪੰਜਾਬ ’ਚ ਭਾਰੀ ਬਾਰਿਸ਼ ਦੀ ਚਿਤਾਵਨੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਅੱਜ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਤਰਨਤਾਰਨ ਵਿੱਚ ਮੀਂਹ ਦੇ ਨਾਲ ਅਸਮਾਨੀ ਬਿਜਲੀ ਅਤੇ ਤੇਜ਼ ਹਵਾਵਾਂ (30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ) ਚੱਲਣ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਵੱਲੋਂ ਅੱਜ ਤੋਂ ਲੈ ਕੇ 27 ਅਗਸਤ ਤੱਕ ਭਵਿੱਖਬਾਣੀ ਕੀਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ 23 ਅਤੇ 24 ਅਗਸਤ ਨੂੰ ਪਠਾਨਕੋਟ, (ਬਾਕੀ ਸਫਾ 2 ’ਤੇ)

## ਭਾਰਤ ਨੇ ਆਪਣੇ ਹਵਾਈ ਖੇਤਰ ’ਚ ਪਾਕਿਸਤਾਨੀ ਜਹਾਜ਼ਾਂ ’ਤੇ ਪਾਬੰਦੀ 24 ਸਤੰਬਰ ਤੱਕ ਵਧਾਈ




ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 23 ਅਗਸਤ: ਪਹਿਲਗਾਮ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ। ਇਸੇ ਦੌਰਾਨ ਭਾਰਤ ਨੇ ਇਕ ਹੋਰ ਵੱਡਾ ਕਦਮ ਚੁੱਕਦਿਆਂ ਆਪਣੇ ਹਵਾਈ ਖੇਤਰ ’ਚ ਪਾਕਿਸਤਾਨੀ ਜਹਾਜ਼ਾਂ ’ਤੇ ਪਾਬੰਦੀ 24 ਸਤੰਬਰ ਤੱਕ ਲਈ ਵਧਾ ਦਿੱਤੀ ਹੈ। ਪਾਕਿਸਤਾਨ ਨੇ ਵੀ ਭਾਰਤੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਨੂੰ ਬੰਦ ਕਰਨ ਦੀ ਮਿਆਦ ਵੀ 24 ਸਤੰਬਰ ਤੱਕ ਵਧਾ ਦਿੱਤੀ ਹੈ। ਦੋਵਾਂ ਦੇਸ਼ਾਂ ਨੇ ਹਵਾਈ ਖੇਤਰ ਨੂੰ ਬੰਦ ਕਰਨ ਦੀ ਮਿਆਦ ਵਧਾਉਣ ਲਈ (ਬਾਕੀ ਸਫਾ 2 ’ਤੇ)

## ਅਮਰੀਕਾ ਨੂੰ ਜਾਣ ਵਾਲੀ ਅੰਤਰਰਾਸ਼ਟਰੀ ਡਾਕ ਸੇਵਾ ਰੋਕੇਗਾ ਭਾਰਤ

ਨਵੀਂ ਦਿੱਲੀ, 23 ਅਗਸਤ (ਚੜ੍ਹਦੀਕਲਾ ਬਿਊਰੋ) : ਅਮਰੀਕੀ ਸਰਕਾਰ ਵੱਲੋਂ ਅੰਤਰਰਾਸ਼ਟਰੀ ਸ਼ਿਪਿੰਗ ਨਿਯਮਾਂ ਵਿੱਚ ਕੀਤੇ ਗਏ ਵੱਡੇ ਬਦਲਾਅ ਦੇ ਕਾਰਨ, ਭਾਰਤੀ ਡਾਕ ਵਿਭਾਗ 25 ਅਗਸਤ, 2025 ਤੋਂ ਅਮਰੀਕਾ ਨੂੰ ਜਾਣ ਵਾਲੀਆਂ ਜ਼ਿਆਦਾਤਰ ਅੰਤਰਰਾਸ਼ਟਰੀ ਡਾਕ ਸੇਵਾਵਾਂ ਨੂੰ ਅਸਥਾਈ ਤੌਰ ’ਤੇ ਬੰਦ ਕਰਨ ਜਾ ਰਿਹਾ ਹੈ। ਇਸ ਫੈਸਲੇ ਦਾ ਸਿੱਧਾ ਅਸਰ ਭਾਰਤੀ ਖਪਤਕਾਰਾਂ ਅਤੇ ਵਪਾਰੀਆਂ ’ਤੇ ਪਵੇਗਾ ਜੋ ਅਮਰੀਕਾ ਨੂੰ ਸਾਮਾਨ ਭੇਜਦੇ ਹਨ। ਸਰਕਾਰੀ ਜਾਣਕਾਰੀ ਅਨੁਸਾਰ,ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 30 ਜੁਲਾਈ, (ਬਾਕੀ ਸਫਾ 2 ’ਤੇ)

ਪ੍ਰਧਾਨ ਮੰਤਰੀ ਨੇ ਪੁਲਾੜ ਦਿਵਸ ’ਤੇ ਰੱਖਿਆ ਨਵਾਂ ਟੀਚਾ

## ਮਨੁੱਖਤਾ ਦੇ ਰੋਸ਼ਨ ਭਵਿੱਖ ਲਈ ਪੁਲਾੜ ਦੇ ਭੇਤਾਂ ਤੋਂ ਪਰਦਾ ਚੁੱਕਣ ਦੀ ਲੋੜ: ਮੋਦੀ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 23 ਅਗਸਤ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਪੁਲਾੜ ਵਿਗਿਆਨੀਆਂ ਨੂੰ ਮਨੁੱਖਤਾ ਦੇ ਭਵਿੱਖ ਨੂੰ ਰੌਸ਼ਨ ਕਰਨ ਵਾਲੇ ਰਹੱਸਾਂ ਨੂੰ ਖੋਲ੍ਹਣ ਲਈ ਇੱਕ ਡੂੰਘੇ ਪੁਲਾੜ ਖੋਜ ਮਿਸ਼ਨ ਲਈ ਤਿਆਰੀ ਕਰਨ ਦਾ ਸੱਦਾ ਦਿੱਤਾ। ਰਾਸ਼ਟਰੀ ਪੁਲਾੜ ਦਿਵਸ ’ਤੇ ਇੱਕ ਵੀਡੀਓ ਸੰਬੋਧਨ ਵਿੱਚ ਮੋਦੀ ਨੇ ਐਲਾਨ ਕੀਤਾ ਕਿ ਭਾਰਤ ਭਵਿੱਖ ਦੇ ਮਿਸ਼ਨਾਂ ਲਈ ਪੁਲਾੜ ਯਾਤਰੀਆਂ ਦਾ ਇੱਕ ਸਮੂਹ ਬਣਾਉਣ ਦੀ ਤਿਆਰੀ ਕਰ ਰਿਹਾ ਹੈ ਅਤੇ ਨੌਜਵਾਨਾਂ ਨੂੰ ਇਸ ਸਮੂਹ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ‘ਅਸੀਂ ਚੰਦਰਮਾ ਅਤੇ ਮੰਗਲ ਗ੍ਰਹਿ ’ਤੇ ਪਹੁੰਚ ਗਏ ਹਾਂ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹੁਣ ਸਾਨੂੰ ਡੂੰਘੇ ਪੁਲਾੜ ਦਾ ਨਿਰੀਖਣ ਕਰਨਾ ਹੈ, ਜਿੱਥੇ ਬਹੁਤ ਸਾਰੇ ਅਜਿਹੇ ਰਹੱਸ ਲੁਕੇ ਹੋਏ ਹਨ ਜੋ ਮਨੁੱਖਤਾ ਦੇ ਭਵਿੱਖ ਲਈ ਲਾਭਦਾਇਕ ਹਨ । ਦੇਸ਼ ਭਰ ਦੇ ਪੁਲਾੜ ਵਿਗਿਆਨੀਆਂ, ਵਿਦਿਆਰਥੀਆਂ ਅਤੇ ਨੀਤੀ ਨਿਰਮਾਤਾਵਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ‘ਸਾਡੀ ਦੂਰੀ ਗਲੈਕਸੀਆਂ ਤੋਂ ਪਰੇ ਹੈ। ਅਨੰਤ ਬ੍ਰਹਿਮੰਡ ਸਾਨੂੰ ਦੱਸਦਾ ਹੈ ਕਿ ਕੋਈ ਸੀਮਾ ਆਖਰੀ ਸਰਹੱਦ ਨਹੀਂ ਹੈ ਅਤੇ ਪੁਲਾੜ ਦੇ ਖੇਤਰ ਵਿੱਚ ਵੀ, ਨੀਤੀ ਪੱਧਰ ’ਤੇ ਕੋਈ ਅੰਤਮ ਸਰਹੱਦ ਨਹੀਂ ਹੋਣੀ ਚਾਹੀਦੀ।’ ਉਨ੍ਹਾਂ ਕਿਹਾ ਕਿ ਭਾਰਤ ਇਲੈਕਟ੍ਰਿਕ ਪ੍ਰੋਪਲੇਸ਼ਨ ਅਤੇ ਸੈਮੀ-ਕ੍ਰਾਇਓਜੇਨਿਕ ਇੰਜਣ ਵਰਗੀਆਂ ਮਹੱਤਵਪੂਰਨ ਤਕਨਾਲੋਜੀਆਂ ਦੇ ਖੇਤਰ ਵਿੱਚ ਤਰੱਕੀ ਕਰ ਰਿਹਾ ਹੈ। ਉਨ੍ਹਾਂ ਕਿਹਾ, ‘ਤੁਹਾਡੇ ਵਿਗਿਆਨੀਆਂ ਦੀ ਸਖ਼ਤ ਮਿਹਨਤ ਸਦਕਾ, ਭਾਰਤ ਜਲਦੀ ਹੀ ਗਗਨਯਾਨ ਮਿਸ਼ਨ ਲਾਂਚ ਕਰੇਗਾ ਅਤੇ ਆਪਣਾ ਪੁਲਾੜ ਸਟੇਸ਼ਨ ਵੀ ਬਣਾਏਗਾ।’ (ਬਾਕੀ ਸਫਾ 2 ’ਤੇ)

## ਚਾਲੂ ਖਰੀਫ਼ ਬਿਜਾਈ ਸੀਜ਼ਨ ਦੌਰਾਨ ਖਾਦਾਂ ਦੀ ਸਪਲਾਈ ਤਸੱਲੀਬਖ਼ਸ਼: ਸਰਕਾਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 23 ਅਗਸਤ:ਸਰਕਾਰ ਨੇ ਕਿਹਾ ਹੈ ਕਿ ਮੌਜੂਦਾ ਖਰੀਫ਼ (ਗਰਮੀਆਂ ਦੀ ਬਿਜਾਈ) ਸੀਜ਼ਨ ਦੌਰਾਨ ਖਾਦਾਂ ਦੀ ਉਪਲਬਧਤਾ ਤਸੱਲੀਬਖਸ਼ ਹੈ ਅਤੇ ਇਹ ਕਿਸਾਨਾਂ ਨੂੰ ਫਸਲਾਂ ਦੇ ਪੌਸ਼ਟਿਕ ਤੱਤਾਂ ਦੀ ਸਮੇਂ ਸਿਰ ਅਤੇ ਬਰਾਬਰ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇੱਕ ਸਰਕਾਰੀ ਬਿਆਨ ਵਿੱਚ, ਖਾਦ ਵਿਭਾਗ ਨੇ ਕਿਹਾ ਕਿ ਕੁੱਲ ਉਪਲਬਧਤਾ 143 ਲੱਖ ਟਨ ਦੀ ਅਨੁਪਾਤੀ ਲੋੜ ਦੇ ਮੁਕਾਬਲੇ 183 ਲੱਖ ਟਨ ਯੂਰੀਆ ਹੈ। ਹੁਣ ਤੱਕ ਯੂਰੀਆ ਦੀ ਵਿਕਰੀ 155 ਲੱਖ ਟਨ ਰਹੀ ਹੈ, ਜੋ ਕਿ ਇੱਕ ਸਾਲ ਪਹਿਲਾਂ ਦੀ ਇਸੇ ਮਿਆਦ ਨਾਲੋਂ 13 ਲੱਖ ਟਨ ਵੱਧ ਹੈ। ਇਸੇ ਤਰ੍ਹਾਂ, ਡੀ.ਏ.ਪੀ. ਵਿੱਚ, ਉਪਲਬਧਤਾ 45 ਲੱਖ ਟਨ ਦੀ ਅਨੁਪਾਤੀ ਲੋੜ ਦੇ ਮੁਕਾਬਲੇ 49 ਲੱਖ ਟਨ ਹੈ ਅਤੇ 33 ਲੱਖ ਟਨ ਵੇਚਿਆ ਗਿਆ ਹੈ। ਐਨ.ਪੀ.ਕੇ. ਵਿੱਚ ਉਪਲਬਧਤਾ 58 ਲੱਖ ਟਨ ਦੀ ਅਨੁਪਾਤੀ ਲੋੜ ਦੇ ਮੁਕਾਬਲੇ 97 ਲੱਖ ਟਨ ਹੈ। ਹੁਣ ਤੱਕ, 64.5 ਲੱਖ ਟਨ ਐਨ.ਪੀ.ਕੇ. ਵੇਚਿਆ ਗਿਆ ਹੈ। ਵਿਭਾਗ ਨੇ ਕਿਹਾ ਕਿ ਸਰਕਾਰ ਨੇ ਵਿਸ਼ਵਵਿਆਪੀ ਟਕਰਾਵਾਂ ਦੇ ਬਾਵਜੂਦ ਸਪਲਾਈ ਨੂੰ ਯਕੀਨੀ ਬਣਾਇਆ ਹੈ, ਜਿਸ ਨੇ ਅੰਤਰਰਾਸ਼ਟਰੀ ਉਪਲਬਧਤਾ ਅਤੇ ਕੀਮਤਾਂ ਦੋਵਾਂ ਨੂੰ ਪ੍ਰਭਾਵਿਤ ਕੀਤਾ ਹੈ। (ਬਾਕੀ ਸਫਾ 2 ’ਤੇ)

## ਮਹਿੰਦਰਾ ਪਿਕਅੱਪ ਨਾਲ ਟੱਕਰ ਤੋਂ ਬਾਅਦ ਐਲ.ਪੀ.ਜੀ. ਟੈਂਕਰ ’ਚ ਧਮਾਕੇ ਕਾਰਨ 4 ਮੌਤਾਂ

ਪਰਮਿੰਦਰ ਘੁੰਮਣ
================



ਹੁਸ਼ਿਆਰਪੁਰ, 23 ਅਗਸਤ: ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਬੀਤੀ ਦੇਰ ਰਾਤ ਗਲਤ ਮੋੜ ਕੱਟਣ ਕਾਰਨ ਜਲੰਧਰ-ਹੁਸ਼ਿਆਰਪੁਰ ਸੜਕ ’ਤੇ ਪਿੰਡ ਮੰਡਿਆਲਾ ਨੇੜੇ ਐਚ.ਪੀ ਪੈਟਰੋਲੀਅਮ ਟੈਂਕਰ ਦੀ ਸਬਜ਼ੀਆਂ ਨਾਲ ਭਰੇ ਮਹਿੰਦਰਾ ਪਿਕਅੱਪ ਨਾਲ ਟੱਕਰ ਹੋ ਗਈ, ਜਿਸ ਕਾਰਨ ਟੈਂਕਰ ’ਚ ਧਮਾਕਾ ਹੋ ਗਿਆ, ਜਿਸ ਨੇ ਆਲੇ-ਦੁਆਲੇ ਦੀਆਂ ਇਮਾਰਤਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਇਸ ਹਾਦਸੇ ਵਿਚ ਹੁਣ ਤੱਕ 4 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ 25 ਲੋਕ ਜ਼ਖਮੀ ਹੋ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦਿਆਂ ਹੀ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਉਹ ਖ਼ੁਦ ਵੀ ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਤੇ ਪ੍ਰਸ਼ਾਸਨਿਕ ਅਮਲੇ ਨਾਲ ਤੁਰੰਤ ਮੌਕੇ ’ਤੇ ਪਹੁੰਚੇ ਅਤੇ ਸਥਿਤੀ ਦਾ (ਬਾਕੀ ਸਫਾ 2 ’ਤੇ)

## ਮਾਨ ਵੱਲੋਂ ਹਾਦਸੇ ’ਤੇ ਦੁੱਖ ਦਾ ਪ੍ਰਗਟਾਵਾ

### ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਦੀ ਵਿੱਤੀ ਸਹਾਇਤਾ ਦਾ ਐਲਾਨ

ਚੰਡੀਗੜ੍ਹ, 23 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੰਡਿਆਲਾ ਵਿੱਚ ਵਾਪਰੇ ਭਿਆਨਕ ਹਾਦਸੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਜਿਸ ਵਿੱਚ ਐਲ.ਪੀ.ਜੀ. ਟੈਂਕਰ ਵਿੱਚ ਧਮਾਕਾ ਹੋਣ ਨਾਲ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ 21 ਹੋਰ ਜ਼ਖ਼ਮੀ ਹੋ ਗਏ। (ਬਾਕੀ ਸਫਾ 2 ’ਤੇ)

## ਭਾਜਪਾ ਅਤੇ ‘ਆਪ’ ਖੇਡ ਰਹੀਆਂ ਨੇ ਸਿਆਸੀ ਨੂਰਾ ਕੁਸ਼ਤੀ: ਗਿ. ਹਰਪ੍ਰੀਤ ਸਿੰਘ

ਬਬਲੂ ਮਹਾਜਨ
================



ਅੰਮ੍ਰਿਤਸਰ, 23 ਅਗਸਤ:ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਅਤੇ ਪੰਜਾਬ ਦੀ ਸੱਤਾ ਧਿਰ ਵਲੋਂ ਖੇਡੀ ਜਾ ਰਹੀ ਸਿਆਸੀ ਨੂਰਾ ਕੁਸ਼ਤੀ ਨੂੰ ਬੰਦ ਕਰਨ ਅਤੇ ਦੋਹਾਂ ਹੀ ਸੱਤਾਧਾਰੀ ਪਾਰਟੀਆਂ ਨੂੰ ਸੂਬੇ ਨਾਲ ਜੁੜੇ ਮਸਲੇ ਹੱਲ ਕਰਨ ਵੱਲ ਧਿਆਨ ਦੇਣ ਦੀ ਲੋੜ ਤੋਂ ਜਾਣੂ ਕਰਵਾਇਆ ਹੈ। ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ, ਇੱਕ ਸਿਆਸੀ ਡਰਾਮੇ ਹੇਠ ਪੰਜਾਬ ਦੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਦੋਵੇਂ ਸੱਤਾ ਧਿਰ ਨਾਲ ਜੁੜੀਆਂ ਪਾਰਟੀਆਂ ਆਪਣੀ ਕੋਸ਼ਿਸ਼ ਵਿੱਚ ਹਨ। ਅੱਜ ਪੰਜਾਬ ਦੇ ਤਾਜ਼ਾ ਹਾਲਾਤਾਂ ਤੋਂ ਹਰ ਕੋਈ ਚਿੰਤਤ ਹੈ। ਹਰ ਖੇਤਰ ਵਿੱਚ ਸੂਬੇ ਦੀ ਹਾਲਤ ਬਦ ਤੋਂ ਬਦਤਰ ਹੈ। ਇਹਨਾਂ ਹਾਲਾਤਾਂ ’ਤੇ ਗੰਭੀਰਤਾ ਨਾਲ ਫੈਸਲਾ ਲੈਣ ਦੀ ਬਜਾਏ ਸਿਆਸੀ ਨੂਰਾ ਕੁਸ਼ਤੀ ਦਾ ਰਸਤਾ ਅਖ਼ਤਿਆਰ ਕੀਤਾ ਗਿਆ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਦੋਹਾਂ ਸਰਕਾਰਾਂ ਦੀ ਬੇਰੁੱਖੀ ਦੇ ਕਾਰਨ ਪੰਜਾਬ ਦਾ ਕਿਸਾਨ ਪ੍ਰੇਸ਼ਾਨ ਹੈ। ਕੋਈ ਉਦਯੋਗਿਕ ਨੀਤੀ ਨਾ ਬਣਨ ਨਾਲ ਸੂਬੇ ਵਿੱਚੋ ਵੱਡੇ ਉਦਯੋਗਿਕ ਪਲਾਂਟ ਬਾਹਰ ਜਾ ਰਹੇ ਹਨ। ਨੌਜਵਾਨਾਂ ਨੂੰ ਬੇਰੁਜ਼ਗਾਰੀ ਦੇ ਆਲਮ ਵਿਚੋਂ ਗੁਜ਼ਰਨਾ ਪੈ ਰਿਹਾ ਹੈ, ਕੋਈ ਨਵੀਂਆਂ ਨੌਕਰੀਆਂ ਦੇ ਉਪਰਾਲੇ ਨਹੀਂ ਕੀਤੇ ਜਾ ਰਹੇ। ਨਸ਼ਿਆਂ ਨੂੰ ਠੱਲ ਪਵੇ, ਇਸ ਦਾ (ਬਾਕੀ ਸਫਾ 2 ’ਤੇ)

## 5ਵੀਂ ਪੀੜ੍ਹੀ ਦੇ ਫਾਈਟਰ ਜੈਟ ਲਈ ਫ਼ਰਾਂਸ ਦੀ ਮਦਦ ਨਾਲ ਭਾਰਤ ’ਚ ਬਣਨਗੇ ਇੰਜਣ: ਰਾਜਨਾਥ ਸਿੰਘ

ਨਵੀਂ ਦਿੱਲੀ, 23 ਅਗਸਤ (ਚੜ੍ਹਦੀਕਲਾ ਬਿਊਰੋ) : ਭਾਰਤ ਹੁਣ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ਾਂ ਦੇ ਖੇਤਰ ਵਿੱਚ ਆਤਮਨਿਰਭਰ ਬਣਨ ਵੱਲ ਇੱਕ ਵੱਡਾ ਕਦਮ ਚੁੱਕਣ ਜਾ ਰਿਹਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਨਵੀਂ ਦਿੱਲੀ ਵਿੱਚ ਆਯੋਜਿਤ =ਇਕਨਾਮਿਕ ਟਾਈਮਜ਼ ਵਰਲਡ ਲੀਡਰਜ਼ ਫੋਰਮ’ ਦੌਰਾਨ ਐਲਾਨ ਕੀਤਾ ਕਿ ਭਾਰਤ ਫਰਾਂਸੀਸੀ ਏਰੋਸਪੇਸ ਕੰਪਨੀ ਸਫਰਾਨ ਦੇ ਸਹਿਯੋਗ ਨਾਲ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ਾਂ ਦੇ ਇੰਜਣ ਤਿਆਰ ਕਰੇਗਾ।ਰਾਜਨਾਥ ਸਿੰਘ ਨੇ ਸਟੇਜ ਤੋਂ ਕਿਹਾ, “ਅੱਜ, ਅਸੀਂ ਪੰਜਵੀਂ ਪੀੜ੍ਹੀ ਦੇ ਲੜਾਕੂ (ਬਾਕੀ ਸਫਾ 2 ’ਤੇ)






## ਅਨਿਲ ਅੰਬਾਨੀ ਦੇ ਟਿਕਾਣਿਆਂ ’ਤੇ ਸੀ.ਬੀ.ਆਈ. ਵੱਲੋਂ ਛਾਪਾ

ਨਵੀਂ ਦਿੱਲੀ, 23 ਅਗਸਤ (ਚੜ੍ਹਦੀਕਲਾ ਬਿਊਰੋ): ਸੀ.ਬੀ.ਆਈ. ਨੇ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕਾਮ) ਵਿਰੁੱਧ 2,000 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਧੋਖਾਧੜੀ ਮਾਮਲੇ ਵਿੱਚ ਕੇਸ ਦਰਜ ਕੀਤਾ ਹੈ। ਸੀਬੀਆਈ ਨੇ ਕੰਪਨੀ ਦੇ ਦਫਤਰਾਂ ਅਤੇ ਅਨਿਲ ਅੰਬਾਨੀ ਨਾਲ ਸਬੰਧਤ ਥਾਵਾਂ ’ਤੇ ਵੀ ਛਾਪੇਮਾਰੀ ਕੀਤੀ। ਇਹ ਧੋਖਾਧੜੀ ਸਟੇਟ ਬੈਂਕ ਆਫ਼ ਇੰਡੀਆ ਨਾਲ ਹੋਈ ਹੈ। ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਪਿਛਲੇ ਮਹੀਨੇ ਲੋਕ ਸਭਾ ’ਚ ਦੱਸਿਆ ਸੀ ਕਿ 13 ਜੂਨ ਨੂੰ ਆਰ.ਬੀ.ਆਈ. ਦੇ ਨਿਯਮਾਂ ਅਤੇ ਬੈਂਕ ਨੀਤੀਆਂ ਦੇ ਆਧਾਰ ’ਤੇ ਇਸ ਮਾਮਲੇ ਨੂੰ ਧੋਖਾਧੜੀ ਐਲਾਨਿਆ ਗਿਆ ਸੀ। 24 ਜੂਨ, 2025 ਨੂੰ ਬੈਂਕ ਨੇ ਆਰਬੀਆਈ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ ਅਤੇ ਸੀ.ਬੀ.ਆਈ. ਕੋਲ ਸ਼ਿਕਾਇਤ ਦਰਜ ਕਰਨ ਦੀ (ਬਾਕੀ ਸਫਾ 2 ’ਤੇ)

## ਚਮੋਲੀ ’ਚ ਬੱਦਲ ਫਟਣ ਕਾਰਨ ਘਰਾਂ ’ਚ ਦਾਖ਼ਲ ਹੋਇਆ ਮਲਬਾ, ਕਈ ਲੋਕ ਲਾਪਤਾ



ਚੜ੍ਹਦੀਕਲਾ ਬਿਊਰੋ
================

ਦੇਹਰਾਦੂਨ, 23 ਅਗਸਤ: ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਬੱਦਲ ਫਟਣ ਨਾਲ ਤਬਾਹੀ ਮਚੀ ਹੈ। ਥਰਾਲੀ ਤਹਿਸੀਲ ਦੇ ਤੁਨਰੀ ਗਡੇਰਾ ਵਿੱਚ ਬੱਦਲ ਫਟਣ ਦੀ ਖ਼ਬਰ ਹੈ। ਦੇਰ ਰਾਤ ਬੱਦਲ ਫਟਣ ਕਾਰਨ ਥਰਾਲੀ ਬਾਜ਼ਾਰ, ਕੋਟਦੀਪ, ਤਹਿਸੀਲ ਥਰਾਲੀ ਦੇ ਅਹਾਤੇ ਵਿੱਚ ਬਹੁਤ ਸਾਰਾ ਮਲਬਾ ਆ ਗਿਆ ਹੈ। ਕਈ ਲੋਕਾਂ ਦੇ ਲਾਪਤਾ ਹੋਣ ਦੀ ਖਬਰ ਵੀ ਹੈ। ਇਸ ਤੋਂ ਇਲਾਵਾ ਚੇਪੜੋਂ ਅਤੇ ਸਾਗਵਾੜਾ ਤੋਂ ਇਲਾਵਾ ਕਈ ਇਲਾਕਿਆਂ ਵਿੱਚ ਭਾਰੀ ਨੁਕਸਾਨ ਹੋਇਆ ਹੈ। ਗੌਚਰ ਤੋਂ ਐਨ.ਡੀ.ਆਰ.ਐਫ. ਅਤੇ ਆਈ.ਟੀ.ਬੀ.ਪੀ., ਗਵਾਲਡਮ ਤੋਂ ਐਸ.ਐਸ.ਬੀ. ਰਾਹਤ ਅਤੇ ਬਚਾਅ ਕਾਰਜਾਂ ਲਈ ਰਵਾਨਾ ਹੋ ਗਏ ਹਨ। ਬੱਦਲ ਫਟਣ (ਬਾਕੀ ਸਫਾ 2 ’ਤੇ)

## ਹਿਮਾਚਲ ’ਚ ਮਾਨਸੂਨ ਦਾ ਕਹਿਰ ਲਗਾਤਾਰ ਜਾਰੀ

ਸ਼ਿਮਲਾ, 23 ਅਗਸਤ (ਚੜ੍ਹਦੀਕਲਾ ਬਿਊਰੋ) : : ਹਿਮਾਚਲ ਪ੍ਰਦੇਸ਼ ’ਚ ਮੀਂਹ ਅਤੇ ਜ਼ਮੀਨ ਖਿਸਕਣ ਨਾਲ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੂਬਾ ਆਫ਼ਤ ਪ੍ਰਬੰਧਨ ਅਥਾਰਟੀ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੌਨਸੂਨ ਬਾਰਿਸ਼ ਜਾਰੀ ਹੈ, ਜਿਸ ਨਾਲ ਰਾਸ਼ਟਰੀ ਰਾਜਮਾਰਗ-305 ਸਮੇਤ 316 ਸੜਕਾਂ ਬੰਦ ਹੋ ਗਈਆਂ ਹਨ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 110 ਪਾਵਰ ਟਰਾਂਸਫਾਰਮਰ ਅਤੇ 131 ਜਲ ਸਪਲਾਈ ਯੋਜਨਾਵਾਂ ਵਿੱਚ ਵਿਘਨ ਪਿਆ ਹੈ। 20 ਜੂਨ ਨੂੰ ਮੌਨਸੂਨ (ਬਾਕੀ ਸਫਾ 2 ’ਤੇ)

## ਸਰਪੰਚ ਚੋਣ ਮਾਮਲੇ ’ਚ ਹਾਈ ਕੋਰਟ ਚੋਣ ਟ੍ਰਿਬਿਊਨਲ ਦੀ ਲਾਪਰਵਾਹੀ ’ਤੇ ਨਾਰਾਜ਼

ਚੰਡੀਗੜ੍ਹ, 23 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ-ਹਰਿਆਣਾ ਹਾਈ ਕੋਰਟ ਨੇ ਰੂਪਨਗਰ ਜ਼ਿਲ੍ਹੇ ’ਚ ਸਰਪੰਚ ਚੋਣ ਵਿਵਾਦ ਨਾਲ ਸਬੰਧਤ ਇੱਕ ਮਾਮਲੇ ਵਿੱਚ ਚੋਣ ਟ੍ਰਿਬਿਊਨਲ ਦੇ ਕੰਮਕਾਜ ਨੂੰ ਲਾਪਰਵਾਹੀ ਅਤੇ ਕਾਨੂੰਨ ਦੇ ਉਲਟ ਕਰਾਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਟ੍ਰਿਬਿਊਨਲ ਨੇ ਨਾ ਤਾਂ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਅਤੇ ਨਾ ਹੀ ਮਾਮਲੇ ਦੀ ਗੰਭੀਰਤਾ ਨੂੰ ਸਮਝਿਆ। ਜਸਟਿਸ ਪੰਕਜ ਜੈਨ ਦੇ ਬੈਂਚ ਨੇ ਕਿਹਾ ਕਿ ਆਦੇਸ਼ ਤੋਂ ਇਹ ਸਪੱਸ਼ਟ ਹੈ ਕਿ ਮੁੱਦਿਆਂ ਦਾ ਫੈਸਲਾ ਕਰਨ ਤੋਂ ਦੂਰ ਟ੍ਰਿਬਿਊਨਲ ਨੇ ਪ੍ਰਤੀਵਾਦੀ ਤੋਂ ਜਵਾਬ ਵੀ ਨਹੀਂ ਮੰਗਿਆ। ਅਜਿਹਾ ਲੱਗਦਾ ਹੈ ਜਿਵੇਂ ਇਹ ਇੱਕ ਮਾਮੂਲੀ ਵਿਵਾਦ ਦਾ ਨਿਪਟਾਰਾ ਕਰ ਰਿਹਾ ਹੋਵੇ। ਜਦਕਿ ਮਾਮਲਾ ਲੋਕਤੰਤਰੀ ਅਧਿਕਾਰਾਂ ਨਾਲ ਸਬੰਧਤ ਸੀ। (ਬਾਕੀ ਸਫਾ 2 ’ਤੇ)




# ਚਾਚੇ ਨੇ ਭਤੀਜੇ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਉਤਾਰਿਆ ਮੌਤ ਦੇ ਘਾਟ

ਨਵੀਂ ਦਿੱਲੀ, 23 ਅਗਸਤ (ਚ.ਨ.ਸ.): ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਇੱਕ ਵਿਅਕਤੀ ਨੇ ਆਪਣੇ ਹੀ ਭਤੀਜੇ ਨੂੰ ਡੰਡੇ ਨਾਲ ਕੁੱਟ ਕੇ ਮਾਰ ਦਿੱਤਾ। ਇੱਕ ਪੁਲਿਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਸੱਤ ਲੋਕਾਂ ਵਿਰੁੱਧ ਕੇਸ ਦਰਜ ਕੀਤਾ ਹੈ, ਤੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਦੋਂ ਕਿ ਤਿੰਨ ਲੋਕਾਂ ਦੀ ਭਾਲ ਜਾਰੀ ਹੈ। ਕੇਰਕਟ ਪੁਲਿਸ ਸਰਕਲ ਅਧਿਕਾਰੀ ਅਜੀਤ ਕੁਮਾਰ ਰਜਕ ਨੇ ਦੱਸਿਆ ਕਿ ਚੰਦਵਾਕ ਥਾਣਾ ਖੇਤਰ ਦੇ ਛੋਟੀ ਚਿਤਕੋ ਰਾਜਭਰ ਬਸਤੀ ਦੇ ਰਹਿਣ ਵਾਲੇ ਰਾਮਦਿਆਲ ਰਾਜਭਰ ਨੇ ਸ਼ੁੱਕਰਵਾਰ ਰਾਤ ਨੂੰ ਆਪਣੇ 32 ਸਾਲਾ ਭਤੀਜੇ ਰਾਜਕੁਮਾਰ ਨੂੰ ਰਾਤ ਦੇ ਖਾਣੇ ਲਈ ਬੁਲਾਇਆ।

ਉਸਨੇ ਦੱਸਿਆ ਕਿ ਰਾਜਕੁਮਾਰ ਆਪਣੇ ਦੋਸਤਾਂ ਨਾਲ ਘਰ ਦੇ ਬਾਹਰ ਬੈਠਾ ਸੀ ਅਤੇ ਦੋਵਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਬਹਿਸ ਸ਼ੁਰੂ ਹੋ ਗਈ। ਜੋ ਹੌਲੀ-ਹੌਲੀ ਲੜਾਈ ਵਿੱਚ ਬਦਲ ਗਈ। ਅਧਿਕਾਰੀ ਨੇ ਦੱਸਿਆ ਕਿ ਇਸ ਦੌਰਾਨ ਰਾਮਦਿਆਲ ਘਰੋਂ ਡੰਡਾ ਲੈ ਕੇ ਆਇਆ ਅਤੇ ਉਸਦੇ ਭਤੀਜੇ ਦੇ ਸਿਰ 'ਤੇ ਵਾਰ ਕੀਤਾ। ਉਸਨੇ ਦੱਸਿਆ ਕਿ ਸਿਰ ਵਿੱਚ ਗੰਭੀਰ ਸੱਟ ਲੱਗਣ ਕਾਰਨ ਰਾਜਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਘਟਨਾ ਤੋਂ ਬਾਅਦ ਦੋਸ਼ੀ ਰਾਮਦਿਆਲ ਮੌਕੇ ਤੋਂ ਭੱਜ ਗਿਆ। ਅਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਿਸ ਨੇ ਲਾਸ਼ ਨੂੰ ਆਪਣੀ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ। ਪਰ ਪਿੰਡ ਵਾਸੀਆਂ ਨੇ ਇਸਦਾ ਵਿਰੋਧ ਕੀਤਾ। ਪਿੰਡ ਵਾਸੀਆਂ ਨੇ ਮੁੱਖ ਦੋਸ਼ੀ ਸਮੇਤ ਸਾਰਿਆਂ ਦੀ ਗ੍ਰਿਫ਼ਤਾਰੀ 'ਤੇ ਜ਼ੋਰ ਦਿੱਤਾ, ਜਿਸ ਤੋਂ ਬਾਅਦ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸ਼ਹਿਰ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ ਆਯੁਸ਼ ਸ਼੍ਰੀਵਾਸਤਵ ਨੇ ਕਿਹਾ ਕਿ ਤਿੰਨਾਂ ਦੋਸ਼ੀਆਂ ਦੀ ਭਾਲ ਲਈ ਇੱਕ ਪੁਲਿਸ ਟੀਮ ਬਣਾਈ ਗਈ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੌਕੇ 'ਤੇ ਸ਼ਾਂਤੀ ਬਣਾਈ ਰੱਖਣ ਲਈ ਪੁਲਿਸ ਮੁਲਾਜ਼ਮਾਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ।

# ਦੇਸ਼ 'ਚ 5 ਸਾਲਾਂ ਬਾਅਦ ਟਿਕਟਾਕ ਨੂੰ ਕੀਤਾ ਅਨਬਲੌਕ ?

## ਭਾਰਤ ਸਰਕਾਰ ਨੇ ਚੀਨੀ ਐਪਸ ਪਾਬੰਦੀ ਤੋਂ ਹਟਾਉਣ ਤੋਂ ਕੀਤਾ ਇਨਕਾਰ

ਨਵੀਂ ਦਿੱਲੀ, 23 ਅਗਸਤ (ਚ.ਨ.ਸ.): ਚੀਨੀ ਵੀਡੀਓ ਸਟਰੀਮਿੰਗ ਪਲੇਟਫਾਰਮ ਟਿਕਟਾਕ ਦੀ ਵੈੱਬਸਾਈਟ 5 ਸਾਲਾਂ ਬਾਅਦ ਭਾਰਤ ਵਿੱਚ ਦੁਬਾਰਾ ਸ਼ੁਰੂ ਹੋਈ ਹੈ। ਜਦਕਿ ਇਹ ਐਪ ਫਿਲਹਾਲ ਅਜੇ ਵੀ ਉਪਲੱਬਧ ਨਹੀਂ ਹੈ। ਜ਼ਿਕਰਯੋਗ ਹੈ ਕਿ 2020 'ਚ ਭਾਰਤ ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਟਿਕਟੋਕ ਸਮੇਤ ਕਈ ਚੀਨੀ ਐਪਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਨਾਲ ਹੀ ਸ਼ਾਪਿੰਗ ਵੈੱਬਸਾਈਟਅਲੀਐਕਸਪ੍ਰੈਸ ਤੋਂ ਵੀ ਪਾਬੰਦੀ ਹਟਾ ਦਿੱਤੀ ਗਈ ਹੈ ਅਤੇ ਇਸਨੂੰ ਭਾਰਤ ਵਿੱਚ ਅਨਬਲੌਕ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਪਾਬੰਦੀ ਅਜੇ ਵੀ ਜਾਰੀ ਹੈ।




ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਟਿਕਟਾਕ ਦੀ ਵੈੱਬਸਾਈਟ ਬਹੁਤ ਸਾਰੇ ਉਪਭੋਗਤਾਵਾਂ ਲਈ ਖੁੱਲ੍ਹ ਰਹੀ ਹੈ। ਪਰ ਫਿਲਹਾਲ ਇਹ ਐਪ ਗੂਗਲ ਪਲੇ ਸਟੋਰ ਅਤੇ ਐਪਲ ਐਪ ਸਟੋਰ 'ਤੇ ਦਿਖਾਈ ਨਹੀਂ ਦੇ ਰਹੀ ਹੈ। ਹਾਲਾਂਕਿ ਟਿਕਟਾਕ ਅਤੇ ਇਸਦੀ ਮੂਲ ਕੰਪਨੀਬਾਈਟਡਾਂਸਨੇ ਭਾਰਤ ਵਿੱਚ ਐਪ ਦੀ ਵਾਪਸੀ ਸਬੰਧੀ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰੀ ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਮੀਡੀਆ ਵਿੱਚ ਆ ਰਹੀਆਂ ਖ਼ਬਰਾਂ ਦੇ ਉਲਟ ਟਿਕਟਾਕ ਅਤੇ ਸਬੰਧਿਤ ਵੈੱਬਸਾਈਟਾਂ ਦੀ ਸਥਿਤੀ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ। ਤੁਹਾਨੂੰ ਦੱਸ ਦੇਈਏ ਕਿ ਟਿੱਕਟੌਕ 'ਤੇ ਜੂਨ 2020 ਵਿੱਚ ਪਾਬੰਦੀ ਲਗਾਈ ਗਈ ਸੀ, ਜਦੋਂ ਗਲਵਾਨ ਘਾਟੀ ਵਿੱਚ ਭਾਰਤ-ਚੀਨ ਤਣਾਅ ਆਪਣੇ ਸਿਖਰ 'ਤੇ ਸੀ। ਭਾਰਤ ਸਰਕਾਰ ਨੇ 59 ਮੋਬਾਈਲ ਐਪਸ 'ਤੇ ਪਾਬੰਦੀ ਲਗਾ ਦਿੱਤੀ ਸੀ। ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਿਆ ਸੀ। ਇਸ ਸੂਚੀ ਵਿੱਚ ਟਿੱਕਟੌਕ, ਸ਼ੇਅਰਇਟ, ਯੂਸੀ ਬ੍ਰਾਊਜ਼ਰ, ਯੂਸੀ ਨਿਊਜ਼ ਅਤੇ ਕਈ ਮਸ਼ਹੂਰ ਐਪਸ ਸ਼ਾਮਲ ਸਨ। ਇਹ ਪਾਬੰਦੀ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69ਏ ਦੇ ਤਹਿਤ ਲਗਾਈ ਗਈ ਸੀ।

ਜ਼ਿਕਰਯੋਗ ਹੈ ਕਿ ਟਿਕਟਾਕ ਵੈੱਬਸਾਈਟ ਦੀ ਵਾਪਸੀ ਅਜਿਹੇ ਸਮੇਂ ਹੋਈ ਹੈ, ਜਦੋਂ ਭਾਰਤ-ਚੀਨ ਸਬੰਧ ਨਰਮ ਹੋ ਰਹੇ ਹਨ। ਹਾਲ ਹੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਦਰਮਿਆਨ ਇਕ ਮੁਲਾਕਾਤ ਹੋਈ ਸੀ। ਜਿਸ ਦੌਰਾਨ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣ, ਸਰਹੱਦੀ ਵਪਾਰ ਖੋਲ੍ਹਣ ਅਤੇ ਨਿਵੇਸ਼ ਵਧਾਉਣ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਗਈ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਚੀਨੀ ਐਪਸ ਤੋਂ ਪਾਬੰਦੀ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ।

# ਪੈਰਾਸੀਟਾਮੋਲ ਦੀ ਵਰਤੋਂ ਕਰਨ ਵਾਲੇ ਲੋਕ ਸਾਵਧਾਨ ! ਮਿਲੀ ਵੱਡੀ ਗੜਬੜੀ




ਰਾਏਪੁਰ, 23 ਅਗਸਤ (ਚ.ਨ.ਸ.) : ਛੱਤੀਸਗੜ੍ਹ ਮੈਡੀਕਲ ਸਰਵਿਸਜ਼ ਕਾਰਪੋਰੇਸ਼ਨ ਲਿਮਟਿਡ ਵੱਲੋਂ ਮਹਾਸਮੁੰਦ ਸਥਿਤ ਆਈ.ਐਮ. ਇੰਡੀਆ ਲਿਮਟਿਡ ਦੁਆਰਾ ਸਪਲਾਈ ਕੀਤੀ ਗਈ। 2024 ਦੀਆਂ ਵੱਖ-ਵੱਖ ਖੇਪਾਂ ਵਿੱਚ ਪੈਰਾਸੀਟਾਮੋਲ 500 ਮਿਲੀਗ੍ਰਾਮ ਅਤੇ 650 ਮਿਲੀਗ੍ਰਾਮ ਗੋਲੀਆਂ ਦੀ ਗੁਣਵੱਤਾ ਵਿੱਚ ਪਹਿਲੀ ਨਜ਼ਰੇ ਕਮੀਆਂ ਪਾਈਆਂ ਗਈਆਂ ਹਨ। ਕਾਰਪੋਰੇਸ਼ਨ ਦੇ ਡਰੱਗ ਵੇਅਰਹਾਊਸਾਂ ਅਤੇ ਸਿਹਤ ਇਕਾਈਆਂ ਤੋਂ ਪ੍ਰਾਪਤ ਸ਼ਿਕਾਇਤਾਂ ਤੋਂ ਬਾਅਦ ਸਾਲ 2024 ਵਿੱਚ ਨਿਰਮਿਤ ਬੈਚਾਂ ਦੀ ਜਾਂਚ ਕੀਤੀ ਗਈ ਹੈ।

ਸੀਜੀਐਮਐਸਸੀਐਲ ਦੀ ਜਾਂਚ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਸਬੰਧਤ ਬੈਚ ਦੀਆਂ ਦਵਾਈਆਂ ਦੀ ਗੁਣਵੱਤਾ ਘਟੀਆ ਹੈ ਅਤੇ ਉਨ੍ਹਾਂ 'ਤੇ ਕਾਲੇ ਧੱਬੇ ਪਾਏ ਗਏ ਹਨ, ਜੋ ਆਮ ਲੋਕਾਂ ਦੁਆਰਾ ਵਰਤੋਂ ਦੇ ਯੋਗ ਨਹੀਂ ਹਨ। ਇਸ ਤੋਂ ਬਾਅਦ ਨਿਗਮ ਨੇ ਇੱਕ ਆਦੇਸ਼ ਜਾਰੀ ਕਰਕੇ ਕੰਪਨੀ ਨੂੰ ਨਾਗਰਿਕਾਂ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਦਵਾਈ ਗੋਦਾਮਾਂ ਅਤੇ ਸਿਹਤ ਸੰਸਥਾਵਾਂ ਤੋਂ ਸਾਰੇ ਸ਼ੱਕੀ ਬੈਚਾਂ ਨੂੰ ਤੁਰੰਤ ਵਾਪਸ ਲੈਣ ਅਤੇ ਇਸਦੀ ਜਗ੍ਹਾ ਇੱਕ ਨਵੀਂ ਗੁਣਵੱਤਾ ਵਾਲੀ ਖੇਪ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ। ਨਾਲ ਹੀ ਇਹ ਚੇਤਾਵਨੀ ਵੀ ਦਿੱਤੀ ਗਈ ਕਿ ਜੇਕਰ ਕੰਪਨੀ ਨਿਰਧਾਰਤ ਸ਼ਰਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਹੈ ਤਾਂ ਟੈਂਡਰ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਕੰਪਨੀ ਦੀ ਹੋਵੇਗੀ।

# ਪਹਿਲੇ ਸ.ਫੇ ਦੀ ਬਾਕੀ

## ਕੌਮੀ ਹਿੱਤਾਂ ਨਾਲ ਕਿਸੇ ਕੀਮਤ

ਕਿਸੇ ਦੇ ਦਬਾਅ ਹੇਠ ਨਹੀਂ। ਇਹ ਧਿਆਨਦੇਣ ਯੋਗ ਹੈ ਕਿ ਅਮਰੀਕਾ ਨੇ ਰੂਸ ਤੋਂ ਤੇਲ ਆਯਾਤ ਜਾਰੀ ਰੱਖਣ ਲਈ ਭਾਰਤ 'ਤੇ 25 ਫ਼ੀਸਦੀ ਵਾਧੂ ਟੈਰਿਫ ਲਗਾਇਆ ਹੈ। ਵਾਸ਼ਿੰਗਟਨ ਦਾ ਦਾਅਵਾ ਹੈ ਕਿ ਇਸ ਨਾਲ ਰੂਸ ਦੀ ਆਮਦਨ ਨੂੰ ਨੁਕਸਾਨ ਹੋ ਰਿਹਾ ਹੈ, ਪਰ ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਤੇਲ ਆਯਾਤ ਜਾਰੀ ਰਹੇਗਾ।

## ਭਾਜਪਾ 'ਵੋਟ ਚੋਰ' ਤੋਂ ਬਾਅਦ ਹੁਣ

ਭਾਜਪਾ ਲੋਕ ਪੱਖੀ ਹੋਣ ਦੇ ਵੱਡੇ ਦਾਅਵੇ ਕਰਦੀ ਹੈ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਸ਼ ਦੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੀਆਂ ਸ਼ੇਖੀਆਂ ਤਾਂ ਮਾਰਦੀ ਹੈ, ਜਦਕਿ ਪੰਜਾਬ ਵਿੱਚ 8 ਲੱਖ 2 ਹਜ਼ਾਰ 493 ਰਾਸ਼ਨ ਕਾਰਡ ਰੱਦ ਕਰਨ ਦੀਆਂ ਘਟੀਆ ਚਾਲਾਂ ਚੱਲੀਆਂ ਜਾ ਰਹੀਆਂ ਹੈ। ਕੇਂਦਰ ਦੇ ਇਸ ਫੈਸਲੇ ਨਾਲ ਸੂਬੇ ਦੇ 32 ਲੱਖ ਲੋਕਾਂ ਨੂੰ ਮੁਫ਼ਤ ਰਾਸ਼ਨ ਦੇ ਹੱਕ ਤੋਂ ਮਹਿਰੂਮ ਕਰ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਭਾਜਪਾ ਨੂੰ ਘੇਰਦਿਆਂ ਕਿਹਾ ਕਿ 'ਵੋਟ ਚੋਰੀ' ਤੋਂ ਬਾਅਦ 'ਰਾਸ਼ਨ ਚੋਰੀ' ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਫ਼ਤ ਰਾਸ਼ਨ ਬੰਦ ਕਰਨ ਲਈ ਵਿਸ਼ੇਸ਼ ਤੌਰ ਉਤੇ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਨੇ ਅਨਾਜ ਉਤਪਾਦਨ ਵਿੱਚ ਦੇਸ਼ ਨੂੰ ਆਤਮ ਨਿਰਭਰ ਬਣਾਉਣ ਵਿੱਚ ਸਭ ਤੋਂ ਯੋਗਦਾਨ ਪਾਇਆ ਹੈ।

ਮੁੱਖ ਮੰਤਰੀ ਨੇ ਰਾਸ਼ਨ ਕਾਰਡ ਰੱਦ ਕਰਨ ਲਈ ਦਿੱਤੇ ਜਾ ਰਹੇ ਤਰਕ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਸ ਵਿੱਚ ਚਾਰ ਪਹੀਆ ਵਾਹਨਾਂ ਦੀ ਮਾਲਕੀ, ਸਰਕਾਰੀ ਨੌਕਰੀ, ਥੋੜ੍ਹੀ ਜ਼ਮੀਨ ਅਤੇ ਆਮਦਨ ਨੂੰ ਅਧਾਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਇਸ ਦੇ ਘੇਰੇ ਵਿੱਚ ਪਰਿਵਾਰ ਦਾ ਸਿਰਫ ਇਕ ਮੈਂਬਰ ਆਉਂਦਾ ਹੈ। ਪਰ ਸਜ਼ਾ ਪੂਰੇ ਪਰਿਵਾਰ ਨੂੰ ਦਿੱਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਜਦੋਂ ਤੱਕ ਮੈਂ ਸੂਬੇ ਦਾ ਮੁੱਖ ਮੰਤਰੀ ਹਾਂ, ਇਕ ਵੀ ਕਾਰਡ ਰੱਦ ਨਹੀਂ ਕਰਾਂਗਾ। ਮੈਂ ਭਾਜਪਾ ਦੇ ਨੇਤਾਵਾਂ ਨੂੰ ਆਪਣੀਆਂ ਲੋਕ ਮਿਲਣੀਆਂ ਵਿੱਚ ਕੇਂਦਰ ਸਰਕਾਰ ਦੀ ਇਸ 'ਪ੍ਰਾਪਤੀ' ਦਾ ਗੁਣਗਾਨ ਵੀ ਕਰਨ ਦੀ ਚੁਣੌਤੀ ਦਿੰਦਾ ਹਾਂ।"

ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦੀਆਂ ਸਕੀਮਾਂ ਦੀਆਂ ਅਜੀਬੋ-ਗਰੀਬ ਸ਼ਰਤਾਂ ਦੀ ਖਿੱਲੀ ਉਡਾਉਂਦਿਆਂ ਕਿਹਾ ਕਿ ਇਕ ਸਕੀਮ ਵਿੱਚ ਗਰੀਬ ਨੂੰ ਮੁਫ਼ਤ ਗੈਸ ਕੁਨੈਕਸ਼ਨ ਦਿੱਤਾ ਜਾਂਦਾ ਹੈ ਜਦਕਿ ਦੂਜੇ ਪਾਸੇ ਏਸੇ ਕੁਨੈਕਸ਼ਨ ਨੂੰ ਅਧਾਰ ਬਣਾ ਕੇ ਹੋਰ ਲਾਭ ਵਾਪਸ ਲਏ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਦੇ ਗਰੀਬ ਵਿਰੋਧੀ ਏਜੰਡੇ ਦਾ ਪਰਦਾਫਾਸ਼ ਹੋਇਆ ਹੈ। ਉਨ੍ਹਾਂ ਦੁਹਰਾਇਆ ਕਿ ਉਹ ਪ੍ਰਧਾਨ ਮੰਤਰੀ ਅਤੇ ਹੋਰ ਕੇਂਦਰੀ ਮੰਤਰੀਆਂ ਨੂੰ ਮੁਫ਼ਤ ਰਾਸ਼ਨ ਲਈ ਨਿਰਧਾਰਤ ਸ਼ਰਤਾਂ ਉਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦੇ ਹਨ। ਉਨ੍ਹਾਂ ਨੇ ਇਨ੍ਹਾਂ ਸ਼ਰਤਾਂ ਵਿੱਚ ਢਿੱਲ ਦੇਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਦੱਬੇ-ਕੁਚਲੇ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਹੋ ਸਕਦਾ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਇਸ ਪੱਖਪਾਤੀ ਕਦਮ ਦਾ ਸਖ਼ਤ ਵਿਰੋਧ ਕਰੇਗੀ ਅਤੇ ਇਸ ਮਾਮਲੇ ਦੀ ਡੂੰਘਾਈ ਨਾਲ ਸਮੀਖਿਆ ਲਈ ਉਨ੍ਹਾਂ ਨੇ ਪਹਿਲਾਂ ਹੀ ਛੇ ਮਹੀਨੇ ਦਾ ਸਮਾਂ ਮੰਗਿਆ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਪੰਜਾਬੀਆਂ ਨਾਲ ਮੰਗਤੇ ਵਾਲਾ ਸਲੂਕ ਕਰਨਾ ਬੰਦ ਕਰੇ ਅਤੇ ਕਿਹਾ ਕਿ ਪੰਜਾਬ ਦੇ ਲੋਕ ਆਪਣੀ ਮਾਣ-ਇੱਜ਼ਤ ਅਤੇ ਅਧਿਕਾਰਾਂ ਲਈ ਕੇਂਦਰ 'ਤੇ ਨਿਰਭਰ ਨਹੀਂ ਹਨ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬੀ ਕੇਂਦਰ ਸਰਕਾਰ ਦੇ ਦਬਾਅ ਪਾਉਣ ਵਾਲੇ ਇਨ੍ਹਾਂ ਹੱਥਕੰਡਿਆਂ ਅੱਗੇ ਨਹੀਂ ਝੁਕਣਗੇ ਅਤੇ ਨਾ ਹੀ ਆਪਣੇ ਜਾਇਜ਼ ਹੱਕਾਂ ਨੂੰ ਛੱਡਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਰਵਾਇਤੀ ਤੌਰ 'ਤੇ ਪੰਜਾਬ ਦੇ ਲੋਕਾਂ ਦਾ ਜੀਵਨ-ਪੱਧਰ ਕਈ ਹੋਰ ਸੂਬਿਆਂ ਨਾਲੋਂ ਬਿਹਤਰ ਰਿਹਾ ਹੈ, ਪਰ ਪਿਛਲੀਆਂ ਸਰਕਾਰਾਂ ਦੇ ਮਾੜੇ ਸ਼ਾਸਨ ਪ੍ਰਬੰਧਾਂ ਕਰਕੇ ਸੂਬੇ ਨੂੰ ਕਾਫੀ ਨੁਕਸਾਨ ਵੀ ਝੱਲਣਾ ਪਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਲਈ ਕੇਂਦਰ ਨੂੰ ਇਨ੍ਹਾਂ ਨੀਤੀਆਂ ਦੀਆਂ ਸ਼ਰਤਾਂ ਵਿੱਚ ਸੋਧ ਕਰਨੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਯੋਗ ਲਾਭਪਾਤਰੀ ਸਹਾਇਤਾ ਤੋਂ ਵਾਂਝਾ ਨਾ ਰਹੇ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਚੇਤੇ ਦਿਵਾਇਆ ਕਿ ਭਾਰਤ ਨੂੰ ਵਿਸ਼ਵਗੁਰੂ (ਵਿਸ਼ਵ ਨੇਤਾ) ਬਣਾਉਣ ਦਾ ਉਨ੍ਹਾਂ ਦਾ ਸੁਪਨਾ ਅਜਿਹੇ ਹਾਲਾਤਾਂ ਵਿੱਚ ਸਾਕਾਰ ਨਹੀਂ ਹੋ ਸਕਦਾ ਜਦੋਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਵਿੱਚ 32 ਲੱਖ ਲੋਕ ਭੁੱਖੇ ਮਰ ਰਹੇ ਹੋਣ।

ਮੁੱਖ ਮੰਤਰੀ ਨੇ ਪ੍ਰਣ ਲਿਆ ਕਿ ਸੂਬਾ ਸਰਕਾਰ ਕੇਂਦਰ ਨੂੰ ਆਪਣੇ ਲੋਕਾਂ ਦੇ ਅਧਿਕਾਰਾਂ ਨੂੰ ਹੜੱਪਣ ਨਹੀਂ ਦੇਵੇਗੀ। ਇੱਕ ਸਵਾਲ ਦੇ ਜਵਾਬ ਵਿੱਚ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਆਗੂਆਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਉਹ ਨਿੱਜੀ ਡੇਟਾ ਇਕੱਠਾ ਕਰਨ ਲਈ ਕੈਂਪ ਲਗਾ ਕੇ ਨਾਗਰਿਕਾਂ ਦੇ ਨਿੱਜੀ ਅਧਿਕਾਰਾਂ ਦੀ ਉਲੰਘਣਾ ਦੀ ਕੋਸ਼ਿਸ਼ ਕਰ ਰਹੇ ਹਨ, ਜਿਸਦੀ ਇਜਾਜ਼ਤ ਕਿਸੇ ਵੀ ਕੀਮਤ 'ਤੇ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਜਪਾ ਪਹਿਲਾਂ ਹੀ ਕਈ ਸੂਬਿਆਂ ਵਿੱਚ ਵੋਟਰ ਸੂਚੀਆਂ 'ਚ ਹੇਰਾਫੇਰੀ ਅਤੇ ਪਿਛਲੇ ਦਰਵਾਜ਼ੇ ਰਾਹੀਂ ਸੱਤਾ ਹਥਿਆਉਣ ਦੀਆਂ ਚਾਲਾਂ ਲਈ ਬੇਨਕਾਬ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਅਜਿਹੇ ਯਤਨ ਪੰਜਾਬ ਵਿੱਚ ਸਫਲ ਨਹੀਂ ਹੋਣਗੇ ਅਤੇ ਸਰਕਾਰ ਇਹ ਯਕੀਨੀ ਬਣਾਏਗੀ ਕਿ ਨਾਗਰਿਕਾਂ ਦੇ ਨਿੱਜੀ ਅਧਿਕਾਰ ਸੁਰੱਖਿਅਤ ਰਹਿਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਅਤੇ ਇਸਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇੱਕ ਵੱਖਰੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਾੜੀ ਇਲਾਕਿਆਂ ਵਿੱਚ ਭਾਰੀ ਮੀਂਹ ਕਾਰਨ ਪੰਜਾਬ ਵਿੱਚ ਹੋਣ ਵਾਲੀ ਤਬਾਹੀ ਨੂੰ ਰੋਕਣ ਲਈ ਪਾਣੀ ਦੇ ਸਰੋਤਾਂ ਨੂੰ ਚੈਨਲਾਈਜ਼ ਕਰਨ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਪਹਾੜੀ ਇਲਾਕਿਆਂ 'ਚ ਭਾਰੀ ਮੀਂਹ ਦਾ ਖਮਿਆਜ਼ਾ ਪੰਜਾਬ ਨੂੰ ਝੱਲਣਾ ਪੈਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮੁੱਦੇ ਨੂੰ ਹੱਲ ਕਰਨ ਲਈ ਵਿਆਪਕ ਵਿਧੀ ਵਿਕਸਤ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਉਪਰੰਤ ਅਧਿਕਾਰੀਆਂ ਨੂੰ ਮਜ਼ਬੂਤ ਰਣਨੀਤੀ ਤਿਆਰ ਕਰਨ ਦੇ ਨਿਰਦੇਸ਼ ਪਹਿਲਾਂ ਹੀ ਦੇ ਦਿੱਤੇ ਹਨ।

## ਮਾਨ ਤਾਮਿਲਨਾਡੂ ਸਰਕਾਰ ਦੇ 'ਮੁੱਖ ਮੰਤਰੀ ਨਾਸ਼ਤਾ

ਰਾਜ ਸਭਾ ਮੈਂਬਰ ਨਾਲ ਆਪਣੀ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮਾਗਮ ਵਿੱਚ ਸ਼ਾਮਲ ਹੋਣਾ ਉਨ੍ਹਾਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੋਵੇਗੀ। ਉਨ੍ਹਾਂ ਨੇ ਇਸ ਮੌਕੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਦੀ ਅਗਵਾਈ ਵਾਲੀ ਤਾਮਿਲਨਾਡੂ ਸਰਕਾਰ ਵੱਲੋਂ ਵੱਖ-ਵੱਖ ਪ੍ਰਗਤੀਸ਼ੀਲ ਅਤੇ ਭਲਾਈ-ਮੁਖੀ ਯੋਜਨਾਵਾਂ ਸ਼ੁਰੂ ਕਰਨ ਦੇ ਕਦਮਾਂ ਦੀ ਸ਼ਲਾਘਾ ਕੀਤੀ। ਇਸ ਪਹਿਲਕਦਮੀ ਬਾਰੇ ਬੋਲਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਤਾਮਿਲਨਾਡੂ ਸਰਕਾਰ ਵੱਲੋਂ 2022 ਵਿੱਚ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਨਾਸ਼ਤਾ ਯੋਜਨਾ' ਨੇ ਸ਼ਾਨਦਾਰ ਨਤੀਜੇ ਦਿੱਤੇ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਹਾਜਰੀ 'ਚ ਸੁਧਾਰ, ਬੱਚਿਆਂ ਲਈ ਵਿਸ਼ੇਸ਼ ਸਿਖਲਾਈ ਸੈਸ਼ਨ ਅਤੇ ਪ੍ਰਾਇਮਰੀ ਸਕੂਲ ਦੇ ਬੱਚਿਆਂ 'ਚ ਰੋਗ ਦਰ 'ਚ ਕਮੀ ਆਦਿ ਸ਼ਾਮਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਨੇ ਇਹ ਯਕੀਨੀ ਬਣਾਉਣ ਕਿ ਬੱਚਿਆਂ ਨੂੰ ਭੁੱਖੇ ਢਿੱਡ ਸਕੂਲ ਨਾ ਜਾਣਾ ਪਵੇ, ਉਨ੍ਹਾਂ ਦੀ ਪੋਸ਼ਣ ਸਥਿਤੀ ਵਿੱਚ ਸੁਧਾਰ, ਸਿੱਖਣ ਦੀਆਂ ਸਮਰੱਥਾਵਾਂ ਨੂੰ ਵਧਾਉਣ ਅਤੇ ਕੰਮਕਾਜੀ ਮਾਵਾਂ 'ਤੇ ਬੋਝ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਪਹਿਲਾਂ ਹੀ 34,987 ਸਕੂਲਾਂ ਵਿੱਚ 7.53 ਲੱਖ ਵਿਦਿਆਰਥੀਆਂ ਨੂੰ ਲਾਭ ਮਿਲਿਆ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਅਜਿਹੀ ਲੋਕ ਪੱਖੀ ਪਹਿਲਕਦਮੀ ਦੇ ਵਿਸਥਾਰ ਮੌਕੇ ਸ਼ਾਮਲ ਹੋਣਾ ਸੱਚਮੁੱਚ ਵਧੇਰੇ ਮਾਣ ਵਾਲੀ ਗੱਲ ਹੈ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਤਰ੍ਹਾਂ ਦੀਆਂ ਯੋਜਨਾਵਾਂ ਸਮਾਜ ਦੇ ਦੱਬੇ-ਕੁਚਲੇ ਅਤੇ ਪੱਛੜੇ ਵਰਗਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਮੇਂ ਦੀ ਲੋੜ ਹਨ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਸਿੱਖਿਆ ਅਤੇ ਸਿਹਤ ਸੈਕਟਰ ਨੂੰ ਕੌਮੀ ਰਾਜਨੀਤਿਕ ਚਰਚਾ 'ਚ ਮੋਹਰੀ ਵਿਸੇ ਵਜੋਂ ਸਾਹਮਣੇ ਲਿਆਂਦਾ ਹੈ ਅਤੇ ਕਿਹਾ ਕਿ ਇਹ ਸੈਕਟਰ ਸ਼ਾਸਨ ਦੇ ਮੁੱਖ ਥੰਮ੍ਹ ਹਨ। ਭਗਵੰਤ ਸਿੰਘ ਮਾਨ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਦੀ ਤਰਫ਼ੋਂ ਸੱਦਾ ਦੇਣ ਲਈ ਰਾਜ ਸਭਾ ਮੈਂਬਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਤਾਮਿਲਨਾਡੂ, ਇੱਕ ਅਜਿਹਾ ਰਾਜ ਜੋ ਸਮਾਜਿਕ ਅਤੇ ਸਿੱਖਿਆ ਸੁਧਾਰਾਂ ਵਿੱਚ ਆਪਣੀ ਮੋਹਰੀ ਭੂਮਿਕਾ ਲਈ ਜਾਣਿਆ ਜਾਂਦਾ ਹੈ, ਵਿੱਚ ਇੱਕ ਵੱਡੇ ਸਿੱਖਿਆ ਸੁਧਾਰ ਦਾ ਸਾਖੀ ਬਣਨਾ ਉਨ੍ਹਾਂ ਲਈ ਇੱਕ ਵਿਲੱਖਣ ਅਨੁਭਵ ਹੋਵੇਗਾ।

## ਪੰਜਾਬ 'ਚ 5 ਦਿਨ ਪਵੇਗਾ ਭਾਰੀ ਮੀਂਹ

ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ, ਅੰਮ੍ਰਿਤਸਰ, ਕਪੂਰਥਲਾ, ਜਲੰਧਰ ਵਿਚ ਭਾਰੀ ਮੀਂਹ ਪਵੇਗਾ। ਇਨ੍ਹਾਂ ਜ਼ਿਲ੍ਹਿਆਂ ਵਿਚ ਯੈਲੋ ਅਤੇ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਸਭ ਤੋਂ ਪ੍ਰਭਾਵ ਵੇਖਣ ਨੂੰ ਮਿਲ ਸਕਦਾ ਹੈ। ਇਸੇ ਤਰ੍ਹਾਂ 25 ਅਤੇ 26 ਅਗਸਤ ਨੂੰ ਵੀ ਪੰਜਾਬ ਵਿਚ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਗਈ ਹੈ। ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ ਵਿਚ ਯੈਲੋ ਅਲਰਟ ਰਹੇਗਾ ਅਤੇ ਭਾਰੀ ਮੀਂਹ ਪੈਣ ਦੇ ਨਾਲ-ਨਾਲ ਤੇਜ਼ ਹਵਾਵਾਂ ਵੀ ਚੱਲਣਗੀਆਂ। ਉੱਥੇ ਹੀ 27 ਤਾਰੀਖ਼ ਨੂੰ ਮੌਸਮ ਵਿਭਾਗ ਵੱਲੋਂ ਕੁਝ ਜ਼ਿਲ੍ਹਿਆਂ ਵਿਚ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ।

## ਚਾਲੂ ਖਰੀ.ਫ ਬਿਜਾਈ ਸੀਜ਼ਨ ਦੌਰਾਨ ਖਾਦਾਂ

ਵਿਭਾਗ ਨੇ ਅੱਗੇ ਕਿਹਾ, 'ਸਮੇਂ ਸਿਰ ਕੂਟਨੀਤਕ ਸੰਪਰਕ, ਲੌਜਿਸਟਿਕ ਦਖਲਅੰਦਾਜ਼ੀ ਅਤੇ ਲੰਬੇ ਸਮੇਂ ਦੇ ਪ੍ਰਬੰਧਾਂ ਨੇ ਇਹ ਯਕੀਨੀ ਬਣਾਇਆ ਹੈ ਕਿ ਸਾਡੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।' ਭਾਰਤੀ ਖਾਦ ਕੰਪਨੀਆਂ ਦੇ ਇੱਕ ਸਮੂਹ ਅਤੇ ਮੋਰੱਕੋ ਵਿਚਕਾਰ 25 ਲੱਖ ਟਨ ਡੀ.ਏ.ਪੀ. ਅਤੇ ਟੀ.ਐਸ.ਪੀ. ਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ। ਇਸ ਤੋਂ ਇਲਾਵਾ ਜੁਲਾਈ, 2025 ਵਿੱਚ, ਸਾਊਦੀ ਅਰਬ ਅਤੇ ਭਾਰਤੀ ਕੰਪਨੀਆਂ ਵਿਚਕਾਰ 2025-26 ਤੋਂ ਸ਼ੁਰੂ ਹੋਣ ਵਾਲੇ ਪੰਜ ਸਾਲਾਂ ਲਈ 31 ਲੱਖ ਟਨ ਡੀ.ਏ.ਪੀ. ਦੀ ਸਾਲਾਨਾ ਸਪਲਾਈ ਲਈ ਇੱਕ ਲੰਬੇ ਸਮੇਂ ਦਾ ਸਮਝੌਤਾ (ਐਲ.ਟੀ.ਏ.) 'ਤੇ ਹਸਤਾਖਰ ਕੀਤੇ ਗਏ ਸਨ। ਵਿਭਾਗ ਨੇ ਕਿਹਾ ਕਿ ਇਨ੍ਹਾਂ ਯਤਨਾਂ ਦੇ ਕਾਰਨ, ਮੌਜੂਦਾ ਖਰੀਫ 2025 ਸੀਜ਼ਨ ਦੌਰਾਨ ਰਾਜਾਂ ਵਿੱਚ ਖਾਦਾਂ ਦੀ ਉਪਲੱਬਧਤਾ ਹੁਣ ਤੱਕ ਤਸੱਲੀਬਖਸ਼ ਰਹੀ ਹੈ। ਯੂਰੀਆ 242 ਰੁਪਏ ਪ੍ਰਤੀ 45 ਕਿਲੋਗ੍ਰਾਮ ਬੈਗ (ਨਿੰਮ ਪਰਤ ਅਤੇ ਲਾਗੂ ਟੈਕਸਾਂ ਨੂੰ ਛੱਡ ਕੇ) ਦੀ ਕਾਨੂੰਨੀ ਤੌਰ 'ਤੇ ਸੂਚਿਤ ਵੱਧ ਤੋਂ ਵੱਧ ਪ੍ਰਚੂਨ ਕੀਮਤ 'ਤੇ ਵੇਚਿਆ ਜਾ ਰਿਹਾ ਹੈ। ਕਿਸਾਨਾਂ ਨੂੰ 1,350 ਰੁਪਏ ਪ੍ਰਤੀ ਬੈਗ 'ਤੇ ਡੀ.ਏ.ਪੀ. ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ, ਕੇਂਦਰ ਨੇ ਡੀ.ਏ.ਪੀ. (ਆਯਾਤ ਅਤੇ ਸਵਦੇਸ਼ੀ) 'ਤੇ ਇੱਕ ਵਿਸ਼ੇਸ਼ ਪੈਕੇਜ ਦਿੱਤਾ ਹੈ।

## ਭਾਰਤ ਨੇ ਆਪਣੇ ਹਵਾਈ ਖੇਤਰ 'ਚ

'ਏਅਰਮੈਨਾਂ ਨੂੰ ਨੋਟਿਸ' (ਨੋਟਮ) ਜਾਰੀ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਪਹਿਲਗਾਮ 'ਚ 22 ਅਪ੍ਰੈਲ ਨੂੰ ਅੱਤਵਾਦੀ ਹਮਲੇ 'ਚ 26 ਲੋਕਾਂ ਦੀ ਮੌਤ ਤੋਂ ਬਾਅਦ ਭਾਰਤ ਨੇ 30 ਅਪ੍ਰੈਲ ਤੋਂ ਪਾਕਿਸਤਾਨ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਓਦੋਂ ਤੋਂ ਭਾਰਤ ਪਾਬੰਦੀ ਦੀ ਮਿਆਦ ਵਧਾਉਂਦਾ ਰਿਹਾ ਹੈ। 'ਨੋਟਿਸ-ਟੂ-ਏਅਰਮੈਨ' ਦੇ ਅਨੁਸਾਰ ਭਾਰਤੀ ਹਵਾਈ ਖੇਤਰ ਪਾਕਿਸਤਾਨ ਵਿਚ ਰਜਿਸਟਰਡ ਜਹਾਜ਼ਾਂ ਤੇ ਪਾਕਿਸਤਾਨੀ ਏਅਰਲਾਈਨਾਂ/ਆਪ੍ਰੇਟਰਾਂ ਵੱਲੋਂ ਸੰਚਾਲਿਤ/ਮਾਲਕੀ ਵਾਲੇ ਜਾਂ ਲੀਜ਼ 'ਤੇ ਲਏ ਗਏ ਜਹਾਜ਼ਾਂ, ਜਿਨ੍ਹਾਂ ਵਿਚ ਫੌਜੀ ਉਡਾਣਾਂ ਵਿਚ ਸ਼ਾਮਲ ਹਨ, ਲਈ ਉਪਲਬਧ ਨਹੀਂ ਹੋਵੇਗਾ।

## ਅਮਰੀਕਾ ਨੂੰ ਜਾਣ ਵਾਲੀ ਅੰਤਰਰਾਸ਼ਟਰੀ ਡਾਕ ਸੇਵਾ

2025 ਨੂੰ ਇੱਕ ਵਿਸ਼ੇਸ਼ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ, ਜਿਸ ਦੇ ਤਹਿਤ 800 ਡਾਲਰ ਤੱਕ ਦੇ ਸਾਮਾਨ 'ਤੇ ਕਸਟਮ ਡਿਊਟੀ ਛੋਟ ਨੂੰ ਖਤਮ ਕਰ ਦਿੱਤਾ ਗਿਆ ਹੈ। ਪਹਿਲਾਂ, ਘੱਟ ਮੁੱਲ ਵਾਲੇ ਸਾਮਾਨ ਬਿਨਾਂ ਕਿਸੇ ਡਿਊਟੀ ਦੇ ਅਮਰੀਕਾ ਭੇਜੇ ਜਾ ਸਕਦੇ ਸਨ, ਪਰ ਹੁਣ 29 ਅਗਸਤ, 2025 ਤੋਂ, ਸਾਰੀਆਂ ਵਸਤਾਂ 'ਤੇ ਡਿਊਟੀ ਲਗਾਈ ਜਾਵੇਗੀ, ਭਾਵੇਂ ਉਨ੍ਹਾਂ ਦੀ ਕੀਮਤ ਕੁਝ ਵੀ ਹੋਵੇ। ਇਹ ਨਿਯਮ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ (ਆਈ.ਈ.ਈ.ਪੀ.ਏ.) ਦੇ ਤਹਿਤ ਲਾਗੂ ਹੋਵੇਗਾ। ਹਾਲਾਂਕਿ,100 ਡਾਲਰ ਤੱਕ ਦੇ ਤੋਹਫ਼ੇ ਦੀਆਂ ਚੀਜ਼ਾਂ ਫਿਲਹਾਲ ਇਸ ਨਿਯਮ ਤੋਂ ਛੋਟ ਰਹਿਣਗੀਆਂ। ਅਮਰੀਕੀ ਸਰਕਾਰ ਦੇ ਅਨੁਸਾਰ, ਹੁਣ ਅੰਤਰਰਾਸ਼ਟਰੀ ਡਾਕ ਸ਼ਿਪਮੈਂਟ 'ਤੇ ਡਿਊਟੀ ਜਮ੍ਹਾਂ ਕਰਨ ਦੀ ਜ਼ਿੰਮੇਵਾਰੀ ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੁਆਰਾ ਮਾਨਤਾ ਪ੍ਰਾਪਤ ਟਰਾਂਸਪੋਰਟ ਕੰਪਨੀਆਂ ਅਤੇ ਏਜੰਸੀਆਂ ਦੀ ਹੋਵੇਗੀ। ਸੀ.ਬੀ.ਪੀ. ਨੇ 15 ਅਗਸਤ ਨੂੰ ਸ਼ੁਰੂਆਤੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ, ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਮਾਨਤਾ ਪ੍ਰਾਪਤ ਧਿਰਾਂ ਦੀ ਚੋਣ ਕਿਵੇਂ ਕੀਤੀ ਜਾਵੇਗੀ ਅਤੇ ਡਿਊਟੀ ਕਿਵੇਂ ਜਮ੍ਹਾ ਕੀਤੀ ਜਾਵੇਗੀ। ਇਸ ਤਕਨੀਕੀ ਅਤੇ ਪ੍ਰਕਿਰਿਆਤਮਕ ਅਸਪੱਸ਼ਟਤਾ ਦੇ ਕਾਰਨ, ਅਮਰੀਕਾ ਜਾਣ ਵਾਲੀਆਂ ਅੰਤਰਰਾਸ਼ਟਰੀ ਡਾਕ ਨੂੰ ਸੰਭਾਲਣ ਵਾਲੀਆਂ ਏਅਰਲਾਈਨਾਂ ਨੇ 25 ਅਗਸਤ, 2025 ਤੋਂ ਡਾਕ ਖੇਪਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਸਮੇਂ ਨਵੇਂ ਨਿਯਮਾਂ ਦੀ ਪਾਲਣਾ ਕਰਨ ਲਈ ਤਕਨੀਕੀ ਅਤੇ ਕਾਰਜਸ਼ੀਲ ਤੌਰ 'ਤੇ ਤਿਆਰ ਨਹੀਂ ਹਨ। ਪੀ.ਆਈ.ਬੀ. ਵੱਲੋਂ ਜਾਰੀ ਪ੍ਰੈਸ ਰਿਲੀਜ਼ ਅਨੁਸਾਰ, ਜਿਨ੍ਹਾਂ ਗਾਹਕਾਂ ਨੇ 25 ਅਗਸਤ ਤੋਂ ਪਹਿਲਾਂ ਅਜਿਹੀਆਂ ਚੀਜ਼ਾਂ ਬੁੱਕ ਕੀਤੀਆਂ ਹਨ ਜੋ ਹੁਣ ਭੇਜੀਆਂ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਡਾਕ ਖਰਚ ਵਾਪਸ ਕਰ ਦਿੱਤਾ ਜਾਵੇਗਾ। ਵਿਭਾਗ ਨੇ ਕਿਹਾ ਹੈ ਕਿ ਯੂ.ਐਸ.ਪੀ.ਐਸ. ਅਤੇ ਸੀ.ਬੀ.ਪੀ. ਤੋਂ ਪੂਰੀ ਜਾਣਕਾਰੀ ਪ੍ਰਾਪਤ ਹੁੰਦੇ ਹੀ ਸੇਵਾਵਾਂ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਡਾਕ ਵਿਭਾਗ ਨੇ ਇਹ ਵੀ ਕਿਹਾ ਕਿ ਉਹ ਸਾਰੀਆਂ ਸਬੰਧਤ ਏਜੰਸੀਆਂ ਨਾਲ ਲਗਾਤਾਰ ਕੰਮ ਕਰ ਰਿਹਾ ਹੈ ਅਤੇ ਅਮਰੀਕਾ ਲਈ ਪੂਰੀ ਡਾਕ ਸੇਵਾ ਨੂੰ ਜਲਦੀ ਤੋਂ ਜਲਦੀ ਮੁੜ ਸ਼ੁਰੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਵਿਭਾਗ ਨੇ ਗਾਹਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ ਹੈ ਅਤੇ ਅਸੁਵਿਧਾ ਲਈ ਮੁਆਫੀ ਮੰਗੀ ਹੈ।

## ਮਨੁੱਖਤਾ ਦੇ ਰੋਸ਼ਨ ਭਵਿੱਖ ਲਈ ਪੁਲਾੜ ਦੇ

ਪ੍ਰਧਾਨ ਮੰਤਰੀ ਨੇ ਨਿੱਜੀ ਖੇਤਰ ਨੂੰ ਪੁੱਛਿਆ ਕਿ ਕੀ ਅਗਲੇ ਪੰਜ ਸਾਲਾਂ ਵਿੱਚ ਪੰਜ ਸਟਾਰਟਅੱਪ ਯੂਨੀਕੋਰਨ ਬਣ ਸਕਦੇ ਹਨ। ਉਨ੍ਹਾਂ ਪੁਲਾੜ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਕਿਹਾ, 'ਮੈਂ ਚਾਹੁੰਦਾ ਹਾਂ ਕਿ ਨਿੱਜੀ ਖੇਤਰ ਅੱਗੇ ਆਵੇ... ਕੀ ਅਸੀਂ ਇੱਕ ਅਜਿਹੇ ਬਿੰਦੂ 'ਤੇ ਪਹੁੰਚ ਸਕਦੇ ਹਾਂ ਜਿੱਥੇ ਅਸੀਂ ਹਰ ਸਾਲ 50 ਰਾਕੇਟ ਲਾਂਚ ਕਰ ਸਕਦੇ ਹਾਂ?'

## 5ਵੀਂ ਪੀੜ੍ਹੀ ਦੇ ਫਾਈਟਰ ਜੈਟ ਲਈ .ਫਰਾਂਸ ਦੀ ਮਦਦ

ਜਹਾਜ਼ ਬਣਾਉਣ ਵੱਲ ਵੀ ਕਦਮ ਵਧਾਏ ਹਨ। ਅਸੀਂ ਭਾਰਤ ਵਿੱਚ ਹੀ ਜਹਾਜ਼ ਇੰਜਨ ਬਣਾਉਣ ਵੱਲ ਵੀ ਵੱਧ ਰਹੇ ਹਾਂ। ਅਸੀਂ ਫਰਾਂਸੀਸੀ ਕੰਪਨੀ ਸਫਰਾਨ ਦੇ ਸਹਿਯੋਗ ਨਾਲ ਭਾਰਤ ਵਿੱਚ ਇੰਜਨ ਨਿਰਮਾਣ ਦਾ ਕੰਮ ਸ਼ੁਰੂ ਕਰਨ ਜਾ ਰਹੇ ਹਾਂ।' ਇਸ ਮੌਕੇ 'ਤੇ, ਰੱਖਿਆ ਮੰਤਰੀ ਨੇ ਵਿਦੇਸ਼ੀ ਕੰਪਨੀਆਂ ਅਤੇ ਨਿਵੇਸ਼ਕਾਂ ਨੂੰ ਭਾਰਤ ਦੇ ਵੱਧ ਰਹੇ ਰੱਖਿਆ ਨਿਰਮਾਣ ਖੇਤਰ ਵਿੱਚ ਨਿਵੇਸ਼ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ, 'ਮੈਂ ਸਾਰੀਆਂ ਵਿਦੇਸ਼ੀ ਕੰਪਨੀਆਂ ਅਤੇ ਨਿਵੇਸ਼ਕਾਂ ਨੂੰ ਭਾਰਤ ਦੇ ਜੀਵੰਤ ਰੱਖਿਆ ਨਿਰਮਾਣ ਵਾਤਾਵਰਣ ਵਿੱਚ ਨਿਵੇਸ਼ ਕਰਨ ਦੀ ਅਪੀਲ ਕਰਦਾ ਹਾਂ। ਅਸੀਂ ਤੁਹਾਨੂੰ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਅਤੇ ਸਹਾਇਤਾ ਪ੍ਰਦਾਨ ਕਰਾਂਗੇ।' ਉਨ੍ਹਾਂ ਅੱਗੇ ਕਿਹਾ, 'ਮੇਕ ਇਨ ਇੰਡੀਆ ਸਿਰਫ਼ ਭਾਰਤ ਤੱਕ ਸੀਮਤ ਨਹੀਂ ਹੈ। ਜਦੋਂ ਤੁਸੀਂ ਭਾਰਤ ਵਿੱਚ ਨਿਰਮਾਣ ਕਰਦੇ ਹੋ, ਤਾਂ ਤੁਸੀਂ ਪੂਰੀ ਦੁਨੀਆ ਲਈ ਨਿਰਮਾਣ ਕਰਦੇ ਹੋ। ਭਾਰਤ ਦੀ ਸੋਚ ਸ਼ਾਂਤੀ ਅਤੇ ਵਿਕਾਸ ਵੱਲ ਕੇਂਦਰਿਤ ਹੈ। ਸਾਡੇ ਲਈ, ਸਿਰਫ਼ ਵਿਕਾਸ ਨਹੀਂ, ਸਗੋਂ ਸਮੂਹਿਕ ਵਿਕਾਸ ਵਧੇਰੇ ਮਹੱਤਵਪੂਰਨ ਹੈ।' ਰਾਜਨਾਥ ਸਿੰਘ ਦਾ ਐਲਾਨ ਉਸ ਸਮੇਂ ਆਇਆ ਹੈ ਜਦੋਂ ਰੱਖਿਆ ਮੰਤਰਾਲੇ ਨੇ ਮਈ 2025 ਵਿੱਚ ਐਡਵਾਂਸਡ ਮੀਡੀਅਮ ਕੰਬੈਟ ਏਅਰਕ੍ਰਾਫਟ (ਏਐਮਸੀਏ) ਪ੍ਰੋਗਰਾਮ ਲਈ 'ਲਾਗੂ ਕਰਨ ਵਾਲੇ ਮਾਡਲ' ਨੂੰ ਮਨਜ਼ੂਰੀ ਦਿੱਤੀ ਸੀ। ਇਸ ਪ੍ਰੋਗਰਾਮ ਦਾ ਉਦੇਸ਼ ਭਾਰਤ ਦੀ ਹਵਾਈ ਲੜਾਈ ਸਮਰੱਥਾ ਨੂੰ ਹੋਰ ਮਜ਼ਬੂਤ ਕਰਨਾ ਹੈ। ਮੰਤਰਾਲੇ ਨੇ 27 ਮਈ ਨੂੰ ਇੱਕ ਬਿਆਨ ਜਾਰੀ ਕਰਕੇ ਕਿਹਾ, 'ਭਾਰਤ ਦੀਆਂ ਸਵਦੇਸ਼ੀ ਰੱਖਿਆ ਸਮਰੱਥਾਵਾਂ ਨੂੰ ਵਧਾਉਣ ਅਤੇ ਘਰੇਲੂ ਏਅਰੋਸਪੇਸ ਉਦਯੋਗ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ, ਰੱਖਿਆ ਮੰਤਰੀ ਨੇ ਏਐਮਸੀਏ ਪ੍ਰੋਗਰਾਮ ਦੇ ਐਗਜ਼ੀਕਿਊਸ਼ਨ ਮਾਡਲ ਨੂੰ ਮਨਜ਼ੂਰੀ ਦੇ ਦਿੱਤੀ ਹੈ।' ਏਰੋਨਾਟਿਕਲ ਡਿਵੈਲਪਮੈਂਟ ਏਜੰਸੀ (ਏ.ਡੀ.ਏ.) ਨਿੱਜੀ ਉਦਯੋਗ ਭਾਈਵਾਲਾਂ ਦੇ ਸਹਿਯੋਗ ਨਾਲ ਇਸ ਪ੍ਰੋਜੈਕਟ ਦੀ ਅਗਵਾਈ ਕਰ ਰਹੀ ਹੈ।ਏਐਮਸੀਏ, ਜਿਸਨੂੰ ਭਾਰਤ ਦਾ ਪੰਜਵੀਂ ਪੀੜ੍ਹੀ ਦਾ ਲੜਾਕੂ ਜਹਾਜ਼ ਕਿਹਾ ਜਾ ਰਿਹਾ ਹੈ, ਇੱਕ ਸਟੀਲਥ-ਹੈਵੀ, ਮਲਟੀ-ਰੋਲ ਲੜਾਕੂ ਜਹਾਜ਼ ਹੋਵੇਗਾ। ਇਹ ਸੈਂਸਰ ਫਿਊਜ਼ਨ, ਅੰਦਰੂਨੀ ਹਥਿਆਰ ਬੇ, ਸੁਪਰਕਰੂਜ਼ ਸਮਰੱਥਾ, ਅਤੇ ਅਗਲੀ ਪੀੜ੍ਹੀ ਦੇ ਐਵੀਓਨਿਕਸ ਵਰਗੀਆਂ ਅਤਿ-ਆਧੁਨਿਕ ਤਕਨੀਕਾਂ ਦੀ ਵਰਤੋਂ ਕਰੇਗਾ।

## ਭਾਜਪਾ ਅਤੇ 'ਆਪ' ਖੇਡ ਰਹੀਆਂ ਨੇ

ਪੱਕਾ ਹੱਲ ਨਹੀਂ ਹੋ ਸਕਿਆ। ਗੈਂਗਸਟਰ ਵਾਦ ਦਾ ਬੋਲਬਾਲਾ ਦਿਨ ਬ ਦਿਨ ਵਧਦਾ ਜਾ ਰਿਹਾ ਹੈ ਜਿਸ ਨਾਲ ਅਮਨ ਕਾਨੂੰਨ ਦੀ ਵਿਵਸਥਾ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਇਸ ਦੇ ਨਾਲ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਪਣੇ ਮੈਨੀਫੈਸਟੋ ਦਾ ਵਾਅਦੇ ਅਨੁਸਾਰ ਆਪ ਸਰਕਾਰ ਬੀਬੀਆਂ ਨੂੰ 1100 ਰੁਪਏ ਮਹੀਨਾ ਦੇਣ ਤੋਂ ਭੱਜ ਚੁੱਕੀ ਹੈ ਅਤੇ ਨਾ ਹੀ 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤਾ ਗਿਆ। ਇਸ ਦੇ ਨਾਲ ਸ਼ਗਨ ਸਕੀਮ 1.25.000 ਰੁਪਏ ਦੀ ਗੱਲ ਲਗਭਗ ਕੋਰੀ ਨਾਂਹ ਦੇ ਬਰਾਬਰ ਹੈ। ਕੇਂਦਰ ਅਤੇ ਸੂਬਾ ਸਰਕਾਰ ਦੀ ਆਪਸੀ ਮਿਲੀਭੁਗਤ ਕਾਰਨ ਬੰਦੀ ਸਿੰਘਾਂ ਦੇ ਅਹਿਮ ਮਸਲੇ 'ਤੇ ਕੋਈ ਫੈਸਲਾ ਨਹੀਂ ਕੀਤਾ ਜਾ ਰਿਹਾ। ਬੀਬੀਐਮਬੀ ਦਾ ਕੰਟਰੋਲ ਪੰਜਾਬ ਨੂੰ ਮਿਲੇ। ਹਿਮਾਚਲ ਦੇ ਤਰਜ ਉੱਪਰ ਸਰਹੱਦੀ ਸੂਬਾ ਹੋਣ ਦੇ ਕਰਕੇ ਪੰਜਾਬ ਨੂੰ ਸਪੈਸ਼ਲ ਆਰਥਿਕ ਪੈਕਜ ਮਿਲੇ । ਇਸ ਦੇ ਨਾਲ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੱਜ ਪੰਜਾਬ ਦੇ ਹਰ ਹਿੱਸੇ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਕੈਨੇਡਾ ਅਮਰੀਕਾ ਵਰਗੇ ਮੁਲਕਾਂ ਵਿੱਚ ਵਸੇ ਹਨ, ਇਸ ਕਰਕੇ ਪੰਜਾਬ ਤੋਂ ਕੈਨੇਡਾ ਅਤੇ ਅਮਰੀਕਾ ਲਈ ਤੁਰੰਤ ਫਲਾਈਟ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਪੰਜਾਬ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਤੁਰੰਤ ਪੰਜਾਬ ਦੇ ਸਾਰੇ ਏਅਰਪੋਰਟ ਨੂੰ ਡਰਾਈ ਪੋਰਟ ਐਲਾਨ ਕੀਤਾ ਜਾਵੇ ਅਤੇ ਗੁਆਂਢੀ ਮੁਲਕਾਂ ਨਾਲ ਵਪਾਰਕ ਸਬੰਧ ਸੁਖਾਲੇ ਕੀਤੇ ਜਾਣ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਆਰਡੀਐਫ ਦੀ ਬਕਾਇਆ ਰਾਸ਼ੀ ਜਾਰੀ ਕੀਤੀ ਜਾਵੇ,ਤਾਂ ਜੋ ਇਸ ਪੈਸੇ ਨਾਲ ਦਿਹਾਤੀ ਖੇਤਰਾਂ ਦੀ ਲਿੰਕ ਸੜਕਾਂ ਦੀ ਹਾਲਤ ਸੁਧਾਰੀ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਜਾਰੀ ਆਪਣੇ ਬਿਆਨ ਵਿੱਚ ਕਿਹਾ ਕਿ, ਅੱਜ ਖੇਤਰੀ ਪਾਰਟੀ ਨੂੰ ਕਮਜੋਰ ਕਰਨ ਲਈ ਦੋਹੇ ਸਿਆਸੀ ਧਿਰਾਂ ਨਕਲੀ ਅਕਾਲੀ ਦਲ ਨਾਲ ਮਿਲ ਕੇ ਸੂਬੇ ਦੀ ਸਿਆਸੀ ਧਿਰ ਨੂੰ ਸਾਜਿਸ਼ ਹੇਠ ਕਮਜੋਰ ਕਰਨ ਦਾ ਯਤਨ ਕਰ ਰਹੀਆਂ ਹਨ । ਇਸ ਸਿਆਸੀ ਸਮਝੌਤੇ ਹੇਠ ਬਰਗਾੜੀ ਬੇਅਦਬੀ ਮਾਮਲੇ ਦੇ ਦੋਸ਼ੀਆਂ ਨੂੰ ਬਚਾਇਆ ਜਾ ਰਿਹਾ ਹੈ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਖ ਮੁਲਜ਼ਮਾਂ ਨੂੰ ਬਚਾਉਣ ਲਈ ਜਾਂਚ ਪ੍ਰਭਾਵਿਤ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਅੱਜ ਲੋੜ ਹੈ ਇਹਨਾਂ ਦਿੱਲੀ ਦੇ ਹੁਕਮਰਾਨਾਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਚੱਲਦਾ ਕੀਤਾ ਜਾਵੇ। ਓਹਨਾਂ ਕਿਹਾ ਕਿ ਸ਼ਾਮ ਦੰਡ ਭੇਦ ਭਾਵ ਝੂਠ ਲੜਾਈ ਝਗੜਾ ਜਰੀਏ ਆਪਣੀ ਸਿਆਸਤ ਨੂੰ ਪੰਜਾਬੀਆਂ ਦੇ ਸਿਰ ਥੋਪਣ ਵਾਲੇ ਲੀਡਰ ਸ਼ਾਇਦ ਇਹ ਭੁੱਲ ਗਏ ਨੇ ਅਜਿਹੇ ਹੁਕਮਰਾਨ ਬਹੁਤ ਆਏ ਨੇ, ਪੰਜਾਬੀਆਂ ਨੇ ਕਦੇ ਆਪਣੀ ਅਣਖ ਨਾਲ ਸਮਝੌਤਾ ਨਹੀਂ ਕੀਤਾ।

## ਮਹਿੰਦਰਾ ਪਿਕਅੱਪ ਨਾਲ ਟੱਕਰ ਤੋਂ ਬਾਅਦ

ਜਾਇਜ਼ਾ ਲਿਆ। ਇਸੇ ਤਰ੍ਹਾਂ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਦੀ ਅਗਵਾਈ ਵਿਚ ਪੁਲਿਸ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਥਾਣਾ ਸਿਟੀ, ਸਦਰ, ਮਾਡਲ ਟਾਊਨ, ਪੁਰਹੀਰਾਂ, ਚੱਬੇਵਾਲ ਅਤੇ ਗੜ੍ਹਦੀਵਾਲਾ ਦੇ ਐਸ.ਐਚ.ਓ ਸਮੇਤ ਹੋਰ ਅਧਿਕਾਰੀਆਂ ਨੇ ਵੀ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਜ਼ਖਮੀਆਂ ਨੂੰ ਤੁਰੰਤ ਸਿਵਲ ਹਸਪਤਾਲ, ਹੁਸ਼ਿਆਰਪੁਰ ਪਹੁੰਚਾਇਆ ਗਿਆ ਅਤੇ ਗੰਭੀਰ ਜ਼ਖਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਰੈਫਰ ਕਰ ਦਿੱਤਾ ਗਿਆ। ਜ਼ਖਮੀਆਂ ਦੇ ਇਲਾਜ ਲਈ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ ਡਾਕਟਰਾਂ ਦੀ ਇਕ ਵਿਸ਼ੇਸ਼ ਟੀਮ ਸਿਵਲ ਹਸਪਤਾਲ ਪਹੁੰਚ ਗਈ ਹੈ ਅਤੇ ਸਾਰੇ ਜ਼ਖਮੀਆਂ ਦਾ ਪੰਜਾਬ ਸਰਕਾਰ ਦੀ ਫਰਿਸ਼ਤੇ ਸਕੀਮ ਤਹਿਤ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਇਲਾਜ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਹਾਦਸੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਹੁਸ਼ਿਆਰਪੁਰ ਫਾਇਰ ਬ੍ਰਿਗੇਡ ਤੋਂ ਇਲਾਵਾ, ਜਲੰਧਰ, ਕਪੂਰਥਲਾ, ਫਗਵਾੜਾ ਅਤੇ ਆਦਮਪੁਰ ਏਅਰ ਫੋਰਸ ਸਟੇਸ਼ਨ ਤੋਂ ਐਂਬੂਲੈਂਸਾਂ ਅਤੇ ਫਾਇਰ ਇੰਜਣ ਵੀ ਮੌਕੇ 'ਤੇ ਭੇਜੇ ਗਏ ਅਤੇ ਐਸ.ਡੀ.ਆਰ.ਐਫ ਦੀ ਟੀਮ ਨੂੰ ਵੀ ਤਾਇਨਾਤ ਕੀਤਾ ਗਿਆ।

ਐਸ.ਐਸ.ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਪੁਲਿਸ ਨੇ ਇਸ ਮਾਮਲੇ ਵਿਚ ਭਾਰਤੀ ਨਿਆਂ ਸੰਹਿਤਾ (2023) ਦੀ ਧਾਰਾ 105 ਅਤੇ 324 (4) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਟਨਾ ਸਥਾਨ ਤੋਂ ਦੂਰ ਰਹਿਣ ਅਤੇ ਰਾਹਤ ਅਤੇ ਬਚਾਅ ਕਾਰਜਾਂ ਵਿਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਨੇ ਇਸ ਘਟਨਾ ਨੂੰ ਬਹੁਤ ਦੁਖਦਾਈ ਦੱਸਿਆ ਅਤੇ ਕਿਹਾ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਜ਼ਖਮੀਆਂ ਅਤੇ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਖੜ੍ਹਾ ਹੈ।

ਸਿਵਲ ਸਰਜਨ ਡਾ. ਪਵਨ ਕੁਮਾਰ ਅਤੇ ਐਸ.ਐਮ.ਓ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਕੁੱਲ 23 ਮਰੀਜ਼ ਸਿਵਲ ਹਸਪਤਾਲ ਹੁਸ਼ਿਆਰਪੁਰ ਪਹੁੰਚੇ। ਦੋ ਮਰੀਜ਼ਾਂ ਨੂੰ ਮ੍ਰਿਤਕ ਹਾਲਤ ਵਿਚ ਲਿਆਂਦਾ ਗਿਆ। ਇਸ ਵੇਲੇ ਸਿਵਲ ਹਸਪਤਾਲ ਵਿੱਚ 5 ਮਰੀਜ਼ ਦਾਖਲ ਹਨ। ਇਸ ਤੋਂ ਇਲਾਵਾ 14 ਮਰੀਜ਼ਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਰੈਫਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 2 ਮਰੀਜ਼ਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ।

## ਮਾਨ ਵੱਲੋਂ ਹਾਦਸੇ 'ਤੇ

ਇਸ ਘਟਨਾ 'ਤੇ ਦੁੱਖ ਤੇ ਅਫਸੋਸ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ। ਉਨ੍ਹਾਂ ਨੇ ਅਕਾਲ ਪੁਰਖ ਅੱਗੇ ਵਿੱਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਦੇਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰ ਲਈ ਦੋ-ਦੋ ਲੱਖ ਰੁਪਏ ਦੀ ਵਿੱਤੀ ਇਮਦਾਦ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਰੱਖ ਕੇ ਸਮੁੱਚੀ ਸਥਿਤੀ 'ਤੇ ਨਿਰੰਤਰ ਨਿਗਰਾਨੀ ਰੱਖ ਰਹੇ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਾਰੇ ਜ਼ਖਮੀਆਂ ਦੇ ਮੁਫ਼ਤ ਇਲਾਜ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਨ੍ਹਾਂ ਨੇ ਜ਼ਖ਼ਮੀਆਂ ਦੇ ਛੇਤੀ ਸਿਹਤਯਾਬ ਹੋਣ ਲਈ ਅਰਦਾਸ ਕੀਤੀ।

## ਅਨਿਲ ਅੰਬਾਨੀ ਦੇ ਟਿਕਾਣਿਆਂ 'ਤੇ

ਪ੍ਰਕਿਰਿਆ ਸ਼ੁਰੂ ਕੀਤੀ। ਇਸ ਤੋਂ ਪਹਿਲਾਂ 23 ਜੁਲਾਈ ਨੂੰ ਈ.ਡੀ. ਨੇ ਅਨਿਲ ਅੰਬਾਨੀ ਦੇ ਰਿਲਾਇੰਸ ਗਰੁੱਪ ਨਾਲ ਸਬੰਧਤ 35 ਤੋਂ ਵੱਧ ਥਾਵਾਂ 'ਤੇ ਵੀ ਛਾਪੇਮਾਰੀ ਕੀਤੀ ਸੀ। ਇਹ ਛਾਪੇਮਾਰੀ ਯੈੱਸ ਬੈਂਕ ਤੋਂ ਲਏ ਗਏ 3000 ਕਰੋੜ ਰੁਪਏ ਦੇ ਕਰਜ਼ਾ ਧੋਖਾਧੜੀ ਮਾਮਲੇ ਵਿੱਚ ਕੀਤੀ ਗਈ ਸੀ।

## ਚਮੋਲੀ 'ਚ ਬੱਦਲ ਫਟਣ ਕਾਰਨ

ਕਾਰਨ ਘਰਾਂ ਵਿੱਚ ਮਲਬਾ ਆ ਗਿਆ ਹੈ, ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਤਹਿਸੀਲ ਅਹਾਤੇ ਵਿੱਚ ਕੁਝ ਵਾਹਨ ਵੀ ਮਲਬੇ ਹੇਠ ਦੱਬੇ ਹੋਏ ਹਨ। ਸੜਕਾਂ ਨੂੰ ਨੁਕਸਾਨ ਪਹੁੰਚਿਆ ਹੈ। ਇੱਕ ਨੌਜਵਾਨ ਔਰਤ ਅਤੇ ਇੱਕ ਬਜ਼ੁਰਗ ਵਿਅਕਤੀ ਲਾਪਤਾ ਹੈ। ਐਨ.ਡੀ.ਆਰ.ਐਫ. ਦੀ ਟੀਮ ਮੌਕੇ 'ਤੇ ਰਵਾਨਾ ਹੋ ਗਈ ਹੈ। ਸਥਾਨਕ ਪ੍ਰਸ਼ਾਸਨ ਅਤੇ ਆਫ਼ਤ ਪ੍ਰਬੰਧਨ ਟੀਮਾਂ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਥਰਾਲੀ ਦੇ ਤਹਿਸੀਲ ਅਹਾਤੇ ਰਾਦੀਬਾਗ ਵਿੱਚ ਅਚਾਨਕ ਇੱਕ ਬਰਸਾਤੀ ਗਡੇਰਾ ਭਰ ਗਿਆ। ਐਸ.ਡੀ.ਐਮ. ਰਿਹਾਇਸ਼ ਮਲਬੇ ਹੇਠ ਦੱਬ ਗਈ। ਐਸ.ਡੀ.ਐਮ. ਅਤੇ ਹੋਰ ਰਾਤ ਨੂੰ ਰਿਹਾਇਸ਼ ਛੱਡ ਕੇ ਸੁਰੱਖਿਅਤ ਥਾਂ 'ਤੇ ਚਲੇ ਗਏ। ਰਾੜੀਬਾਗਢ ਵਿੱਚ ਵਾਹਨਾਂ ਦੇ ਮਲਬੇ ਹੇਠ ਦੱਬੇ ਹੋਣ ਦੀ ਜਾਣਕਾਰੀ ਹੈ। ਜਾਣਕਾਰੀ ਮੁਤਾਬਕ ਥਰਾਲੀ ਤਹਿਸੀਲ ਦੇ ਟੂਨਰੀ ਗਡੇਰਾ ਵਿੱਚ ਬੱਦਲ ਫਟਣ ਕਾਰਨ ਥਰਾਲੀ ਤਹਿਸੀਲ ਦੇ ਅਹਾਤੇ ਵਿੱਚ ਬਹੁਤ ਸਾਰਾ ਮਲਬਾ ਆ ਗਿਆ ਹੈ, ਮਲਬਾ ਘਰਾਂ ਵਿੱਚ ਵੀ ਆ ਗਿਆ ਹੈ, ਤਹਿਸੀਲ ਦੇ ਅਹਾਤੇ ਵਿੱਚ ਕੁਝ ਵਾਹਨ ਵੀ ਮਲਬੇ ਹੇਠ ਦੱਬੇ ਹੋਏ ਹਨ। ਥਰਾਲੀ ਦੇ ਚੇਪੜੋਂ ਵਿੱਚ ਭਾਰੀ ਨੁਕਸਾਨ ਹੋਇਆ ਹੈ। ਇੱਥੇ ਤਿੰਨ ਤੋਂ ਵੱਧ ਦੁਕਾਨਾਂ ਦੇ ਰੁੜ ਜਾਣ ਦੀ ਖ਼ਬਰ ਹੈ। ਮਲਬੇ ਕਾਰਨ ਕਈ ਘਰ ਨੁਕਸਾਨੇ ਗਏ ਹਨ। ਥਰਾਲੀ ਬਾਜ਼ਾਰ ਵੀ ਮਲਬੇ ਨਾਲ ਭਰਿਆ ਹੋਇਆ ਹੈ। ਮਲਬੇ ਨਾਲ ਰੁੜ ਕੇ ਕਈ ਵਾਹਨ ਸੜਕ ਤੋਂ ਲੋਕਾਂ ਦੇ ਘਰਾਂ ਤੱਕ ਪਹੁੰਚ ਗਏ ਹਨ। ਥਰਾਲੀ-ਸਗਵਾੜਾ ਸੜਕ ਵੀ ਬੰਦ ਹੈ। ਮਿੰਗਗਾਡੇਰਾ ਵਿੱਚ ਥਰਾਲੀ-ਗਵਾਲਡਮ ਸੜਕ ਬੰਦ ਹੈ। ਸਾਗਵਾੜਾ ਪਿੰਡ ਵਿੱਚ ਇੱਕ ਵਿਅਕਤੀ ਦੇ ਮਲਬੇ ਹੇਠ ਦੱਬੇ ਹੋਣ ਦੀ ਜਾਣਕਾਰੀ ਹੈ। ਜਦੋਂ ਕਿ ਉਸੇ ਪਿੰਡ ਵਿੱਚ ਇੱਕ 20 ਸਾਲਾ ਲੜਕੀ ਦੇ ਮਲਬੇ ਹੇਠ ਦੱਬੇ ਹੋਣ ਦੀ ਜਾਣਕਾਰੀ ਹੈ। ਸੂਚਨਾ ਮਿਲਣ ਤੋਂ ਬਾਅਦ, ਐਸ.ਡੀ.ਆਰ.ਐਫ. ਟੀਮ ਗੌਚਰ ਤੋਂ ਘਟਨਾ ਸਥਾਨ ਲਈ ਰਵਾਨਾ ਹੋ ਗਈ ਹੈ। ਇਸ ਦੇ ਨਾਲ ਹੀ ਭਾਰੀ ਬਾਰਿਸ਼ ਦੇ ਮੱਦੇਨਜ਼ਰ ਅੱਜ ਤਿੰਨ ਵਿਕਾਸ ਬਲਾਕਾਂ ਥਰਾਲੀ, ਦੇਵਾਲ ਅਤੇ ਨਾਰਾਇਣਬਾਗ ਦੇ ਸਾਰੇ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ ਹੈ। ਧਾਮੀ ਨੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਚਮੋਲੀ ਜ਼ਿਲ੍ਹੇ ਦੇ ਥਰਾਲੀ ਖੇਤਰ ਵਿੱਚ ਦੇਰ ਰਾਤ ਬੱਦਲ ਫਟਣ ਦੀ ਦੁਖਦਾਈ ਖ਼ਬਰ ਮਿਲੀ ਹੈ। ਜ਼ਿਲ੍ਹਾ ਪ੍ਰਸ਼ਾਸਨ,ਐਸ.ਡੀ.ਆਰ.ਐਫ., ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀ ਹੋਈ ਹੈ। ਮੈਂ ਇਸ ਸਬੰਧ ਵਿੱਚ ਸਥਾਨਕ ਪ੍ਰਸ਼ਾਸਨ ਦੇ ਸੰਪਰਕ ਵਿੱਚ ਹਾਂ ਅਤੇ ਮੈਂ ਖੁਦ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹਾਂ। ਮੈਂ ਸਾਰਿਆਂ ਦੀ ਸੁਰੱਖਿਆ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ।

## ਹਿਮਾਚਲ 'ਚ ਮਾਨਸੂਨ ਦਾ

ਦੀ ਹੋਈ ਸ਼ੁਰੂਆਤ ਤੋਂ ਬਾਅਦ ਸੂਬੇ 'ਚ 295 ਮੌਤਾਂ ਹੋਈਆਂ ਹਨ, ਜਿਨ੍ਹਾਂ 'ਚੋਂ 151 ਮੀਂਹ ਨਾਲ, ਜਦਕਿ 144 ਸੜਕ ਹਾਦਸਿਆਂ ਕਾਰਨ ਹੋਈਆਂ। ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਕੁੱਲੂ ਜ਼ਿਲ੍ਹੇ ਵਿੱਚ 105 ਸੜਕਾਂ, ਮੰਡੀ 'ਚ 157, ਕਾਂਗੜਾ 'ਚ 23 ਅਤੇ ਚੰਬਾ ਵਿੱਚ 4 ਸੜਕਾਂ ਬੰਦ ਹਨ। ਇਸ ਕਾਰਨ ਨਾ ਸਿਰਫ਼ ਸਥਾਨਕ ਲੋਕਾਂ ਨੂੰ ਸਗੋਂ ਸੈਲਾਨੀਆਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਖੇਤਰੀ ਟੀਮਾਂ ਬੰਦ ਸੜਕਾਂ ਨੂੰ ਸਾਫ਼ ਕਰਨ, ਬਿਜਲੀ ਬਹਾਲ ਕਰਨ ਅਤੇ ਪਾਣੀ ਦੀ ਸਪਲਾਈ ਬਹਾਲ ਕਰਨ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਆਫ਼ਤ ਅਥਾਰਟੀ ਨੇ ਜਨਤਾ ਨੂੰ ਬੇਲੋੜੀ ਯਾਤਰਾ ਤੋਂ ਬਚਣ ਦੀ ਵੀ ਅਪੀਲ ਕੀਤੀ ਹੈ, ਖਾਸ ਕਰਕੇ ਜ਼ਮੀਨ ਖਿਸਕਣ ਵਾਲੇ ਖੇਤਰਾਂ ਵਿੱਚ ਅਤੇ ਮੌਸਮ ਸੰਬੰਧੀ ਸਲਾਹਾਂ ਪ੍ਰਤੀ ਸੁਚੇਤ ਰਹਿਣ ਦੀ। ਇਸ ਦੌਰਾਨ, ਮੀਂਹ ਨਾਲ ਹੋਣ ਵਾਲੀਆਂ ਮੌਤਾਂ ਦੇ ਵਿਸ਼ਲੇਸ਼ਣ ਤੋਂ ਕਈ ਕਾਰਨ ਸਾਹਮਣੇ ਆਏ ਹਨ।

## ਸਰਪੰਚ ਚੋਣ ਮਾਮਲੇ 'ਚ ਹਾਈ ਕੋਰਟ ਚੋਣ ਟ੍ਰਿਬਿਊਨਲ ਦੀ

ਇਹ ਹੁਕਮ ਬਿਨਾਂ ਦਿਮਾਗ ਲਗਾਏ ਪਾਸ ਕੀਤਾ ਗਿਆ ਹੈ। ਮਾਮਲਾ ਰੂਪਨਗਰ ਜ਼ਿਲ੍ਹੇ ਦੇ ਪਿੰਡ ਖਟਾਣਾ ਦੀ ਸਰਪੰਚ ਚੋਣ ਨਾਲ ਸਬੰਧਤ ਹੈ। ਜ਼ਿਕਰਯੋਗ ਹੈ ਕਿ ਅਕਤੂਬਰ ਮਹੀਨੇ ਹੋਈ ਸਰਪੰਚੀ ਦੀ ਚੋਣ ਦੌਰਾਨ ਸਰਬਜੀਤ ਕੌਰ ਨੂੰ 99 ਵੋਟਾਂ ਮਿਲੀਆਂ ਜਦੋਂ ਕਿ ਜੇਤੂ ਕਮਲਜੀਤ ਕੌਰ ਨੂੰ 104 ਵੋਟਾਂ ਮਿਲੀਆਂ ਸਨ। ਇਸ ਤੋਂ ਬਾਅਦ ਸਰਬਜੀਤ ਕੌਰ ਨੇ 12 ਨਵੰਬਰ 2024 ਨੂੰ ਆਨੰਦਪੁਰ ਸਾਹਿਬ ਵਿਖੇ ਚੋਣ ਟ੍ਰਿਬਿਊਨਲ ਵਿੱਚ ਚੋਣ ਨੂੰ ਚੁਣੌਤੀ ਦਿੰਦੇ ਹੋਏ ਪਟੀਸ਼ਨ ਦਾਇਰ ਕੀਤੀ ਪਰ ਟ੍ਰਿਬਿਊਨਲ ਨੇ ਉਸੇ ਦਿਨ ਪਟੀਸ਼ਨ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਪ੍ਰੀਜ਼ਾਈਡਿੰਗ ਅਫਸਰ ਨੇ ਇਮਾਨਦਾਰੀ ਨਾਲ ਵੋਟਾਂ ਦੀ ਗਿਣਤੀ ਕੀਤੀ ਸੀ। ਇਹ ਧਿਆਨ ਦੇਣ ਯੋਗ ਹੈ ਕਿ ਨਾ ਤਾਂ ਪ੍ਰਤੀਵਾਦੀ ਤੋਂ ਜਵਾਬ ਮੰਗਿਆ ਗਿਆ, ਨਾ ਹੀ ਸਬੂਤ ਦਰਜ ਕੀਤੇ ਗਏ ਅਤੇ ਨਾ ਹੀ ਕਿਸੇ ਗਵਾਹ ਦਾ ਬਿਆਨ ਲਿਆ ਗਿਆ। ਹਾਈ ਕੋਰਟ ਨੇ ਇਸ ਰਵੱਈਏ ਨੂੰ ਆਮ ਪਹੁੰਚ ਕਰਾਰ ਦਿੱਤਾ ਅਤੇ ਕਿਹਾ ਕਿ ਚੋਣ ਪਟੀਸ਼ਨਾਂ ਨੂੰ ਸਿਵਲ ਪ੍ਰਕਿਰਿਆ ਜ਼ਾਬਤਾ, 1908 ਦੇ ਤਹਿਤ ਨਿਪਟਾਇਆ ਜਾਣਾ ਚਾਹੀਦਾ ਸੀ। ਜਿਸ ਵਿੱਚ ਦੋਵਾਂ ਧਿਰਾਂ ਨੂੰ ਤਲਬ ਕਰਨਾ, ਜਵਾਬ ਦਾਇਰ ਕਰਨਾ, ਮੁੱਦਿਆਂ ਦਾ ਫੈਸਲਾ ਕਰਨਾ ਅਤੇ ਸਬੂਤਾਂ ਦੀ ਜਾਂਚ ਕਰਨਾ ਸ਼ਾਮਲ ਹੈ। ਅਦਾਲਤ ਨੇ ਇਸ ਹੁਕਮ ਦੀ ਇੱਕ ਕਾਪੀ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਭੇਜੀ ਅਤੇ ਨਿਰਦੇਸ਼ ਦਿੱਤਾ ਕਿ ਸਾਰੇ ਚੋਣ ਟ੍ਰਿਬਿਊਨਲਾਂ ਨੂੰ ਸਹੀ ਪ੍ਰਕਿਰਿਆ ਦੀ ਪਾਲਣਾ ਕਰਨ ਲਈ ਸਪੱਸ਼ਟ ਆਦੇਸ਼ ਜਾਰੀ ਕੀਤੇ ਜਾਣ। ਹਾਈ ਕੋਰਟ ਨੇ ਟ੍ਰਿਬਿਊਨਲ ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ ਅਤੇ ਕੇਸ ਨੂੰ ਦੁਬਾਰਾ ਸੁਣਵਾਈ ਲਈ ਭੇਜ ਦਿੱਤਾ ਹੈ। ਹੁਣ ਦੋਵਾਂ ਧਿਰਾਂ ਨੂੰ 26 ਅਗਸਤ ਨੂੰ ਟ੍ਰਿਬਿਊਨਲ ਦੇ ਸਾਹਮਣੇ ਪੇਸ਼ ਹੋਣਾ ਪਵੇਗਾ ਅਤੇ ਮਾਮਲੇ ਦੀ ਸੁਣਵਾਈ ਕਰਵਾਉਣੀ ਪਵੇਗੀ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ ਵਿਗਿਆਨ ਤੇ ਹੋਰ ਵਿਸ਼ਿਆਂ ’ਤੇ ਲਗਾਈ ਪ੍ਰਦਰਸ਼ਨੀ








ਪਟਿਆਲਾ, 23 ਅਗਸਤ (ਚ.ਨ.ਸ.): ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿੱਚ ਵਿਗਿਆਨ, ਸਮਾਜਿਕ ਵਿਗਿਆਨ, ਗਣਿਤ ਤੇ ਕੰਪਿਊਟਰ ਵਿਸ਼ਿਆਂ ਨਾਲ ਸਬੰਧਤ ਇਕ ਵਿਸ਼ਾਲ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਨੇ ਵਿਦਿਆਰਥੀਆਂ ਦੀ ਬੇਮਿਸਾਲ ਪ੍ਰਤਿਭਾ, ਰਚਨਾਤਮਕਤਾ ਤੇ ਨਵੀਨਤਾ ਨੂੰ ਸਾਹਮਣੇ ਲਿਆਂਦਾ। ਵਿਦਿਆਰਥੀਆਂ ਨੇ ਕਾਰਜਸ਼ੀਲ ਤੇ ਗੈਰ-ਕਾਰਜਸ਼ੀਲ ਮਾਡਲਾਂ ਰਾਹੀਂ ਆਪਣੇ ਵਿਸ਼ਿਆਂ ਦੀ ਡੂੰਘੀ ਸਮਝ ਨੂੰ ਦਰਸਾਇਆ। ਗੁੰਝਲਦਾਰ ਗਣਿਤਕ ਸੰਕਲਪਾਂ ਤੋਂ ਲੈ ਕੇ ਨਵੇਂ ਵਿਗਿਆਨਕ ਪ੍ਰਯੋਗਾਂ ਤੇ ਕਲਾਤਮਕ ਪ੍ਰਦਰਸ਼ਨਾਂ ਤੱਕ ਹਰ ਰਚਨਾ ਵਿਦਿਆਰਥੀਆਂ ਦੀ ਕਾਬਲੀਅਤ, ਮਿਹਨਤ ਤੇ ਕਲਾ ਦੀ ਗਵਾਹੀ ਦੇ ਰਹੀ ਸੀ। ਪ੍ਰਦਰਸ਼ਨੀ ਦੇ ਹਰ ਮਾਡਲ 'ਚ ਵਿਦਿਆਰਥੀਆਂ ਦੀ ਸੋਚ, ਕਲਪਨਾ ਤੇ ਸਿਰਜਣਸ਼ੀਲਤਾ ਦੀ ਅਨੋਖੀ ਛਾਪ ਸਾਫ਼ ਨਜ਼ਰ ਆ ਰਹੀ ਸੀ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾ. ਜਸਵਿੰਦਰ ਕੌਰ ਦਰਦੀ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਵਿਦਿਆਰਥੀਆਂ ਦੇ ਉਤਸ਼ਾਹ, ਮਿਹਨਤ ਅਤੇ ਕਲਾ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆ ਨੇ ਵਿਦਿਆਰਥੀਆਂ ਨੂੰ ਹੋਰ ਵੀ ਉੱਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਵ- ਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਬਾਣੀ ਦੇ ਪ੍ਰਵਾਹ ਚਲਾਏ ਜਾਣਗੇ : ਜਗਜੀਤ ਸਿੰਘ ਦਰਦੀ

### ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲਾਂ ਦੇ ਵਿਦਿਆਰਥੀ ਤੇ ਸਮੂਹ ਸਟਾਫ ਕਰੇਗਾ ਰੋਜ਼ਾਨਾ ਪਾਠ

ਪਟਿਆਲਾ 23 ਅਗਸਤ (ਚ.ਨ.ਸ.): ਪਟਿਆਲਾ ਦੀਆਂ ਪ੍ਰਸਿੱਧ



ਸ੍ਰੀ ਗੁਰੂ ਹਰਿਕ੍ਰਿਸ਼ਨ ਸਿੱਖਿਆ ਸੰਸਥਾਵਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਰੋਜਾਨਾ ਗੁਰਬਾਣੀ ਪ੍ਰਵਾਹ ਚਲਾਏ ਜਾਣਗੇ। ਇਹ ਗੁਰਬਾਣੀ ਦੇ ਪਾਠ ਹਰ ਰੋਜ ਸ਼ਤਾਬਦੀ ਤੱਕ ਹੋਣਗੇ। ਇਸ ਸਬੰਧੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਿੱਖਿਆ ਸੰਸਥਾਵਾਂ ਦੇ ਸਟਾਫ ਅਤੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ 'ਪਦਮ ਸ਼੍ਰੀ' ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਪਿਛਲੀ ਸ਼ਤਾਬਦੀ ਨੂੰ ਸਮਰਪਿਤ ਵੀ ਇਹਨਾਂ ਸਕੂਲਾਂ ਚ ਲੱਖਾਂ ਪਾਠ ਕੀਤੇ ਗਏ ਸਨ। ਜਦਕਿ ਹੁਣ ਫੇਰ ਸਾਰੇ ਬੱਚਿਆਂ ਅਤੇ ਸਟਾਫ ਵੱਲੋਂ ਕਰੋੜਾਂ ਪਾਠ ਕਰਨ ਦਾ ਟੀਚਾ ਮਿਥਿਆ ਗਿਆ ਹੈ। ਉਨਾਂ ਦੱਸਿਆ ਕਿ ਜਿੰਨੇ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਦੇ ਅਦਾਰੇ ਹਨ। ਉਹਨਾਂ ਵਿੱਚ ਇਹ ਗੁਰਬਾਣੀ ਪ੍ਰਵਾਹ ਚਲਾਏ ਜਾਣਗੇ। ਸਰਦਾਰ ਦਰਦੀ ਨੇ ਕਿਹਾ ਕਿ ਹੁਣ ਤੋਂ ਹੀ ਇਹ ਪਾਠ ਸ਼ੁਰੂ ਕਰ ਦਿੱਤੇ ਗਏ ਹਨ ਜੋ ਕਿ ਸ਼ਤਾਬਦੀ ਵਾਲੇ ਦਿਨ ਤੱਕ ਜਾਰੀ ਰਹਿਣਗੇ।

ਸਰਦਾਰ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਸਕੂਲ ਡਾਇਰੈਕਟਰ ਸੇਵਾਰਤਨ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਤੇ ਸਮੂਹ ਸਟਾਫ ਪਾਠ ਪ੍ਰਵਾਹ ਚਲਾਣ ਵਾਸਤੇ ਤੇ ਦਿਨ ਰਾਤ ਮਿਹਨਤ ਕਰ ਰਿਹਾ ਹੈ ਅਤੇ ਹਰ ਰੋਜ ਬੱਚਿਆਂ ਨੂੰ ਗੁਰਬਾਣੀ ਦੇ ਲੜ ਲੱਗਣ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ ।ਉਹਨਾਂ ਕਿਹਾ ਕਿ ਜੇਕਰ ਅਸੀਂ ਗੁਰੂ ਦੇ ਲੜ ਲੱਗਾਂਗੇ ਤਾਂ ਸਾਡਾ ਜੀਵਨ ਸਹੀ ਬਤੀਤ ਹੋਵੇਗਾ ਤੇ ਜੀਵਨ ਦੇ ਵਿੱਚ ਕੋਈ ਵੀ ਮੁਸ਼ਕਿਲ ਨਹੀਂ ਆਵੇਗੀ।

## ਪੰਜਾਬ ਸਰਕਾਰ ਵੱਲੋਂ ਆਈ.ਟੀ.ਆਈਜ਼. ’ਚ 814 ਨਵੇਂ ਟਰੇਡ ਸ਼ੁਰੂ, ਸੀਟਾਂ ’ਚ 50 ਫ਼ੀਸਦੀ ਵਾਧਾ

### ਇਸ ਕਦਮ ਦਾ ਉਦੇਸ਼ ਵਿਦਿਆਰਥੀਆਂ ਨੂੰ ਲੋੜੀਂਦੇ ਹੁਨਰਾਂ ਨਾਲ ਲੈਸ ਕਰਕੇ ਉਹਨਾਂ ਦੀ ਰੋਜ਼ਗਾਰ ਸਮਰੱਥਾ ਨੂੰ ਵਧਾਉਣਾ : ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 23 ਅਗਸਤ (ਚ.ਨ.ਸ.): ਸੂਬੇ ਵਿੱਚ ਕਿੱਤਾਮੁਖੀ ਸਿਖਲਾਈ ਨੂੰ ਹੁਲਾਰਾ ਦੇਣ ਅਤੇ ਨੌਜਵਾਨਾਂ ਦੀ ਰੋਜ਼ਗਾਰ ਸਮਰੱਥਾ ਨੂੰ ਵਧਾਉਣ ਦੇ ਉਦੇਸ਼ ਨਾਲ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈਜ਼.) ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ ਹੈ, ਜਿਸ ਨਾਲ ਇਨ੍ਹਾਂ ਸੰਸਥਾਵਾਂ ਵਿੱਚ ਸੀਟਾਂ ਦੀ ਗਿਣਤੀ 35,000 ਤੋਂ ਵਧਾ ਕੇ 52,000 ਕਰ ਦਿੱਤੀ ਹੈ, ਜੋ ਨੌਜਵਾਨਾਂ ਨੂੰ ਵਧੇਰੇ ਹੁਨਰਮੰਦ ਅਤੇ ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਅਹਿਮ ਸਿੱਧ ਹੋਵੇਗਾ।

ਇਸ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਵਿੱਚ ਆਈ.ਟੀ. ਆਈ. ਸੀਟਾਂ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ। ਸਾਲ 2023 ਵਿੱਚ 25,000 ਸੀਟਾਂ ਸਨ ਤੇ ਅਗਲੇ ਸਾਲ ਇਨ੍ਹਾਂ ਦੀ ਗਿਣਤੀ ਵਧਾ ਕੇ 35,000 ਕਰ ਦਿੱਤੀ ਅਤੇ ਹੁਣ ਸੀਟਾਂ 52,000 ਹੋ ਗਈਆਂ ਹਨ, ਜੋ ਕਿ ਸੀਟਾਂ ਵਿੱਚ 50% ਦਾ ਅਹਿਮ ਵਾਧਾ ਦਰਸਾਉਂਦਾ ਹੈ।



ਇਸ ਵਿਸਥਾਰ ਤਹਿਤ ਇਨ੍ਹਾਂ ਸੰਸਥਾਵਾਂ ਵਿੱਚ 814 ਨਵੇਂ ਟਰੇਡ ਸ਼ੁਰੂ ਕੀਤੇ ਗਏ ਹਨ, ਜਿਨ੍ਹਾਂ ਨੂੰ ਉਦਯੋਗ ਦੀਆਂ ਲੋੜਾਂ ਅਤੇ ਬਾਜ਼ਾਰ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਡਿਜ਼ਾਈਨ ਕੀਤਾ ਗਿਆ ਹੈ। ਇਹ ਟਰੇਡ ਉਦਯੋਗ ਭਾਈਵਾਲਾਂ, ਉਦਯੋਗਿਕ ਪ੍ਰਬੰਧਨ ਕਮੇਟੀਆਂ (ਆਈ. ਐਮ.ਸੀਜ਼.) ਅਤੇ ਪੰਜਾਬ ਵਿਕਾਸ ਕਮਿਸ਼ਨ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਡਿਜ਼ਾਈਨ ਕੀਤੇ ਗਏ ਹਨ, ਜਿਨ੍ਹਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਲੋੜੀਂਦੇ ਹੁਨਰਾਂ ਨਾਲ ਲੈਸ ਕਰਕੇ ਉਨ੍ਹਾਂ ਦੀ ਰੋਜ਼ਗਾਰ ਸਮਰੱਥਾ ਨੂੰ ਵਧਾਉਣਾ ਹੈ।

ਸਿੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਨਵੇਂ ਟਰੇਡ ਅਤੇ ਕੋਰਸ ਆਧੁਨਿਕ ਤਕਨਾਲੋਜੀਆਂ ਅਤੇ ਰੋਜ਼ਗਾਰ ਸਮਰੱਥਾ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਹੁਨਰਾਂ ਅਤੇ ਗਿਆਨ ਨਾਲ ਲੈਸ ਕਰਨ ਲਈ ਤਿਆਰ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਅੱਜ ਦੇ ਸਖ਼ਤ ਮੁਕਾਬਲੇ ਵਾਲੇ ਦੌਰ ਵਿੱਚ ਰੋਜ਼ਗਾਰ ਹਾਸਿਲ ਕਰਨ ਦੇ ਕਾਬਿਲ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨਾਂ ਲਈ ਕਰੀਅਰ ਦੇ ਮੌਕਿਆਂ ਦਾ ਵਿਸਤਾਰ ਕਰਨਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੀਟਾਂ ਵਿੱਚ ਵਾਧਾ ਅਤੇ ਨਵੇਂ ਟ੍ਰੇਡ ਪੰਜਾਬ ਵਿੱਚ ਹੁਨਰ ਤੇ ਉਦਯੋਗ ਦੀ ਮੰਗ ਵਿਚਾਲੇ ਦੇ ਪਾੜੇ ਨੂੰ ਪੂਰਦਿਆਂ ਉਨ੍ਹਾਂ ਦੀ ਰੁਜ਼ਗਾਰ ਸਮਰੱਥਾ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਅੱਗੇ ਚੱਲ ਕੇ ਆਪਣੇ ਕਰੀਅਰ ਦੇ ਸਫ਼ਰ ਵਿੱਚ ਸਫ਼ਲਤਾਪੂਰਵਕ ਸਥਾਪਤ ਕਰਨ ਲਈ ਵਿਸ਼ਵ ਪੱਧਰੀ ਸਿਖਲਾਈ ਅਤੇ ਸਕਿੱਲ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਵਿਸਥਾਰ ਤਕਨੀਕੀ ਸਿੱਖਿਆ ਅਤੇ ਕਿੱਤਾਮੁਖੀ ਸਿਖਲਾਈ ਪ੍ਰਤੀ ਪੰਜਾਬ ਸਰਕਾਰ ਦੇ ਸਮਰਪਣ ਨੂੰ ਦਰਸਾਉਂਦਾ ਹੈ, ਜਿਸਦਾ ਪੰਜਾਬ ਦੇ ਸਿੱਖਿਆ ਖੇਤਰ ਅਤੇ ਆਰਥਿਕਤਾ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ 400 ਕੁਇੰਟਲ ਫੁੱਲਾਂ ਨਾਲ ਹੋਵੇਗੀ ਸਜਾਵਟ




ਅੰਮ੍ਰਿਤਸਰ, 23 ਅਗਸਤ (ਬਬਲੂ ਮਹਾਜਨ): ਸ੍ਰੀ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਲੈ ਕੇ ਤਿਆਰੀਆਂ ਚੱਲ ਰਹੀਆਂ ਹਨ। ਪੂਰੇ ਦਰਬਾਰ ਸਾਹਿਬ ਦੀ ਫੁੱਲਾਂ ਨਾਲ ਸਜਾਵਟ ਕੀਤੀ ਜਾ ਰਹੀ ਹੈ। ਇਸ ਮੌਕੇ 'ਤੇ ਦਰਬਾਰ ਸਾਹਿਬ ਨੂੰ 400 ਕੁਇੰਟਲ ਫੁੱਲਾਂ ਨਾਲ ਸਜਾਇਆ ਜਾ ਰਿਹਾ ਹੈ। ਫੁੱਲਾਂ ਵਿੱਚ ਆਰਕਿਡ, ਲਿਲੀ, ਗੁਲਾਬ, ਜਰਬੇਰਾ, ਕਮਲ ਅਤੇ ਗੇਂਦੇ ਸ਼ਾਮਲ ਹਨ।ਇਹ ਫੁੱਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਦਿੱਲੀ, ਮੁੰਬਈ, ਕੋਲਕਾਤਾ, ਕੇਰਲ, ਪੁਣੇ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਤੋਂ ਲਿਆਂਦੇ ਗਏ ਹਨ। ਇਸ ਦੇ ਨਾਲ ਹੀ ਵਿਦੇਸ਼ਾਂ ਤੋਂ ਵੀ ਫੁੱਲ ਮੰਗਵਾਏ ਗਏ ਹਨ। ਇਨ੍ਹਾਂ ਵਿੱਚ ਹਾਲੈਂਡ, ਇੰਡੋਨੇਸ਼ੀਆ, ਨਿਊਜ਼ੀਲੈਂਡ, ਮਲੇਸ਼ੀਆ, ਥਾਈਲੈਂਡ, ਸਿੰਗਾਪੁਰ, ਕੀਨੀਆ ਅਤੇ ਦੱਖਣੀ ਅਫਰੀਕਾ ਸ਼ਾਮਲ ਹਨਸਜਾਵਟ ਲਈ ਦਿੱਲੀ, ਮੁੰਬਈ ਤੇ ਕੋਲਕਾਤਾ ਤੋਂ 200 ਹੁਨਰਮੰਦ ਕਾਰੀਗਰ ਪਹੁੰਚੇ ਹਨ। ਲਗਭਗ 100 ਸ਼ਰਧਾਲੂ ਵੀ ਉਨ੍ਹਾਂ ਦੀ ਮਦਦ ਲਈ ਇਕੱਠੇ ਹੋਏ ਹਨ। ਕਾਰੀਗਰ ਫੁੱਲਾਂ ਤੋਂ ਗੋਲੇ, ਝੂਮਰ ਅਤੇ ਜ਼ੰਜੀਰਾਂ ਬਣਾ ਰਹੇ ਹਨ। ਫੁੱਲਾਂ ਨਾਲ ਖੰਡੇ ਅਤੇ ਇੱਕ ਓਂਕਾਰ ਬਣਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਨੁਸਾਰ ਇਹ ਸਜਾਵਟ 24 ਅਗਸਤ ਨੂੰ ਪੂਰੀ ਹੋ ਜਾਵੇਗੀ। ਅੰਦਾਜ਼ਾ ਹੈ ਕਿ ਇਸ ਸਜਾਵਟ 'ਤੇ ਲਗਭਗ 6 ਕਰੋੜ ਰੁਪਏ ਖਰਚ ਹੋਣਗੇ।

ਇਹ ਸਮਾਗਮ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤਾ ਸੀ। ਇਸਦੀ ਸੰਪਾਦਨਾ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਰਾਮਸਰ ਸਾਹਿਬ, ਅੰਮ੍ਰਿਤਸਰ ਵਿੱਚ ਕੀਤੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਭਲਕੇ 24 ਅਗਸਤ ਨੂੰ ਮਨਾਇਆ ਜਾਵੇਗਾ। ਜਿਸ ਵਿੱਚ ਨਗਰ ਕੀਰਤਨ ਸਵੇਰੇ 7 ਵਜੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸਜਾਇਆ ਜਾਵੇਗਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਪਤ ਹੋਵੇਗਾ। ਇਸ ਤੋਂ ਬਾਅਦ, ਜਲੋ ਸਜਾਏ ਜਾਣਗੇ ਤੇ ਸ਼ਾਮ ਨੂੰ ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਜਾਵੇਗੀ।

## ਭਾਜਪਾ ਲੋਕਤੰਤਰ ਲਈ ਖਤਰਾ, ਵੋਟ ਚੋਰੀ ਦੀ ਸਾਜਿਸ਼ ਨੂੰ ਕਾਂਗਰਸ ਕਰੇਗੀ ਨਕਾਮ: ਰਾਜਾ ਵੜਿੰਗ

ਮੁਕੇਰੀਆਂ, 23 ਅਗਸਤ (ਧਰਮ ਚੰਦ): ਵਿਧਾਨ ਸਭਾ ਹਲਕਾ ਮੁਕੇਰੀਆ ਵਿੱਚ ਕਾਂਗਰਸੀ ਆਗੂ ਸਰਬਜੋਤ ਸਿੰਘ ਸਾਬੀ ਦੀ ਅਗਵਾਈ ਹੇਠ ਕਰਵਾਏ ਗਏ ਜਨਤਕ ਇਕੱਠ ਵਿੱਚ ਸੂਬਾ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਨਿਸ਼ਾਨਾ ਲਗਾਉਂਦੇ ਹੋਏ ਕਿਹਾ ਕਿ ਦੁਨੀਆ ਦੇ ਇਸ ਵੱਡੇ ਲੋਕਤੰਤਰ ਨੂੰ ਖਤਮ ਕਰਨ ਦੀ ਜੋ ਸਾਜਿਸ਼ ਚੱਲ ਰਹੀ ਹੈ ਉਸ ਨੂੰ ਕਾਂਗਰਸ ਡੱਕਾ ਲਗਾਵੇਗੀ ਅਤੇ ਵੋਟ ਚੋਰੀ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਦੀ ਭਾਜਪਾ



ਸਰਕਾਰ ਘੱਟ ਗਿਣਤੀਆਂ ਦੀ ਵਿਰੋਧੀ ਹੈ ਅਤੇ ਇਸ ਪਾਰਟੀ ਵੱਲੋਂ ਸਮਾਜ ਨੂੰ ਪਾੜ ਕੇ ਰਾਜ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ ਲੇਕਿਨ ਕਾਂਗਰਸ ਇਸ ਸਾਜਿਸ਼ ਨੂੰ ਨਕਾਮ ਕਰੇਗੀ ਅੱਗੇ ਸੰਬੋਧਨ ਕਰਦਿਆ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਰਬਜੋਤ ਸਿੰਘ ਸਾਬੀ ਤੇ ਇਨ੍ਹਾਂ ਦੇ ਸਾਥੀਆਂ ਦੇ ਕਾਂਗਰਸ ਵਿੱਚ ਆਉਣ ਨਾਲ ਪਾਰਟੀ ਪਹਿਲਾ ਤੋਂ ਵੀ ਮਜ਼ਬੂਤ ਹੋਈ ਹੈ ।

ਇਸ ਮੌਕੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿੱਚ ਨਸ਼ਾ ਵੱਧ ਚੁੱਕਾ ਹੈ, ਨੌਜਵਾਨ ਬੇਰੁਜਗਾਰ ਘੁੰਮ ਰਹੇ ਹਨ ਤੇ ਜੋ ਵਿਦੇਸ਼ ਗਏ ਹਨ ਉਨ੍ਹਾਂ ਨੂੰ ਉੱਥੇ ਕੰਮ ਨਹੀਂ ਮਿਲ ਰਿਹਾ, ਇਸ ਤਰ੍ਹਾਂ ਸਾਡੇ ਪੰਜਾਬ ਦਾ ਤਾਣਾ ਬਾਣਾ ਹੀ ਵਿਗਾੜ ਕੇ ਰੱਖ ਦਿੱਤਾ ਹੈ ਲੇਕਿਨ ਅਸੀਂ ਪੰਜਾਬ ਵਾਸੀਆਂ ਨੂੰ ਵਿਸ਼ਵਾਸ਼ ਦਿਵਾਉਂਦੇ ਹਾਂ ਕਿ ਕਾਂਗਰਸ ਦੀ ਸਰਕਾਰ ਸੂਬੇ ਦੇ ਹਾਲਾਤ ਸੁਧਾਰਨ ਲਈ ਵੱਡੇ ਕਦਮ ਚੁੱਕੇਗੀ। ਇਸ ਮੌਕੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜੇਕਰ ਪੰਜਾਬ ਜਿਉਂਦਾ ਤਾਂ ਹੀ ਹਿੰਦੋਸਤਾਨ ਜਿਉਂਦਾ ਰਹੇਗਾ ਅਤੇ ਹੁਣ ਫਿਰ ਪੰਜਾਬੀਆਂ ਨੂੰ ਲੜਾਈ ਲੜਨੀ ਪਵੇਗੀ। ਇਸ ਮੌਕੇ ਸਰਬਜੋਤ ਸਿੰਘ ਸਾਬੀ ਨੇ ਕਿਹਾ ਕਿ ਅੱਜ ਦੇ ਜਨਤਕ ਇਕੱਠ ਵਿੱਚ ਪੁੱਜੇ ਇਹ ਲੋਕ ਮੇਰੇ ਉਹ ਜੁਝਾਰੂ ਸਾਥੀ ਹਨ ਜਿਨ੍ਹਾਂ ਨੇ ਪਿਛਲੀ ਵਿਧਾਨ ਸਭਾ ਚੋਣ ਵਿੱਚ ਮੇਰੇ ਮੋਢਾ ਨਾਲ ਮੋਢਾ ਲਗਾ ਕੇ ਸਾਥ ਦਿੱਤਾ, ਸਰਬਜੋਤ ਸਾਬੀ ਨੇ ਕਿਹਾ ਕਿ ਮੇਰੇ ਲੋਕਾਂ ਦਾ ਜੋ ਫੈਸਲਾ ਸੀ ਅਸੀਂ ਉਸ ਉੱਪਰ ਹਮੇਸ਼ਾ ਪਹਿਰਾ ਦਿੱਤਾ ਹੈ ਤੇ ਹੁਣ ਮੇਰੇ ਸਾਥੀ ਕਾਂਗਰਸ ਲਈ ਦਿਨ ਰਾਤ ਇੱਕ ਕਰ ਦੇਣਗੇ ਤੇ ਹਲਕੇ ਵਿੱਚ ਕਾਂਗਰਸ ਦਾ ਝੰਡਾ ਬੁਲੰਦ ਕੀਤਾ ਜਾਵੇਗਾ ਤੇ ਮੁਕੇਰੀਆ ਹਲਕੇ ਅੰਦਰ ਕਾਂਗਰਸ 2027 ਦੀ ਚੋਣ ਵਿੱਚ ਵੱਡੀ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਰੁਣ ਡੋਗਰਾ, ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਵਿਧਾਇਕ ਕੁਵਲੀਰ ਸਿੰਘ ਜੀਰਾ, ਸਾਬਕਾ ਵਿਧਾਇਕ ਇੰਦੂ ਬਾਲਾ, ਪਵਨ ਆਦੀਆ ਸਾਬਕਾ ਵਿਧਾਇਕ, ਸਾਬਕਾ ਵਿਧਾਇਕ ਵਰਿੰਦਰਮੀਤ ਪਾਹੜਾ, ਨਗਰ ਕੌਂਸਲ ਪ੍ਰਧਾਨ ਵਿਨੋਦ ਕੁਮਾਰ, ਕਮਲ ਖੋਸਲਾ, ਮਾਸਟਰ ਰਮੇਸ਼ ਚੰਦਰ, ਅਜੇ ਅਗਰਵਾਲ, ਜਸਵੰਤ ਸਿੰਘ ਰੰਧਾਵਾ, ਅਨਿਲ ਠਾਕੁਰ ਮਾਨਸਰ, ਤਰਸੇਮ ਮਿਨਹਾਸ, ਕਮਲ ਖੋਸਲਾ, ਸੁਸ਼ੀਲ ਕੁਮਾਰ, ਅਮਨ, ਸੋਨੂੰ ਢੇਸੀ, ਦਵਿੰਦਰ, ਕਵਿਤਾ, ਰਿੰਕੂ ਸਰਪੰਚ ਭੱਟੀਆ, ਸੇਵਾ ਦਲ ਦੇ ਪ੍ਰਧਾਨ ਸ਼ਰਮਾ ਜੀ, ਰਣਜੀਤ ਕੁਮਾਰ ਚੱਬੇਵਾਲ ਤੋਂ, ਰਛਪਾਲ ਸਿੰਘ, ਸੌੜੇ ਤੋਂ ਸਾਬਕਾ ਸਰਪੰਚ ਰਾਜੇਸ਼ ਜੀ ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

## ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਨੂੰ ਅਮਰੀਕਾ ਸਰਕਾਰ ਕੋਲ ਟਰੱਕ ਡਰਾਈਵਰਾਂ ਦਾ ਚੁੱਕਣ ਦੀ ਕੀਤੀ ਅਪੀਲ

ਚੰਡੀਗੜ੍ਹ, 23 ਅਗਸਤ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਚਾਰ ਵਾਰ ਦੇ ਐਮ ਪੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਵਿਚ ਇਕ ਪੰਜਾਬੀ ਟਰੱਕ ਡ੍ਰਾਈਵਰ ਕਾਰਨ ਹੋਏ ਹਾਦਸੇ ਕਾਰਨ ਸਾਰੇ ਟਰੱਕ ਡ੍ਰਾਈਵਰਾਂ ਦਾ ਵਰਕ ਪਰਮਿਟ ਰੱਦ ਕੀਤੇ ਜਾਣ ਦਾ ਮਾਮਲਾ



ਅਮਰੀਕਾ ਕੋਲ ਚੁੱਕਣ ਕਿਉਂਕਿ ਇਸ ਫੈਸਲੇ ਦਾ ਪੰਜਾਬੀ ਪਰਿਵਾਰਾਂ 'ਤੇ ਬਹੁਤ ਡੂੰਘਾ ਅਸਰ ਪਵੇਗਾ ਜੋ ਕਿ ਅਮਰੀਕਾ ਵਿਚ ਟਰੱਕ ਕਾਰੋਬਾਰ ਦੀ ਰੀੜ੍ਹ ਦੀ ਹੱਡੀ ਹਨ। ਬਠਿੰਡਾ ਦੇ ਐਮ ਪੀ, ਜਿਹਨਾਂ ਨੇ ਇਸ ਮਾਮਲੇ 'ਤੇ ਵਿਦੇਸ਼ ਮੰਤਰਾਲੇ ਨੂੰ ਪੱਤਰ ਵੀ ਲਿਖਿਆ, ਨੇ ਕਿਹਾ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਇਸ ਮਾਮਲੇ ਵਿਚ ਸਰਕਾਰ ਦੇ ਫੈਸਲੇ ਕਾਰਨ ਟਰੱਕ ਇੰਡਸਟਰੀ ਵਿਚ ਕੰਮ ਕਰਦੇ ਹਜ਼ਾਰਾਂ ਪੰਜਾਬੀਆਂ ਨੂੰ ਅਮਰੀਕਾ ਛੱਡਣਾ ਪੈ ਸਕਦਾ ਹੈ। ਉਹਨਾਂ ਕਿਹਾ ਕਿ ਪੰਜਾਬੀ ਅਤੇ ਸਿੱਖ ਡ੍ਰਾਈਵਰ ਅਮਰੀਕਾ ਦੀ ਟਰੱਕ ਇੰਡਸਟਰੀ ਦਾ 20 ਫੀਸਦੀ ਹਿੱਸਾ ਬਣਦੇ ਹਨ ਅਤੇ 1.5 ਲੱਖ ਸਿੱਖ ਡ੍ਰਾਈਵਰ ਅਮਰੀਕਾ ਵਿਚ ਕੰਮ ਕਰ ਰਹੇ ਹਨ।

ਉਹਨਾਂ ਕਿਹਾ ਕਿ ਇਹਨਾਂ ਖਿਲਾਫ ਸਮੂਹਿਕ ਤੌਰ 'ਤੇ ਕੀਤੀ ਗਈ ਕੋਈ ਵੀ ਕਾਰਵਾਈ ਟਰੱਕ ਚਲਾਉਣ ਵਾਲੇ ਪਰਿਵਾਰਾਂ 'ਤੇ ਮਾਰੂ ਅਸਰ ਪਾਵੇਗੀ ਅਤੇ ਇਹ ਵਿਤਕਰੇ ਭਰਪੂਰ ਹੋਵੇਗੀ ਕਿਉਂਕਿ ਅਸਲੀਅਤ ਇਹ ਹੈ ਕਿ ਪੰਜਾਬੀਆਂ ਨੇ ਹੀ ਦਹਾਕਿਆਂ ਤੋਂ ਅਮਰੀਕਾ ਵਿਚ ਟਰੱਕ ਸਪਲਾਈ ਤੇ ਟਰੱਕ ਨੈਟਵਰਕ ਵਿਚ ਅਹਿਮ ਭੂਮਿਕਾ ਨਿਭਾਈ ਹੈ।ਉਹਨਾਂ ਨੇ ਮੰਤਰੀ ਨੂੰ ਅਪੀਲ ਕੀਤੀ ਕਿ ਇਹਨਾਂ ਤੌਖਲਿਆਂ ਨੂੰ ਦੂਰ ਕਰਨ ਵਾਸਤੇ ਢੁਕਵੇਂ ਕਦਮ ਚੁੱਕੇ ਜਾਣ।

## ਪਿੰਡ ਕਾਲਸਨਾ ਦੇ ਸਰਪੰਚ ਗੁਰਧਿਆਨ ਸਿੰਘ ਨੇ ਕੇਂਦਰ ਵੱਲੋਂ ਮਿਲਿਆ ਐਵਾਰਡ ਵਾਪਸ ਕਰਨ ਦਾ ਕੀਤਾ ਫ਼ੈਸਲਾ

ਪਟਿਆਲਾ, 23 ਅਗਸਤ (ਚ.ਨ.ਸ.): ਪਟਿਆਲਾ ਦੇ ਪਿੰਡ ਕਾਲਸਨਾ 'ਚ ਅੰਮ੍ਰਿਤਧਾਰੀ ਸਰਪੰਚ ਨੂੰ ਕਿਰਪਾਨ ਪਾ ਕੇ ਲਾਲਾ ਕਿਲ੍ਹੇ 'ਚ ਵੜਨ ਤੋਂ ਰੋਕਣ ਦਾ ਮਾਮਲੇ 'ਚ ਪਿੰਡ ਪੰਚਾਇਤ ਨੇ ਮਤਾ ਪਾ ਕੇ ਸਰਪੰਚ ਨੇ ਵੱਡਾ ਫ਼ੈਸਲਾ ਲਿਆ ਹੈ । ਪਿੰਡ ਕਾਲਸਨਾ ਦੇ ਸਰਪੰਚ ਗੁਰਧਿਆਨ ਸਿੰਘ ਨੇ ਭਾਰਤ ਸਰਕਾਰ ਵੱਲੋਂ ਮਿਲਿਆ ਐਵਾਰਡ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ। ਸਰਪੰਚ ਗੁਰਧਿਆਨ ਸਿੰਘ ਨੇ ਕਿਹਾ ਕਿ ਜੇ ਸਾਡੇ ਕਕਾਰਾਂ ਦੀ ਕਦਰ ਨਹੀਂ ਤਾਂ ਅਸੀ ਐਵਾਰਡ ਕੀ ਕਰਨੇ ਹਨ। ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ 'ਚ ਭਾਰੀ ਰੋਸ ਸੀ।



ਦੱਸ ਦੇਈਏ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਦਿੱਲੀ ਦੇ ਲਾਲ ਕਿਲ੍ਹੇ ਵਿਖੇ 15 ਅਗਸਤ ਨੂੰ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨੀ ਸੀ ਇਸ ਤੋਂ ਪਹਿਲਾਂ ਪਿੰਡ ਕਾਲਸਨਾ ਦੇ ਸਰਪੰਚ ਗੁਰਧਿਆਨ ਸਿੰਘ ਨੂੰ ਸਪੈਸ਼ਲ ਇਨਵੀਟੇਸ਼ਨ ਦੇ ਕੇ ਪ੍ਰੋਗਰਾਮ ਵਿੱਚ ਬੁਲਾਇਆ ਗਿਆ ਸੀ। ਪਰ ਸਰਪੰਚ ਗੁਰਧਿਆਨ ਸਿੰਘ ਨੂੰ ਪ੍ਰੋਗਰਾਮ ਲਾਲ ਕਿਲੇ ਵਿੱਚ ਅੰਦਰ ਇਸ ਕਰਕੇ ਨਹੀਂ ਜਾਣ ਦਿੱਤਾ ਕਿਉਕਿ ਸਰਪੰਚ ਦੇ ਸ੍ਰੀ ਸਾਹਿਬ ਪਹਿਨੀ ਹੋਈ ਸੀ, ਅਤੇ ਜੋ ਸਰਪੰਚ ਸਾਹਿਬ ਨੂੰ ਭਾਰਤ ਸਰਕਾਰ ਵਲੋ ਸਵੱਛਤਾ ਅਭਿਆਨ ਦੇ ਤਹਿਤ ਜੋ ਸਨਮਾਨ ਮਿਲਿਆ ਸੀ , ਹੁਣ ਪਿੰਡ ਵੱਲੋਂ ਗ੍ਰਾਮ ਸਭਾ ਦਾ ਇਜਲਾਸ ਬੁਲਾ ਕੇ ਐਵਾਰਡ ਵਾਪਸ ਕਰਨ ਦਾ ਫੈਸਲਾ ਕਰ ਲਿਆ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਕਾਰਾਂ ਦੀ ਕਦਰ ਨਹੀਂ ਕਰਦੀ ਤਾਂ ਅਸੀਂ ਇਹੋ ਅਜੇਹੇ ਐਵਾਰਡ ਕੀ ਕਰਨੇ ਹਨ। ਇਸ ਮੌਕੇ 'ਤੇ ਆਲੇ ਦੁਆਲੇ ਦੀਆਂ ਕਰੀਬ ਅੱਠ ਪੰਚਾਇਤਾਂ ਵੱਲੋਂ ਮਤੇ ਤੇ ਦਸਤਕ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਅਮਿਤੋਜ ਮਾਨ ਅਤੇ ਸੀਨੀਅਰ ਪੱਤਰਕਾਰ ਹਮੀਰ ਲੁਬਾਣਾ ਨੇ ਕਿਹਾ ਕਿ ਜੋ ਕੇਂਦਰ ਸਰਕਾਰ ਵੱਲੋਂ ਸਰਪੰਚ ਨੂੰ ਬੁਲਾ ਕੇ ਉਸ ਦੇ ਨਾਲ ਮਾੜਾ ਵਤੀਰਾ ਕੀਤਾ ਗਿਆ ਹੈ ਉਹ ਬਹੁਤ ਹੀ ਨਿੰਦਣ ਯੋਗ ਹੈ ਗੱਲ ਹੈ। ਪਰ ਅਸੀਂ ਸਰਪੰਚ ਨੂੰ ਸ਼ਾਬਾਸ਼ ਦਿੰਦੇ ਹਾਂ ਜਿਨਾਂ ਨੇ ਇਹ ਐਡਾ ਵੱਡਾ ਫੈਸਲਾ ਲਿਆ ਹੈ ਤੇ ਸਨਮਾਨ ਵਾਪਸ ਕਰਨ ਦਾ ਮਤਾ ਪਾਇਆ ਹੈ।





23ਵਾਂ ਬਰਸੀ ਸਮਾਗਮ

ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ
ਸੱਚਖੰਡ ਵਾਸੀ ਸੰਤ ਬਾਬਾ ਸੁਚਾ ਸਿੰਘ ਜੀ
ਮਿਤੀ 15 ਤੋਂ 27 ਅਗਸਤ 2025

ਪ੍ਰੋਗਰਾਮ

24 ਅਗਸਤ ਨੂੰ ਰਾਤ 8 ਵਜੇ ਤੋਂ 10 ਵਜੇ ਤੱਕ ਕੀਰਤਨ ਦਰਬਾਰ

25 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਅਖੰਡ-ਪਾਠ ਸਾਹਿਬ ਆਰੰਭ
ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਵੱਖ-ਵੱਖ ਅਕੈਡਮੀਆਂ ਵੱਲੋਂ
ਗੁਰਬਾਣੀ ਗਾਇਨ ਪ੍ਰਤੀਯੋਗਤਾ
ਰਾਤ 8 ਤੋਂ 10 ਵਜੇ ਤੱਕ ਗੁਰਮਤਿ ਰਾਗੀ ਸਭਾ, ਲੁਧਿਆਣਾ ਵੱਲੋਂ ਕੀਰਤਨ

26 ਅਗਸਤ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਇਸਤਰੀ ਸਤਿਸੰਗ ਸਭਾਵਾਂ ਵੱਲੋਂ
ਸੁਖਮਨੀ ਸਾਹਿਬ ਦਾ ਪਾਠ, ਕੀਰਤਨ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਨਾਮ ਸਿਮਰਨ ਸਮਾਗਮ

27 ਅਗਸਤ ਨੂੰ ਸਵੇਰੇ 9:45 ਵਜੇ ਸ੍ਰੀ ਅਖੰਡ-ਪਾਠ ਸਾਹਿਬ ਜੀ ਦੇ ਭੋਗ
ਉਪਰੰਤ ਸਵੇਰੇ 10.30 ਵਜੇ ਤੋਂ ਸ਼ਾਮ 4.30 ਵਜੇ ਤੱਕ ਗੁਰਮਤਿ ਸਮਾਗਮ ਅਤੇ ਸੰਤ ਸਮਾਗਮ ਹੋਵੇਗਾ।
ਜਿਸ ਵਿੱਚ ਸਿੰਘ ਸਾਹਿਬਾਨ ਅਤੇ ਵੱਖ-ਵੱਖ ਸੰਪਰਦਾਵਾਂ ਦੇ ਮਹਾਂਪੁਰਸ਼ ਹਾਜ਼ਰੀਆਂ ਭਰਨਗੇ।
ਰਾਤ 8 ਤੋਂ 10 ਵਜੇ ਤੱਕ ਰਾਗ ਦਰਬਾਰ ਉਪਰੰਤ ਸਮਾਪਤੀ।




ਪ੍ਰਾਰਥਕ: ਸੰਤ ਬਾਬਾ ਅਮੀਰ ਸਿੰਘ ਜੀ, ਮੁਖੀ ਜਵੱਦੀ ਟਕਸਾਲ ਅਤੇ ਸਮੂਹ ਸਾਧਸੰਗਤ ਗੁ. ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ।

info@jawadditaksal.org, : www.jawadditaksal.org
https://www.facebook.com/Santbabaamirsinghji
98721-20274, 0161-2562596
Jawadditaksal www.jawadditaksal.org/radio-Jawaddi-taksal

## ਸੰਪਾਦਕੀ

# ਕੰਮਕਾਰ ਘੱਟ, ਰੌਲਾ ਜ਼ਿਆਦਾ

ਸੰਸਦ ਦੇਸ਼ ਦੀ ਸਭ ਤੋਂ ਉੱਚੀ ਸੰਸਥਾ ਹੈ ਜੋ ਕਾਨੂੰਨ ਅਤੇ ਨੀਤੀਆਂ ਬਣਾਉਂਦੀ ਹੈ, ਜੋ ਜਨਤਾ ਦੀ ਨੁਮਾਇੰਦਗੀ ਕਰਦੀ ਹੈ। ਇਹ ਦੇਸ਼ ਦੀ ਦਿਸ਼ਾ ਅਤੇ ਸਥਿਤੀ ਦਾ ਫੈਸਲਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਸਰਕਾਰ ਦੇ ਕੰਮਕਾਜ ਦੀ ਨਿਗਰਾਨੀ ਕਰਨ ਅਤੇ ਰਾਸ਼ਟਰੀ ਮੁੱਦਿਆਂ 'ਤੇ ਚਰਚਾ ਕਰਕੇ ਹੱਲ ਲੱਭਣ ਲਈ ਇੱਕ ਵਿਸ਼ੇਸ਼ ਪਲੇਟਫਾਰਮ ਹੈ। ਇਸਨੂੰ ਲੋਕਤੰਤਰੀ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ, ਜਿੱਥੇ ਜਨਤਾ ਦੀ ਪ੍ਰਭੂਸੱਤਾ ਨੂੰ ਪ੍ਰਗਟਾਵਾ ਮਿਲਦਾ ਹੈ। ਜਨਤਕ ਪ੍ਰਤੀਨਿਧੀਆਂ ਤੋਂ ਸੰਸਦ ਵਿੱਚ ਆਮ ਲੋਕਾਂ ਨਾਲ ਸਬੰਧਤ ਮੁੱਦੇ ਉਠਾਉਣ ਅਤੇ ਨੀਤੀ ਨਿਰਮਾਣ ਵਿੱਚ ਆਪਣੀ ਭੂਮਿਕਾ ਨੂੰ ਯਕੀਨੀ ਬਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਪਰ, ਜੇਕਰ ਅਸੀਂ ਸੰਸਦ ਦੇ ਮਾਨਸੂਨ ਸੈਸ਼ਨ ਦੇ ਕੰਮਕਾਜ 'ਤੇ ਨਜ਼ਰ ਮਾਰੀਏ ਤਾਂ ਰਾਜਨੀਤੀ ਦੇ ਬੱਦਲ ਇਨ੍ਹਾਂ ਉਮੀਦਾਂ 'ਤੇ ਮੰਡਰਾ ਰਹੇ ਹਨ। ਅਜਿਹਾ ਲਗਦਾ ਹੈ ਕਿ ਜਨਤਕ ਪ੍ਰਤੀਨਿਧੀਆਂ ਲਈ, ਪਾਰਟੀ ਰਾਜਨੀਤੀ ਜਨਤਕ ਚਿੰਤਾ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਸੰਸਦ ਦੇ ਅੰਦਰ ਅਤੇ ਬਾਹਰ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦੇ ਸ਼ੋਰ ਵਿੱਚ ਅਸਲ ਮੁੱਦੇ ਸੈਕੰਡਰੀ ਹੋ ਜਾਂਦੇ ਹਨ। ਇਸ ਨਾਲ ਨਾ ਸਿਰਫ਼ ਸੰਸਦ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ, ਸਗੋਂ ਜਨਤਕ ਪੈਸੇ ਦੀ ਬਰਬਾਦੀ ਵੀ ਹੁੰਦੀ ਹੈ। ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਲੋਕ ਸਭਾ ਵਿੱਚ ਸਿਰਫ਼ 31 ਪ੍ਰਤੀਸ਼ਤ ਅਤੇ ਰਾਜ ਸਭਾ ਵਿੱਚ 39 ਪ੍ਰਤੀਸ਼ਤ ਕੰਮ ਹੋਇਆ। ਸੈਸ਼ਨ ਦੌਰਾਨ ਕੰਮ ਲਈ 120 ਘੰਟੇ ਉਪਲਬਧ ਸਨ, ਪਰ ਇਸ ਸਮੇਂ ਦੌਰਾਨ ਲੋਕ ਸਭਾ ਵਿੱਚ ਸਿਰਫ਼ 37 ਘੰਟੇ ਅਤੇ ਰਾਜ ਸਭਾ ਵਿੱਚ 41 ਘੰਟੇ 15 ਮਿੰਟ ਕੰਮ ਕੀਤਾ ਗਿਆ। ਦੋਵਾਂ ਸਦਨਾਂ ਵਿੱਚ ਕੁੱਲ 15 ਬਿੱਲ ਪਾਸ ਕੀਤੇ ਗਏ ਅਤੇ ਤਿੰਨ ਬਿੱਲ ਸੰਸਦ ਦੀ ਸਾਂਝੀ ਕਮੇਟੀ ਨੂੰ ਵਿਚਾਰ ਲਈ ਭੇਜੇ ਗਏ। ਸੈਸ਼ਨ ਦੌਰਾਨ ਦੋਵਾਂ ਸਦਨਾਂ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਵਿਸ਼ੇਸ਼ ਚਰਚਾ ਹੋਈ, ਜਿਸਦੀ ਵਿਰੋਧੀ ਧਿਰ ਨੇ ਮੰਗ ਕੀਤੀ ਸੀ। ਪਰ ਬਿਹਾਰ ਵਿੱਚ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ (SIR) ਦਾ ਮੁੱਦਾ ਦੋਵਾਂ ਸਦਨਾਂ ਵਿੱਚ ਹੰਗਾਮੇ ਅਤੇ ਰੁਕਾਵਟ ਦਾ ਮੁੱਖ ਕਾਰਨ ਬਣਿਆ ਰਿਹਾ। ਸੱਤਾਧਾਰੀ ਧਿਰ ਨੇ ਦਲੀਲ ਦਿੱਤੀ ਕਿ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ ਅਤੇ ਇਸ 'ਤੇ ਸਦਨ ਵਿੱਚ ਚਰਚਾ ਨਹੀਂ ਕੀਤੀ ਜਾ ਸਕਦੀ। ਸਵਾਲ ਇਹ ਹੈ ਕਿ ਕੀ ਸਦਨ ਵਿੱਚ ਹੰਗਾਮੇ ਨਾਲ ਕੁਝ ਪ੍ਰਾਪਤ ਹੋਇਆ ? ਇਸ ਦੇ ਉਲਟ, ਇਸ ਕਾਰਨ, ਇੱਕ ਵੀ ਦਿਨ ਵੀ ਪ੍ਰਸ਼ਨ ਕਾਲ ਅਤੇ ਜ਼ੀਰੋ ਕਾਲ ਦੋਵਾਂ ਸਦਨਾਂ ਵਿੱਚ ਆਮ ਤੌਰ 'ਤੇ ਨਹੀਂ ਚੱਲ ਸਕਿਆ ਅਤੇ ਸੈਸ਼ਨ ਦੌਰਾਨ ਗੈਰ-ਸਰਕਾਰੀ ਕੰਮ ਨਹੀਂ ਹੋ ਸਕਿਆ। ਯਾਨੀ, ਮਾਨਸੂਨ ਸੈਸ਼ਨ ਦੀ ਕੰਮ ਸੂਚੀ ਵਿੱਚ ਸ਼ਾਮਲ ਜਨਤਕ ਚਿੰਤਾਵਾਂ ਨਾਲ ਸਬੰਧਤ ਬਹੁਤ ਸਾਰੇ ਮੁੱਦੇ ਚਰਚਾ ਅਤੇ ਜਵਾਬ ਤੋਂ ਬਿਨਾਂ ਰਹੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਦ ਸੈਸ਼ਨ ਨੂੰ ਨਿਯਮਿਤ ਰੂਪ ਵਿੱਚ ਚਲਾਉਣ ਦੀ ਜ਼ਿੰਮੇਵਾਰੀ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੋਵਾਂ ਦੀ ਹੈ। ਲੋਕਤੰਤਰ ਵਿੱਚ, ਕਿਸੇ ਵੀ ਮੁੱਦੇ 'ਤੇ ਵਿਰੋਧ ਦਰਜ ਕਰਵਾਉਣਾ ਵਿਰੋਧੀ ਧਿਰ ਦੀ ਭੂਮਿਕਾ ਦਾ ਹਿੱਸਾ ਹੁੰਦਾ ਹੈ ਅਤੇ ਸੱਤਾਧਾਰੀ ਧਿਰ ਤੋਂ ਵਿਰੋਧੀ ਧਿਰ ਦੇ ਇਤਰਾਜ਼ਾਂ ਨੂੰ ਹੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪਰ ਸੰਸਦ ਵਿੱਚ ਇੱਕ ਅਰਥਪੂਰਨ ਅਤੇ ਤਰਕਪੂਰਨ ਬਹਿਸ ਕਰਨ ਦੀ ਬਜਾਏ, ਹੰਗਾਮੇ ਰਾਹੀਂ ਡੈੱਡਲਾਕ ਬਣਾਈ ਰੱਖਣਾ ਅੰਤ ਵਿੱਚ ਦੇਸ਼ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਰਾਜਨੀਤਿਕ ਪਾਰਟੀਆਂ ਅਤੇ ਉਨ੍ਹਾਂ ਦੇ ਜਨਤਕ ਪ੍ਰਤੀਨਿਧੀਆਂ ਨੂੰ ਗੰਭੀਰਤਾ ਅਤੇ ਡੂੰਘਾਈ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਸੰਸਦ ਦਾ ਕੀਮਤੀ ਸਮਾਂ ਬਰਬਾਦ ਨਹੀਂ ਹੋਣਾ ਚਾਹੀਦਾ। ਇਹ ਜਨਤਕ ਪ੍ਰਤੀਨਿਧੀਆਂ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਉਸ ਜਨਤਕ ਚਿੰਤਾ ਨੂੰ ਤਰਜੀਹ ਦੇਣ, ਜਿਸ ਲਈ ਉਹ ਚੁਣੇ ਗਏ ਹਨ। ਇੱਕ ਆਜ਼ਾਦ ਸੰਸਦ ਮੈਂਬਰ ਨੇ ਸੰਸਦ ਕੰਪਲੈਕਸ ਵਿੱਚ ਵਿਰੋਧ ਪ੍ਰਦਰਸ਼ਨ ਵੀ ਕੀਤਾ ਹੈ ਅਤੇ ਇਹ ਮੰਗ ਉਠਾਈ ਹੈ ਕਿ ਸਦਨ ਵਿੱਚ ਹੰਗਾਮੇ ਕਾਰਨ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਸੰਸਦ ਮੈਂਬਰਾਂ ਦੀ ਤਨਖਾਹ ਤੋਂ ਕੀਤੀ ਜਾਵੇ। ਸਹਿਮਤੀ ਅਤੇ ਅਸਹਿਮਤੀ ਲੋਕਤੰਤਰ ਦੀ ਇੱਕ ਕੁਦਰਤੀ ਪ੍ਰਕਿਰਿਆ ਹੈ, ਪਰ ਸਮੂਹਿਕ ਕੋਸ਼ਿਸ਼ ਇਹ ਯਕੀਨੀ ਬਣਾਉਣ ਦੀ ਹੋਣੀ ਚਾਹੀਦੀ ਹੈ ਕਿ ਸਦਨ ਨਿਯਮਤ ਤੌਰ 'ਤੇ ਚੱਲੇ ਤਾਂ ਜੋ ਲੋਕ ਭਲਾਈ ਲਈ ਪ੍ਰਭਾਵਸ਼ਾਲੀ ਨੀਤੀਆਂ ਬਣਾਈਆਂ ਜਾ ਸਕਣ।

-ਜਗਜੀਤ ਸਿੰਘ ਦਰਦੀ

## 'ਇੱਕ ਖੁੱਲ੍ਹੀ ਚਿੱਠੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ'

# ਕਾਮੇਡੀ ਦੀ ਸਟੇਜ ਤੋਂ ਸਿਆਸਤ ਦੇ ਤਖ਼ਤ ਤੱਕ: ਮਾਨ ਸਾਹਬ ਕੀ ਸੱਚਮੁੱਚ ਬਦਲ ਰਿਹੇ ਪੰਜਾਬ ?



ਵਿੰਕਲਜੀਤ ਸਿੰਘ ਸਰਾ
9501477889

ਇੱਕ ਸਮਾਂ ਸੀ ਜਦੋਂ ਤੁਹਾਡੀ ਆਵਾਜ਼ ਸਟੇਜ ਤੋਂ ਗੂੰਜਦੀ ਸੀ ਤਾਂ ਪੂਰਾ ਪੰਡਾਲ ਹਾਸੇ ਅਤੇ ਤਾੜੀਆਂ ਨਾਲ ਗੂੰਜ ਉੱਠਦਾ ਸੀ। ਤੁਹਾਡੇ ਸ਼ਬਦ ਸਿਰਫ਼ ਵਿਅੰਗ ਜਾਂ ਚੁਟਕਲੇ ਨਹੀਂ ਸਨ, ਸਗੋਂ ਉਹ ਪੰਜਾਬ ਦੇ ਆਮ ਆਦਮੀ ਦੇ ਦਰਦ ਦਾ ਸ਼ੀਸ਼ਾ ਸਨ। ਨਸ਼ਿਆਂ ਦੀ ਦਲਦਲ ਵਿੱਚ ਧਸਦਾ ਨੌਜਵਾਨ, ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨ ਦੀ ਚੀਕ, ਕੱਚੇ ਅਧਿਆਪਕ ਦਾ ਸੰਘਰਸ਼ ਅਤੇ ਸਿਸਟਮ ਨਾਲ ਲੜਦੇ ਆਮ ਨਾਗਰਿਕ ਦੀ ਬੇਵਸੀ, ਇਹ ਸਭ ਤੁਹਾਡੀ ਕਲਾ ਦਾ ਕੇਂਦਰ ਸਨ। ਵੋਟਾਂ ਦੌਰਾਨ ਤੁਸੀਂ ਅਕਸਰ ਕਹਿੰਦੇ ਸੀ, ਇੱਕ ਮੌਕਾ ਦਿਓ, ਹਰਾ ਪੈੱਨ ਮੇਰੇ ਹੱਥ ਫੜਾਓ, ਫਿਰ ਦੇਖਿਓ ਬਦਲਾਅ। ਪੰਜਾਬ ਦੇ ਲੋਕਾਂ ਨੇ ਤੁਹਾਡੇ 'ਤੇ ਇਤਿਹਾਸਕ ਭਰੋਸਾ ਕੀਤਾ ਅਤੇ 92 ਵਿਧਾਇਕਾਂ ਦੀ ਤਾਕਤ ਨਾਲ ਉਹ 'ਹਰਾ ਪੈੱਨ' ਤੁਹਾਡੇ ਹੱਥ ਸੌਂਪ ਦਿੱਤਾ। ਅੱਜ, ਜਦੋਂ ਤੁਹਾਡੀ ਸਰਕਾਰ ਦਾ ਅੱਧੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਤਾਂ ਉਹੀ ਲੋਕ, ਜਿਨ੍ਹਾਂ ਨੇ ਤੁਹਾਨੂੰ ਤਖ਼ਤ 'ਤੇ ਬਿਠਾਇਆ, ਕੁਝ ਸਵਾਲ ਪੁੱਛ ਰਹੇ ਹਨ। ਜਿਨ੍ਹਾਂ ਮੁੱਦਿਆਂ 'ਤੇ ਤੁਸੀਂ ਪਿਛਲੀਆਂ ਸਰਕਾਰਾਂ ਵਿਅੰਗ ਕੱਸਦੇ ਸੀ, ਕੀ ਉਹ ਸੱਚਮੁੱਚ ਹਕੀਕਤ ਵਿੱਚ ਬਦਲੇ?

**ਆਓ, ਤੁਹਾਡੀ ਸਰਕਾਰ ਦੇ ਕੁਝ ਮੁੱਦਿਆਂ ਦੀ ਕਾਰਗੁਜ਼ਾਰੀ ਦਾ ਇੱਕ ਲੇਖਾ-ਜੋਖਾ ਕਰੀਏ:**

1. **ਸਿੱਖਿਆ: ਸਕੂਲਾਂ 'ਤੇ ਨਵਾਂ ਰੰਗ, ਪਰ ਅਧਿਆਪਕਾਂ ਦੇ ਹੰਝੂ ਪੂੰਝਣੇ ਬਾਕੀ: ਜੋ ਚੰਗਾ ਹੋਇਆ:** 'ਸਕੂਲ ਆਫ਼ ਐਮੀਨੈਂਸ' ਪ੍ਰੋਜੈਕਟ ਤਹਿਤ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਨਵੀਂ ਦਿੱਖ ਦੇਣਾ ਅਤੇ ਸਮਾਰਟ ਕਲਾਸਰੂਮ ਬਣਾਉਣਾ ਇੱਕ ਸ਼ਲਾਘਾਯੋਗ ਕਦਮ ਹੈ। ਕਰੀਬ 12,000 ਤੋਂ ਵੱਧ ਕੱਚੇ ਅਧਿਆਪਕਾਂ ਨੂੰ ਪੱਕਾ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਤੁਹਾਡੀ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੇਰੈਂਟਸ-ਟੀਚਰ ਮੀਟਿੰਗ (PTM) ਨੂੰ ਵੱਡੇ ਪੱਧਰ 'ਤੇ ਆਯੋਜਿਤ ਕਰਨਾ ਇੱਕ ਨਿਵੇਕਲੀ ਪਹਿਲ ਹੈ।

**ਜੋ ਅਜੇ ਵੀ ਦੁਖਦਾ ਹੈ:** ਹਜ਼ਾਰਾਂ ਗੈਸਟ ਫੈਕਲਟੀ, ਕੰਪਿਊਟਰ ਅਧਿਆਪਕ ਅਤੇ ਵੱਖ-ਵੱਖ ਸਕੀਮਾਂ ਤਹਿਤ ਕੰਮ ਕਰਦੇ ਕੱਚੇ ਮੁਲਾਜ਼ਮ ਅੱਜ ਵੀ ਪੱਕੇ ਹੋਣ ਲਈ ਸੜਕਾਂ 'ਤੇ ਧਰਨੇ ਦੇ ਰਹੇ ਹਨ। ਅਧਿਆਪਕਾਂ/ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਨਾ ਮਿਲਣਾ ਇੱਕ ਵੱਡੀ ਸਮੱਸਿਆ ਹੈ। ਕਈ ਵਾਰ ਅਧਿਆਪਕਾਂ/ਮੁਲਾਜ਼ਮਾਂ ਨੂੰ ਤਨਖਾਹ ਲਈ ਮਹੀਨੇ ਦੇ ਅੰਤ ਤੱਕ ਉਡੀਕ ਕਰਨੀ ਪੈਂਦੀ ਹੈ। ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣ ਦਾ ਰੁਝਾਨ ਅਜੇ ਵੀ ਜਾਰੀ ਹੈ, ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ।

**ਲੋਕਾਂ ਦੀ ਆਵਾਜ਼:** ਮਾਨ ਸਾਹਿਬ, ਸਕੂਲਾਂ ਦੀਆਂ ਕੰਧਾਂ ਤਾਂ ਚਮਕ ਗਈਆਂ, ਪਰ ਅਧਿਆਪਕਾਂ ਦੇ ਚਿਹਰਿਆਂ 'ਤੇ ਰੌਣਕ ਕਦੋਂ ਆਵੇਗੀ? ਤੁਹਾਡੇ ਰਾਜ ਵਿੱਚ ਵੀ ਉਨ੍ਹਾਂ ਨੂੰ ਆਪਣੀ ਸ਼ਾਖ ਅਤੇ ਸਨਮਾਨ ਲਈ ਕਿਉਂ ਲੜਨਾ ਪੈ ਰਿਹਾ ਹੈ?

2. **ਅਮਨ-ਕਾਨੂੰਨ: ਗੈਂਗਸਟਰਾਂ 'ਤੇ ਸ਼ਿਕੰਜਾ, ਪਰ ਨਸ਼ਿਆਂ ਦੀ ਜਕੜ ਬਰਕਰਾਰ: ਜੋ ਚੰਗਾ ਹੋਇਆ:** ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਲਗਾਤਾਰ ਸਰਗਰਮ ਹੈ ਅਤੇ ਇਸ ਨੇ ਪੰਜਾਬ ਵਿੱਚ ਸੰਗਠਿਤ ਅਪਰਾਧ ਦੀ ਲੱਕ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਕਈ ਵੱਡੇ ਗੈਂਗਸਟਰ ਅਤੇ ਉਹਨਾਂ ਦੇ ਸਾਥੀ ਜਾਂ ਤਾਂ ਫੜੇ ਗਏ ਹਨ ਜਾਂ ਮਾਰੇ ਗਏ ਹਨ, ਜਿਸ ਨਾਲ ਵੱਡੀਆਂ ਵਾਰਦਾਤਾਂ ਵਿੱਚ ਕੁਝ ਕਮੀ ਆਈ ਹੈ। ਪੁਲਿਸ ਦੀ ਕਾਰਜਪ੍ਰਣਾਲੀ ਵਿੱਚ ਆਧੁਨਿਕ ਤਕਨੀਕਾਂ ਦੀ ਵਰਤੋਂ ਵਧੀ ਹੈ, ਜਿਸ ਨਾਲ ਕੇਸਾਂ ਨੂੰ ਸੁਲਝਾਉਣ ਵਿੱਚ ਮਦਦ ਮਿਲ ਰਹੀ ਹੈ।

**ਜੋ ਅਜੇ ਵੀ ਦੁਖਦਾ ਹੈ:** ਸਰਕਾਰ ਦੀ 'ਜੰਗ ਨਸ਼ਿਆਂ ਵਿਰੁੱਧ' ਮੁਹਿੰਮ ਦੇ ਬਾਵਜੂਦ, ਨਸ਼ਿਆਂ ਦਾ ਵਗਦਾ ਦਰਿਆ ਰੁਕਣ ਦਾ ਨਾਂ ਨਹੀਂ ਲੈ ਰਿਹਾ। 'ਚਿੱਟਾ' (ਹੈਰੋਇਨ) ਦੀ ਓਵਰਡੋਜ਼ ਕਾਰਨ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਹਰ ਪਿੰਡ ਅਤੇ ਸ਼ਹਿਰ ਲਈ ਇੱਕ ਵੱਡਾ ਨਾਸੂਰ ਬਣ ਚੁੱਕਾ ਹੈ। ਇਸ ਤੋਂ ਇਲਾਵਾ ਨਸ਼ੇ ਦੀ ਪੂਰਤੀ ਲਈ ਹੋਣ ਵਾਲੇ ਅਪਰਾਧ ਜਿਵੇਂ ਕਿ ਚੋਰੀ, ਮੋਬਾਈਲ ਸਨੈਚਿੰਗ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਆਮ ਹਨ, ਜਿਸ ਕਾਰਨ ਆਮ ਨਾਗਰਿਕ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਦਾ ਹੈ।

**ਲੋਕਾਂ ਦੀ ਆਵਾਜ਼:** 'ਤੁਸੀਂ ਗੈਂਗਸਟਰਾਂ ਨੂੰ ਤਾਂ ਫੜ ਲਿਆ, ਪਰ ਸਾਡੇ ਬੱਚਿਆਂ ਨੂੰ ਖਾ ਰਹੇ ਨਸ਼ਾ ਤਸਕਰਾਂ ਨੂੰ ਕੌਣ ਫੜੇਗਾ? ਤੁਸੀਂ ਕਿਹਾ ਸੀ ਕਿ ਤਿੰਨ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰ ਦਿਆਂਗੇ, ਅੱਜ ਘਰ-ਘਰ ਸੱਥਰ ਵਿੱਛ ਰਹੇ ਹਨ। ਇਸਦੀ ਜ਼ਿੰਮੇਵਾਰੀ ਕੌਣ ਲਵੇਗਾ?'

3. **ਕਿਸਾਨੀ: ਮੁਆਵਜ਼ੇ ਦਾ ਇੰਤਜ਼ਾਰ ਅਤੇ ਭਵਿੱਖ ਦੀ ਚਿੰਤਾ: ਜੋ ਚੰਗਾ ਹੋਇਆ:** ਤੁਹਾਡੀ ਸਰਕਾਰ ਨੇ ਖੇਤਾਂ, ਟੇਲਾਂ, ਨਹਿਰਾਂ ਤੱਕ ਨਹਿਰੀ ਪਾਣੀ ਪਹੁੰਚਾਇਆ, ਜੋ ਕਿ ਦਹਾਕਿਆਂ ਤੋਂ ਨਹੀਂ ਸੀ ਹੋਇਆ, ਜਿਸ ਨਾਲ ਬਹੁਤ ਸਾਰੇ ਇਲਾਕਿਆਂ ਵਿੱਚ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਈ ਹੈ ਅਤੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ। ਐਮਐਸਪੀ 'ਤੇ ਫ਼ਸਲਾਂ ਦੀ ਖਰੀਦ ਅਤੇ ਸਿੱਧੀ ਅਦਾਇਗੀ ਦਾ ਸਿਸਟਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਮੂੰਗੀ 'ਤੇ ਇਲਾਵਾ ਹੋਰ ਫ਼ਸਲਾਂ ਨੂੰ ਐਮਐਸਪੀ 'ਤੇ ਖਰੀਦਣ ਦੇ ਯਤਨ ਸ਼ਲਾਘਾਯੋਗ ਹਨ।

**ਜੋ ਅਜੇ ਵੀ ਦੁਖਦਾ ਹੈ:** ਕਿਸਾਨਾਂ ਲਈ ਸਭ ਤੋਂ ਵੱਡਾ ਅਤੇ ਮੌਜੂਦਾ ਦਰਦ 'ਮੁਆਵਜ਼ੇ ਦੀ ਦੇਰੀ' ਹੈ।

**2023 ਦਾ ਬਕਾਇਆ ਮੁਆਵਜ਼ਾ:** ਸਾਲ 2023 ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਹੋਏ ਫ਼ਸਲਾਂ ਅਤੇ ਘਰਾਂ ਦੇ ਨੁਕਸਾਨ ਦਾ ਮੁਆਵਜ਼ਾ ਅਜੇ ਤੱਕ ਵੀ ਬਹੁਤ ਸਾਰੇ ਪੀੜਤਾਂ ਨੂੰ ਨਹੀਂ ਮਿਲਿਆ। ਉਹਨਾਂ ਨੂੰ ਸਿਰਫ਼ ਭਰੋਸੇ ਹੀ ਮਿਲ ਰਹੇ ਹਨ। ਇਸ ਦੇਰੀ ਨੇ ਪੀੜਤਾਂ ਦੀ ਆਰਥਿਕ ਹਾਲਤ ਹੋਰ ਵੀ ਪਤਲੀ ਕਰ ਦਿੱਤੀ ਹੈ।

**2025 ਦੇ ਹਾਲਾਤ ਦਾ ਡਰ:** 2023 ਦੇ ਮੁਆਵਜ਼ੇ ਦੀ ਅਣਦੇਖੀ ਕਾਰਨ, 2025 ਦੀ ਮੌਨਸੂਨ ਨੂੰ ਲੈ ਕੇ ਕਿਸਾਨਾਂ ਵਿੱਚ ਡੂੰਘੀ ਚਿੰਤਾ ਬਣੀ ਹੋਈ ਹੈ।ਜੇਕਰ ਇਸ ਸਾਲ ਵੀ ਭਾਰੀ ਮੀਂਹ ਜਾਂ ਹੜ੍ਹਾਂ ਕਾਰਨ ਉਹਨਾਂ ਦੀ ਫ਼ਸਲ ਬਰਬਾਦ ਹੁੰਦੀ ਹੈ, ਤਾਂ ਉਸਦਾ ਮੁਆਵਜ਼ਾ ਕਦੋਂ ਅਤੇ ਕਿਵੇਂ ਮਿਲੇਗਾ, ਇਸਦੀ ਕੋਈ ਗਾਰੰਟੀ ਨਹੀਂ ਹੈ। ਪਿਛਲੇ ਤਜਰਬੇ ਨੂੰ ਦੇਖਦੇ ਹੋਏ, ਉਹਨਾਂ ਦਾ ਸਰਕਾਰੀ ਸਿਸਟਮ ਤੋਂ ਵਿਸ਼ਵਾਸ ਉੱਠ ਗਿਆ ਹੈ।ਇਸ ਤੋਂ ਇਲਾਵਾ, ਕਰਜ਼ਾ ਮੁਆਫ਼ੀ ਦਾ ਵਾਅਦਾ ਅਜੇ ਵੀ ਪੂਰਾ ਨਹੀਂ ਹੋਇਆ ਅਤੇ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਜਾਰੀ ਹਨ। ਐਮਐਸਪੀ ਦੀ ਕਾਨੂੰਨੀ ਗਾਰੰਟੀ ਵਰਗੀਆਂ ਵੱਡੀਆਂ ਮੰਗਾਂ ਲਈ ਕਿਸਾਨਾਂ ਨੂੰ ਅੱਜ ਵੀ ਸੜਕਾਂ 'ਤੇ ਸੰਘਰਸ਼ ਕਰਨਾ ਪੈ ਰਿਹਾ ਹੈ।

**ਲੋਕਾਂ ਦੀ ਆਵਾਜ਼:** 'ਤੁਸੀਂ ਕਹਿੰਦੇ ਸੀ ਕਿ ਕਿਸਾਨਾਂ ਨੂੰ ਸੜਕਾਂ 'ਤੇ ਨਹੀਂ ਰੁਲਣ ਦਿਆਂਗੇ। ਪਿਛਲੇ ਹੜ੍ਹਾਂ ਦਾ ਪੈਸਾ ਤਾਂ ਅਜੇ ਤੱਕ ਮਿਲਿਆ ਨਹੀਂ, ਜੇ ਇਸ ਵਾਰ ਰੱਬ ਨਾ ਕਰੇ ਕੋਈ ਮਾਰ ਪੈ ਗਈ ਤਾਂ ਸਾਡਾ ਕੀ ਬਣੇਗਾ?'

4. **ਬਿਜਲੀ: 300 ਯੂਨਿਟ ਮੁਆਫ਼ੀ - ਧਰਤੀ 'ਤੇ ਦਿਸਿਆ ਬਦਲਾਅ: ਜੋ ਚੰਗਾ ਹੋਇਆ:** ਇਹ ਤੁਹਾਡੀ ਸਰਕਾਰ ਦਾ ਸਭ ਤੋਂ ਵੱਡਾ ਅਤੇ ਸਫ਼ਲ ਕਦਮ ਮੰਨਿਆ ਜਾ ਰਿਹਾ ਹੈ। 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਨੇ ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਵੱਡੀ ਆਰਥਿਕ ਰਾਹਤ ਦਿੱਤੀ ਹੈ। ਲੱਖਾਂ ਪਰਿਵਾਰਾਂ ਦੇ ਬਿਜਲੀ ਬਿੱਲ 'ਜ਼ੀਰੋ' ਆਉਣ ਨਾਲ ਲੋਕਾਂ ਨੂੰ ਮਹਿਸੂਸ ਹੋਇਆ ਕਿ ਬਦਲਾਅ ਜ਼ਮੀਨ 'ਤੇ ਆਇਆ ਹੈ। ਇਹ ਕਦਮ ਲੋਕਾਂ ਵਿੱਚ ਬੇਹੱਦ ਹਰਮਨਪਿਆਰਾ ਹੋਇਆ ਹੈ।

5. **ਸਿਹਤ ਸੇਵਾਵਾਂ: ਮੁਹੱਲਾ ਕਲੀਨਿਕ ਤੋਂ ਵੱਡੇ ਹਸਪਤਾਲਾਂ ਤੱਕ ਦਾ ਅਧੂਰਾ ਸਫ਼ਰ: ਜੋ ਚੰਗਾ ਹੋਇਆ:** 'ਆਮ ਆਦਮੀ ਕਲੀਨਿਕ' ਖੋਲ੍ਹਣ ਨਾਲ ਆਮ ਬਿਮਾਰੀਆਂ ਦਾ ਇਲਾਜ ਅਤੇ ਮੁਫ਼ਤ ਦਵਾਈਆਂ, ਟੈਸਟ ਲੋਕਾਂ ਦੇ ਘਰਾਂ ਨੇੜੇ ਪਹੁੰਚਿਆ ਹੈ। ਇਸ ਨਾਲ ਗਰੀਬਾਂ ਨੂੰ ਛੋਟੀਆਂ-ਮੋਟੀਆਂ ਬਿਮਾਰੀਆਂ ਲਈ ਵੱਡੀ ਰਾਹਤ ਮਿਲੀ ਹੈ।

**ਜੋ ਅਜੇ ਵੀ ਦੁਖਦਾ ਹੈ:** ਵੱਡੇ ਸਰਕਾਰੀ ਹਸਪਤਾਲਾਂ ਅਜੇ ਵੀ ਡਾਕਟਰਾਂ, ਨਰਸਿੰਗ ਸਟਾਫ਼ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਨਾਲ ਜੂਝ ਰਹੇ ਹਨ। ਗੰਭੀਰ ਬਿਮਾਰੀਆਂ ਅਤੇ ਐਮਰਜੈਂਸੀ ਦੇ ਇਲਾਜ ਲਈ ਲੋਕ ਅੱਜ ਵੀ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣ ਲਈ ਮਜਬੂਰ ਹਨ। ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਚਿੰਤਾਜਨਕ ਪੱਧਰ 'ਤੇ ਹੈ।

6. **ਨੌਜਵਾਨ ਅਤੇ ਰੁਜ਼ਗਾਰ: ਸਰਕਾਰੀ ਨੌਕਰੀਆਂ ਦੀ ਚਮਕ ਅਤੇ ਬੇਰੁਜ਼ਗਾਰੀ ਦਾ ਹਨੇਰਾ: ਜੋ ਚੰਗਾ ਹੋਇਆ:** ਸਰਕਾਰ ਨੇ ਕਰੀਬ 40,000 ਤੋਂ ਵੱਧ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਹੈ, ਜੋ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਗਈਆਂ ਹਨ। 'ਇਨਵੈਸਟ ਪੰਜਾਬ' ਸਮਿਟ ਰਾਹੀਂ ਨਿੱਜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

**ਜੋ ਅਜੇ ਵੀ ਦੁਖਦਾ ਹੈ:** ਪੰਜਾਬ ਦਾ ਸਭ ਤੋਂ ਵੱਡਾ ਸੰਕਟ 'ਬ੍ਰੇਨ ਡਰੇਨ' ਹੈ।ਬੇਰੁਜ਼ਗਾਰੀ ਦੀ ਦਰ ਅਜੇ ਵੀ ਉੱਚੀ ਹੈ ਅਤੇ ਉਦਯੋਗਿਕ ਵਿਕਾਸ ਦੀ ਰਫ਼ਤਾਰ ਬਹੁਤ ਹੌਲੀ।

**ਲੋਕਾਂ ਦੀ ਆਵਾਜ਼:** 'ਨੌਕਰੀਆਂ ਮਿਲੀਆਂ ਹਨ, ਪਰ ਜਿਹੜੇ ਬਾਕੀ ਲੱਖਾਂ ਨੌਜਵਾਨ ਬਚੇ ਹਨ, ਉਹ ਕੀ ਕਰਨ? ਪੰਜਾਬ ਨੂੰ ਬਾਹਰ ਜਾਣ ਵਾਲਿਆਂ ਦਾ ਕੀ ਬਣੇਗਾ ਜੋ ਡਿਗਰੀਆਂ ਲੈ ਕੇ ਸੜਕਾਂ 'ਤੇ ਰੁਲ ਰਹੇ ਹਨ ਜਾਂ ਜਹਾਜ਼ ਚੜ੍ਹ ਰਹੇ ਹਨ?'

7. **ਸੜਕਾਂ ਅਤੇ ਬੁਨਿਆਦੀ ਢਾਂਚਾ: ਟੋਲ ਪਲਾਜ਼ੇ ਬੰਦ, ਪਰ ਹਰ ਗਲੀ-ਮੁਹੱਲਾ ਪਰੇਸ਼ਾਨ: ਜੋ ਚੰਗਾ ਹੋਇਆ:** 20 ਦੇ ਕਰੀਬ ਟੋਲ ਪਲਾਜ਼ੇ ਬੰਦ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ, ਜਿਸ ਨਾਲ ਲੋਕਾਂ ਨੂੰ ਆਰਥਿਕ ਰਾਹਤ ਮਿਲੀ ਹੈ। ਨਵੀਆਂ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਵੱਡੇ ਪ੍ਰੋਜੈਕਟਾਂ ਦਾ ਐਲਾਨ ਕੀਤਾ ਗਿਆ ਹੈ।

**ਜੋ ਅਜੇ ਵੀ ਦੁਖਦਾ ਹੈ:** ਪਰ ਮਾਨ ਸਾਹਬ, ਸੱਚਾਈ ਇਹ ਹੈ ਕਿ ਅੱਜ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਸ਼ਹਿਰ ਜਾਂ ਪਿੰਡ ਹੋਵੇ ਜਿੱਥੇ ਗਲੀਆਂ ਪੁੱਟੀਆਂ ਅਤੇ ਸੜਕਾਂ ਟੁੱਟੀਆਂ ਨਾ ਹੋਣ। ਇਹ ਸਮੱਸਿਆ ਕਿਸੇ ਇੱਕ ਇਲਾਕੇ ਦੀ ਨਹੀਂ, ਸਗੋਂ ਪੂਰੇ ਪੰਜਾਬ ਦੀ ਹੈ। ਮਾਝਾ ਹੋਵੇ, ਮਾਲਵਾ ਜਾਂ ਦੋਆਬਾ, ਹਰ ਪਾਸੇ ਸੜਕਾਂ 'ਤੇ ਪਏ ਡੂੰਘੇ ਟੋਏ ਸਰਕਾਰੀ ਦਾਅਵਿਆਂ ਨੂੰ ਮੂੰਹ ਚਿੜਾ ਰਹੇ ਹਨ ਅਤੇ ਰੋਜ਼ਾਨਾ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਸ਼ਹਿਰਾਂ ਦੇ ਅੰਦਰ ਸੀਵਰੇਜ ਅਤੇ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੀਆਂ ਗਈਆਂ ਸੜਕਾਂ ਨੂੰ ਸਾਲਾਂ ਤੱਕ ਠੀਕ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਚਿੱਕੜ ਨਾਲ ਭਰੀਆਂ ਗਲੀਆਂ 'ਚੋਂ ਲੋਕਾਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਰੋਪੜ ਵਿੱਚ ਪ੍ਰਸ਼ਾਸਨ ਤੋਂ ਤੰਗ ਆ ਕੇ ਲੋਕਾਂ ਵੱਲੋਂ ਆਪ ਪੈਸੇ ਇਕੱਠੇ ਕਰਕੇ ਸੜਕ ਬਣਾਉਣਾ, ਇਹ ਸਿਸਟਮ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ ਕਿ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਰਹੀ ਹੈ। ਲੋਕਾਂ ਦੀ ਆਵਾਜ਼: ਸੜਕਾਂ 'ਤੇ ਪੈਚਵਰਕ ਦਾ ਕੰਮ ਤਾਂ ਸਿਰਫ਼ ਉੱਥੇ ਹੁੰਦਾ ਹੈ, ਜਿੱਥੇ ਤੁਹਾਡਾ ਕਾਫ਼ਲਾ ਲੰਘਣਾ ਹੋਵੇ।ਸ਼ਹਿਰਾਂ ਦੀਆਂ ਗਲੀਆਂ ਅਤੇ ਪਿੰਡਾਂ ਦੀਆਂ ਫਿਰਨੀਆਂ ਦਾ ਕੀ ਕਸੂਰ ਹੈ?

8. **ਇਸ਼ਤਿਹਾਰਾਂ ਦੀ ਰਾਜਨੀਤੀ ਬਨਾਮ ਜ਼ਮੀਨੀ ਹਕੀਕਤ:** ਮਾਨ ਸਾਹਬ, ਤੁਹਾਡੀ ਸਰਕਾਰ ਦੀ ਇੱਕ ਵੱਡੀ ਆਲੋਚਨਾ ਇਸ਼ਤਿਹਾਰਾਂ 'ਤੇ ਬੇਤਹਾਸ਼ਾ ਖਰਚ ਨੂੰ ਲੈ ਕੇ ਹੁੰਦੀ ਹੈ। ਪੰਜਾਬ ਦੇ ਹਾਈਵੇਅ ਤੋਂ ਲੈ ਕੇ ਦੂਜੇ ਰਾਜਾਂ ਤੱਕ ਲੱਗੇ ਵੱਡੇ-ਵੱਡੇ 'ਹੋਰਡਿੰਗ' ਅਖ਼ਬਾਰਾਂ ਦੇ ਪਹਿਲੇ ਪੰਨੇ ਅਤੇ ਟੀਵੀ ਚੈਨਲਾਂ 'ਤੇ ਚੱਲਦੇ ਮਹਿੰਗੇ ਇਸ਼ਤਿਹਾਰ ਇੱਕ 'ਰੰਗਲੇ ਪੰਜਾਬ' ਦੀ ਤਸਵੀਰ ਤਾਂ ਪੇਸ਼ ਕਰਦੇ ਹਨ, ਪਰ ਜਦੋਂ ਆਮ ਆਦਮੀ ਇਹਨਾਂ ਹੋਰਡਿੰਗਾਂ ਵਾਲੀਆਂ ਸੜਕਾਂ ਤੋਂ ਉਤਰ ਕੇ ਆਪਣੇ ਪਿੰਡ ਦੀ ਟੁੱਟੀ ਗਲੀ ਜਾਂ ਸ਼ਹਿਰ ਦੇ ਟੋਇਆਂ ਭਰੇ ਮੁਹੱਲੇ ਵਿੱਚ ਪਹੁੰਚਦਾ ਹੈ ਤਾਂ ਉਸਨੂੰ ਇਸ਼ਤਿਹਾਰ ਅਤੇ ਹਕੀਕਤ ਵਿਚਲਾ ਪਾੜਾ ਸਾਫ਼ ਨਜ਼ਰ ਆਉਂਦਾ ਹੈ। ਲੋਕ ਕਹਿੰਦੇ ਹਨ ਕਿ ਜਿੰਨਾ ਪੈਸਾ ਪ੍ਰਚਾਰ 'ਤੇ ਲੱਗ ਰਿਹਾ ਹੈ, ਜੇਕਰ ਉਸਦਾ ਕੁਝ ਹਿੱਸਾ ਵੀ ਸੜਕਾਂ 'ਤੇ ਲਗਾਇਆ ਹੁੰਦਾ, ਤਾਂ ਸ਼ਾਇਦ ਇਸ਼ਤਿਹਾਰਾਂ ਦੀ ਤਸਵੀਰ ਅਤੇ ਪਿੰਡਾਂ ਦੀਆਂ ਗਲੀਆਂ ਦੀ ਹਾਲਤ ਵਿੱਚ ਸਾਂਝ ਹੁੰਦੀ।

9. **ਵਿਧਾਇਕਾਂ ਅਤੇ ਮੰਤਰੀਆਂ ਦੀ ਕਾਰਗੁਜ਼ਾਰੀ:** ਕੀ ਤੁਸੀਂ ਆਪਣੇ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਬਾਰੇ ਕੋਈ ਨਿਰਪੱਖ ਰਿਪੋਰਟ ਲਈ ਹੈ? ਕਿ ਕੁਝ ਵਿਧਾਇਕਾਂ ਅਤੇ ਮੰਤਰੀਆਂ ਦਾ ਆਮ ਲੋਕਾਂ ਨਾਲ ਵਰਤੀਰਾ ਹੰਕਾਰ ਵਾਲਾ ਹੋ ਗਿਆ ਹੈ ਅਤੇ ਉਹਨਾਂ ਦੀ ਰੂਟੀਨ 'ਤੇ ਗੰਭੀਰ ਸਵਾਲ ਉੱਠ ਰਹੇ ਹਨ।

**ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਨਾਲ-ਨਾਲ ਕਿਤੇ ਤੁਹਾਡੇ ਕੁਝ ਮੰਤਰੀਆਂ ਜਾਂ ਵਿਧਾਇਕਾਂ ਦਾ ਅੰਦਰਖਾਤੇ ਨਸ਼ਾ ਤਸਕਰਾਂ ਨਾਲ ਸਬੰਧ ਤੇ ਨਹੀਂ?** ਕੀ ਤੁਸੀਂ ਇਸ ਸੰਭਾਵਨਾ ਦੀ ਜਾਂਚ ਕਰ ਰਹੇ ਹੋ?

10. **ਮਾਈਨਿੰਗ ਦਾ ਮੁੱਦਾ:** ਤੁਹਾਡੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਮਾਈਨਿੰਗ ਮਾਫੀਆ ਨੂੰ ਖ਼ਤਮ ਕਰਕੇ ਲੋਕਾਂ ਨੂੰ ਸਸਤੀ ਰੇਤ-ਬਜਰੀ ਦਿੱਤੀ ਜਾਵੇਗੀ। ਸਰਕਾਰੀ ਖੱਡਾਂ ਖੋਲ੍ਹੀਆਂ ਵੀ ਗਈਆਂ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਆਮ ਆਦਮੀ ਨੂੰ ਸਰਕਾਰੀ ਰੇਟ 'ਤੇ ਰੇਤ ਮਿਲਣੀ ਅੱਜ ਵੀ ਔਖੀ ਹੈ। ਮੰਗ ਅਤੇ ਸਪਲਾਈ ਵਿੱਚ ਵੱਡਾ ਪਾੜਾ ਹੈ, ਜਿਸ ਕਾਰਨ **'ਬਲੈਕ ਮਾਰਕੀਟਿੰਗ ਦਾ ਧੰਦਾ ਪਹਿਲਾਂ ਨਾਲੋਂ ਵੀ ਵੱਧ ਫੁੱਲ-ਫਲ ਰਿਹਾ ਹੈ'**। ਕੀ ਸਿਰਫ਼ ਪੁਰਾਣੇ ਮਾਫੀਆ ਦੀ ਥਾਂ ਹੁਣ ਨਵੇਂ ਸਿਸਟਮ ਨੇ ਲੈ ਲਈ ਹੈ, ਜਿਸਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ? ਕਈ ਇਲਾਕਿਆਂ ਵਿੱਚ ਰਾਤ ਦੇ ਹਨੇਰੇ ਵਿੱਚ ਨਾਜਾਇਜ਼ ਮਾਈਨਿੰਗ ਅੱਜ ਵੀ ਧੜੱਲੇ ਨਾਲ ਚੱਲ ਰਹੀ ਹੈ, ਜੋ ਸਾਡੇ ਦਰਿਆਵਾਂ ਅਤੇ ਵਾਤਾਵਰਣ ਨੂੰ ਤਬਾਹ ਕਰ ਰਹੀ ਹੈ। ਕੀ ਸਿਸਟਮ ਸੱਚਮੁੱਚ ਬਦਲਿਆ ਹੈ ਜਾਂ ਸਿਰਫ਼ ਚਿਹਰੇ ਬਦਲੇ ਹਨ?


11. **VVIP ਕਲਚਰ ਖ਼ਤਮ ਕਰਨ ਦੇ ਵਾਅਦੇ ਦਾ ਕੀ ਬਣਿਆ?** ਤੁਹਾਨੂੰ ਯਾਦ ਹੈ, **'ਬਦਲਾਅ'** ਤੋਂ ਪਹਿਲਾਂ V VIP ਕਲਚਰ ਨੂੰ ਜੜ੍ਹੋਂ ਖ਼ਤਮ ਕਰਨ ਦਾ ਅਹਿਦ ਕੀਤਾ ਗਿਆ ਸੀ। ਇਸੇ V VIP ਕਲਚਰ ਦਾ ਸਭ ਤੋਂ ਵੱਡਾ ਸਬੂਤ ਇਹ ਦਿੱਤਾ ਜਾਂਦਾ ਸੀ ਕਿ ਕਿਵੇਂ ਮੰਤਰੀਆਂ ਦੇ ਲੰਘਣ ਲਈ ਪੁਲਿਸ ਮੁਲਾਜ਼ਮ ਘੰਟਿਆਂਬੱਧੀ ਭੁੱਖੇ-ਪਿਆਸੇ ਸੜਕਾਂ 'ਤੇ ਖੜ੍ਹੇ ਰਹਿੰਦੇ ਹਨ, ਜਦਕਿ ਮੰਤਰੀ ਉੱਪਰੋਂ ਹਵਾਈ ਜਹਾਜ਼ਾਂ/ਹੈਲੀਕਾਪਟਰਾਂ ਵਿੱਚ ਲੰਘ ਜਾਂਦੇ ਹਨ।

**ਪਰ ਹੁਣ 'ਬਦਲਾਅ' ਆ ਗਿਆ ਹੈ:** ਹੁਣ ਬਦਲਾਅ ਇਹ ਆਇਆ ਹੈ ਕਿ V VIP ਕਲਚਰ ਦੇ ਪ੍ਰਦਰਸ਼ਨ ਨੂੰ ਹੋਰ 'ਐਡਵਾਂਸ' ਕਰ ਦਿੱਤਾ ਗਿਆ ਹੈ। ਜਦੋਂ ਮੰਤਰੀ ਸਾਹਿਬ ਦਾ ਕਾਫ਼ਲਾ ਲੰਘਦਾ ਹੈ, ਤਾਂ ਡਰੋਨ ਕੈਮਰਿਆਂ ਨਾਲ ਯਕੀਨੀ ਬਣਾਇਆ ਜਾਂਦਾ ਹੈ ਕਿ **'ਬਦਲਾਅ'** ਵਾਲੀ ਸਰਕਾਰ ਦੀ ਸ਼ਾਨ ਲਈ ਹਰ ਮੁਲਾਜ਼ਮ ਸਾਵਧਾਨ ਖੜ੍ਹਾ ਹੈ। ਰਹੀ ਗੱਲ ਭੁੱਖੇ-ਭਾਣੇ ਰਹਿਣ ਦੀ, ਤਾਂ ਹੁਣ **'ਡਿਜੀਟਲ ਪੰਜਾਬ'** ਵਿੱਚ ਲਾਈਵ ਲੋਕੇਸ਼ਨ ਰਾਹੀਂ ਮੁਲਾਜ਼ਮਾਂ ਨੂੰ ਮਾਨਸਿਕ ਤੌਰ 'ਤੇ ਭੁੱਖ ਸਹਿਣ ਦੀ ਸਿਖਲਾਈ ਦਿੱਤੀ ਜਾਂਦੀ ਹੈ! ਇਹ ਹੈ 'ਰੰਗਲੇ ਪੰਜਾਬ' ਦਾ ਨਵਾਂ ਰੰਗ! ਤਾਂ ਜੋ ਰਹਿਣ ਦਾ ਵੱਧ ਸਮਾਂ ਮਿਲ ਜਾਂਦਾ ਹੈ।ਸੋ, ਸੰਖੇਪ ਵਿੱਚ ਬਦਲਾਅ ਇਹ ਆਇਆ ਹੈ ਕਿ **V VIP ਕਲਚਰ ਖ਼ਤਮ ਹੋਣ ਦੀ ਬਜਾਏ ਹੋਰ ਹਾਈ-ਟੈੱਕ ਹੋ ਗਿਆ ਹੈ'**, ਪਰ ਹੇਠਾਂ ਧੁੱਪ ਵਿੱਚ ਖੜ੍ਹੇ ਮੁਲਾਜ਼ਮ ਦੀ ਰੋਟੀ ਅਤੇ ਪਾਣੀ ਦਾ ਮਸਲਾ ਅੱਜ ਵੀ ਸਿਸਟਮ ਦੀਆਂ ਫਾਈਲਾਂ ਵਿੱਚ ਕਿਤੇ ਗੁਆਚਿਆ ਹੋਇਆ ਹੈ।

**ਸਿੱਟਾ:** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੁਹਾਡੀ ਸਰਕਾਰ ਨੇ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ ਅਤੇ ਕੁਝ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾ ਕੇ ਚੰਗੇ ਕੰਮ ਕੀਤੇ ਹਨ। ਪਰ ਜਿਨ੍ਹਾਂ ਮੁੱਦਿਆਂ ਨੂੰ ਤੁਸੀਂ ਆਪਣੀ ਕਾਮੇਡੀ ਦਾ ਵਿਸ਼ਾ ਬਣਾ ਕੇ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਸੀ, ਅੱਜ ਉਹੀ ਮੁੱਦੇ ਤੁਹਾਡੇ ਸਾਹਮਣੇ ਪਹਾੜ ਬਣ ਕੇ ਖੜ੍ਹੇ ਹਨ। ਅਧੂਰੇ ਵਾਅਦੇ, ਅਧਿਆਪਕਾਂ ਅਤੇ ਕਿਸਾਨਾਂ ਦੇ ਧਰਨੇ, ਨਸ਼ਿਆਂ ਨਾਲ ਮਰਦੀ ਜਵਾਨੀ, ਟੁੱਟੀਆਂ ਸੜਕਾਂ, ਭ੍ਰਿਸ਼ਟਾਚਾਰ ਅਜੇ ਵੀ ਵੱਡੀਆਂ ਚੁਣੌਤੀਆਂ ਹਨ।

**ਲੋਕਾਂ ਦਾ ਸੁਨੇਹਾ ਸਾਫ਼ ਹੈ:** ਪੰਜਾਬ ਸਿਰਫ਼ ਵੱਡੇ-ਵੱਡੇ ਇਸ਼ਤਿਹਾਰਾਂ ਅਤੇ ਹੋਰਡਿੰਗਾਂ ਨਾਲ ਨਹੀਂ ਬਦਲੇਗਾ। ਅਸਲ ਬਦਲਾਅ ਉਦੋਂ ਦਿਸੇਗਾ ਜਦੋਂ ਹਸਪਤਾਲਾਂ ਵਿੱਚ ਪੂਰਾ ਇਲਾਜ ਮਿਲੇਗਾ, ਦਫ਼ਤਰਾਂ ਵਿੱਚ ਬਿਨਾਂ ਰਿਸ਼ਵਤ ਕੰਮ ਹੋਵੇਗਾ, ਨੌਜਵਾਨਾਂ ਨੂੰ ਵਿਦੇਸ਼ ਦੀ ਥਾਂ ਪੰਜਾਬ ਵਿੱਚ ਭਵਿੱਖ ਦਿਸੇਗਾ ਅਤੇ ਮਾਵਾਂ ਦੇ ਪੁੱਤ ਨਸ਼ਿਆਂ ਨਾਲ ਨਹੀਂ ਮਰਨਗੇ। ਲੋਕਾਂ ਨੇ ਇੱਕ ਕਲਾਕਾਰ ਨੂੰ ਨਹੀਂ, ਸਗੋਂ ਇੱਕ ਉਮੀਦ ਨੂੰ ਵੋਟ ਦਿੱਤੀ ਸੀ। ਸਵਾਲ ਇਹ ਹੈ ਕਿ ਤੁਹਾਡਾ 'ਹਰਾ ਪੈੱਨ' ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਹਰਿਆਲੀ ਕਦੋਂ ਲਿਆਵੇਗਾ?

# ਪੰਜਾਬ ਵਿੱਚ ਭਾਜਪਾ ਦੀ ਨਵੀਂ ਰਣਨੀਤੀ : ਵਿਰੋਧ ਤੇ ਹਿੰਦੂ-ਸਿੱਖ ਏਕਤਾ ਦਾ ਕਾਰਡ 2027 ਚੋਣਾਂ ਵਿੱਚ ਨਵੇਂ ਵੋਟ ਬੈਂਕ ਦੀਆਂ ਸੰਭਾਵਨਾਵਾਂ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ ਆਉਣ ਵਾਲੀਆਂ ਚੋਣਾਂ 2027 ਦੀਆਂ ਪੰਜਾਬ ਵਿਧਾਨ ਸਭਾ ਵਿੱਚ ਭਾਜਪਾ ਸੱਤਾ 'ਤੇ ਕਾਬਜ਼ ਹੋ ਸਕਦੀ ਹੈ। ਇਹ ਸਵਾਲ ਹੁਣ ਭਾਜਪਾ ਲਈ ਇੱਜ਼ਤ ਦਾ ਸਵਾਲ ਬਣਿਆ ਹੋਇਆ ਹੈ। ਪੰਜਾਬ ਦੀ ਜਨਤਾ ਜਿਸਨੂੰ ਕਿਸੇ ਤਰ੍ਹਾਂ ਵੀ ਧਰਮ ਸਿਆਸਤ ਡੇਰਾ ਅਤੇ ਛੋਟੇ ਮੁੱਦਿਆਂ 'ਤੇ ਵੀ ਅਧਾਰਤ ਦੇਖਿਆ ਜਾਂਦਾ ਹੈ ਤੇ ਇੱਕ ਵੱਡਾ ਵੋਟ ਬੈਂਕ ਹਿੰਦੂ ਸਿੱਖ ਏਕਤਾ ਦਾ ਹੈ ਹਾਲਾਂਕਿ ਅੱਜ ਤੋਂ ਕੁੱਝ ਸਾਲ ਪਹਿਲਾਂ ਦੇ ਪੰਜਾਬ ਵਿੱਚ ਭਾਜਪਾ ਦਾ ਪਿਛਲੇ ਐਨੇ ਸਾਲਾਂ ਦੇ ਵਿੱਚ ਕਦੀ ਵੀ ਕੋਈ ਬੈਂਕ ਅਧਾਰ ਨਹੀਂ ਬਣਿਆ ਹੈ। ਪੁਰਾਣਾ ਜਨਸੰਘ ਅਤੇ ਸ਼ਹਿਰਾਂ ਵਿੱਚ ਜ਼ਰੂਰ ਇਸ ਦੀਆਂ ਦੋ ਸੀਟਾਂ ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਅਕਾਲੀ ਦਲ ਨਾਲ ਅਤੇ ਹੋਰਨਾਂ ਸੀਟਾਂ ਵਿੱਚ ਰਹੀਆਂ ਹਨ ਪਰੰਤੂ ਸਮੇਂ ਦੇ ਨਾਲ ਉਹ ਘੱਟ ਗਈਆਂ ਪਰੰਤੂ ਕੇਂਦਰ ਵਿੱਚ ਸੱਤਾ ਵਿੱਚ ਭਾਜਪਾ ਦੇ ਹੋਣ ਨਾਲ ਪੰਜਾਬ 'ਚ ਭਾਜਪਾ ਦਾ ਰੁਝਾਨ ਅਤੇ ਲੋਕਾਂ ਵਿੱਚ ਪ੍ਰਚਾਰ ਪ੍ਰਸਾਰ ਦੇ ਨਾਲ ਨਵੀਆਂ ਸੰਭਾਵਨਾਵਾਂ ਬਣ ਰਹੀਆਂ ਹਨ ਅਤੇ ਹੁਣ ਭਾਜਪਾ ਆਪਣੀ ਰੀਤੀ ਨੀਤੀ ਦੇ ਵਿੱਚ ਵੀ ਸੁਧਾਰ ਕੀਤਾ ਹੈ। ਹੁਣ ਪੰਜਾਬ ਵਿੱਚ ਭਾਰਤ ਜਨਤਾ ਪਾਰਟੀ ਕਿਸੇ ਸਿੱਖ ਚਿਹਰੇ 'ਤੇ ਆਪਣਾ ਦਾਅ ਲਗਾ ਸਕਦੀ ਹੈ, ਇਹ ਸਭ ਪ੍ਰਸ਼ਨਾਂ ਦੇ ਘੇਰੇ ਵਿੱਚ ਹਨ ਪਰ ਅਸੀਂ ਦੇਖ ਸਕਦੇ ਹਾਂ ਕਿ ਪੰਜਾਬ ਵਿੱਚ ਰਾਜਨੀਤਿਕ ਹਲਚਲ ਵਧਦੀ ਜਾ ਰਹੀ ਹੈ, ਖਾਸ ਕਰਕੇ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਨੂੰ ਲੈ ਕੇ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀ ਤਿਆਰੀ ਤੇਜ਼ ਕਰ ਦਿੱਤੀ ਹੈ ਅਤੇ ਨਵੀਂ ਰੀਤੀ-ਨੀਤੀ ਨਾਲ ਵੋਟ ਬੈਂਕ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪਾਰਟੀ ਹਿੰਦੂ-ਸਿੱਖ ਏਕਤਾ ਦੇ ਕਾਰਡ ਨੂੰ ਖੇਡ ਕੇ ਸਫਲਤਾ ਪ੍ਰਾਪਤ ਕਰਨਾ ਚਾਹੁੰਦੀ ਹੈ, ਪਰ ਕੀ ਇਹ ਸੰਭਵ ਹੈ? ਅਸੀਂ ਤੱਥਾਂ ਅਧਾਰਤ ਵਿਸ਼ਲੇਸ਼ਣ ਕਰਦਿਆਂ ਹੋਇਆਂ ਦੇਖ ਸਕਦੇ ਹਾਂ ਕਿ ਭਾਜਪਾ ਦੀ ਇਹ ਰਣਨੀਤੀ ਕਿੰਨੀ ਕੁ ਕਾਰਗਰ ਹੋ ਸਕਦੀ ਹੈ, ਸਿੱਖ ਚਿਹਰੇ 'ਤੇ ਦਾਅ ਲਗਾਉਣ ਦਾ ਸੰਭਾਵਨਾ ਕੀ ਹੈ, ਅਤੇ 2027 ਵਿੱਚ ਸਰਕਾਰ ਬਣਾਉਣ ਦੀ ਸੰਭਾਵਨਾ ਅਤੇ ਨਵੀਂ ਰੀਤੀ-ਨੀਤੀ ਹੈ। ਭਾਜਪਾ ਨੇ 2027 ਵਿਧਾਨ ਸਭਾ ਚੋਣਾਂ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਯੂਨਿਟ ਦੇ ਵਰਕਿੰਗ ਪ੍ਰੈਜ਼ੀਡੈਂਟ ਅਸ਼ਵਨੀ ਸ਼ਰਮਾ ਨੇ ਕਿਹਾ ਹੈ ਕਿ ਪਾਰਟੀ ਇਕੱਲੀ ਚੋਣ ਲੜੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਗਠਜੋੜ ਨਹੀਂ ਕਰੇਗੀ। ਇਹ ਫੈਸਲਾ ਭਾਜਪਾ ਨੂੰ ਆਪਣੇ ਆਧਾਰ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ, ਖਾਸ ਕਰਕੇ ਸ਼ਹਿਰੀ ਖੇਤਰਾਂ ਵਿੱਚ ਜਿੱਥੇ ਪਾਰਟੀ ਨੇ 2024 ਲੋਕ ਸਭਾ ਚੋਣਾਂ ਵਿੱਚ ਵੋਟ ਸ਼ੇਅਰ ਵਧਾਇਆ ਹੈ। ਉਦਾਹਰਨ ਵਜੋਂ, ਭਾਜਪਾ ਨੇ ਮੇਜਰ ਸ਼ਹਿਰਾਂ ਵਿੱਚ ਲੀਡ ਕੀਤੀ ਪਰ ਇੱਕ ਵੀ ਸੀਟ ਨਹੀਂ ਜਿੱਤੀ। ਪਾਰਟੀ ਨੇ ਆਪਣਾ ਮੁੱਖ ਮੰਤਰੀ ਨਾਇਬ ਸੈਣੀ ਨੂੰ ਮਿਸ਼ਨ ਪੰਜਾਬ 2027 ਲਈ ਪੋਸਟਰ ਬੁਆਏ ਵਜੋਂ ਵਰਤਿਆ ਹੈ, ਜੋ ਸੈਣੀ ਅਤੇ ਕੰਬੋਜ ਵਰਗੇ ਗੈਰ-ਪ੍ਰਭਾਵੀ ਵਰਗਾਂ ਨੂੰ ਟਾਰਗੈੱਟ ਕਰਦਾ ਹੈ। ਹੁਣ ਸਿੱਖ ਚਿਹਰੇ 'ਤੇ ਦਾਅ ਲਗਾਉਣ ਦੀ ਸੰਭਾਵਨਾ ਵੀ ਹੈ। ਭਾਜਪਾ ਜੋ ਹਿੰਦੂ ਪ੍ਰਭਾਵੀ ਪਾਰਟੀ ਵਜੋਂ ਜਾਣੀ ਜਾਂਦੀ ਹੈ, ਪਰ ਇਸ ਨੇ ਪੰਜਾਬ ਵਿੱਚ ਸਿੱਖ ਚਿਹਰਿਆਂ 'ਤੇ ਦਾਅ ਲਗਾਇਆ ਹੈ। 2024 ਲੋਕ ਸਭਾ ਚੋਣਾਂ ਵਿੱਚ ਪਾਰਟੀ ਨੇ 13 ਵਿੱਚੋਂ 6 ਸੀਟਾਂ 'ਤੇ ਜੱਟ ਸਿੱਖਾਂ ਨੂੰ ਟਿਕਟਾਂ ਦਿੱਤੀਆਂ। ਰਵਨੀਤ ਸਿੰਘ ਬਿੱਟੂ ਵਰਗੇ ਸਿੱਖ ਲੀਡਰਾਂ ਨੂੰ ਕੇਂਦਰੀ ਮੰਤਰੀ ਬਣਾਇਆ ਹੈ, ਜੋ ਪਾਰਟੀ ਦੇ ਹਿੰਦੂ-ਸਿੱਖ ਏਕਤਾ 'ਤੇ ਜ਼ੋਰ ਦਿੰਦੇ ਹਨ। ਹਾਲ ਹੀ ਵਿੱਚ, ਸਾਬਕਾ ਨੇਤਾਵਾਂ ਨੇ ਭਾਜਪਾ ਜੁਆਇਨ ਕੀਤੀ ਹੈ, ਜਿਸ ਨੇ ਪਹਿਲਾਂ ਅਕਾਲੀ ਦਲ ਦੇ ਟਕਸਾਲੀ ਲੀਡਰ ਸਨ। ਇਸ ਤੋਂ ਇਲਾਵਾ ਪਾਰਟੀ ਨੇ ਦਮਦਮੀ ਟਕਸਾਲ ਵਰਗੀ ਸਿੱਖ ਸੰਸਥਾਵਾਂ ਨਾਲ ਸੰਪਰਕ ਵਧਾਇਆ ਹੈ। ਇਹ ਰਣਨੀਤੀ ਪੰਜਾਬ ਵਿੱਚ ਭਾਜਪਾ ਦੇ ਵਧੇਰੇ ਸਮਾਵੇਸ਼ੀ ਅਕਸ ਨੂੰ ਬਣਾਉਣ ਵਿੱਚ ਮਦਦ ਕਰ ਸਕਦੀ ਹੈ, ਪਰ ਇਸ ਨੂੰ ਕਿਸਾਨ ਅੰਦੋਲਨ ਅਤੇ ਪੁਰਾਣੇ ਵਿਵਾਦਾਂ ਕਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੂ-ਸਿੱਖ ਏਕਤਾ ਦਾ ਕਾਰਡ ਅਤੇ ਨਵੇਂ ਵੋਟ ਬੈਂਕ ਵੀ ਹਨ, ਪਰ ਭਾਜਪਾ ਹਿੰਦੂ-ਸਿੱਖ ਏਕਤਾ ਨੂੰ ਆਪਣੀ ਮੁੱਖ ਰਣਨੀਤੀ ਬਣਾ ਰਹੀ ਹੈ। ਪੰਜਾਬ ਯੂਨਿਟ ਪ੍ਰੈਜ਼ੀਡੈਂਟ ਸੁਨੀਲ ਜਾਖੜ ਨੇ ਕਿਹਾ ਹੈ ਕਿ ਅਕਾਲੀ ਦਲ ਨਾਲ ਗਠਜੋੜ ਸਮਾਜੀ ਸਦਭਾਵਨਾ ਲਈ ਜ਼ਰੂਰੀ ਹੈ। ਪਾਰਟੀ ਨੇ 1984 ਵਿਰੋਧੀ ਸਿੱਖ ਦੰਗੇ ਪੀੜਤਾਂ ਨੂੰ ਨੌਕਰੀਆਂ ਦੇ ਕੇ ਸਿੱਖਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। 2024 ਵਿੱਚ ਭਾਜਪਾ ਨੇ ਉੱਚ ਜਾਤੀ ਹਿੰਦੂਆਂ ਵਿੱਚ 56% ਵੋਟ ਪ੍ਰਾਪਤ ਕੀਤੇ, ਜੋ ਇਸ ਦਾ ਰਵਾਇਤੀ ਆਧਾਰ ਹੈ। ਹਿੰਦੂ-ਸਿੱਖ ਏਕਤਾ ਦਾ ਕਾਰਡ ਗੈਰ-ਜੱਟ ਵਰਗਾਂ ਅਤੇ ਦਲਿਤਾਂ ਨੂੰ ਆਕਰਸ਼ਿਤ ਕਰ ਸਕਦਾ ਹੈ, ਪਰ ਇਹ ਕਿੰਨਾ ਕੁ ਪ੍ਰਭਾਵੀ ਹੋਵੇਗਾ, ਇਹ ਗ੍ਰਾਸਰੂਟ ਪੱਧਰ 'ਤੇ ਨਿਰਭਰ ਕਰੇਗਾ। ਪ੍ਰਚਾਰ ਤਕ ਸਮਾਵੇਸ਼ੀ ਕਰਨ ਵਿੱਚ ਵੀ ਹਿਤ ਵਿਸ਼ਾ ਗਰਮ ਹੈ, ਜਿੱਥੇ ਭਾਜਪਾ ਨੂੰ ਸ਼ਹਿਰੀ ਆਰਥਿਕਤਾ (60% ਪੰਜਾਬ ਦੀ ਆਰਥਿਕਤਾ) ਨਾਲ ਜੋੜਿਆ ਜਾ ਰਿਹਾ ਹੈ।ਅੱਜ ਰਾਜਨੀਤਕ ਅਲਾਇੰਸ ਦੀਆਂ ਸੰਭਾਵਨਾਵਾਂ ਹਨ ਅਤੇ ਭਾਜਪਾ ਨੇ ਕਾਂਗਰਸ ਨੂੰ ਛੱਡ ਕੇ ਹੋਰ ਪਾਰਟੀਆਂ ਨਾਲ ਅਲਾਇੰਸ ਦੀ ਗੱਲ ਕੀਤੀ ਜਾ ਰਹੀ ਹੈ, ਪਰ ਤੱਥਾਂ ਅਨੁਸਾਰ ਮੁੱਖ ਚਰਚਾ ਅਕਾਲੀ ਦਲ ਨਾਲ ਗਠਜੋੜ 'ਤੇ ਹੈ। ਜਾਖੜ ਨੇ ਇਸ ਨੂੰ ਸਮਾਜੀ ਸਦਭਾਵਨਾ ਲਈ ਜ਼ਰੂਰੀ ਦੱਸਿਆ ਹੈ, ਪਰ ਪੰਜਾਬ ਭਾਜਪਾ ਦੇ ਪੁਰਾਣੇ ਲੀਡਰ ਅਤੇ ਕੇਂਦਰੀ ਲੀਡਰਸ਼ਿਪ ਇਸ ਨੂੰ ਨਹੀਂ ਮੰਨ ਰਹੀ। ਬੀਐਸਪੀ, ਸੀਪੀਆਈ(ਐਮ) ਜਾਂ ਛੋਟੀਆਂ ਪਾਰਟੀਆਂ ਨਾਲ ਅਲਾਇੰਸ ਦੀ ਕੋਈ ਠੋਸ ਖ਼ਬਰ ਨਹੀਂ ਮਿਲੇ, ਪਰ ਭਾਜਪਾ ਰਾਜਨੀਤੀ ਵਿੱਚ ਭਾਜਪਾ ਨੇ ਕੁਝ ਸੰਪਰਕ ਵਧਾਏ ਹਨ, ਜਿਵੇਂ ਸਿੱਖ ਡੇਰਿਆਂ ਨਾਲ। ਵਾਰਿਸ ਪੰਜਾਬ ਦੇ ਨੇ ਨਵੀਂ ਪਾਰਟੀ ਬਣਾਈ ਹੈ, ਜੋ ਪੰਥਕ ਵੋਟ ਵੰਡ ਸਕਦੀ ਹੈ ਅਤੇ ਭਾਜਪਾ ਲਈ ਫਾਇਦੇਮੰਦ ਹੋ ਸਕਦੀ ਹੈ। ਮਲਟੀ-ਪਾਰਟੀ ਮੁਕਾਬਲੇ ਵਿੱਚ 27-30% ਵੋਟ ਨਾਲ ਬਹੁਮਤ ਮਿਲ ਸਕਦਾ ਹੈ। ਭਾਜਪਾ ਲਈ ਚੁਣੌਤੀਆਂ ਅਨੇਕਾਂ ਹਨ। ਭਾਜਪਾ ਲਈ ਸਭ ਤੋਂ ਵੱਡੀ ਚੁਣੌਤੀ ਆਮ ਆਦਮੀ ਪਾਰਟੀ (ਆਪ) ਹੈ, ਜੋ ਸੱਤਾ ਵਿੱਚ ਹੈ ਅਤੇ ਆਪਣੀ ਰਣਨੀਤੀ ਨੂੰ ਮਜ਼ਬੂਤ ਕਰ ਰਹੀ ਹੈ। ਆਪ ਨੇ ਗੁਜਰਾਤ ਅਤੇ ਪੰਜਾਬ ਵਿੱਚ ਬਾਈਪੋਲ ਜਿੱਤੇ ਹਨ ਅਤੇ 2027 ਨੂੰ ਸੈਮੀਫਾਈਨਲ ਵਜੋਂ ਵੇਖ ਰਹੀ ਹੈ। ਕਾਂਗਰਸ ਵੀ ਤਿਆਰੀ ਕਰ ਰਹੀ ਹੈ ਅਤੇ ਅੰਦਰੂਨੀ ਚੋਣਾਂ ਕਰਵਾ ਰਹੀ ਹੈ। ਕਿਸਾਨ ਮਸਲੇ, ਬੇਅਦਬੀ ਬਿੱਲ ਅਤੇ ਡੇਰਾ ਰਾਜਨੀਤੀ ਭਾਜਪਾ ਲਈ ਰੁਕਾਵਟਾਂ ਬਣ ਸਕਦੀਆਂ ਹਨ। ਇਸ ਤੋਂ ਇਲਾਵਾ ਅਕਾਲੀ ਦਲ ਵਿੱਚ ਵੰਡ ਅਤੇ ਵਾਰਿਸ ਪੰਜਾਬ ਦੇ ਵਰਗੇ ਨਵੇਂ ਖਿਡਾਰੀ ਵੋਟ ਵੰਡ ਸਕਦੇ ਹਨ, ਪਰ ਭਾਜਪਾ ਨੂੰ ਫਾਇਦਾ ਵੀ ਦੇ ਸਕਦੇ ਹਨ। ਭਾਜਪਾ ਦੀ ਨਵੀਂ ਰੀਤੀ-ਨੀਤੀ ਅਤੇ ਹਿੰਦੂ-ਸਿੱਖ ਏਕਤਾ ਦਾ ਕਾਰਡ ਉਸ ਨੂੰ ਸ਼ਹਿਰੀ ਅਤੇ ਗੈਰ-ਜੱਟ ਵੋਟ ਬੈਂਕ ਵਿੱਚ ਮਦਦ ਕਰ ਸਕਦਾ ਹੈ, ਪਰ ਸਫਲਤਾ ਗ੍ਰਾਸਰੂਟ ਆਊਟਰੀਚ ਅਤੇ ਅਲਾਇੰਸ 'ਤੇ ਨਿਰਭਰ ਕਰੇਗੀ। ਅਕਾਲੀ ਦਲ ਨਾਲ ਗਠਜੋੜ ਦੀ ਸੰਭਾਵਨਾ ਹੈ, ਪਰ ਅੰਦਰੂਨੀ ਵਿਰੋਧ ਵੀ ਹੈ। ਹੋਰ ਪਾਰਟੀਆਂ ਨਾਲ ਅਲਾਇੰਸ ਦੀ ਥਾਂ ਭਾਜਪਾ ਆਪਣੇ ਗਰੁੱਪਾਂ ਨਾਲ ਸੰਪਰਕ ਵੱਧ ਸਕਦਾ ਹੈ।ਅੱਜ ਚੁਣੌਤੀਆਂ ਵੱਡੀਆਂ ਹਨ, ਪਰ ਮਲਟੀ-ਕੌਰਨਰ ਮੁਕਾਬਲੇ ਵਿੱਚ ਭਾਜਪਾ ਨੂੰ ਮੌਕਾ ਮਿਲ ਸਕਦਾ ਹੈ। ਅੰਤਿਮ ਤੌਰ 'ਤੇ ਵੋਟਰ ਹੀ ਫੈਸਲਾ ਕਰਨਗੇ ਪਰ ਆਉਣ ਵਾਲੇ ਪੰਜ ਵਿੱਚ ਪਤਾ ਲੱਗੇਗਾ। ਅਤੇ ਵਿੱਚ 2027 ਵਿੱਚ ਸਫਲਤਾ ਪ੍ਰਾਪਤ ਕਰਨਾ ਭਾਜਪਾ ਲਈ ਚੋਲੰਜਿੰਗ ਹੋਵੇਗਾ, ਪਰ ਅਸੰਭਵ ਨਹੀਂ ਹੈ।

# ਸਾਡੇ ਬੰਦੀ ਸਿੰਘਾਂ ਲਈ 'ਸਮਰੱਥ ਅਥਾਰਿਟੀ' ਕਦੋਂ ਬਹੁੜੂ ?



ਡਾ. ਕੁਲਵੰਤ ਕੌਰ
ਮੋ: 98156-20515

ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਚ ਗੜੁੱਚ ਸਾਡੇ ਯੁੱਗ-ਸ਼ਾਇਰ ਡਾ. ਪਾਤਰ ਨੇ ਇੱਥੋਂ ਦੀ ਕਿਹੜੀ ਦੁਸ਼ਵਾਰੀ, ਸਮੱਸਿਆ, ਵਧੀਕੀ ਤੇ ਮੁਸੀਬਤ ਸੀ, ਜਿਸ ਨੂੰ ਪਛਾਣਦਿਆਂ ਆਪਣੀ ਸ਼ਾਇਰੀ ਰਾਹੀਂ ਰੂਪਮਾਨ ਨਾ ਕੀਤਾ ਹੋਵੇ। ਉਸ ਨੇ ਤਾਂ ਟਿਕੋਤ ਦੇ ਓਸ ਹੰਝੂ ਨੂੰ ਵੀ ਅਮਰ ਕਰ ਦਿੱਤਾ ਸੀ ਜਿਹੜਾ ਗਾਜ਼ੀਪੁਰ ਸਰਹੱਦ 'ਤੇ ਕੇਂਦਰੀ ਏਜੰਸੀਆਂ ਦੇ ਬੋਲ-ਪ੍ਰਯੋਗ ਸਮੇਂ ਵਗਿਆ ਸੀ। ਭਾਰਤ ਦੀ ਜਮਹੂਰੀਅਤ ਦੀ ਪਾਣੀ ਕਿਸ ਕੋਲੋਂ ਲੁਕੀ ਛਿਪੀ ਹੋਈ ਹੈ? ਤੀਹ-ਤੀਹ, ਚਾਲੀ-ਚਾਲੀ ਸਾਲਾਂ ਤੋਂ ਮਾਮਲੇ ਲਟਕਿਤ ਤੁਰੇ ਆਉਂਦੇ ਹਨ। ਪੰਜਾਬ ਦੇ 1993 ਦੇ ਝੂਠੇ ਮੁਕਾਬਲਿਆਂ ਦੇ ਫ਼ੈਸਲੇ ਹਾਲ ਹੀ ਵਿਚ ਆਏ ਹਨ ਜਦੋਂ ਕਿ 1984 ਦੇ ਹਜ਼ਾਰਾਂ ਮੁਕੱਦਮਿਆਂ ਦਾ ਅਜੇ ਵੀ ਕੁਝ ਨਹੀਂ ਬਣਿਆ। ਐਵੇਂ ਤਾਂ ਨਹੀਂ ਪ੍ਰਸਿੱਧ ਵਕੀਲ ਫੂਲਕਾ ਦਾ ਪਿੱਛੇ ਜਿਹੇ ਬਿਆਨ ਆਇਆ ਸੀ ਕਿ ਸਿੱਖ ਨਸਲਕੁਸ਼ੀ ਦੇ ਦੰਗਈਆਂ, ਗੁੰਡਿਆਂ ਤੇ ਸੂਤਰਧਾਰਾਂ ਵਿਰੁੱਧ ਪੂਰੇ ਤੇਤੀ ਸਾਲ, ਸਾਡੀ ਉੱਚ ਅਦਾਲਤ ਨੇ ਕੋਈ ਨੋਟਿਸ ਨਹੀਂ ਲਿਆ। ਗਰੀਬ ਬੰਦੇ ਨੂੰ ਸਾਡਾ ਸੰਵਿਧਾਨ ਜਿਹੜੇ ਮਰਜ਼ੀ ਅਧਿਕਾਰ ਪ੍ਰਦਾਨ ਦਾ ਹੋਵੇ ਪਰ ਇਸ 'ਪਹੁੰਚ' ਭਰੇ ਨਿਜ਼ਾਮ ਵਿਚ ਢਾਹਵੇ ਦਾ ਹਾਲੇ ਵੀ ਸੱਤੀ ਵੀਹੀਂ ਸੌ ਹੀ ਹੈ। ਲੁੱਚੇ, ਕਾਮੀ ਤੇ ਕਾਤਲ ਸਾਧ ਦੀਆਂ ਅਜੇ ਵੀ ਪੌਂ ਬਾਰਾਂ ਹਨ ਤੇ ਸਾਡੇ ਬੰਦੀ ਸਿੰਘ, ਤੀਹ-ਤੀਹ ਸਾਲ ਤੋਂ ਵੱਧ ਅਰਸੇ ਤੋਂ ਚੱਕੀਆਂ ਵਿਚ ਬੰਦ ਹਨ। ਸਿੱਖਾਂ ਲਈ ਇਨਸਾਫ਼ ਇਸ ਦੇਸ਼ ਵਿਚ ਹੈ ਕਿੱਥੇ? ਦਰਅਸਲ, ਗੁਰੂ ਦੇ ਅਜ਼ਾਦ ਕੀਤੇ ਬੰਦਿਆਂ ਨੂੰ ਅੱਜ ਤੱਕ ਸਮਝਿਆ ਹੀ ਨਹੀਂ ਗਿਆ।

31 ਅਗਸਤ 1995 ਨੂੰ ਇਕ ਵੱਡਾ ਧਮਾਕਾ ਹੋਇਆ ਸੀ, ਕਿਉਂਕਿ ਪੰਜਾਬ ਦੇ 25000 ਤੋਂ ਵੱਧ ਨੌਜਵਾਨ 'ਅਣਪਛਾਤੀਆਂ ਲਾਸ਼ਾਂ' ਕਰਿ ਕੇ ਸਾੜ ਦਿੱਤੇ ਗਏ ਸਨ। ਵਕਤ ਦੇ ਹਾਕਮਾਂ ਨੇ ਇਕ ਪੂਰੀ ਪੀੜ੍ਹੀ ਗਾਇਬ ਕਰ ਦਿੱਤੀ ਸੀ। ਬੁੱਚੜ ਕੇ.ਪੀ. ਐਸ. ਗਿੱਲ ਦੀ ਟੀਮ ਨੇ ਅਜਿਹਾ ਕਾਰਾ ਕੀਤਾ ਕਿ ਨੌਜਵਾਨੀ ਕੋਹ-ਕੋਹ ਕੇ ਖ਼ਤਮ ਕਰ ਦਿੱਤੀ। ਅਜਿਹੇ ਵਿਚ ਸ਼ਹੀਦ ਭਗਤ ਸਿੰਘ, ਸ. ਊਧਮ ਸਿੰਘ ਸ਼ਹੀਦ ਤੇ ਸ. ਕਰਤਾਰ ਸਿੰਘ ਸਰਾਭਾ ਦੇ ਵਾਰਿਸਾਂ (ਜਾਂਬਾਜ਼ ਪੰਜਾਬੀਆਂ) ਦਾ ਖ਼ੂਨ ਖੌਲਣਾ ਸੁਭਾਵਿਕ ਵੀ ਸੀ ਤੇ ਲਾਜ਼ਮੀ ਵੀ। ਇਸ ਦਾ ਨਤੀਜਾ ਹੈ ਸਾਡੇ ਬਹੁਗਿਣਤੀ ਬੰਦੀ ਸਿੰਘਾਂ ਦੀਆਂ ਸਜ਼ਾਵਾਂ। ਸਾਡੇ 'ਸਿਸਟਮ' ਵਿਚ ਇਕ-ਬਹੁਰੂਪੀਆ ਤੇ ਨੌਟੰਕੀਬਾਜ਼ ਬੰਦਾ ਜਿਵੇਂ ਮਰਜ਼ੀ ਅਦਾਲਤਾਂ ਤੇ ਦਰਬਾਰਾਂ ਨੂੰ ਚਲਾ ਸਕਦਾ ਹੈ, ਘੁੰਮਾ ਸਕਦਾ ਹੈ ਤੇ ਲੋਕਾਂ ਨੂੰ ਤਲਿਸਮੀ ਚੱਕਰਾਂ ਵਿਚ ਫਸਾ ਕੇ ਸ਼ਰੇਆਮ ਮਗਰ ਲਾ ਸਕਦਾ ਹੈ। ਹੇਰਾਫੇਰੀਆਂ, ਪਾਖੰਡ ਤੇ ਦੰਭ ਨਾਲ ਖੜ੍ਹੇ ਕੀਤੇ 'ਸਮਰਾਜ' ਕਾਰਨ, ਵੋਟਾਂ 'ਚ ਹੋਏ ਬੇਹਿਸਾਬ ਵਾਧੇ ਕਾਰਨ, ਸਰਕਾਰਾਂ ਜਿਹਦੀ ਪੁਸ਼ਤ ਪਨਾਹੀ ਕਰਦੀਆਂ ਹਨ ਤੇ ਜਵਾਈ ਜਿਹਾ ਸਲੂਕ ਕਰਕੇ, ਗੁਰੂ ਦੇ ਸਿੰਘਾਂ ਨੂੰ ਜ਼ਲੀਲ, ਬੇਪੱਤ ਅਤੇ ਬੇਗੈਰਤ ਕਰਦੀਆਂ ਹਨ। ਹੈਰਾਨੀ ਤੇ ਪਰੇਸ਼ਾਨੀ ਦੀ ਗੱਲ ਹੈ ਕਿ ਇਸ ਹਿੰਦੂ ਰਾਸ਼ਟਰ ਵਾਲੇ ਦੇਸ਼ ਦਾ ਬੁਰਕਾ ਹੀ ਲੁੱਚਾ ਸਾਧ, ਡੇਰੇ ਸੱਤ ਸੌ ਕੋਠੀਆਂ ਦੀ ਕਾਫ਼ਲੇ ਵਿਚ, ਪੰਜੀ ਭੁਗਤਣ ਲਈ ਹਰਿਆਣੇ ਦੇ ਪੰਚਕੂਲਾ ਵਿਚ ਢੁੱਕਿਆ ਸੀ ਤੇ ਇਕ ਬੇਹੱਦ ਈਮਾਨਦਾਰ, ਫ਼ਰਜ਼-ਸ਼ਨਾਸ ਅਤੇ ਭਾਰਤ ਮਾਂ ਦੇ ਸੱਚੇ ਸਪੁੱਤਰ ਜੱਜ ਦੇ ਮੂੰਹ ਨੂੰ ਵੀਹ ਸਾਲ ਬਾ-ਮੁਸ਼ੱਕਤ ਕੈਦ ਦੀ ਸਜ਼ਾ ਇਸ ਗੁਨਾਹ ਬਦਲੇ ਸੁਣਾਈ ਸੀ ਕਿਉਂਕਿ ਉਸ ਨੇ ਆਪਣੀਆਂ ਭੋਲੀਆਂ ਭਾਲੀਆਂ, ਸ਼ਰਧਾ-ਗੁੰਧੀਆਂ 'ਤੇ ਭਰੋਸਾ ਕਰਨ ਵਾਲੀਆਂ ਚੇਲੀਆਂ ਦਾ ਸਤ ਭੰਗ ਕੀਤਾ ਸੀ। ਉਹਦੇ ਬਚਾਅ ਵਿਚ ਆਏ ਇਸ ਮਾਮਲੇ ਨਾਲ, ਇੱਕ ਵਾਰ ਤਾਂ ਜ਼ਮੀਨ ਅਸਮਾਨ ਨੂੰ ਵੀ ਲੰਗਾਰ ਆ ਗਏ ਸਨ। ਦਰਅਸਲ, ਉਸ ਪੇਸ਼ੀ ਵੇਲੇ ਵੀ, ਪਾਖੰਡੀ ਸਾਧ ਨੂੰ ਇਸ ਵਿਸ਼ਵਾਸ ਵਿਚ ਅਦਾਲਤ ਵਿਚ ਲਿਆਂਦਾ ਗਿਆ ਸੀ ਕਿ ਉਸਦਾ ਕੇਸਾ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ ਪਰ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ" ਦੇ ਮਹਾਂਵਾਕ ਅਨੁਸਾਰ, ਇਸ ਵਾਰ ਸੱਚ ਦਾ ਚੰਦਰਮਾ ਚੜ੍ਹ ਚੁੱਕਾ ਸੀ, ਜਿਸ ਕਰਕੇ ਕੂੜ-ਕੁਸੱਤ ਦੀਆਂ ਕੰਧਾਂ ਧੜੰਮ ਕਰਕੇ ਡਿਗ ਗਈਆਂ। ਸਭ ਤੋਂ ਵੱਡਾ ਅਚੰਭਾ ਤੇ ਦੁੱਖ ਇਸ ਗੱਲ ਦਾ ਹੈ ਕਿ 'ਵਧੀਆ ਆਚਰਣ' ਤੇ 'ਚੰਗੇ ਕਿਰਦਾਰ' ਕਾਰਨ, ਜੇਹਜ਼ਾ ਸੰਗੀਨ ਦੋਸ਼ੀ, ਅੱਜ ਤੱਕ 14 ਵਾਰ ਜੇਹਲ ਤੋਂ ਫਰਲੋ (2017 ਉਪਰੰਤ) ਮਾਣ ਚੁੱਕਾ ਹੋਵੇ, ਵੀਡੀਓ ਕਾਨਫਰੰਸਿੰਗ ਰਾਹੀਂ ਡੇਰਾ ਪ੍ਰੇਮੀਆਂ ਨੂੰ ਸੰਬੋਧਨ ਕਰਨ ਦੀ ਖੁੱਲ੍ਹ ਲੈਂਦਾ ਹੋਵੇ ਤੇ ਇੱਥੋਂ ਤੱਕ ਕਿ ਨਾ ਸਿਰਫ਼ ਆਪਣੇ ਡੇਰੇ ਦਾ ਸਥਾਪਨਾ ਦਿਹਾੜਾ ਮਨਾਉਣ ਲਈ ਆ ਚੁੱਕਿਆ ਹੋਵੇ ਬਲਕਿ 15 ਅਗਸਤ ਨੂੰ ਆਪਣੇ ਜਨਮ ਦਿਨ ਨੂੰ (ਆਪਣੇ ਪ੍ਰੇਮੀਆਂ ਨਾਲ ਮਨਾਉਣ ਲਈ) ਵੀ ਜੇਹਲੋਂ ਬਾਹਰ ਭੇਜਿਆ ਗਿਆ ਹੋਵੇ, ਐਸੇ 'ਖੁਸ਼ਨਸੀਬ' ਕੈਦੀ ਬਾਰੇ ਸੁਣ, ਪੜ੍ਹ ਤੇ ਜਾਣ ਕੇ ਇਨਸਾਫ਼ ਪਸੰਦ, ਦੇਸ਼ ਭਗਤ ਅਤੇ ਸੱਚੇ ਸੁੱਚੇ ਦੇਸ਼ ਵਾਸੀਆਂ ਦੀਆਂ ਅੱਖਾਂ ਵਿਚ ਵਿਚ ਖ਼ੂਨ ਦੇ ਹੰਝੂ ਆ ਜਾਣੇ ਬਹੁਤ ਸਾਧਾਰਨ ਗੱਲ ਹੈ। ਦੂਜੇ ਪਾਸੇ, ਰਾਜੋਆਣਾ ਦੇ ਭਰਾ ਦੀ ਅੰਤਿਮ ਅਰਦਾਸ ਮੌਕੇ ਦੋ ਤਿੰਨ ਘੰਟਿਆਂ ਦੀ ਪੈਰੋਲ 'ਤੇ ਇਕ ਵਾਰ ਇਸ ਬੰਦੀ ਸਿੰਘ ਦੀ ਭਤੀਜੀ ਦੀ ਸ਼ਾਦੀ ਮੌਕੇ ਵੀ ਕੁਝ ਘੰਟਿਆਂ ਦੀ 'ਆਜ਼ਾਦੀ' ਕੀ ਦਰਸਾਉਂਦੀ ਹੈ? ਇਹੀ ਕਿ ਬੰਦੀ ਸਿੰਘਾਂ ਨਾਲ ਕੋਈ ਕੋ ਵਿਤਕਰਾ, ਪੱਖਪਾਤ ਤੇ ਕਠੋਰਤਾ ਸਲੂਕ ਕੀਤਾ ਜਾ ਰਿਹਾ ਹੈ, ਕਿ ਇਨ੍ਹਾਂ ਲਈ ਅਜੇ ਕੋਈ 'ਸਮਰੱਥ ਅਥਾਰਿਟੀ' ਹੋਂਦ ਵਿਚ ਨਹੀਂ ਆਈ। ਕੀ ਪ੍ਰੋ. ਭੁੱਲਰ ਦਾ ਜੇਲ੍ਹ ਅੰਦਰਲਾ ਆਚਰਣ ਮਾੜਾ ਰਿਹਾ ਹੈ? ਕੀ ਜੇਲ੍ਹ ਦੀ ਕਾਲ ਕੋਠੜੀ (ਚੱਕੀ) ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦਾ ਕਿਰਦਾਰ ਵੀ ਭੈੜਾ ਹੈ? ਦੂਸਰੇ ਬੰਦੀਆਂ ਦੀ ਹਮਦਰਦੀ ਅਤੇ ਸੇਵਾ ਤਾਂ ਸਿੰਘਾਂ ਨਾਲ ਹੀ ਖ਼ਾ ਲਈ - ਆਪਣੇ ਪੰਥ, ਸਮਾਜ ਤੇ ਦੇਸ਼ ਲਈ ਕੀਤੀ ਇਹ ਸੇਵਾ ਕੀ ਕਰਨਲ ਪਰੋਹਿਤ, ਸਾਧਵੀ ਪ੍ਰਗਿਆ ਜਾਂ ਹੋਰ ਦੋਸ਼ੀਆਂ ਤੋਂ ਅਲੱਗ ਸੀ ਜਿਹੜੇ ਕੁਝ ਸਾਲ ਅਦਾਲਤੀ ਚੱਕਰਾਂ ਉਪਰੰਤ ਅੱਜ ਜ਼ਮਾਨਤਾਂ ਤੋਂ ਵੀ ਅਗਾਂਹ, ਆਜ਼ਾਦ ਕਰ ਦਿੱਤੇ ਗਏ ਹਨ ਤੇ ਪਾਕਿ, ਸਾਫ਼ ਹੋ ਕੇ ਸਨਮਾਨਜਨਕ ਜੀਵਨ ਵੀ ਜੀਉ ਰਹੇ ਹਨ। ਕੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਮੁਆਫ਼ੀ ਨਹੀਂ ਮਿਲੀ? ਕੀ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਕਾਤਲਾਂ ਨੂੰ ਬਹੁਤ ਛੇਤੀ ਰਿਹਾਅ ਨਹੀਂ ਸੀ ਕਰ ਦਿੱਤਾ ਗਿਆ? ਏਥਵਾਰੇ ਦਾਸਾ ਕਾਨ ਖੁੱਲ੍ਹਣ 'ਤੇ ਇਸ ਸੰਗੀਨ ਜੁਰਮ ਵਿਚ ਸ਼ਾਮਲ ਅਪਰਾਧੀ ਮੁੜ ਸਲਾਖਾਂ ਪਿੱਛੇ ਡੱਕੇ ਗਏ - ਪਰਮਾਤਮਾ ਦੇ ਇਨਸਾਫ਼ ਦੀ ਚੱਕੀ ਪੀਂਹਦੀ ਭਾਵੇਂ ਹੌਲੀ ਹੈ ਪਰ ਪੀਂਹਦੀ ਬਹੁਤ ਬਰੀਕ ਹੈ। ਸਾਡਾ ਫੋਕਸ ਤਾਂ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ 'ਚ ਬੰਦ ਸਾਡੇ ਬੰਦੀ ਸਿੰਘ ਹਨ ਜਿਨ੍ਹਾਂ ਨੇ ਆਪਣੇ ਹੀ ਪਾਸ ਦੇਸ਼ੀਆਂ, ਪੰਜਾਬੀਆਂ, 'ਤੇ ਬੇਰਹਿਮ ਅਕਾਂਆਂ ਦੀਆਂ ਆਪਹੁਦਰੀਆਂ ਨੂੰ ਬਰਦਾਸ਼ਤ ਨਾ ਕਰਦਿਆਂ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ। ਇਹ ਪੰਥਕ ਪਰੰਪਰਾਵਾਂ ਦੀ ਪਾਲਣਾ ਸੀ ਕਿਉਂਕਿ ਦੁਸ਼ਟਾਂ ਦਾ ਦਮਨ ਹੀ ਸਾਨੂੰ ਗੁਰੂ ਪਾਤਸ਼ਾਹੀਆਂ ਨੇ ਸਿਖਾਇਆ ਤੇ ਪੜ੍ਹਾਇਆ ਸੀ। ਉਹ ਆਪ ਮਾਤਲੋਕ ਵਿਚ ਚੌਦਾਂ ਦੇ ਚੌਦਾਂ ਲੋਕਾਂ ਦੇ ਦਸ-ਦਸ ਲੱਖ ਮੁਗਲੀਆ ਫ਼ੌਜ ਨਾਲ ਟੱਕਰ ਲੈ ਕੇ ਧਰਮ-ਯੁੱਧਾਂ 'ਚ ਜੇਤੂ ਰਹੇ ਸਨ ਪਰ ਕਿਸੇ ਦੀ ਦੋ ਟਕੇ ਨਹੀਂ ਸੀ ਸਹਾਰੀ। ਹੱਕ, ਸੱਚ, ਇਨਸਾਫ਼, ਧਰਮ ਅਤੇ ਮਨੁੱਖਤਾ ਦੇ ਸਦੀਵੀ ਮੁੱਲਾਂ ਦੀ ਕਾਇਮੀ ਲਈ ਜੂਝਣਾ ਸਾਨੂੰ ਸਾਡੇ ਮਹਾਂਪੁਰਖਾਂ ਨੇ ਸਿਖਾਇਆ ਤੇ ਸਮਝਾਇਆ ਸੀ ਤੇ ਜ਼ੁਲਮ ਖ਼ਿਲਾਫ਼ ਡਟ ਜਾਣਾ ਸਾਡੀਆਂ ਰਗਾਂ ਵਿਚ ਪਾਇਆ।

ਦਸ ਪਾਤਸ਼ਾਹੀਆਂ ਵੱਲੋਂ ਇਸ ਦੇਸ਼ ਨੂੰ ਦਿੱਤੀ ਬੇਸ਼ਕੀਮਤੀ ਦੇਣ, ਗੌਰਵਮਈ ਸਭਿਆਚਾਰ, ਸ਼ਾਨਾਮੱਤੀ ਆਜ਼ਾਦੀ ਦੀ ਰਖਵਾਲੀ ਅਤੇ ਸਰਬੱਤ ਦੇ ਭਲੇ ਦੀ ਖੁੱਲ੍ਹੀ ਡੁੱਲ੍ਹੀ ਸੋਚ ਨੂੰ ਧਿਆਨਗੋਚਰੇ ਰੱਖਦਿਆਂ, ਸਾਡੇ ਬੰਦੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਛਾਤੀ ਸਾਨੂੰ ਤਾਂ ਵੱਡੀਗੁਰ ਵਿਚਾਰਾਂ 'ਤੇ ਲੋਕ ਰਾਜੀ ਕੇਂਦਰ ਦੀ ਭਾਜਪਾ ਸਰਕਾਰ ਨੂੰ ਇਨਸਾਫ਼ 'ਤੇ ਹਾਂ ਹੀ ਕਿ ਸਭ ਜੇਕਰ ਇਸ ਦਵੈਤੀ ਮਹਾਂਪੁਰਖ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਮੌਕੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਬਾਇੱਜ਼ਤ ਰਿਹਾਅ ਕੀਤਾ ਜਾਵੇ, ਜਿਨ੍ਹਾਂ ਨੇ ਇਸ ਦੇਸ਼ ਦੇ ਹਿੰਦੂ ਭਾਈਚਾਰੇ ਦੇ ਰੱਖਿਅਕ ਹੁੰਦਿਆਂ, ਉਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਰਖਵਾਲੀ ਲਈ ਆਪਣਾ ਤੇ ਆਪਣੇ ਸਮੁੱਚੇ ਪਰਿਵਾਰ ਨੂੰ ਕੁਰਬਾਨ ਕਰ ਦਿੱਤਾ ਸੀ। 'ਭੈ ਕਾਹੂ ਕੋ ਦੇਤਿ ਨ, ਨਹਿ ਭੈ ਮਾਨਤ ਆਨ' ਦੀ ਮਹਾਨ ਸਿੱਖਿਆ ਨੂੰ ਅਮਲੀ ਜਾਮਾ ਪਹਿਨਾ ਕੇ, ਉਸ ਗੁਰੂ ਦੀ ਨਾਯਾਬ, ਲਾਸਾਨੀ, ਬੇਜੋੜ, ਅਦੁੱਤੀ ਅਤੇ ਅਜ਼ੀਮ ਸ਼ਹਾਦਤ ਦਾ ਮੁੱਲ ਚੁਕਾਇਆ ਜਾ ਸਕਦਾ ਹੈ। ਨਿਰਸੰਦੇਹ, ਦੇਸ਼-ਵਿਦੇਸ਼ ਦੇ ਸਿੱਖਾਂ ਵਿਚ ਇਸ ਵੇਲੇ ਵੀ ਬੇਚੈਨੀ, ਨਿਰਾਸ਼ਾ, ਅਣਗੌਲਣਾ ਅਤੇ ਦੁਰਕਾਰੇ ਜਾਣ ਦਾ ਅਹਿਸਾਸ ਹੈ ਜੋ ਕਿ 1947 ਦੀ ਦੁੱਖਦਾਈ ਦੇਸ਼ ਵੰਡ ਦੇ ਸਮੇਂ ਤੋਂ ਲਗਾਤਾਰ ਪਨਪਦਾ ਆ ਰਿਹਾ ਹੈ। ਕੁੱਲ 2 ਫੀਸਦੀ ਆਬਾਦੀ ਵਾਲੀ ਜਾਂਬਾਜ਼ ਸਿੱਖ ਕੌਮ ਨੇ 85 ਫੀਸਦੀ ਯੋਗਦਾਨ ਦੇ ਕੇ ਇਸ ਦੇਸ਼ ਦੀ ਤਕਦੀਰ ਤੇ ਤਸਵੀਰ ਬਦਲੀ ਪਰ ਉਨ੍ਹਾਂ ਦੀ ਚੜ੍ਹਦੀਕਲਾ ਲਈ ਕੁਝ ਨਹੀਂ ਕੀਤਾ ਗਿਆ। ਗੋਰਤਮੰਦ, ਅਣਖੀ, ਸੂਰਮੇ ਤੇ ਮਿਹਨਤੀ ਪੰਜਾਬੀਆਂ ਨੂੰ ਦੇਸ਼ ਦੇ ਹਰਨਾਂ ਲੋਕਾਂ ਵਰਗੀਆਂ ਸਹੂਲਤਾਂ, ਦਰਜਾ ਅਤੇ ਸਨਮਾਨ ਨਹੀਂ ਨਸੀਬ ਹੋਇਆ। ਇਸ ਇਤਿਹਾਸਕ ਸ਼ਹੀਦੀ ਸ਼ਤਾਬਦੀ ਮੌਕੇ ਸਾਰੇ ਗਿਲੇ ਸ਼ਿਕਵੇ, ਰੋਸ ਮਨਾਵੇ ਅਤੇ ਨਾਰਾਜ਼ਗੀਆਂ ਛੱਡ ਕੇ, ਸਰਕਾਰਾਂ ਨੂੰ ਸਿੱਖਾਂ ਨੂੰ ਕਲਾਵੇ 'ਚ ਲੈਣ ਦੀ ਫੌਰੀ ਲੋੜ ਹੈ। ਅਜਿਹਾ ਹੋਣ ਉਪਰੰਤ ਹੀ ਸਾਨੂੰ ਅਹਿਸਾਸ ਹੋ ਸਕੇਗਾ ਕਿ ਸਿੱਖਾਂ ਦੀ ਵੀ ਕੋਈ 'ਸਮਰੱਥ ਅਥਾਰਿਟੀ' ਹੈ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਚੜ੍ਹਦੀਕਲਾ

ਐਤਵਾਰ, 24 ਅਗਸਤ, 2025 Sunday, 24 August, 2025

# ਪਰਵਾਸ ਅਤੇ ਪੰਜਾਬ




■ ਪਰਵੀਨ ਕੌਰ ਸਿੱਧੂ

ਮਨੁੱਖ ਦਾ ਪਰਵਾਸ ਕਰਨਾ ਕੋਈ ਨਵਾਂ ਨਹੀਂ ਹੈ, ਪਰ ਹਰ ਕੋਈ ਇਸ ਨੂੰ ਆਪਣੇ-ਆਪਣੇ ਨਜ਼ਰੀਏ ਨਾਲ ਦੇਖਦਾ ਹੈ ਅਤੇ ਆਪਣੇ ਵਿਚਾਰਾਂ ਅਨੁਸਾਰ ਸਹੀ ਜਾਂ ਗ਼ਲਤ ਠਹਿਰਾਉਂਦਾ ਹੈ। ਮਨੁੱਖ ਅੰਦਰ ਕੁਝ ਜਾਣਨ ਅਤੇ ਨਵਾਂ ਕਰਨ ਦੀ ਜਗਿਆਸਾ ਨੇ ਹੀ ਇਸ ਨੂੰ ਇੱਕ ਥਾਂ 'ਤੇ ਟਿਕ ਕੇ ਬੈਠਣ ਨਹੀਂ ਦਿੱਤਾ। ਉਂਝ ਤਾਂ ਮਨੁੱਖ ਦਾ ਪਰਵਾਸ ਕਰਨ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇੱਕ ਧਰਤੀ ਤੋਂ ਦੂਜੀ ਧਰਤੀ 'ਤੇ ਜਾਣਾ ਉਸ ਨੂੰ ਅਤੇ ਉੱਥੋਂ ਦੇ ਲੋਕਾਂ ਨੂੰ ਸਮਝਣਾ ਅਤੇ ਵੇਖਣਾ ਚਾਖਣਾ ਇਨਸਾਨੀ ਬਿਰਤੀ ਹੈ। ਮਨੁੱਖ ਦਾ ਕਿਸੇ ਵਰਗੇ ਹੋ ਜਾਣਾ ਜਾਂ ਕਿਸੇ ਨੂੰ ਆਪਣੇ ਰੰਗ ਵਿੱਚ ਰੰਗ ਲੈਣਾ, ਇਹ ਸਿਲਸਿਲਾ ਬੜਾ ਪੁਰਾਣਾ ਹੈ। ਇਹ ਪਰਵਾਸ ਹੀ ਹੈ, ਜਿਸ ਕਾਰਨ ਮਨੁੱਖ ਨੇ ਏਨੀਆਂ ਖੋਜਾਂ ਕੀਤੀਆਂ ਹਨ ਅਤੇ ਤਰੱਕੀ ਕੀਤੀ ਹੈ।

ਜਦੋਂ ਮਨੁੱਖ ਪਰਵਾਸ ਕਰਦਾ ਹੈ ਤਾਂ ਇਸ ਲਈ ਉਸ ਨੂੰ ਦੁੱਖ, ਕਸ਼ਟ, ਮੁਸੀਬਤਾਂ ਅਤੇ ਔਖਿਆਈਆਂ ਵੀ ਸਹਿਣੀਆਂ ਪੈਂਦੀਆਂ ਹਨ। ਇਨ੍ਹਾਂ ਔਖਿਆਈਆਂ, ਮੁਸੀਬਤਾਂ ਅਤੇ ਕਸ਼ਟਾਂ ਵਿੱਚੋਂ ਹੀ ਕੁਝ ਨਵਾਂ ਨਿਕਲ ਕੇ ਸਾਹਮਣੇ ਆਉਂਦਾ ਹੈ, ਜੋ ਖ਼ਾਸ ਬਣ ਜਾਂਦਾ ਹੈ ਅਤੇ ਇਸੇ ਖ਼ਾਸ ਨੂੰ ਹੀ ਫਿਰ ਦੁਨੀਆ ਸਲਾਮ ਕਰਦੀ ਹੈ।

ਇਸ ਧਰਤੀ 'ਤੇ ਮਨੁੱਖ ਇਕੱਲਾ ਹੀ ਜੀਵ ਹੈ, ਜਿਸ ਨੇ ਆਪਣੇ ਚੇਤੰਨ ਅਤੇ ਤੇਜ਼ ਦਿਮਾਗ਼ ਕਾਰਨ ਬਹੁਤਿਆਂ ਜੀਵਾਂ ਉੱਪਰ ਆਪਣਾ ਅਧਿਕਾਰ ਜਮਾਇਆ ਅਤੇ ਨਵੀਆਂ-ਨਵੀਆਂ ਖੋਜਾਂ ਕਰਕੇ ਕਮਾਲ ਕਰ ਦਿੱਤੀ ਹੈ। ਜੀਵਨ ਨੂੰ ਹੋਰ ਸੁਖਾਲਾ ਬਣਾਇਆ ਹੈ। ਮਨੁੱਖ ਨੇ ਲਗਾਤਾਰ ਕੁਝ ਨਾ ਕੁਝ ਸਿੱਖਣ ਦੀ ਲੜੀ ਨੂੰ ਬਰਕਰਾਰ ਰੱਖਿਆ ਹੈ।

ਜੰਗਲਾਂ ਦੀ ਧਰਤੀ ਤੋਂ ਨਿਕਲ ਕੇ ਇਨਸਾਨ ਨੇ ਪੱਧਰੀ ਜ਼ਮੀਨ ਵੱਲ ਰੁਖ਼ ਹੀ ਨਹੀਂ ਕੀਤਾ ਸਗੋਂ ਜ਼ਮੀਨ ਨੂੰ ਪੱਧਰੀ ਕਰਕੇ ਅਤੇ ਅਨਾਜ ਉਗਾਉਣ ਦੇ ਕਾਬਲ ਬਣਾਇਆ। ਕੁਦਰਤ ਦੀਆਂ ਬਾਰੀਕੀਆਂ ਨੂੰ ਸਮਝਿਆ। ਢਿੱਡ ਦੀ ਭੁੱਖ ਨੂੰ ਮਿਟਾਉਣ ਲਈ ਨਵੀਆਂ ਨਵੀਆਂ ਫ਼ਸਲਾਂ ਪੈਦਾ ਕੀਤੀਆਂ। ਇਸ ਦੇ ਨਾਲ ਹੀ ਪਾਣੀ ਦੇ ਕਿਨਾਰਿਆਂ 'ਤੇ ਜੀਵਨ ਬਸਰ ਕਰਨਾ ਸ਼ੁਰੂ ਕੀਤਾ, ਕਿਉਂਕਿ ਪਾਣੀ ਮਨੁੱਖ ਦੀ ਪਹਿਲੀ ਲੋੜ ਹੈ। ਮਨੁੱਖੀ ਦਿਮਾਗ਼ ਨੇ ਆਪਣੀ ਸੋਚ-ਸਮਝ ਮੁਤਾਬਕ ਜੀਵਨ ਨੂੰ ਬਿਹਤਰੀ ਵੱਲ ਲਿਜਾਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਇਨਸਾਨ ਇਨ੍ਹਾਂ ਕੋਸ਼ਿਸ਼ਾਂ ਵਿੱਚ ਕਾਮਯਾਬ ਵੀ ਹੋਇਆ। ਮਨੁੱਖ ਅੰਦਰ ਕੁਝ ਕਰਨ ਦੀ ਜਗਿਆਸਾ ਹੀ ਉਸ ਨੂੰ ਅਗਾਂਹ ਵਧਾਉਂਦੀ ਹੈ। ਪਾਣੀ ਦੇ ਕਿਨਾਰਿਆਂ 'ਤੇ ਬੈਠ ਕੇ ਰੋਸ਼ਨੀ ਦਾ ਨਿਰਮਾਣ ਕਰਨਾ ਅਤੇ ਹਰ ਘਰ ਨੂੰ ਜਗਮਗ ਕਰਨਾ ਇਹ ਮਨੁੱਖ ਦੀ ਉੱਜਲ ਸੋਚ ਦਾ ਪ੍ਰਮਾਣ ਹੈ। ਅੱਗ ਦੀ ਖੋਜ ਕੀਤੀ ਅਤੇ ਕੱਚੇ ਅਨਾਜ ਤੋਂ ਪੱਕੇ ਵੱਲ ਨੂੰ ਹੋ ਤੁਰਿਆ। ਹੁਣ ਤਾਂ ਇਸ ਨੇ ਕਮਾਲ ਹੀ ਕਰ ਦਿੱਤੀ ਹੈ, ਖਾਣ-ਪੀਣ, ਰਹਿਣ-ਸਹਿਣ, ਪਹਿਨਣ ਵਿੱਚ ਲਾਜਵਾਬ ਤਰੱਕੀ ਕੀਤੀ ਹੈ। ਜੇਕਰ ਸਾਡੇ ਦਾਇਰੇ ਸੀਮਤ ਹੋਣਗੇ ਤਾਂ ਫਿਰ ਵਿਕਾਸ ਨਹੀਂ ਹੁੰਦਾ। ਕੁਝ ਸਿੱਖਣ ਲਈ ਘਰ ਤੋਂ ਬਾਹਰ ਨਿਕਲਣਾ ਪੈਂਦਾ ਹੈ ਅਤੇ ਇਸੇ ਨੂੰ ਹੀ ਪਰਵਾਸ ਕਿਹਾ ਜਾਂਦਾ ਹੈ।

ਇਨਸਾਨ ਸ਼ੁਰੂ ਤੋਂ ਹੀ ਪਰਵਾਸ ਕਰਦਾ ਆਇਆ ਹੈ। ਇਨਸਾਨ ਨੇ ਪਿੰਡਾਂ ਤੋਂ ਸ਼ਹਿਰਾਂ ਤੱਕ ਦਾ ਪਰਵਾਸ ਵੀ ਚੰਗੀ ਸਿੱਖਿਆ ਅਤੇ ਸਹੂਲਤਾਂ ਲਈ ਕੀਤਾ। ਇਸੇ ਕਰਕੇ ਮਨੁੱਖ ਨੇ ਵਿਕਾਸ ਕੀਤਾ ਹੈ ਅਤੇ ਕਈ ਕੁਝ ਸਿੱਖਿਆ ਵੀ ਹੈ। ਇੱਕ ਦੂਸਰੇ ਨੂੰ ਦੇਖ ਕੇ ਸਿੱਖਣ ਦੀ ਪ੍ਰਕਿਰਿਆ ਹੀ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਸਿਆਣਿਆਂ ਨੇ ਵੀ ਕਿਹਾ ਹੈ, 'ਸਾੜੇ ਨਾਲੋਂ ਰੀਸ ਚੰਗੀ' ਸੋ ਮਨੁੱਖ ਦੀ ਰੀਸ ਕਰਨ ਦੀ ਆਦਤ ਪੁਰਾਣੀ ਹੈ। ਵਧੀਆ ਨੂੰ ਦੇਖ ਕੇ ਹਮੇਸ਼ਾਂ ਮਨ ਵਿੱਚ ਆਪ ਵੀ ਵਧੀਆ ਅਤੇ ਸੁੱਖ ਸਹੂਲਤਾਂ ਵਾਲਾ ਜੀਵਨ ਜਿਊਣ ਨੂੰ ਦਿਲ ਕਰਦਾ ਹੈ। ਅਸੀਂ ਜਿੰਨੇ ਵੱਧ ਲੋਕਾਂ ਨੂੰ ਜਾਣਾਂਗੇ, ਜਿੰਨੀ ਵੱਧ ਸੱਭਿਅਤਾ ਅਤੇ ਸੰਸਕ੍ਰਿਤੀ ਨਾਲ ਜੁੜਾਂਗੇ ਸਾਡੇ ਗਿਆਨ ਵਿੱਚ ਵੱਖ-ਵੱਖ ਪਹਿਲੂਆਂ ਦੇ ਹਿਸਾਬ ਨਾਲ ਵਾਧਾ ਹੋਵੇਗਾ। ਰੋਜ਼ੀ-ਰੋਟੀ ਅਤੇ ਸੁੱਖ ਸਹੂਲਤਾਂ ਦੀ ਭਾਲ ਵਿੱਚ ਇਨਸਾਨ ਸ਼ੁਰੂ ਤੋਂ ਹੀ ਲੱਗਾ ਰਿਹਾ ਹੈ। ਇਸੇ ਕਰਕੇ ਸਦੀਆਂ ਤੋਂ ਪਰਵਾਸ ਦੀ ਬਿਰਤੀ ਬਣੀ ਹੋਈ ਹੈ ਅਤੇ ਅੱਗੇ ਵੀ ਬਣੀ ਰਹੇਗੀ।

> ਇਨਸਾਨ ਸ਼ੁਰੂ ਤੋਂ ਹੀ ਪਰਵਾਸ ਕਰਦਾ ਆਇਆ ਹੈ। ਇਨਸਾਨ ਨੇ ਪਿੰਡਾਂ ਤੋਂ ਸ਼ਹਿਰਾਂ ਤੱਕ ਦਾ ਪਰਵਾਸ ਵੀ ਚੰਗੀ ਸਿੱਖਿਆ ਅਤੇ ਸਹੂਲਤਾਂ ਲਈ ਕੀਤਾ। ਇਸੇ ਕਰਕੇ ਮਨੁੱਖ ਨੇ ਵਿਕਾਸ ਕੀਤਾ ਹੈ ਅਤੇ ਕਈ ਕੁਝ ਸਿੱਖਿਆ ਵੀ ਹੈ। ਇੱਕ ਦੂਸਰੇ ਨੂੰ ਦੇਖ ਕੇ ਸਿੱਖਣ ਦੀ ਪ੍ਰਕਿਰਿਆ ਹੀ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਸਿਆਣਿਆਂ ਨੇ ਵੀ ਕਿਹਾ ਹੈ, 'ਸਾੜੇ ਨਾਲੋਂ ਰੀਸ ਚੰਗੀ' ਸੋ ਮਨੁੱਖ ਦੀ ਰੀਸ ਕਰਨ ਦੀ ਆਦਤ ਪੁਰਾਣੀ ਹੈ। ਵਧੀਆ ਨੂੰ ਦੇਖ ਕੇ ਹਮੇਸ਼ਾਂ ਮਨ ਵਿੱਚ ਆਪ ਵੀ ਵਧੀਆ ਅਤੇ ਸੁੱਖ ਸਹੂਲਤਾਂ ਵਾਲਾ ਜੀਵਨ ਜਿਊਣ ਨੂੰ ਦਿਲ ਕਰਦਾ ਹੈ।

ਕਈ ਵਾਰ ਪਰਵਾਸ ਕਰਨਾ ਮਜਬੂਰੀ ਵੀ ਹੁੰਦਾ ਹੈ। ਹਾਲਾਤ ਹੱਥੋਂ ਮਜਬੂਰ ਹੋ ਕੇ ਵੀ ਇਨਸਾਨ ਪਰਵਾਸ ਕਰਦਾ ਹੈ। ਜਦੋਂ ਕਿਸੇ ਦੇਸ਼ ਵਿੱਚ ਕੋਈ ਕੁਦਰਤੀ ਕਰੋਪੀ ਆ ਜਾਵੇ, ਤਾਂ ਵੀ ਪਰਵਾਸ ਦੀ ਸਥਿਤੀ ਬਣ ਜਾਂਦੀ ਹੈ। ਦੋਹਾਂ ਦੇਸ਼ਾਂ ਵਿਚਕਾਰ ਜੇਕਰ ਜੰਗ-ਯੁੱਧ ਲੱਗ ਜਾਣ ਤਾਂ ਇਸ ਕਰਕੇ ਵੀ ਇੱਕ ਦੇਸ਼ ਤੋਂ ਲਾਗਲੇ ਗੁਆਂਢੀ ਦੇਸ਼ਾਂ ਵਿੱਚ ਜਾ ਕੇ ਸ਼ਰਨ ਲੈਣ ਨੂੰ ਵੀ ਪਰਵਾਸ ਹੀ ਕਹਿ ਸਕਦੇ ਹਾਂ। ਕਿਸੇ ਦੇਸ਼ ਵਿੱਚ ਭੁੱਖਮਰੀ, ਸੋਕਾ ਜਾਂ ਫਿਰ ਕਿਸੇ ਵੀ ਆਫ਼ਤ ਸਮੇਂ ਪਰਵਾਸ ਦੀ ਸਥਿਤੀ ਬਣਦੀ ਹੈ। ਫਿਰ ਜਿੱਥੇ ਇਨਸਾਨ ਲਗਾਤਾਰ ਰਹਿਣ ਲੱਗ ਪਵੇ, ਉਸ ਦਾ ਉੱਥੋਂ ਦੇ ਪੌਣ-ਪਾਣੀ ਅਤੇ ਵਾਤਾਵਰਨ ਦਾ ਆਦੀ ਹੋ ਜਾਣਾ ਸੁਭਾਵਿਕ ਹੈ। ਭਾਈਚਾਰਕ ਅਤੇ ਇਨਸਾਨੀਅਤ ਦੀ ਸਾਂਝ ਦੇ ਮੱਦੇਨਜ਼ਰ ਹਰੇਕ ਦੇਸ਼ ਇੱਕ ਦੂਸਰੇ ਦੇ ਆਮ ਲੋਕਾਂ ਦੀ ਮਦਦ ਕਰਦਾ ਆਇਆ ਹੈ, ਕਿਉਂਕਿ ਜੰਗਾਂ-ਯੁੱਧਾਂ ਵਿੱਚ ਆਮ ਲੋਕਾਂ ਅਤੇ ਜਨਤਾ ਦਾ ਹੀ ਨੁਕਸਾਨ ਹੁੰਦਾ ਹੈ। ਪਰਵਾਸ ਮਨੁੱਖੀ ਸਰੀਰ ਨੂੰ ਸੁੱਖ ਦੇਣ ਲਈ ਅਤੇ ਆਤਮਾ ਨੂੰ ਸੰਤੁਸ਼ਟੀ ਦੇਣ ਲਈ ਕੀਤਾ ਜਾਂਦਾ ਹੈ।

ਰਾਜਿਆਂ-ਮਹਾਰਾਜਿਆਂ ਤੋਂ ਲੈ ਕੇ ਅੱਜ ਦੇ ਹਾਕਮਾਂ ਦਾ ਵੀ ਇਹੀ ਹਾਲ ਹੈ ਕਿ ਉਨ੍ਹਾਂ ਨੇ ਆਪਣੀ ਬਿਹਤਰੀ ਲਈ ਦੂਸਰੀ ਧਰਤੀ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਅਮੀਰ ਹੋਰ ਅਮੀਰ ਬਣਨ ਦੀ ਹੋੜ ਵਿੱਚ ਵੀ ਪਰਵਾਸ ਕਰਦਾ ਹੈ ਅਤੇ ਗ਼ਰੀਬ ਆਪਣੀ ਸਮਰੱਥਾ ਅਨੁਸਾਰ ਜ਼ਰੂਰਤਾਂ ਪੂਰੀਆਂ ਕਰਨ ਲਈ ਵੀ ਪਰਵਾਸ ਕਰਦਾ ਹੈ। ਹਮੇਸ਼ਾਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਆਏ ਹਨ। ਅੱਗੇ ਤੋਂ ਵੀ ਇਹ ਦੋ ਪਹਿਲੂ ਹੀ ਰਹਿਣਗੇ।

ਆਪਣੇ ਸਰੀਰ ਨੂੰ ਸੁੱਖ ਦੇਣ ਲਈ ਅਤੇ ਆਤਮਾ ਦੀ ਤ੍ਰਿਪਤੀ ਲਈ ਵੀ ਇਨਸਾਨ ਪਰਵਾਸ ਕਰਦਾ ਹੈ। ਪੁਰਾਣੇ ਸਮੇਂ ਵਿੱਚ ਵੀ ਜੰਗਲਾਂ ਵਿੱਚ ਜਾ ਕੇ ਭਗਤੀ ਕਰਨੀ, ਉੱਥੇ ਜਾ ਕੇ ਰਹਿਣਾ ਅਤੇ ਆਪਣੇ ਜੀਵਨ ਵਿੱਚ ਉਹੋ ਜਿਹੇ ਹਾਲਾਤ ਨਾਲ ਲੜਨ ਦੀ ਸ਼ਕਤੀ ਪੈਦਾ ਕਰਨਾ ਤਾਂ ਕਿ ਮਨ ਨੂੰ ਸੋਧਿਆ ਜਾ ਸਕੇ। ਇਸ ਕਰਕੇ ਹਰੇਕ ਇਨਸਾਨ ਦਾ ਪਰਵਾਸ ਕਰਨ ਦਾ ਤਰੀਕਾ ਅਤੇ ਮਕਸਦ ਵੱਖਰਾ-ਵੱਖਰਾ ਹੁੰਦਾ ਹੈ। ਜ਼ਿੰਦਗੀ ਨੂੰ ਬਿਹਤਰੀਨ ਤਰੀਕੇ ਨਾਲ ਬਿਤਾਉਣ ਲਈ ਇਨਸਾਨ ਨੇ ਹਮੇਸ਼ਾਂ ਹੀਲੇ-ਵਸੀਲੇ ਕੀਤੇ ਹਨ। ਇਸੇ ਕੜੀ ਤਹਿਤ ਪੰਜਾਬੀਆਂ ਨੇ ਵੀ ਪਰਵਾਸ ਕੀਤਾ ਹੈ, ਪਰ ਜਿਸ ਹਿਸਾਬ ਨਾਲ ਅੰਕੜੇ ਸਾਹਮਣੇ ਆ ਰਹੇ ਹਨ, ਬਹੁਤ ਹੀ ਭਾਰੀ ਗਿਣਤੀ ਵਿੱਚ ਪੰਜਾਬੀਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਪਰਵਾਸ ਕੀਤਾ ਹੈ। ਕੁਝ ਹਾਲਾਤ ਹੱਥੋਂ ਮਜਬੂਰ ਹੋ ਗਏ ਅਤੇ ਕਈਆਂ ਨੂੰ ਸਰਕਾਰਾਂ, ਦੁਨੀਆਦਾਰਾਂ ਅਤੇ ਆਪਣਿਆਂ ਦੇ ਕਰਕੇ ਵੀ ਪਰਵਾਸ ਕਰਨਾ ਪਿਆ।

ਪਰਵਾਸ ਦੇ ਕਈ ਕਾਰਨ ਹੋ ਸਕਦੇ ਹਨ, ਪਰ ਮੁੱਖ ਤੌਰ 'ਤੇ ਜੋ ਕਾਰਨ ਹਨ, ਉਹ ਹੈ ਬੇਰੁਜ਼ਗਾਰੀ ਅਤੇ ਮਾੜਾ ਸਿਸਟਮ। ਸਮੇਂ ਅਨੁਸਾਰ ਸਹੀ ਤਨਖਾਹ 'ਤੇ ਕੰਮ ਨਾ ਮਿਲਣਾ। ਪੜ੍ਹ ਲਿਖ ਕੇ ਵੀ ਦੁਸ਼ਵਾਰੀਆਂ ਭਰਪੂਰ ਜ਼ਿੰਦਗੀ ਬਤੀਤ ਕਰਨੀ। ਸ਼ਰੀਕੇ ਬਰਾਦਰੀ ਦੀ ਵੇਖੋ ਵੇਖੀ ਆਦਿ ਕਈ ਕਾਰਨ ਹਨ। ਇਹ ਤਾਂ ਸਾਨੂੰ ਪਤਾ ਹੀ ਹੈ ਕਿ ਪੰਜਾਬੀ ਜਿਸ ਪਾਸੇ ਵੀ ਉੱਲਰਦੇ ਹਨ, ਉਸ ਪਾਸੇ ਪੂਰੀ ਸ਼ਿੱਦਤ ਨਾਲ ਜਾਂਦੇ ਹਨ। ਪੰਜਾਬੀਆਂ ਨੇ ਰਿਕਾਰਡ ਤੋੜ ਪਰਵਾਸ ਕੀਤਾ ਹੈ। ਪੜ੍ਹਾਈ ਦੇ ਤੌਰ 'ਤੇ ਬਾਹਰ ਜਾਂਦੇ ਬੱਚੇ ਉੱਥੇ ਜਾ ਕੇ ਵਧੀਆ ਜ਼ਿੰਦਗੀ ਦੀ ਆਸ ਵਿੱਚ ਉਲਝ ਜਾਂਦੇ ਹਨ। ਕਈ ਵਿਦਿਆਰਥੀਆਂ ਨੇ ਬੜੀਆਂ ਮੱਲਾਂ ਵੀ ਮਾਰੀਆਂ ਹਨ, ਪਰ ਕਈਆਂ ਨੂੰ ਉੱਥੇ ਜਾ ਕੇ ਰੁਲਣਾ ਵੀ ਪਿਆ ਹੈ। ਕਿਤੇ ਵੀ ਜਾਓ, ਜ਼ਿੰਦਗੀ ਦੇ ਦੋਵੇਂ ਪੱਖ ਸਾਹਮਣੇ ਆਉਂਦੇ ਹਨ। ਚੰਗਾ ਵੀ ਅਤੇ ਮਾੜਾ ਵੀ। ਇਨਸਾਨ ਦੀ ਆਦਤ ਹੈ ਕਿ ਉਹ ਚੰਗੇ ਪੱਖ ਵੱਲ ਘੱਟ ਜਾਂਦਾ ਹੈ ਅਤੇ ਮਾੜੇ ਪੱਖ ਵੱਲ ਜ਼ਿਆਦਾ ਜਾਂਦਾ ਹੈ। ਰਹੀ ਗੱਲ ਸੰਘਰਸ਼ ਦੀ, ਉਹ ਤਾਂ ਕਿਤੇ ਵੀ ਚਲੇ ਜਾਓ, ਆਪਣੇ ਹਿੱਸੇ ਦਾ ਸੰਘਰਸ਼ ਤਾਂ ਕਰਨਾ ਹੀ ਪੈਣਾ ਹੈ।

ਪਰਵਾਸ ਤਾਂ ਪੰਜਾਬੀ ਪਹਿਲਾਂ ਵੀ ਕਰਦੇ ਸਨ, ਪਰ ਮੇਰੇ ਹਿਸਾਬ ਨਾਲ 1984 ਦੇ ਦੌਰ ਤੋਂ ਬਾਅਦ 90ਵਿਆਂ ਦੇ ਦਹਾਕੇ ਵਿੱਚ ਪੰਜਾਬੀਆਂ ਨੇ ਮਜਬੂਰੀ ਵੱਸ ਪਰਵਾਸ ਕੀਤਾ, ਜੋ ਅੱਜ ਬਹੁਤ ਹੱਦ ਤੱਕ ਸ਼ੌਕ ਅਤੇ ਲਾਲਚ ਬਣ ਚੁੱਕਾ ਹੈ। ਆਪਣੀਆਂ ਜੱਦੀ ਜ਼ਮੀਨਾਂ ਵੇਚ ਕੇ ਭਾਰੀ ਕਰਜ਼ੇ ਚੁੱਕ ਕੇ ਵਿਦੇਸ਼ ਦੀ ਧਰਤੀ 'ਤੇ ਜਾ ਕੇ ਪੜ੍ਹਨਾ ਅਤੇ ਫਿਰ ਸੈੱਟ ਹੋਣ ਲਈ ਹਰ ਪੰਜਾਬੀ ਕਾਹਲਾ ਹੈ। ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਬਿਹਤਰ ਸਿੱਖਿਆ ਅਤੇ ਜੀਵਨ ਦੇਣਾ ਚਾਹੁੰਦਾ ਹੈ। ਇਸ ਲਈ ਚਾਹੇ ਉਨ੍ਹਾਂ ਨੂੰ ਕਿੰਨੀਆਂ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਜਾਵੇ, ਉਹ ਕਰਦੇ ਹਨ। ਪਰਵਾਸ ਕਰਨਾ ਬੁਰਾ ਨਹੀਂ ਹੈ। ਪਰਵਾਸ ਕਰਨ ਦਾ ਤਰੀਕਾ ਬੁਰਾ ਹੋ ਸਕਦਾ ਹੈ ਕਿ ਅਸੀਂ ਕਿਸੇ ਲਾਲਸਾ ਵੱਸ ਮੁਸੀਬਤ ਵਿੱਚ ਤਾਂ ਨਹੀਂ ਫਸ ਰਹੇ। ਸਹੀ ਤਰੀਕੇ ਅਤੇ ਸੋਚ ਨਾਲ ਕੀਤਾ ਪਰਵਾਸ ਗ਼ਲਤ ਨਹੀਂ ਹੁੰਦਾ।

ਮੁਸ਼ਕਲਾਂ ਤਾਂ ਹਰ ਜਗ੍ਹਾ ਆਉਂਦੀਆਂ ਹਨ। ਜ਼ਿੰਦਗੀ ਏਨੀ ਵੀ ਸੌਖੀ ਨਹੀਂ ਹੈ, ਜਿੰਨੀ ਕਿ ਅਸੀਂ ਇਸ ਨੂੰ ਸਮਝਦੇ ਹਾਂ ਅਤੇ ਏਨੀ ਵੀ ਔਖੀ ਨਹੀਂ ਹੈ, ਜਿੰਨੀ ਅਸੀਂ ਇਸ ਨੂੰ ਬਣਾ ਲਿਆ ਹੈ। ਦੂਸਰਾ ਸਾਡੇ ਸਿਸਟਮ ਵਿੱਚ ਕਈ ਤਰ੍ਹਾਂ ਦੀਆਂ ਕਮੀਆਂ ਹਨ ਕਿ ਜੋ ਵਿਅਕਤੀ ਹੱਕ-ਸੱਚ ਦੀ ਗੱਲ ਕਰੇ, ਉਸ ਨੂੰ ਸਜ਼ਾ ਅਤੇ ਫਾਂਸੀ ਮਿਲਦੀ ਹੈ। ਕਾਨੂੰਨ ਵਿੱਚ ਕਈ ਚੋਰ ਮੋਰੀਆਂ ਹਨ। ਮਾੜੇ ਲਈ ਰੁਪਈਏ ਦੀ ਚੋਰੀ ਦੀ ਵੀ ਸਜ਼ਾ ਹੈ ਅਤੇ ਤਕੜੇ ਲਈ ਅਰਬਾਂ ਰੁਪਈਏ ਦੇ ਘਪਲੇ ਵੀ ਕੋਈ ਮਾਅਨਾ ਨਹੀਂ ਰੱਖਦੇ। ਜਿਸ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਘਪਲੇਬਾਜ਼ ਹੋਣ, ਪਰ ਉਨ੍ਹਾਂ ਉੱਪਰ ਕੋਈ ਕੇਸ ਦਰਜ ਨਾ ਹੋਵੇ, ਫਿਰ ਅਸੀਂ ਇਸ ਸਿਸਟਮ ਤੋਂ ਜ਼ਰੂਰ ਭੱਜਾਂਗੇ। ਬਾਹਰ ਗਏ ਸਿਰਫ਼ ਵਧੀਆ ਸਿਸਟਮ ਕਰਕੇ ਹੀ ਵਾਪਸ ਨਹੀਂ ਆਉਂਦੇ। ਚਾਹੇ ਦਿਹਾੜੀ ਵੀ ਕਰਨੀ ਪਵੇ, ਗੁਜ਼ਾਰਾ ਤਾਂ ਹੋ ਜਾਂਦਾ ਹੈ। ਮਾਪਿਆਂ ਦੇ ਮਨਾਂ ਵਿੱਚ ਬੇਰੁਜ਼ਗਾਰੀ, ਅਪਰਾਧ, ਨਸ਼ੇ ਅਤੇ ਕਈ ਹੋਰ ਗੱਲਾਂ ਹਨ, ਜਿਨ੍ਹਾਂ ਕਰਕੇ ਉਹ ਮਜਬੂਰੀ ਵੱਸ ਆਪਣੇ ਬੱਚਿਆਂ ਨੂੰ ਬਾਹਰ ਭੇਜ ਕੇ ਖ਼ੁਸ਼ ਹਨ।

ਕੁਝ ਕੁ ਲੋਕ ਪਰਵਾਸ ਦੇ ਵਿਰੋਧ ਵਿੱਚ ਵੀ ਹਨ, ਪਰ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਪਰਵਾਸ ਲਈ

ਬਾਕੀ ਸਫ਼ਾ 6 'ਤੇ



# ਫੁੱਲ ਵੇ ਗੁਲਾਬ ਦਿਆ

ਬਲਜਿੰਦਰ ਮਾਨ

ਫੁੱਲਾਂ ਦੀ ਦੁਨੀਆ ਵਿੱਚ ਗੁਲਾਬ ਦੇ ਫੁੱਲ ਦਾ ਅਨੋਖਾ ਸਥਾਨ ਹੈ। ਇਸ ਨੂੰ ਫੁੱਲਾਂ ਦਾ ਬਾਦਸ਼ਾਹ ਵੀ ਮੰਨਿਆ ਗਿਆ ਹੈ। ਇਸ ਦੀਆਂ ਖ਼ੂਬੀਆਂ ਬਾਕੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ। ਇਹ ਪਿਆਰ, ਖ਼ੁਸ਼ੀ ਤੇ ਆਨੰਦ ਦਾ ਪ੍ਰਤੀਕ ਹੈ। ਸ਼ਾਇਦ ਇਸੇ ਕਰਕੇ ਚਾਚਾ ਨਹਿਰੂ ਦੇ ਕੋਟ ਦਾ ਇਹ ਫੁੱਲ ਹਮੇਸ਼ਾਂ ਸ਼ਿੰਗਾਰ ਰਿਹਾ ਹੈ। ਪਹਿਲੇ ਪਹਿਲ ਗੁਲਾਬ ਦਾ ਪੌਦਾ ਵੀ ਇੱਕ ਜੰਗਲੀ ਪੌਦਾ ਹੀ ਸੀ। ਪੰਜ ਪੱਤੀਆਂ ਵਾਲਾ ਇਹ ਸਾਧਾਰਨ ਜਿਹਾ ਫੁੱਲ ਅਤੇ ਪੌਦਾ ਸੀ, ਪਰ ਬਾਅਦ ਵਿੱਚ ਇਸ ਦੀਆਂ ਕਿਸਮਾਂ ਅਤੇ ਸੁੰਦਰਤਾ ਵਿੱਚ ਵੰਨ-ਸੁਵੰਨਤਾ ਆਉਣ ਲੱਗੀ। ਇਸ ਦੀ ਖ਼ੁਸ਼ਬੂ ਅਤੇ ਸੁੰਦਰਤਾ ਕਰਕੇ ਪੌਰਾਣਿਕ ਕਥਾਵਾਂ ਅਤੇ ਕਵਿਤਾਵਾਂ ਵਿੱਚ ਇਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਕਿੱਸਿਆਂ, ਕਹਾਣੀਆਂ, ਹੁਨਰ, ਕਲਾ ਅਤੇ ਚਿੱਤਰਾਂ ਵਿੱਚ ਇਸ ਦੇ ਰੰਗਾਂ ਦੀ ਮਹਿਕ ਬਿਖਰੀ ਮਿਲਦੀ ਹੈ। ਲੋਕ ਗੀਤਾਂ ਵਿੱਚ ਵੀ ਇਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ;

ਫੁੱਲਾਂ 'ਚ ਫੁੱਲ ਗੁਲਾਬ ਨੀਂ ਸਹੀਓ
ਦੇਸ਼ਾਂ 'ਚੋਂ ਦੇਸ਼ ਪੰਜਾਬ ਨੀਂ ਸਈਓ।

ਵਿਗਿਆਨੀਆਂ ਦੀ ਦਹਾਕਿਆਂ ਦੀ ਮਿਹਨਤ ਸਦਕਾ ਅੱਜ ਅਨੇਕਾਂ ਰੰਗਾਂ ਦੇ ਗੁਲਾਬ ਪੈਦਾ ਕੀਤੇ ਜਾ ਰਹੇ ਹਨ। ਬੇਬੀ ਗੁਲਾਬ ਕੁਝ ਸੈਂਟੀਮੀਟਰਾਂ ਦੇ ਹੀ ਹੁੰਦੇ ਹਨ ਜਦੋਂਕਿ ਇਨ੍ਹਾਂ ਦੇ ਅੱਜਕੱਲ੍ਹ ਰੁੱਖ ਵੀ ਤਿਆਰ ਕਰ ਲਏ ਗਏ ਹਨ। ਗੁਲਾਬ ਦੀਆਂ ਬੇਲਾਂ ਦਾ ਆਪਣਾ ਹੀ ਮਹੱਤਵ ਹੈ। ਪੈਰਿਸ ਵਿੱਚ ਗੁਲਾਬ ਦਾ ਮਸ਼ਹੂਰ ਬਾਗ਼ ਹੈ ਜਦਕਿ ਯੂਰਪ ਵਿੱਚ ਗੁਲਾਬ ਦੀਆਂ ਅਨੇਕਾਂ ਖ਼ੂਬਸੂਰਤ ਕਿਸਮਾਂ ਮਿਲਦੀਆਂ ਹਨ। ਇੰਗਲੈਂਡ ਵਿੱਚ ਕਿਨ ਮੈਰੀ ਰੋਜ਼ ਗਾਰਡਨ ਬਹੁਤ ਮਸ਼ਹੂਰ ਹੈ। ਅਮਰੀਕਾ ਵਿੱਚ ਹਾਰਟ ਫੋਰਡ ਅਤੇ ਹਾਰਸੇ ਥਾਵਾਂ ਦੇ ਰੋਜ਼ ਗਾਰਡਨ ਬਹੁਤ ਮਸ਼ਹੂਰ ਹਨ। ਭਾਰਤ ਵਿੱਚ ਪ੍ਰਸਿੱਧੀ ਖੱਟਣ ਵਾਲਾ ਚੰਡੀਗੜ੍ਹ ਦਾ ਰੋਜ਼ ਗਾਰਡਨ ਹੈ। ਭਾਰਤ ਵਿੱਚ ਵਸਦੇ ਪੁਰਾਣੇ ਰਾਜਿਆਂ ਨੇ ਆਪਣੇ ਮਹਿਲਾਂ ਵਿੱਚ ਅਨੇਕਾਂ ਕਿਸਮ ਦੀਆਂ ਗੁਲਾਬ ਦੀਆਂ ਕਿਆਰੀਆਂ ਲਗਾਈਆਂ ਹੁੰਦੀਆਂ ਸਨ। ਪੰਜਾਬੀ ਯੂਨੀਵਰਸਿਟੀ ਵਿੱਚ ਗੁਲਾਬ ਦੀਆਂ ਦਰਜਨਾਂ ਕਿਸਮਾਂ ਮਿਲਦੀਆਂ ਹਨ।

ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਭਾਰਤ ਵਿੱਚ ਫੁੱਲਾਂ ਅਤੇ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਜਿੱਥੇ ਸਜਾਵਟ ਲਈ ਵਰਤੀਆਂ ਜਾਂਦੀਆਂ ਹਨ, ਉੱਥੇ ਉਹ ਅਨੇਕਾਂ ਪ੍ਰਕਾਰ ਦੀਆਂ ਦਵਾਈਆਂ ਅਤੇ ਅਤਰ ਫਲੇਲਾਂ ਵਿੱਚ ਵੀ ਪ੍ਰਯੋਗ ਹੁੰਦੀਆਂ ਹਨ। ਪ੍ਰਸਿੱਧ ਖੋਜੀ ਸ੍ਰੀ ਭੱਟਾਚਾਰੀਆ ਅਨੁਸਾਰ ਗੁਲਾਬ ਦਾ ਪੁਰਾਤਨ ਨਾਮ 'ਤਰੁਵੀ ਪੁਸ਼ਪ' ਹੈ। ਮੁਗ਼ਲ ਬਾਦਸ਼ਾਹ ਸ਼ੁਰੂ ਤੋਂ ਹੀ ਗੁਲਾਬ ਦੇ ਪ੍ਰਸ਼ੰਸਕ ਰਹੇ ਹਨ। ਗੁਲਾਬ ਦਾ ਅਤਰ ਕੱਢਣ ਦਾ ਕਾਰਜ ਸਭ ਤੋਂ ਪਹਿਲਾਂ ਰਾਣੀ ਨੂਰ ਜਹਾਂ ਨੇ ਕੀਤਾ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸ ਦੀ ਪੈਦਾਇਸ਼ ਮੁਗ਼ਲ ਕਾਲ ਵੇਲੇ ਸ਼ੁਰੂ ਹੋ ਚੁੱਕੀ ਸੀ। ਭਾਰਤ ਵਿੱਚ ਬਹੁਤੀਆਂ ਕਿਸਮਾਂ ਯੂਰਪ ਅਤੇ ਅਮਰੀਕਾ ਤੋਂ ਲਿਆਂਦੀਆਂ ਗਈਆਂ ਹਨ। ਭਾਰਤੀ ਵਾਤਾਵਰਨ ਪ੍ਰਤੀਕੂਲ ਹੋਣ ਕਰਕੇ ਗੁਲਾਬਾਂ ਦਾ ਰੂਪ ਇਸ ਧਰਤੀ 'ਤੇ ਬਹੁਤਾ ਨਹੀਂ ਨਿੱਖਰਦਾ। ਯੂਨਾਨ ਤੇ ਰੋਮਨ ਲੋਕ ਕਥਾਵਾਂ ਵਿੱਚ ਗੁਲਾਬ ਨੂੰ ਸੁੰਦਰਤਾ ਤੇ ਪਿਆਰ ਦੀ ਦੇਵੀ ਕਿਹਾ ਗਿਆ ਹੈ। ਮਿਸਰ ਵਿੱਚ ਗੁਲਾਬ ਦੇ ਫੁੱਲਾਂ ਨੂੰ ਪਵਿੱਤਰ ਸਮਝ ਕੇ ਪੂਜਾ ਲਈ ਵਰਤਿਆ ਜਾਂਦਾ ਹੈ। ਇਰਾਕ ਵਿੱਚ ਗੁਲਾਬ ਧਾਰਮਿਕ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ। ਪ੍ਰਸਿੱਧ ਅੰਗਰੇਜ਼ੀ ਸ਼ਾਇਰਾਂ ਨੇ ਵੀ ਗੁਲਾਬ ਬਾਰੇ ਕਵਿਤਾਵਾਂ ਲਿਖੀਆਂ ਹਨ। ਫਾਰਸੀ ਗ਼ਜ਼ਲ ਵਿੱਚ ਗੁਲਾਬ ਨੂੰ ਮਸ਼ੂਕ ਦੇ ਮੁੱਖੜੇ ਤੇ ਉਸ ਦੀ ਲਾਲੀ ਨਾਲ ਉਪਮਾ ਦਿੱਤੀ ਗਈ ਹੈ।

ਗੁਲਾਬ ਦੇ ਫੁੱਲ ਵਿੱਚ ਰੂਹ ਨੂੰ ਆਨੰਦ ਦੇਣ ਵਾਲੀ ਸੁਗੰਧ ਹੁੰਦੀ ਹੈ। ਫੁੱਲ ਦਾ ਇਲਾਕਾ ਬਦਲਣ ਨਾਲ ਸੁਗੰਧ ਘੱਟ ਵੱਧ ਹੋ ਜਾਂਦੀ ਹੈ। ਜਦੋਂ ਫੁੱਲਾਂ ਵਿਚਲਾ ਤੇਲ ਬੁਖਾਰਤ ਬਣ ਕੇ ਉੱਡਦਾ ਹੈ ਤਾਂ ਹੀ ਫੁੱਲਾਂ ਵਿੱਚੋਂ ਖ਼ੁਸ਼ਬੂ ਆ ਸਕਦੀ ਹੈ। ਤੇਲਾਂ ਦਾ ਬੁਖਾਰਤ ਬਣ ਕੇ ਉੱਡਣਾ, ਰੌਸ਼ਨੀ, ਤਾਪਮਾਨ, ਨਮੀ ਆਦਿ 'ਤੇ ਨਿਰਭਰ ਕਰਦਾ ਹੈ। ਠੰਢ ਵਿੱਚ ਘੱਟ ਅਤੇ ਗਰਮੀ ਤੇ ਨਮੀ ਆਦਿ ਦੇ ਮੌਸਮ ਵਿੱਚ ਸੁਗੰਧ ਤੇਜ਼ ਬਣਦੀ ਹੈ। ਵਿਗਿਆਨੀ ਆਪਣੀ ਮਰਜ਼ੀ ਮੁਤਾਬਿਕ ਖੁਸ਼ਬੂਦਾਰ ਕਿਸਮ ਤਿਆਰ ਨਹੀਂ ਕਰ ਸਕਦੇ। ਭਾਰਤ ਵਿੱਚ ਕਹਿਮਜ਼ਨ ਗਲੋਰੀ ਵੇਵਨ, ਕਰਾਈਸਲਰ ਇੰਪੀਰੀਅਲ, ਹੇਡਲੇ, ਲਾ-ਫਰਾਂਸ ਅਤੇ ਮਜੈਂਟਾ ਆਦਿ ਖ਼ੁਸ਼ਬੂਦਾਰ ਕਿਸਮਾਂ ਮਿਲਦੀਆਂ ਹਨ।

ਗੁਲਾਬ ਦੇ ਅਤਰ ਦਾ ਜ਼ਿਕਰ ਪੁਰਾਣੇ ਵੇਦਾਂ ਵਿੱਚ ਮਿਲਦਾ ਹੈ। ਮਹਾਰਾਣੀ ਐਲਿਜ਼ਬੈੱਥ ਬਹੁਤ ਸਮੇਂ ਤੱਕ ਭਾਰਤੀ ਅਤਰ ਵਰਤਦੀ ਰਹੀ। ਉੱਤਰ ਪ੍ਰਦੇਸ਼ ਵਿੱਚ ਕਨੌਜ, ਜੌਨਪੁਰ ਤੇ ਗਾਜ਼ੀਪੁਰ ਅਤਰ ਕੱਢਣ ਦੀਆਂ ਮਸ਼ਹੂਰ ਥਾਵਾਂ ਹਨ। ਨਵੀਆਂ ਤਕਨੀਕਾਂ ਨਾਲ ਭਾਰਤ ਵਿੱਚ ਅਤਰ ਕੱਢਣ ਵਾਸਤੇ ਰੋਜ਼ਾ ਡੈਸੇਮੀਨਾ, ਰੋਜ਼ਾ ਸੈਟੀਫੋਲੀਆ ਅਤੇ ਰੋਜ਼ਾ ਐਲਬਾ ਆਦਿ ਕਿਸਮਾਂ ਚੰਗੀਆਂ ਮੰਨੀਆਂ ਗਈਆਂ ਹਨ। ਬੰਗਲੌਰ (ਮਸੂਰ), ਪੂਨਾ (ਮਹਾਰਾਸ਼ਟਰ) ਤੇ ਦਿਊਗੜ੍ਹ (ਬਿਹਾਰ) ਆਦਿ ਇਲਾਕੇ ਗੁਲਾਬ ਉਗਾਉਣ ਲਈ ਮਸ਼ਹੂਰ ਹਨ। ਅਲੀਗੜ੍ਹ ਜ਼ਿਲ੍ਹੇ ਵਿੱਚ ਤਕਰੀਬਨ ਹਜ਼ਾਰਾਂ ਏਕੜ ਜ਼ਮੀਨ ਗੁਲਾਬ ਲਈ ਰੱਖੀ ਗਈ ਹੈ ਜਿਸ ਵਿੱਚ ਕਈ ਹਜ਼ਾਰ ਕੁਇੰਟਲ ਪੈਦਾਵਾਰ ਹੁੰਦੀ ਹੈ। ਅੰਮ੍ਰਿਤਸਰ ਇਲਾਕੇ ਵਿੱਚ ਵੀ ਗੁਲਾਬ ਦੀ ਪੈਦਾਵਾਰ ਕੀਤੀ ਜਾਂਦੀ ਹੈ ਜੋ ਗੁਲਕੰਦ ਬਣਾਉਣ ਲਈ ਵਰਤਿਆ ਜਾਂਦਾ ਹੈ। ਬਰਤਾਨੀਆ ਦੇ ਖੋਜੀ ਮੈਕੇਨਸ ਤੇ ਵਿਡਾਉਸ਼ਨ ਨੇ ਦੱਸਿਆ ਕਿ 100 ਗ੍ਰਾਮ ਗੁਲਾਬ ਦੇ ਸਤ ਵਿੱਚੋਂ 150 ਮਿਲੀਗ੍ਰਾਮ ਵਿਟਾਮਿਨ 'ਸੀ' ਮਿਲਦਾ ਹੈ ਜਦੋਂ ਕਿ ਇੰਨੀ ਮਿਕਦਾਰ ਦੇ ਸੰਤਰਿਆਂ ਵਿੱਚੋਂ ਕੇਵਲ 20 ਮਿਲੀਗ੍ਰਾਮ ਵਿਟਾਮਿਨ 'ਸੀ' ਮਿਲਦਾ ਹੈ।

ਮਸ਼ਹੂਰ ਖੋਜੀ ਰੈਹਡਰ ਅਨੁਸਾਰ ਗੁਲਾਬ ਦੀਆਂ ਲਗਭਗ 120 ਜਾਤੀਆਂ ਹਨ। ਇਨ੍ਹਾਂ ਵਿੱਚੋਂ ਕੁਝ ਜੰਗਲੀ ਅਤੇ ਬਾਕੀ ਉਗਾਈਆਂ ਜਾਣ ਵਾਲੀਆਂ ਹਨ। ਜੰਗਲੀ ਗੁਲਾਬ ਭਾਰਤ ਵਿੱਚ ਜ਼ਿਆਦਾਤਰ ਹਿਮਾਲਿਆ 'ਤੇ ਮਿਲਦਾ ਹੈ। ਉਗਾਏ ਜਾਣ ਵਾਲੇ ਗੁਲਾਬ ਦੀਆਂ ਅੱਠ ਜੱਦੀ ਜਾਤੀਆਂ ਹਨ। ਇਨ੍ਹਾਂ ਵਿੱਚ ਰੋਜ਼ਾ ਕਾਇਨੇਨਸਿਸ, ਆਰ ਫੋਇਟਤਾ, ਆਰ ਡੈਮੇਸੀਨਾ, ਆਰ ਮਲਟੀਫ ਨੋਰਡ, ਆਰ ਸਲਾਇਕਾ, ਆਰ ਗਾਗੇਨਸ਼ੀਆ, ਆਰ ਮੁਸ਼ਚੈਂਟਰ ਤੇ ਆਰ ਵਿਚੋਰੀਆਨਾ ਆਦਿ ਨਾਂ ਨਾਲ ਕੀਤਾ ਗਿਆ ਹੈ। ਅੱਜਕੱਲ੍ਹ ਖੋਜੀਆਂ ਨੇ ਇਨ੍ਹਾਂ ਤੋਂ ਕਰਾਸਿੰਗ ਕਰ ਕੇ ਪ੍ਰਜਣਨ ਅਤੇ ਹੋਰ ਆਧੁਨਿਕ ਤਕਨੀਕਾਂ ਰਾਹੀਂ ਬਹੁਤ ਸਾਰੀਆਂ ਕਿਸਮਾਂ ਤਿਆਰ ਕਰ ਲਈਆਂ ਹਨ।

> ਮਸ਼ਹੂਰ ਖੋਜੀ ਰੈਹਡਰ ਅਨੁਸਾਰ ਗੁਲਾਬ ਦੀਆਂ ਲਗਭਗ 120 ਜਾਤੀਆਂ ਹਨ। ਇਨ੍ਹਾਂ ਵਿੱਚੋਂ ਕੁਝ ਜੰਗਲੀ ਅਤੇ ਬਾਕੀ ਉਗਾਈਆਂ ਜਾਣ ਵਾਲੀਆਂ ਹਨ। ਜੰਗਲੀ ਗੁਲਾਬ ਭਾਰਤ ਵਿੱਚ ਜ਼ਿਆਦਾਤਰ ਹਿਮਾਲਿਆ 'ਤੇ ਮਿਲਦਾ ਹੈ।

ਗਮਲਿਆਂ ਵਿੱਚ ਗੁਲਾਬ ਦੀਆਂ ਅਜਿਹੀਆਂ ਕਿਸਮਾਂ ਲਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਬਹੁਤੀਆਂ ਲੰਬੀਆਂ ਨਾ ਹੋਣ, ਟਾਹਣੀਆਂ ਘੱਟ ਹੋਣ, ਚਾਰੇ ਪਾਸੇ ਇੱਕੋ ਜਿਹੀਆਂ ਹੋਣ ਅਤੇ ਪੌਦੇ ਨੂੰ ਫੁੱਲ ਜ਼ਿਆਦਾ ਲੱਗਣ। ਪ੍ਰਮਾਣਿਕ ਗੁਲਾਬਾਂ ਨੂੰ ਅਮਰੀਕਾ ਵਿੱਚ ਗੁਲਾਬਾਂ ਦੇ ਦਰੱਖਤ ਵੀ ਕਿਹਾ ਜਾਂਦਾ ਹੈ। ਜੀ.ਏ. ਸਟੀਵਨਸ ਨੇ ਆਪਣੀ ਕਿਤਾਬ ਵਿੱਚ ਭਾਰਤ ਵਿੱਚ ਮਿਲਣ ਵਾਲੀਆਂ ਗੁਲਾਬ ਦੀਆਂ ਬੇਲਾਂ ਦੀਆਂ ਅੱਠ ਸੌ ਤੋਂ ਵੱਧ ਕਿਸਮਾਂ ਦੱਸੀਆਂ ਹਨ। ਇਨ੍ਹਾਂ ਬੇਲਾਂ ਨੂੰ ਰੈਬਲਰ ਅਤੇ ਕਲਾਈਵਰ ਦੋ ਕਿਸਮਾਂ ਵਿੱਚ ਵੰਡਿਆ ਗਿਆ ਹੈ। ਰੈਬਲਰ ਵਰਗ ਵਿੱਚ ਫੁੱਲ ਗੁੱਛਿਆਂ ਵਿੱਚ ਲੱਗਦੇ ਹਨ। ਪੱਤੇ ਫਿੱਕੇ ਪੀਲੇ ਹਰੇ ਰੰਗ ਦੇ ਤੇ ਇੱਕ ਪੱਤੇ ਵਿੱਚ 7 ਤੋਂ 9 ਤੱਕ ਪੱਤੀਆਂ ਹੁੰਦੀਆਂ ਹਨ। ਅੱਜ ਤੱਕ ਲੋਕਾਂ ਵਿੱਚ ਗੁਲਾਬ ਦੀਆਂ 70 ਦੇ ਕਰੀਬ ਕਿਸਮਾਂ ਹੀ ਹਰਮਨ ਪਿਆਰੀਆਂ ਹੋਈਆਂ ਹਨ। ਇਨ੍ਹਾਂ ਗੁਲਾਬਾਂ ਨੂੰ ਬੈਕਟੀਰੀਆ, ਵਾਇਰਸ ਅਤੇ ਉੱਲੀਆਂ ਕਰ ਕੇ ਕਈ ਬਿਮਾਰੀਆਂ ਵੀ ਲੱਗ ਜਾਂਦੀਆਂ ਹਨ। ਬਿਮਾਰੀਆਂ 'ਤੇ ਕਾਬੂ ਪਾਉਣ ਲਈ ਡੀ.ਡੀ.ਟੀ. ਅਤੇ ਬੀ.ਈ.ਸੀ. ਦੇ ਛਿੜਕਾਅ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਹਰ ਪਾਸੇ ਗੁਲਾਬ ਵਰਗੀ ਟਹਿਕ ਅਤੇ ਮਹਿਕ ਦਾ ਪਸਾਰਾ ਰਹੇ। ਘਰਾਂ ਦਾ ਉੱਤਮ ਸ਼ਿੰਗਾਰ, ਅਤਰ ਦਾ ਮੁੱਖ ਸੋਮਾ, ਪ੍ਰੇਮੀਆਂ ਦੀ ਜਿੰਦ ਜਾਨ ਗੁਲਾਬ ਸਾਡੀਆਂ ਸਭ ਮਹਿਫ਼ਲਾਂ ਦਾ ਅਟੁੱਟ ਅੰਗ ਹੈ। ਇਸੇ ਕਰਕੇ ਗੁਲਾਬ ਦੇ ਫੁੱਲ ਨੂੰ ਹਰ ਮੌਕੇ ਮਹੱਤਵ ਮਿਲਦਾ ਹੈ। ਇਸ ਦੀ ਮਹਿਕ ਅਤੇ ਟਹਿਕ ਸਭ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਆਓ, ਆਪਾਂ ਵੀ ਸਾਰੇ ਰਲ ਮਿਲ ਕੇ ਸਦਾ ਫੁੱਲਾਂ ਵਾਂਗ ਮਹਿਕੀਏ ਅਤੇ ਟਹਿਕੀਏ।

ਸੰਪਰਕ: 98150-18947

# ਪਲਾਸਟਿਕ ਦੁਨੀਆ ਲਈ ਬਣਿਆ ਖਲਨਾਇਕ



• ਗੁਰਪ੍ਰੀਤ

ਦੁਨੀਆ ਭਰ ਵਿੱਚ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਚੁੱਕੀਆਂ ਹਨ, ਜਿਨ੍ਹਾਂ ਦਾ ਇਲਾਜ ਲੱਗਦਾ ਹੈ ਕਿ ਇੰਨੀ ਛੇਤੀ ਲੱਭਿਆ ਜਾਣਾ ਸੰਭਵ ਨਹੀਂ। ਦਰਅਸਲ, ਬਿਮਾਰੀਆਂ ਤਾਂ ਕੋਈ ਨਵੀਆਂ ਨਹੀਂ, ਪਰ ਇਨ੍ਹਾਂ ਦਾ ਇਲਾਜ ਨਵੇਂ ਯੁੱਗ ਵਿੱਚ ਹੋਣਾ ਮੁਸ਼ਕਿਲ ਜਾਪਦਾ ਹੈ। ਹਰ ਮਨੁੱਖ ਦੀਆਂ ਲੋੜਾਂ ਇੰਨੀਆਂ ਜ਼ਿਆਦਾ ਵਧ ਚੁੱਕੀਆਂ ਹਨ ਕਿ ਉਸ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕਰ ਕੀ ਰਿਹਾ ਹੈ। ਲਗਾਤਾਰ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਜਿਹੜੀਆਂ ਧਿਰਾਂ ਵਾਤਾਵਰਨ ਨੂੰ ਬਚਾਉਣ ਲਈ ਉਪਰਾਲਾ ਕਰ ਰਹੀਆਂ ਹਨ, ਉਨ੍ਹਾਂ ਨੂੰ ਹਾਕਮ ਧਿਰ ਵੱਲੋਂ ਨਵੇਂ-ਨਵੇਂ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਕਈ ਸੂਬਿਆਂ ਦਾ ਹਾਲ ਇਹ ਹੈ ਕਿ ਵਾਤਾਵਰਨ ਨੂੰ ਬਚਾਉਣ ਵਾਲਿਆਂ ਨੂੰ ਜੇਲ੍ਹ ਕੱਟਣੀ ਪਈ ਹੈ ਜਾਂ ਪੈ ਰਹੀ ਹੈ। ਇਕੱਲੇ ਭਾਰਤ ਵਿੱਚ ਨਹੀਂ, ਦੁਨੀਆ ਭਰ ਵਿੱਚ ਜਿੱਥੇ ਕਿਤੇ ਵੀ ਵਾਤਾਵਰਨ ਨੂੰ ਬਚਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਉੱਥੇ ਗੜਬੜ ਹੋ ਰਹੀ ਹੈ। ਸਰਕਾਰਾਂ ਜਿਸ ਢੰਗ ਨਾਲ ਜੰਗਲਾਂ ਦੀ ਤਬਾਹੀ ਕਰ ਰਹੀਆਂ ਹਨ, ਉਸ ਤੋਂ ਲੱਗਦਾ ਹੈ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਵਾਤਾਵਰਨ ਸ਼ੁੱਧ ਰਹੇ ਅਤੇ ਅਵਾਮ ਬਚੀ ਰਹੇ। ਕਾਰਪੋਰੇਟ ਘਰਾਣਿਆਂ ਮਗਰ ਲੱਗ ਕੇ ਸਰਕਾਰਾਂ ਜਿਹੜੀਆਂ ਨੀਤੀਆਂ ਅਪਣਾ ਰਹੀਆਂ ਹਨ, ਇਨ੍ਹਾਂ ਦਾ ਅਗਲੀ ਪੀੜ੍ਹੀ 'ਤੇ ਤਾਂ ਬੁਰਾ ਅਸਰ ਪਵੇਗਾ ਹੀ, ਸਗੋਂ ਹੁਣ ਵਾਲੀ ਪੀੜ੍ਹੀ 'ਤੇ ਵੀ ਇਸ ਦਾ ਮਾੜਾ ਅਸਰ ਪਵੇਗਾ, ਕਿਉਂਕਿ ਪ੍ਰਦੂਸ਼ਿਤ ਵਾਤਾਵਰਨ ਨਾਲ ਬਿਮਾਰੀਆਂ ਵਧਣਗੀਆਂ ਅਤੇ ਬਿਮਾਰੀਆਂ ਵਧਣ ਨਾਲ ਮੌਤ ਦਰ ਵਿੱਚ ਵੀ ਵਾਧਾ ਹੋਵੇਗਾ।

ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿੱਚ ਇਕੱਲਾ ਗੰਧਲਾ ਪਾਣੀ ਅਤੇ ਹਵਾ ਹੀ ਜ਼ਿੰਮੇਵਾਰ ਨਹੀਂ, ਬਲਕਿ ਇਸ ਵਿੱਚ ਇੱਕ ਹੋਰ ਚੀਜ਼ ਵੀ ਜ਼ਿੰਮੇਵਾਰ ਹੈ, ਜਿਸ ਨੂੰ ਅਸੀਂ ਅਕਸਰ ਭੁੱਲ ਜਾਂਦੇ ਹਾਂ ਅਤੇ ਉਸ ਦੀ ਵਰਤੋਂ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਕਰਦੇ ਹਾਂ; ਇਹ ਹੈ ਪਲਾਸਟਿਕ ਬੈਗ ਜਾਂ ਫਿਰ ਕਹਿ ਲਓ ਲਿਫ਼ਾਫ਼ੇ। ਪਲਾਸਟਿਕ ਬੈਗਾਂ ਦੀ ਕਹਾਣੀ 1960 ਦੇ ਦਹਾਕੇ ਵਿੱਚ ਸ਼ੁਰੂ ਹੋਈ ਜਦੋਂ ਸਵੀਡਿਸ਼ ਕੰਪਨੀ ਨੈਲੋਪਲਾਸਟ ਨੇ ਪੋਲੀਥੀਨ ਦੇ ਬਣੇ ਹਲਕੇ, ਸਸਤੇ ਅਤੇ ਟਿਕਾਊ ਬੈਗ ਬਣਾਏ। ਉਸ ਸਮੇਂ ਇਹ ਬੈਗ ਸਹੂਲਤ ਦਾ ਪ੍ਰਤੀਕ ਸਨ। ਇਹ ਕਾਗ਼ਜ਼ ਦੇ ਬੈਗਾਂ ਨਾਲੋਂ ਸਸਤੇ ਸਨ, ਪਾਣੀ ਵਿੱਚ ਖ਼ਰਾਬ ਨਹੀਂ ਹੁੰਦੇ ਸਨ ਅਤੇ ਬਣਾਉਣ ਵਿੱਚ ਵੀ ਆਸਾਨ ਸਨ। ਇਹ ਬੈਗ ਕੁਝ ਸਮੇਂ ਵਿੱਚ ਹੀ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋ ਗਏ ਪਰ ਇਹ ਸਹੂਲਤ ਹੌਲੀ-ਹੌਲੀ ਵਿਸ਼ਵਵਿਆਪੀ ਸੰਕਟ ਵਿੱਚ ਬਦਲ ਗਈ। ਅੱਜ ਦੁਨੀਆ ਵਿੱਚ ਹਰ ਸਾਲ 5 ਟ੍ਰਿਲੀਅਨ ਤੋਂ ਵੱਧ ਪਲਾਸਟਿਕ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ; ਮਤਲਬ, ਹਰ ਮਿੰਟ ਵਿੱਚ 10 ਲੱਖ ਬੈਗਾਂ ਦੀ ਵਰਤੋਂ। ਹੈਰਾਨੀ ਵਾਲੀ ਗੱਲ ਹੈ ਕਿ ਇੱਕ ਪਲਾਸਟਿਕ ਬੈਗ ਦੀ ਔਸਤ ਵਰਤੋਂ ਸਿਰਫ਼ 12 ਮਿੰਟ ਹੈ, ਪਰ ਇਸ ਨੂੰ ਪੂਰੀ ਤਰ੍ਹਾਂ ਸੜਨ ਵਿੱਚ 100 ਤੋਂ 500 ਸਾਲ ਲੱਗ ਸਕਦੇ ਹਨ।

ਕਈ ਮੁਲਕਾਂ ਵਿੱਚ ਭਾਵੇਂ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਹੈ ਪਰ ਇਸ ਦੇ ਬਾਵਜੂਦ ਇਹ ਚੋਰੀ-ਚੋਰੀ ਵਿਕ ਰਿਹਾ ਹੈ। ਭਾਰਤ ਵਿੱਚ ਵੀ 2022 ਵਿੱਚ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਗਾਈ ਗਈ ਸੀ ਪਰ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਅਜੇ ਤੱਕ ਵੀ ਨਹੀਂ ਕੀਤਾ ਗਿਆ। ਜਿਹੜੀਆਂ ਛੋਟੀਆਂ ਦੁਕਾਨਾਂ ਹਨ, ਉੱਥੇ ਤਾਂ ਛਾਪੇ ਮਾਰ ਕੇ ਲਿਫ਼ਾਫ਼ੇ ਜ਼ਬਤ ਕਰ ਲਏ ਜਾਂਦੇ ਹਨ ਪਰ ਜਿਹੜੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਇਹ ਲਿਫਾਫੇ ਬਣਾਉਂਦੀਆਂ ਹਨ, ਉਨ੍ਹਾਂ ਖ਼ਿਲਾਫ਼ ਸਰਕਾਰਾਂ ਕੋਈ ਕਾਰਵਾਈ ਨਹੀਂ ਕਰਦੀਆਂ। ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਵੱਖ-ਵੱਖ ਰਿਪੋਰਟਾਂ ਸਾਹਮਣੇ ਆਉਣ ਦੇ ਬਾਵਜੂਦ ਪਲਾਸਟਿਕ ਦੇ ਲਿਫ਼ਾਫ਼ਿਆਂ ਕਾਰਨ ਮੁਲਕ ਅੰਦਰ ਨਵੀ ਕਿਸਮ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ।

ਪਲਾਸਟਿਕ ਦਾ ਖ਼ਤਰਾ ਜਿੰਨਾ ਸੁਣਨ ਵਿੱਚ ਆਮ ਲੱਗਦਾ ਹੈ, ਉਸ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ। ਅਸੀਂ ਰੋਜ਼ਾਨਾ ਪਲਾਸਟਿਕ ਦੀ ਵਰਤੋਂ ਕਰਦੇ ਹਾਂ। ਇਸ ਨੂੰ ਸੁੱਟਦੇ ਕਿੱਥੇ ਹਾਂ, ਇਹ ਵੀ ਅਸੀਂ ਸਭ ਜਾਣਦੇ ਹੀ ਹਾਂ, ਪਰ ਇਸ ਲਈ ਕੀ ਇਕੱਲੀ ਅਵਾਮ ਜ਼ਿੰਮੇਵਾਰ ਹੈ? ਕੀ ਅਵਾਮ ਉੱਤੇ ਕਾਰਵਾਈ ਕਰ ਕੇ ਹੀ ਸਰਕਾਰ ਇਸ ਸੰਕਟ ਨਾਲ ਨਜਿੱਠ ਸਕੇਗੀ? ਸਵਾਲ ਤਾਂ ਬੜੇ ਹਨ, ਪਰ ਸ਼ੁਰੂਆਤ ਇੱਥੋਂ ਹੀ ਕਰਦੇ ਹਾਂ ਕਿ ਦੇਸ਼ ਭਰ ਅੰਦਰ ਤੰਬਾਕੂ ਦੀ ਵਰਤੋਂ ਖੁੱਲ੍ਹੇ ਵਿੱਚ ਕਰਨ 'ਤੇ ਪਾਬੰਦੀ ਹੈ, ਫਿਰ ਵੀ ਇਸ ਦੀ ਵਰਤੋਂ ਖੁੱਲ੍ਹੇਆਮ ਹੁੰਦੀ ਹੈ। ਅਦਾਲਤਾਂ ਵਿੱਚ ਵੀ ਅਜਿਹੇ ਮਸਲੇ ਬੜੇ ਪੁੱਜੇ, ਪਰ ਉਨ੍ਹਾਂ ਦਾ ਅਸਰ ਕਿੱਥੇ ਦੇਖਣ ਨੂੰ ਮਿਲਿਆ? ਸਿਹਤ ਵਿਭਾਗ ਵੀ ਅਜਿਹੀਆਂ ਚਿਤਾਵਨੀਆਂ ਦਿੰਦਾ ਰਹਿੰਦਾ ਹੈ ਕਿ ਤੰਬਾਕੂਨੋਸ਼ੀ ਦਾ ਅਸਰ ਤੰਬਾਕੂ ਸੇਵਨ ਕਰਨ ਵਾਲੇ 'ਤੇ ਤਾਂ ਹੁੰਦਾ ਹੀ ਹੈ, ਉਸ ਦੇ ਕੋਲ ਖੜ੍ਹੇ ਇਨਸਾਨ ਉੱਤੇ ਵੀ ਇਸ ਦਾ ਅਸਰ ਹੁੰਦਾ ਹੈ। ਕੇਂਦਰੀ ਸਿਹਤ ਮੰਤਰਾਲਾ ਅਤੇ ਸੂਬਿਆਂ ਦੇ ਸਿਹਤ ਵਿਭਾਗ ਵੀ ਸਮੇਂ-ਸਮੇਂ ਇਸ ਬਾਰੇ ਆਪੋ-ਆਪਣੇ ਬਿਆਨ ਜਾਰੀ ਕਰਦੇ

ਬਾਕੀ ਸਫ਼ਾ 6 'ਤੇ

> ਪਲਾਸਟਿਕ ਦਾ ਖ਼ਤਰਾ ਜਿੰਨਾ ਸੁਣਨ ਵਿੱਚ ਆਮ ਲੱਗਦਾ ਹੈ, ਉਸ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ। ਅਸੀਂ ਰੋਜ਼ਾਨਾ ਪਲਾਸਟਿਕ ਦੀ ਵਰਤੋਂ ਕਰਦੇ ਹਾਂ। ਇਸ ਨੂੰ ਸੁੱਟਦੇ ਕਿੱਥੇ ਹਾਂ, ਇਹ ਵੀ ਅਸੀਂ ਸਭ ਜਾਣਦੇ ਹੀ ਹਾਂ, ਪਰ ਇਸ ਲਈ ਕੀ ਇਕੱਲੀ ਅਵਾਮ ਜ਼ਿੰਮੇਵਾਰ ਹੈ? ਕੀ ਅਵਾਮ ਉੱਤੇ ਕਾਰਵਾਈ ਕਰ ਕੇ ਹੀ ਸਰਕਾਰ ਇਸ ਸੰਕਟ ਨਾਲ ਨਜਿੱਠ ਸਕੇਗੀ?



# ਕਿਰਤੀਆਂ ਦਾ ਕਵੀ - ਗੁਰਪਿਆਰ ਹਰੀ ਨੌਂ



ਗੁਰਪਿਆਰ ਹਰੀ ਨੌਂ ਉਹ ਕਵੀ ਹੈ ਜੋ ਆਪਣੇ ਕਾਵਿ ਸੰਗ੍ਰਹਿ "ਖ਼ਲਾਅ ਹੁਣ ਵੀ ਹੈ" ਆਉਣ ਤੋਂ ਪਹਿਲਾਂ ਹੀ ਕਵਿਤਾ ਵਿਚ ਜ਼ਿਕਰਯੋਗ ਸਥਾਨ ਬਣਾ ਚੁੱਕਿਆ ਸੀ। ਕਵੀ ਜ਼ਿੰਦਗੀ ਦੇ ਸੰਘਰਸ਼ ਵਿੱਚੋਂ ਖਹਿ ਕੇ ਨਿਕਲਿਆ ਹੈ। ਇਸੇ ਲਈ ਉਹ ਆਪਣੀ ਕਵਿਤਾ ਰਾਹੀਂ ਗਰੀਬ ਨਾਲ ਖੜ੍ਹਦਾ ਲੱਗਦਾ ਹੈ। ਉਸ ਦੀ ਕਵਿਤਾ ਕਿਰਤੀਆਂ ਲਈ ਹੈ। ਅਸਲ ਵਿਚ ਉਹ ਕਿਰਤੀਆਂ ਦਾ ਹੀ ਕਵੀ ਹੈ। ਗੁਰਪਿਆਰ ਦੇ ਅੰਦਰ ਇਕ ਟੀਸ ਹੈ ਕਿ ਸਭ ਬਰਾਬਰ ਕਿਉਂ ਨਹੀਂ ਹਨ। ਇਹੀ ਟੀਸ ਉਸ ਤੋਂ ਲੋਕ ਪੱਖੀ ਕਵਿਤਾ ਲਿਖਵਾਉਂਦੀ ਹੈ। ਉਹ ਮੁਹੱਬਤ ਦੀ ਕਵਿਤਾ ਵੀ ਲਿਖਦਾ ਪਰ ਉਸ ਦੇ ਜ਼ਿਹਨ ਵਿਚ ਕਿਰਤੀ ਹੀ ਹੁੰਦਾ। ਅਸਲ ਵਿਚ ਮੁਹੱਬਤ ਹੀ ਸਮਾਜ ਵਿਚੋਂ ਨਫ਼ਰਤ ਖਤਮ ਕਰ ਸਕਦੀ ਹੈ। ਗੁਰਪਿਆਰ ਦੀ ਕਵਿਤਾ ਸਵਾਲ ਕਰਦੀ ਹੈ। ਉਸ ਦੀ ਕਵਿਤਾ ਸੱਚ ਤੇ ਖੜ੍ਹੀ ਹੈ। ਉਹ ਨਿਡਰ ਹੋ ਜਦੋਂ ਕਵਿਤਾ ਲਿਖਦਾ ਹੈ ਤਾਂ ਲੱਗਦਾ ਹੈ ਕਿ ਉਹ ਆਪਣੇ ਫਰਜ਼ ਤੋਂ ਚੰਗੀ ਤਰਾਂ ਜਾਣੂ ਹੈ। ਕਵੀ ਮਾਨਵਤਾ ਦੀ ਗੱਲ ਕਰਦਾ ਹੈ, ਇਹੋ ਗੱਲ ਉਸ ਦੀ ਕਵਿਤਾ ਤੇ ਉਸ ਨੂੰ ਵਿਸ਼ੇਸ਼ ਬਣਾ ਦਿੰਦੀ ਹੈ।

**ਲੜੀ ਨੰਬਰ-10**

**ਨਵਦੀਪ ਸਿੰਘ ਮੁੰਡੀ**
**98880-90038**

## ਵਿਛੜ ਗਈ ਮਾਂ ਲਈ



ਬਚਪਨ ਵਿੱਚ
ਛੋਟ ਦਾ ਨਰਮਾ
ਵੇਚਣ ਵੇਲੇ
ਹੋਰਨਾਂ ਜਵਾਕਾਂ ਵਾਂਗ
ਰੁੰਗੇ ਦੀਆਂ ਰਿਉੜੀਆਂ
ਦੀ ਥਾਂ ਗੱਚਕ ਲੈਣ ਦੀ
ਜਿਦ ਕਰਨ ਤੇ
ਤੇਰੀ
ਮੇਰੇ ਮੂੰਹ 'ਤੇ
ਮਾਰੀ ਹੋਈ ਚਪੇੜ,

ਮੈਨੂੰ ਸਮਝਾ ਗਈ
ਕਿ ਰਿਉੜੀਆਂ ਤੋਂ ਗਚਕ
ਤੱਕ ਦਾ ਸਫਰ
ਬੜਾ ਲੰਮਾ ਏ!

ਤੇ ਜਦ ਖੇਤਾਂ ਚੋਂ
ਮਜ਼ਦੂਰੀ ਕਰ
ਮੁੜਦੇ ਸਮੇਂ
ਇਕ ਛਟੀਆ ਦੀ
ਪੰਡ ਦੇ ਭਾਰ
ਨਾਲ ਲਿਫਦੇ
ਬਾਲੜੇ ਮੁੰਡੇ ਤੋਂ

ਤੇਰਾ ਛਟੀਆ ਪੰਡ ਫੜ੍ਹ
ਉਸ ਨੂੰ ਸਾਹ ਦਿਵਾਉਣਾ,
ਮੈਨੂੰ ਇਹ ਸਿਖਾ ਗਿਆ ਸੀ
ਕਿ ਜੇ ਆਪ ਸੌਖੇ ਹੋਈਏ ਤਾਂ
ਕਿਸੇ ਹੋਰ ਦਾ ਭਾਰ ਵੰਡਾਉਣਾ
ਹੀ ਮਨੁੱਖਤਾ ਹੈ।

ਤੇ ਉਹ
ਇਕ ਦਿਨ ਆਥਣੇ
ਤੇਰੇ ਰੋਟੀਆਂ ਪਕਾਉਂਦੇ ਸਮੇਂ
,ਤੇਰਾ
ਮੇਰੇ ਤੋਂ ਪਹਿਲਾਂ
ਮੰਗਤੇ ਮੁੰਡੇ ਨੂੰ ਰੋਟੀ ਦੇਣਾ,
ਮੈਨੂੰ ਦੋ ਲੋੜਵੰਦਾਂ ਚੋਂ
ਵਧੇਰੇ ਲੋੜਵੰਦ ਦੀ
ਚੋਣ ਕਰਨਾ ਸਿਖਾ ਗਿਆ।

ਮਾਂ.........
ਜੇ ਤੂੰ ਮੇਰੀ ਅਧਿਆਪਕ ਨਾ
ਹੁੰਦੀ ਤਾਂ
ਮੈਂ ਜ਼ਿੰਦਗੀ ਦੀ ਪੜ੍ਹਾਈ 'ਚ
ਅਨਪੜ੍ਹ
ਹੀ ਰਹਿ ਜਾਣਾ ਸੀ।

ਉਡੀਕ ਰਿਹਾ ਹੈ
ਲੰਮੀ ਛੁੱਟੀ ਦੀ ਮਨਜ਼ੂਰੀ
ਯੋਗੀ ਹੋਣ ਲਈ।
ਦਫ਼ਤਰੀ ਫਾਇਲਾਂ 'ਚ
ਉਲਝੀ ਹੀਰ
ਉਡੀਕ ਰਹੀ ਹੈ
ਵਿਦੇਸ਼ ਗਈ ਸ਼ੈਹਤੀ ਨੂੰ
ਆਪਣਾ ਦੁੱਖੜਾ ਸੁਣਾਉਣ ਲਈ।
ਗੋਰਖ ਨਾਥ
ਦੁਨੀਆਂ ਦੇ ਗੋਰਖ ਧੰਦੇ ਵਿੱਚ
ਲੀਨ ਹੈ।
ਤੇ ਮੁਹੱਬਤ
ਵਿਲਕ ਰਹੀ ਹੈ
ਅਮਰ ਹੋਣ ਲਈ।



## ਤੂੰ, ਸੋਚ ਕੇ ਵੇਖੀ !

ਸਮਿਆਂ ਦੀ
ਪ੍ਰਵਾਹ ਤਾਂ,
ਅਸੀਂ ਉਦੋਂ ਵੀ
ਨਹੀਂ ਕੀਤੀ ਸੀ,
ਜਦ....
ਨੰਗੇ ਪੈਰੀਂ ਦੌੜਨ ਦਾ ਨਿਸ਼ਚਾ ਕਰ!
ਪਹਿਲਾਂ ਪੈਰ
ਭੱਖੜੇ ਦੀ ਹਿੱਕ ਵਿਚ
ਉਤਾਰ ਦਿੱਤਾ ਸੀ !
ਤੇ ਪੈਰਾਂ ਨੇ ਦੌੜਨ ਲਈ
ਸਿਰ ਵੱਲ
ਕੰਧ ਕਰ ਲਈ ਸੀ!
ਤੇ .....
ਦੂਜੀ ਪੁਲਾਂਘ
ਇਸ ਤਰ੍ਹਾਂ ਪੁੱਟੀ ਕਿ,
ਸਭ ਭੱਖੜੇ ਤੇ ਕੰਡੇ
ਮੀਲਾਂ ਪਿਛਾਂਹ
ਰਹਿ ਗਏ ਸਨ!
ਉਦੋਂ ਤੋਂ ਲੈ ਕੇ

ਹੁਣ ਤੱਕ
ਪੈਰਾਂ ਦੇ ਸਿਰ 'ਤੇ ਹੀ
ਅਗਾਂਹ ਵਧ ਰਹੇ ਹਾਂ!

ਉਹ ਗੱਲ ਵੱਖਰੀ
ਕਿ .....
ਮਿਥਿਹਾਸ ਦੇ ਪੰਡਿਤਾਂ ਨੇ ,
ਇਹਨਾਂ ਨੂੰ ਸ਼ੂਦਰ ਕਿਹਾ ਸੀ।
.ਪੈਰਾਂ ਦੀ
ਚਮੜੀ ਦੀ ਪਹਿਲੀ ਤਹਿ
ਫਟੀ,
ਮੈਂ, ਨਹੀਂ ਰੁਕਿਆ

ਪੈਰਾਂ ਦੀ
ਚਮੜੀ ਦੀ ਦੂਜੀ ਤਹਿ
ਫਟੀ,
ਮੈਂ, ਫਿਰ ਵੀ ਨਹੀਂ
ਰੁਕਿਆ

ਪੈਰਾਂ ਦੀ
ਚਮੜੀ ਦੀ ਤੀਜੀ ਤਹਿ ਫਟੀ,
ਜੇਠ ਦੀ ਤਿੱਖੀ ਧੁੱਪ ਵਿਚ,
ਧਰਤੀ ਲਾਲ ਲਾਲ ਹੋ ਗਈ,
ਮੈਂ, ਤਾਂ ਵੀ ਨਹੀਂ ਰੁਕਿਆ

ਮੈਨੂੰ ਆਪਣੀ ਧਰਤ ਚਾਹੀਦੀ ਸੀ।
ਜ਼ਰਾ ਸੋਚ,
ਐ! ਮੁੰਸਫ,
ਜੇ, ਮੈਂ
ਅਸਮਾਨ ਵੱਲ ਨੂੰ
ਤੁਰ ਪਿਆ?
ਤਾਂ-----------
ਇਹੀ ਪੈਰ ,
ਕਿਸ-ਕਿਸ ਦੇ
ਸਿਰ 'ਤੇ
ਰੱਖ ਕੇ ਜਾਵਾਂਗਾ?

ਤੂੰ, ਸੋਚ ਕੇ ਵੇਖੀ!





# ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ

**ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਢ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਾਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਅਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ।**

ਜੀਵਨ ਜਾਚ
ਪ੍ਰੋ. (ਡਾ.) ਹਰਜਿੰਦਰ ਵਾਲੀਆ
+91 98723 14380



ਇਹ ਜ਼ਿੰਦਗੀ ਦੀ ਖੇਡ ਮਨ ਦੀ ਖੇਡ ਹੈ। ਸਾਡੇ ਵਿਚਾਰਾਂ ਦੀ ਖੇਡ ਹੈ। ਜੋ ਅਸੀਂ ਹਾਂ ਆਪਣੀ ਸੋਚ ਕਰਕੇ ਹਾਂ, ਆਪਣੇ ਵਿਚਾਰਾਂ ਕਰਕੇ ਹਾਂ। ਸਵਾਮੀ ਵਿਵੇਕਾਨੰਦ ਨੇ ਕਿਹਾ ਸੀ 'ਸਾਨੂੰ ਸਾਡੀ ਸੋਚ ਨੇ ਬਣਾਇਆ ਹੈ, ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਅਸੀਂ ਕੀ ਸੋਚਦੇ ਹਾਂ? ਸ਼ਬਦ ਗੌਣ ਜਾਣ ਵਾਲਾ ਹੈ, ਵਿਚਾਰ ਰਹਿੰਦੇ ਹਨ, ਉਹ ਦੂਰ ਤੱਕ ਯਾਤਰਾ ਕਰਦੇ ਹਨ।' 'ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ'। ਜੋ ਮਾਨਸਿਕ ਤੌਰ ਤੇ ਜਿੱਤ ਲਈ ਤਿਆਰ ਨਹੀਂ ਉਹ ਕਦੇ ਸਫ਼ਲ ਨਹੀਂ ਹੋ ਸਕਦਾ। ਸਫ਼ਲਤਾ ਅਤੇ ਅਸਫ਼ਲਤਾ ਵਿੱਚ, ਹਾਰ ਅਤੇ ਜਿੱਤ ਵਿਚ ਸਾਡਾ ਦ੍ਰਿਸ਼ਟੀਕੋਣ, ਸਾਡੀ ਸੋਚ ਅਤੇ ਸਾਡੇ ਮਨ ਦੇ ਭਾਵਾਂ ਦਾ ਹੀ ਵੱਡਾ ਅਸਰ ਹੁੰਦਾ ਹੈ। ਮਨੁੱਖ ਉਹੀ ਕੁਝ ਹੁੰਦਾ ਹੈ ਜੋ ਉਹ ਸੋਚਦਾ ਹੈ। ਸਫ਼ਲ ਹੋਣ ਲਈ ਸਫ਼ਲਤਾ ਬਾਰੇ ਇੱਛਾ ਰੱਖਣਾ ਅਸਫ਼ਲਤਾ ਦੇ ਡਰ ਨਾਲੋਂ ਜ਼ਿਆਦਾ ਜ਼ਰੂਰੀ ਹੈ। ਹਾਰ ਕਦੇ ਹਾਰ ਨਹੀਂ ਹੁੰਦੀ, ਹਾਰ ਉਦੋਂ ਹੀ ਹੁੰਦੀ ਹੈ ਜਦੋਂ ਤੁਸੀਂ ਉਸਨੂੰ ਸਵੀਕਾਰ ਕਰ ਲੈਂਦੇ ਹੋ। ਅਸਫ਼ਲਤਾ ਕਦੇ ਵੀ ਘਾਤਕ ਨਹੀਂ ਹੁੰਦੀ ਸਗੋਂ ਢਹਿੰਦੀ ਕਲਾ ਅਤੇ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਹਮੇਸ਼ਾ ਘਾਤਕ ਹੁੰਦਾ ਹੈ। ਨਿਰਾਸ਼ਾਵਾਦੀ ਅਤੇ ਨਕਾਰਾਤਮਕ ਸੋਚ ਰੱਖਣ ਵਾਲੇ ਜ਼ਿੰਦਗੀ ਜਿਉਂਦੇ ਨਹੀਂ ਜ਼ਿੰਦਗੀ ਕੱਟਦੇ ਹਨ। ਆਸ਼ਾਵਾਦੀ ਅਤੇ ਸਕਾਰਾਤਮਕ ਸੋਚ ਰੱਖਣ ਵਾਲੇ ਲੋਕ ਜ਼ਿੰਦਗੀ ਨੂੰ ਸਿਰਫ਼ ਜਿਉਂਦੇ ਹੀ ਨਹੀਂ ਸਗੋਂ ਮਾਣਦੇ ਵੀ ਹਨ। ਮੇਰਾ ਦਾਗਿਸਤਾਨ ਵਿਚ ਰਸੂਲ ਹਮਜ਼ਾਤੋਵ ਲਿਖਦਾ ਹੈ:

'ਕੁਝ ਲੋਕ ਐਸੇ ਵੀ ਹੁੰਦੇ ਹਨ, ਜਿਹੜੇ ਬੀਤੇ ਬਾਰੇ ਸੋਗੀ ਤੇ ਅਫਸੋਸੀਆਂ ਯਾਦਾਂ ਰੱਖਦੇ ਹਨ। ਅਜਿਹੇ ਲੋਕਾਂ ਦੇ ਵਰਤਮਾਨ ਅਤੇ ਭਵਿੱਖ ਬਾਰੇ ਵੀ ਇਸੇ ਤਰ੍ਹਾਂ ਦੇ ਗਮਗੀਨ ਖਿਆਲ ਹੁੰਦੇ ਹਨ। ਕੁਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੌਸ਼ਨ, ਸੁਹਿਲੀਆਂ ਯਾਦਾਂ ਰੱਖਦੇ ਹਨ। ਉਹਨਾਂ ਦੇ ਚਿੰਤਨ ਵਿਚ ਵਰਤਮਾਨ ਅਤੇ ਭਵਿੱਖ ਵੀ ਰੌਸ਼ਨ ਹੈ। ਤੀਜੀ ਤਰ੍ਹਾਂ ਦੇ ਲੋਕ ਉਹ ਹੁੰਦੇ ਹਨ ਜਿਹਨਾਂ ਦੀਆਂ ਯਾਦਾਂ ਵਿੱਚ ਖੁਸ਼ੀ ਹੁੰਦੀ ਹੈ, ਉਦਾਸੀ ਵੀ, ਧੁੱਪ ਵੀ ਹੁੰਦੀ ਹੈ ਛਾਂ ਵੀ। ਵਰਤਮਾਨ ਤੇ ਭਵਿੱਖ ਬਾਰੇ ਉਹਨਾਂ ਦੇ ਵਿਚਾਰਾਂ ਵਿੱਚ ਵੰਨ ਸੁਵੰਨੇ ਭਾਵ, ਖਿਆਲ, ਸੰਗੀਤ ਤੇ ਰੰਗ ਭਰੇ ਹੁੰਦੇ ਹਨ।

ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਡ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀ ਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਆਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ। ਅਜਿਹੀ ਸੋਚ ਵਾਲੇ ਲੋਕ ਸਫ਼ਲਤਾ ਦੇ ਰਾਹੀ ਬਣਦੇ ਹਨ। ਅਜਿਹੇ ਲੋਕ ਅਸੰਭਵ ਨੂੰ ਸੰਭਵ ਬਣਾਉਣ ਵਿਚ ਕਾਮਯਾਬ ਹੁੰਦੇ ਹਨ।

ਕੁਲਵਿੰਦਰ ਕੌਰ ਵੀ ਅਜਿਹੇ ਲੋਕਾਂ ਵਿਚੋਂ ਇਕ ਹੈ। ਪਟਿਆਲਾ ਨੇੜੇ ਇਕ ਪਿੰਡ ਦੀ ਰਹਿਣ ਵਾਲੀ ਕੁਲਵਿੰਦਰ ਨੇ ਸੱਤਵੀਂ ਵਿਚ ਪੜ੍ਹਦੀ ਨੇ ਆਪਣੇ ਦੋਵੇਂ ਹੱਥ ਗਵਾ ਲਏ। ਬੱਚਿਆਂ ਨੇ ਖੇਡ ਖੇਡ ਵਿੱਚ ਟੋਕੇ ਵਾਲੀ ਮਸ਼ੀਨ ਨਾਲ ਛੇੜਛਾੜ ਕਰ ਲਈ ਅਤੇ ਕੁਲਵਿੰਦਰ ਦੇ ਦੋਵੇਂ ਹੱਥ ਕੱਟੇ ਗਏ। ਬੱਚੀ ਦੇ ਨਾਲ ਨਾਲ ਮਾਪਿਆਂ 'ਤੇ ਵੀ ਵੱਡੀ ਮੁਸੀਬਤ ਆ ਗਈ।

ਦੁਨੀਆਂਦਾਰਾਂ ਨੇ ਤਾਂ ਲੜਕੀ ਨੂੰ ਜਾਨੋਂ ਮਾਰਨ ਦੀਆਂ ਸਲਾਹਾਂ ਵੀ ਦਿੱਤੀਆਂ ਪਰ ਮਾਪਿਆਂ ਨੇ ਹੌਸਲੇ ਨਾਲ ਇਸ ਸੰਕਟ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਸਕੂਲ ਦੇ ਅਧਿਆਪਕਾਂ ਦੀ ਅਗਵਾਈ ਅਤੇ ਮਾਪਿਆਂ ਦੇ ਪਿਆਰ ਸਦਕਾ ਕੁਲਵਿੰਦਰ ਨੇ ਨਾ ਸਿਰਫ਼ ਮੁੜ ਪੜ੍ਹਨਾ ਸ਼ੁਰੂ ਕੀਤਾ ਬਲਕਿ ਆਪਣੇ ਮਨ ਵਿਚ ਵੱਡੇ ਸੁਪਨੇ ਸਿਰਜ ਕੇ ਉਹਨਾਂ ਨੂੰ ਪੂਰਾ ਕਰਨ ਲਈ ਮਿਹਨਤ ਸ਼ੁਰੂ ਕੀਤੀ। ਬਿਨਾਂ ਹੱਥਾਂ ਤੋਂ ਲਿਖਣ ਦਾ ਅਭਿਆਸ ਸ਼ੁਰੂ ਕੀਤਾ। ਸਕੂਲ ਅਤੇ ਕਾਲਜ ਦੀ ਪੜ੍ਹਾਈ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਵਿੱਚ ਰਹਿ ਕੇ ਕਾਨੂੰਨ ਦੀ ਪੜ੍ਹਾਈ ਕੀਤੀ। ਐਲ.ਐਲ.ਐਮ. ਕਰਨ ਤੋਂ ਬਾਅਦ ਯੂ.ਜੀ.ਸੀ. ਨੈਟ ਪਾਸ ਕੀਤਾ। ਫਿਰ ਜੱਜ ਬਣਨ ਲਈ ਮੁਕਾਬਲੇ ਦੀ ਪ੍ਰੀਖਿਆ ਵਿਚ ਬੈਠੀ ਅਤੇ ਮਾਰਚ 2014 ਵਿਚ ਜੁਡੀਸ਼ੀਅਲ ਸੇਵਾ ਲਈ ਚੁਣੀ ਗਈ। ਕੁਲਵਿੰਦਰ ਦੀ ਇਹ ਉਦਾਹਰਣ ਸਪੱਸ਼ਟ ਕਰਦੀ ਹੈ ਕਿ ਜੇ ਕੋਈ ਦ੍ਰਿੜ੍ਹ ਇਰਾਦੇ ਨਾਲ ਆਪਣੇ ਲਕਸ਼ ਨੂੰ ਪਾਉਣ ਹਿੱਤ ਲਗਾਤਾਰ ਮਿਹਨਤ ਕਰੇ ਤਾਂ ਮੰਜ਼ਿਲ ਉਸਦੇ ਪੈਰਾਂ ਵਿੱਚ ਆ ਹੀ ਜਾਂਦੀ ਹੈ। ਇਹ ਸੰਭਵ ਤਾਂ ਹੀ ਹੋ ਸਕਿਆ ਜੇ ਇਸ ਬੱਚੀ ਨੇ ਆਪਣੇ ਮਨ ਵਿਚ ਕੁਝ ਕਰਨ ਦਾ ਇਰਾਦਾ ਧਾਰਿਆ ਸੀ। ਸੁਚੇਤ ਜਾਂ ਅਚੇਤ ਉਸਨੂੰ ਮਨ ਦੀ ਸ਼ਕਤੀ ਦਾ ਗਿਆਨ ਸੀ, ਅਹਿਸਾਸ ਸੀ। ਦੂਜੇ ਪਾਸੇ ਸਾਡੇ ਸਮਾਜ ਵਿੱਚ ਅਨੇਕਾਂ ਲੋਕ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਦੀ ਬਜਾਏ ਢਹਿੰਦੀ ਕਲਾ ਵਿਚ ਚਲੇ ਜਾਂਦੇ ਹਨ।

ਮਨੁੱਖ ਦੀ ਸਫ਼ਲਤਾ ਅਤੇ ਅਸਫ਼ਲਤਾ ਲਈ ਉਸਦਾ ਮਨ ਜ਼ਿੰਮੇਵਾਰ ਹੁੰਦਾ ਹੈ।ਸ੍ਰੀ ਕ੍ਰਿਸ਼ਨ ਭਗਵਤ ਗੀਤਾ ਵਿਚ ਕਹਿੰਦੇ ਹਨ:

ਆਦਮੀ ਜੋ ਚਾਹੇ ਬਣ ਸਕਦਾ ਹੈ ਜੇ ਉਹ ਵਿਸ਼ਵਾਸ ਨਾਲ ਇੱਛਤ ਵਸਤੂ'ਤੇ ਲਗਾਤਾਰ ਚਿੰਤਨ ਕਰੇ।'' ਡਾ. ਜ਼ੋਸੀਫ ਮਰਫੀ 'ਅਵਚੇਤਨ ਮਨ ਦੀ ਸ਼ਕਤੀ' ਬਾਰੇ ਸਮਝਾਉਂਦੇ ਹੋਏ ਲਿਖਦੇ ਹਨ "ਤੁਹਾਡਾ ਅਵਚੇਤਨ ਮਨ ਤੁਹਾਡੇ ਵਿਚਾਰਾਂ ਉਤੇ ਪ੍ਰਤੀਕਿਰਿਆ ਕਰਦਾ ਹੈ ਅਤੇ ਉਹਨਾਂ ਦੇ ਅਨੁਰੂਪ ਅਨੁਭਵਾਂ, ਕਾਰਜਾਂ, ਘਟਨਾਵਾਂ ਅਤੇ ਹਾਲਾਤਾਂ ਨੂੰ ਉਤਪੰਨ ਕਰ ਦਿੰਦਾ ਹੈ। ਯਾਦ ਰੱਖੋ, ਤੁਹਾਨੂੰ ਸਫ਼ਲਤਾ ਉਸ ਚੀਜ਼ ਦੇ ਕਾਰਨ ਨਹੀਂ ਮਿਲਦੀ ਹੈ, ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਹੋ। ਸਫ਼ਲਤਾ ਤਾਂ ਮਨ ਦੇ ਵਿਸ਼ਵਾਸ ਕਾਰਨ ਮਿਲਦੀ ਹੈ।'' ਤੁਹਾਡਾ ਮਨ ਤੁਹਾਡੇ ਸਰੀਰ ਦਾ ਨਿਰਮਾਤਾ ਹੈ। ਤੁਹਾਡੇ ਵਿਚਾਰ ਹੀ ਪ੍ਰਸਥਿਤੀਆਂ ਨੂੰ ਜਨਮ ਦਿੰਦੇ ਹਨ। ਤੁਸੀਂ ਲੋਕਾਂ ਨੂੰ ਅਕਸਰ ਕਹਿੰਦੇ ਹੋਏ ਸੁਣ ਸਕਦੇ ਹੋ:

ਮੇਰੀ ਐਡੀ ਕਿਸਮਤ ਕਿੱਥੋਂ?
ਇਹ ਤਾਂ ਬਈ ਭਾਗਾਂ ਦਾ ਧਨੀ ਹੈ।
ਮੇਰੀ ਕਿਸਮਤ ਵਿੱਚ ਤਾਂ ਦੁੱਖ ਹੀ ਲਿਖੇ ਹਨ
ਰੱਬ ਨੇ ਮੈਨੂੰ ਰੋਗੀ ਕਿਉਂ ਬਣਾ ਦਿੱਤਾ?
ਖੁਸ਼ੀ ਤਾਂ ਰੱਬ ਨੇ ਸਾਨੂੰ ਬਖਸ਼ੀ ਨਹੀਂ।
ਮੈਂ ਇੰਨੀ ਮਿਹਨਤ ਕਰਦਾ ਹਾਂ ਪਰ ਬਰਕਤ ਨਹੀਂ ਪੈਂਦੀ,
ਅਸੀਂ ਇਕੱਠੇ ਪੜ੍ਹੇ ਪਰ ਉਹ ਕਿੱਥੇ ਪਹੁੰਚ ਗਿਆ। ਮੈਂ ਇੱਥੇ ਦਾ ਇੱਥੇ।
ਉਸਦੀ ਸ਼ੋਹਰਤ ਬੁਲੰਦੀਆਂ 'ਤੇ ਹੈ, ਕੀ ਮੈਂ ਬੇਨਾਮ ਹੀ ਤੁਰ ਜਾਵਾਂਗਾ?

ਇਕੋ ਘਰ ਵਿੱਚ ਪੈਦਾ ਹੋ ਕੇ ਮੈਂ ਫਰਸ਼ 'ਤੇ ਹਾਂ ਤੇ ਉਹ ਅਰਸ਼ 'ਤੇ। ਕਿਸਮਤ ਨੇ ਵੱਡਾ ਮਜ਼ਾਕ ਕੀਤਾ ਹੈ ਮੇਰੇ ਨਾਲ।

ਅਜਿਹੇ ਨਹੋਰੇ ਅਤੇ ਗਿਲੇ ਸ਼ਿਕਵੇ ਭਰੇ ਬੋਲ ਅਕਸਰ ਸੁਣਨ ਨੂੰ ਮਿਲ ਜਾਂਦੇ ਹਨ। ਜੇ ਤੁਹਾਡੇ ਮਨ ਵਿੱਚ ਅਜਿਹੇ ਖਿਆਲ ਹੋਣਗੇ ਅਤੇ ਤੁਹਾਡੇ ਬੁੱਲ੍ਹਾਂ 'ਤੇ ਅਜਿਹੇ ਬੋਲ ਹੋਣਗੇ ਤਾਂ ਸੁਭਾਵਿਕ ਤੌਰ 'ਤੇ ਤੁਹਾਡੇ ਜੀਵਨ ਵਿੱਚ ਅਜਿਹਾ ਕੁਝ ਵਾਪਰੇਗਾ। ਯਾਦ ਰੱਖੋ ਹੌਲੀ-ਹੌਲੀ ਤੁਸੀਂ ਆਪਣੇ ਅੰਦਰਲੇ ਦੀ ਬਾਹਰਲੀ ਤਸਵੀਰ ਵਿੱਚ ਤਬਦੀਲ ਹੁੰਦੇ ਜਾਂਦੇ ਹੋ। ਤੁਸੀਂ ਆਪਣੇ ਵਿਚਾਰਾਂ ਨੂੰ ਬਦਲ ਲਓ, ਤੁਹਾਡੀ ਤਕਦੀਰ ਆਪਣੇ ਆਪ ਬਦਲ ਜਾਵੇਗੀ। ਮਨੁੱਖ ਜਿਹੜੀਆਂ ਗੱਲਾਂ ਦਾ ਚਿੰਤਨ ਕਰਦਾ ਹੈ, ਜੋ ਗੱਲਾਂ ਨੂੰ ਵਾਰ-ਵਾਰ ਮਨ ਵਿੱਚ ਦੁਹਰਾਉਂਦਾ ਹੈ, ਜਿਹਨਾਂ ਖਿਆਲਾਂ ਨੂੰ ਇੱਛਾ ਬਣਾ ਲੈਂਦਾ ਹੈ, ਜਿਹਨਾਂ ਇੱਛਾਵਾਂ ਨੂੰ ਸੁਪਨੇ ਬਣਾ ਲੈਂਦਾ ਹੈ। ਜਿਹਨਾਂ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਸੰਕਲਪ ਧਾਰ ਲੈਂਦਾ ਹੈ। ਉਸ ਸੰਕਲਪ ਜਾਂ ਮਾਨਸਿਕ ਸ਼ਕਤੀ ਨਾਲ ਹੀ ਸਫ਼ਲਤਾ ਪ੍ਰਾਪਤ ਹੁੰਦੀ ਹੈ। ਮਨ ਸਰੀਰ ਨੂੰ ਜੋ ਕਾਰਜ ਕਰਨ ਦਾ ਆਦੇਸ਼ ਦਿੰਦਾ ਹੈ, ਸਰੀਰ ਉਸਦੀ ਅਵਹੇਲਨਾ ਨਹੀਂ ਕਰ ਸਕਦਾ। ਅਜਿਹੀ ਮਾਨਸਿਕ ਸ਼ਕਤੀ ਵੱਡੀ ਤੋਂ ਵੱਡੀ ਬਿਮਾਰੀ ਨੂੰ ਦੂਰ ਕਰ ਸਕਦੀ ਹੈ। ਕੈਂਸਰ ਦੇ ਮਰੀਜ਼ ਠੀਕ ਹੋਏ ਹਨ। ਮਨ ਦੀ ਸ਼ਕਤੀ ਨਾਲ ਸਰਵਪ੍ਰੀਤ ਘੁੰਮਣ ਵਰਗੀ ਕੁੜੀ ਇਕ ਲੱਤ ਨਾਲ ਨੱਚ ਕੇ ਦੁਨੀਆ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ। ਇਹੀ ਮਾਨਸਿਕ ਸ਼ਕਤੀ ਹੈ ਜੋ ਤੁਹਾਨੂੰ ਦੌਲਤ, ਸ਼ੋਹਰਤ ਅਤੇ ਸੱਤਾ ਦੀ ਪ੍ਰਾਪਤੀ ਦਾ ਰਾਹ ਦਰਸਾਉਂਦੀ ਹੈ। ਇਹ ਸੰਕਲਪ ਦੀ ਸ਼ਕਤੀ ਹੀ ਸਿਰ ਤਲੀ 'ਤੇ ਰੱਖ ਕੇ ਸ਼ਹੀਦ ਬਾਬਾ ਦੀਪ ਸਿੰਘ ਨੂੰ ਆਪਣਾ ਬਚਨ ਪੂਰਾ ਕਰਨ ਦਾ ਬਲ ਬਖਸ਼ਦੀ ਹੈ। ਇਹੀ ਮਨ ਦੀ ਸ਼ਕਤੀ ਮਿਹਨਤ ਦਾ ਸਬਕ ਦਿੰਦੀ ਹੈ। ਇਹੀ ਮਨ ਦੀ ਤਾਕਤ ਗਰੀਬੀ ਦਾ ਖਾਤਮਾ ਕਰਕੇ ਦੌਲਤਮੰਦ ਬਣਾਉਣ ਦੀ ਸਮਰੱਥਾ ਰੱਖਦੀ ਹੈ। ਇਸੇ ਮਨ ਦੀ ਸ਼ਕਤੀ ਨਾਲ ਲੋਕ ਸਫ਼ਲਤਾ ਮਿਲਣ ਤੱਕ ਦ੍ਰਿੜ੍ਹ ਇਰਾਦੇ ਅਤੇ ਸਵੈ-ਪ੍ਰੇਰਨਾ ਨਾਲ ਮੰਜ਼ਿਲ ਪ੍ਰਾਪਤੀ ਵਿਚ ਜੁਟੇ ਰਹਿੰਦੇ ਹਨ। ਇਸ ਮਾਨਸਿਕ ਸੋਚ ਕਾਰਨ ਹੀ ਇਕ ਨਿਰਾਸ਼ਾਵਾਦੀ ਨੂੰ ਹਰ ਮੌਕੇ ਵਿੱਚ ਮੁਸ਼ਕਿਲ ਨਜਰ ਆਉਂਦੀ ਹੈ ਅਤੇ ਇਕ ਆਸ਼ਾਵਾਦੀ ਨੂੰ ਹਰ ਮੁਸ਼ਕਿਲ ਵਿਚ ਮੌਕਾ ਨਜ਼ਰ ਆਉਂਦਾ ਹੈ।

ਖਿਆਲਾਂ ਅਤੇ ਵਿਚਾਰਾਂ ਨੇ ਹੀ ਅਸਲ ਵਿੱਚ ਸਾਡੀ ਜ਼ਿੰਦਗੀ ਦਾ ਰਸਤਾ ਤਹਿ ਕਰਨਾ ਹੁੰਦਾ ਹੈ। ਹੁਣ ਜੇ ਤੁਹਾਨੂੰ ਇਹ ਪਤਾ ਲੱਗ ਗਿਆ ਤਾਂ ਦੇਰੀ ਕਿਸ ਗੱਲ ਵਿੱਚ ਹੈ। ਉਠੋ ਅਤੇ ਆਪਣੀ ਚਾਹਤ ਮੁਤਾਬਿਕ ਜ਼ਿੰਦਗੀ ਦਾ ਸੰਕਲਪ, ਜ਼ਿੰਦਗੀ ਦੀ ਮੰਜ਼ਿਲ, ਜ਼ਿੰਦਗੀ ਦਾ ਉਦੇਸ਼ ਤਹਿ ਕਰੋ। ਸਵੇਰੇ ਬਿਸਤਰੇ ਤੋਂ ਉਠਦਿਆਂ ਸਭ ਤੋਂ ਪਹਿਲਾਂ ਕੰਮ ਜੋ ਕਰਨਾ ਚਾਹੀਦਾ ਹੈ, ਉਹ ਆਪਣੀ ਰੀਝਾਂ ਨੂੰ ਯਾਦ ਕਰਨਾ, ਆਪਣੀ ਮੰਜ਼ਿਲ ਦੀ ਤਸਵੀਰ ਦੇਖਣਾ ਅਤੇ ਮੰਜ਼ਿਲ ਵੱਲ ਵੱਧਣ ਹਿੱਤ ਦਿਨ ਵਿਚ ਕਰਨ ਵਾਲੇ ਕੰਮਾਂ ਦੀ ਸੂਚੀ ਤਿਆਰ ਕਰਨਾ ਆਦਿ। ਇਸ ਤਰ੍ਹਾਂ ਰਾਤੀ ਸੌਣ ਲੱਗਿਆਂ ਸਵੈ-ਪੜਚੋਲ ਕਰਨਾ ਕਿ ਅੱਜ ਦਿਨ ਵੇਲੇ ਮੈਂ ਮੰਜ਼ਿਲ ਵੱਲ ਕਿੰਨੇ ਕਦਮ ਵਧਾਏ। ਦਿਨ ਵੇਲੇ ਕੋਈ ਗਲਤ ਅਤੇ ਨਕਾਰਾਤਮਕ ਵਿਚਾਰ ਤਾਂ ਨਹੀਂ ਆਏ ਮਨ ਮਸਤਿਕ ਵਿੱਚ। ਜਿਵੇਂ ਤੁਸੀਂ ਆਪਣੇ ਕੱਪੜਿਆਂ ਦੀ ਚੋਣ ਕਰਦੇ ਹੋ, ਉਸੇ ਤਰ੍ਹਾਂ ਤੁਸੀਂ ਆਪਣੇ ਵਿਚਾਰਾਂ ਦੀ ਚੋਣ ਕਰੋ। ਨਕਾਰਾਤਮਕ ਵਿਚਾਰਾਂ ਤੋਂ ਬਚਣਾ ਜ਼ਰੂਰੀ ਹੈ। ਹਮੇਸ਼ਾ ਚੰਗੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਥਾਂ ਦਿਓ। ਤੁਸੀਂ ਜਿਸ ਤਰ੍ਹਾਂ ਦੇ ਆਦਮੀ ਜਾਂ ਇਸਤਰੀ ਬਣਨਾ ਚਾਹੁੰਦੇ ਹੋ, ਆਪਣੇ ਮਨ ਵਿਚ ਉਹੋ ਜਿਹੀ ਤਸਵੀਰ ਬਣਾ ਕੇ ਰੱਖੋ। ਜਦੋਂ ਕਦੇ ਵੀ ਮਨ ਦੀ ਅਵਸਥਾ ਚੰਗੀ ਹੋਵੇ, ਉਸ ਸਮੇਂ ਉਸ ਤਸਵੀਰ ਨੂੰ ਵੇਖੋ ਅਤੇ ਉਸ ਆਪਣੇ ਆਦਰਸ਼ ਵਰਗਾ ਹੋਣ ਦਾ ਅਹਿਸਾਸ ਕਰੋ।

ਉਸ ਸ਼ੇਅਰ ਨੂੰ ਯਾਦ ਰੱਖੋ:
ਤਸਵੀਰ ਏ ਯਾਰ ਦਿਲ ਮੇਂ ਹੈ,
ਨਜ਼ਰ ਝੁਕਾਏ ਔਰ ਦੇਖ ਲਿਆ।

ਤਸਵੀਰ ਤੁਹਾਡੀ ਇੱਛਤ ਚੀਜ਼ ਦੀ ਹੋਣੀ ਚਾਹੀਦੀ ਹੈ। ਤੁਹਾਡੇ ਸੁਪਨੇ ਦੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ਉਸ ਮਨ ਇੱਛਤ ਚੀਜ਼ ਨੂੰ ਪਾਉਣ ਦੀ ਇੱਛਾ ਪ੍ਰਬੱਲ ਇੱਛਾ ਵਿੱਚ ਤਬਦੀਲ ਹੋ ਜਾਵੇਗੀ। ਤੁਹਾਨੂੰ ਉਸਨੂੰ ਪਾਉਣ ਲਈ ਕੰਮ ਕਰਨ, ਮਿਹਨਤ ਕਰਨ ਦੀ ਹਿੰਮਤ ਅਤੇ ਬਲ ਮਿਲੇਗਾ। ਇਉਂ ਲਗਾਤਾਰ ਮਿਹਨਤ ਫਲ ਲਿਆਵੇਗੀ ਅਤੇ ਕੁਦਰਤ ਤੁਹਾਨੂੰ ਸਫ਼ਲਤਾ ਬਖਸ਼ੇਗੀ। ਬਚਪਨ ਵਿੱਚ ਸੁਣਿਆ ਗੀਤ ਯਾਦ ਰੱਖੋ:

ਨੰਨੇ ਮੁੰਨੇ ਬੱਚੇ ਤੇਰੀ ਮੁੱਠੀ ਮੇਂ ਕਿਆ ਹੈ ?
ਮੁੱਠੀ ਮੇਂ ਹੈ ਤਕਦੀਰ ਹਮਾਰੀ।

ਤੇ ਸੱਚਮੁੱਚ ਤੁਹਾਡੀ ਤਕਦੀਰ ਤੁਹਾਡੀ ਮੁੱਠੀ ਵਿਚ ਹੈ। ਸਵਾਮੀ ਵਿਵੇਕਾਨੰਦ ਨੇ ਕਿਹਾ ਹੈ ਕਿ "ਇਕ ਵਿਚਾਰ ਨੂੰ ਜੀਵਨ ਬਣਾ ਲਵੋ, ਉਸ ਵਿਚਾਰ ਬਾਰੇ ਸੋਚ, ਉਸਦੇ ਸੁਪਨੇ ਲਵੋ, ਉਸ ਵਿਚਾਰ ਨੂੰ ਜੀਓ, ਆਪਣੇ ਮਸਤਿਕ, ਮਾਸਪੇਸ਼ੀਆਂ, ਨਸਾਂ, ਸਰੀਰ ਦੇ ਹਰ ਹਿੱਸੇ ਨੂੰ ਉਸ ਵਿੱਚ ਡੁੱਬ ਜਾਣ ਦੇਵੋ ਅਤੇ ਬਾਕੀ ਸਾਰੇ ਵਿਚਾਰ ਇਕ ਪਾਸੇ ਰੱਖ ਦਿਓ। ਇਹੀ ਸਫ਼ਲਤਾ ਹੋਣ ਦਾ ਤਰੀਕਾ ਹੈ।'' ਸੋ ਸਪੱਸ਼ਟ ਹੈ ਕਿ ਵਿਚਾਰ ਹੀ ਸਾਡੀ ਜ਼ਿੰਦਗੀ ਨੂੰ ਬਣਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸੇ ਆਸ਼ੇ ਦਾ ਜ਼ਿਕਰ ਮਿਲਦਾ ਹੈ:

ਜੈਸੀ ਦ੍ਰਿਸ਼ਟ ਕਰੇ ਤੈਸਾ ਹੋਇ।

ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਢ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਾਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਅਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ।

# ਪਲਾਸਟਿਕ ਦੁਨੀਆ ਲਈ ਬਣਿਆ ਖਲਨਾਇਕ

ਸਫ਼ਾ 5 ਦੀ ਬਾਕੀ

ਹਨ ਅਤੇ ਕਿਹਾ ਜਾਂਦਾ ਹੈ ਕਿ ਤੰਬਾਕੂ ਮੁਕਤ ਸਮਾਜ ਸਿਰਜਣਾ ਚਾਹੀਦਾ ਹੈ। ਕੀ ਇਹ ਕਹਿਣ ਨਾਲ ਕੁਝ ਹੋ ਜਾਵੇਗਾ? ਨਹੀਂ, ਬਿਲਕੁਲ ਨਹੀਂ ਕਿਉਂਕਿ ਤੰਬਾਕੂ ਤੇ ਸਿਗਰਟ ਬਣਾਉਣ ਵਾਲੀਆਂ ਕੰਪਨੀਆਂ ਦੀ ਆਪਣੀ ਰਣਨੀਤੀ ਤੇ ਸਿਆਸਤ ਹੈ। ਇਵੇਂ ਹੀ ਸਰਕਾਰਾਂ ਪਲਾਸਟਿਕ ਦੇ ਲਿਫਾਫ਼ੇ ਬਣਾਉਣ ਵਾਲੀਆਂ ਕੰਪਨੀਆਂ ਨੂੰ ਮਾਨਤਾ ਦਿੰਦੀਆਂ ਹਨ। ਫਿਰ ਉਹੀ ਲਿਫ਼ਾਫ਼ੇ ਬਾਜ਼ਾਰ ਵਿੱਚ ਆਉਂਦੇ ਹਨ ਤਾਂ ਉਦੋਂ ਛੋਟੇ ਦੁਕਾਨਦਾਰਾਂ ਜਾਂ ਫਿਰ ਆਮ ਖ਼ਰੀਦਦਾਰਾਂ ਕੋਲੋਂ ਲਿਫ਼ਾਫ਼ੇ ਫੜ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਕੀ ਅਫਸਰਾਂ ਨੇ ਕਦੇ ਪਲਾਸਟਿਕ ਦੀਆਂ ਕੰਪਨੀਆਂ ਦੇ ਮਾਲਕਾਂ ਨੂੰ ਹੱਥ ਪਾਇਆ ਹੈ? ਜਵਾਬ ਹੈ- ਨਹੀਂ।

ਇਹ ਸਮੱਸਿਆ ਇਸ ਵੇਲੇ ਪੂਰੇ ਸਿਖਰ 'ਤੇ ਪਹੁੰਚ ਚੁੱਕੀ ਹੈ। ਭਾਰਤ ਦਾ ਕੋਈ ਵੀ ਅਜਿਹਾ ਦਰਿਆ, ਨਦੀ ਜਾਂ ਖਾਲੀ ਨਹੀਂ ਹੋਣੀ, ਜਿੱਥੇ ਪਲਾਸਟਿਕ ਨਾ ਸੁੱਟਿਆ ਜਾਂਦਾ ਹੋਵੇ। ਹਰ ਨਦੀ, ਦਰਿਆ ਵਿੱਚ ਅਜਿਹਾ ਸਭ ਕੁਝ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਪਾਣੀ ਪ੍ਰਦੂਸ਼ਿਤ ਤਾਂ ਹੋ ਰਿਹਾ ਹੈ, ਨਾਲ ਧਰਤੀ ਵੀ ਗੰਧਲੀ ਹੋ ਰਹੀ ਹੈ ਪਰ ਸਵਾਲ ਹੈ ਕਿ ਇਸ ਵੱਲ ਧਿਆਨ ਕਦੋਂ ਦਿੱਤਾ ਜਾਵੇਗਾ? ਸਰਕਾਰਾਂ ਸਮੇਂ-ਸਮੇਂ ਦਾਅਵੇ ਅਤੇ ਵਾਅਦੇ ਤਾਂ ਬਥੇਰੇ ਕਰਦੀਆਂ ਹਨ, ਪਰ ਹਕੀਕਤ ਵਿੱਚ ਕੀਤਾ ਕੁਝ ਵੀ ਨਹੀਂ ਜਾਂਦਾ।

ਬੰਗਲਾਦੇਸ਼ ਨੇ 2022 ਵਿੱਚ ਸਿੰਗਲ ਯੂਜ਼ ਪਲਾਸਟਿਕ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ ਪਰ ਬਾਵਜੂਦ ਇਸ ਦੇ ਉੱਥੇ ਪਲਾਸਟਿਕ ਦੇ ਬੈਗ ਖੁੱਲ੍ਹੇਆਮ ਵਿਕ ਰਹੇ ਹਨ। ਦੱਸਿਆ ਜਾਂਦਾ ਹੈ ਕਿ ਪਲਾਸਟਿਕ ਬੈਗਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਪੂਰੀ ਦੁਨੀਆ ਵਿੱਚ ਵੈਸੇ ਤਾਂ ਕਈ ਤਰ੍ਹਾਂ ਦੇ ਕਦਮ ਚੁੱਕੇ ਜਾ ਰਹੇ ਹਨ, ਪਰ 2008 ਵਿੱਚ ਸਪੇਨ ਦੇ ਕੈਟਾਲੋਨੀਆ ਤੋਂ ਸ਼ੁਰੂ ਹੋਈ ਕੌਮਾਂਤਰੀ ਪਲਾਸਟਿਕ ਬੈਗ ਮੁਕਤ ਯੋਜਨਾ ਅੱਜ ਪੂਰੀ ਦੁਨੀਆ ਵਿੱਚ ਫੈਲ ਚੁੱਕੀ ਹੈ ਅਤੇ 100 ਤੋਂ ਵੱਧ ਦੇਸ਼ਾਂ ਵਿੱਚ ਕੌਮਾਂਤਰੀ ਪਲਾਸਟਿਕ ਬੈਗ ਮੁਕਤ ਦਿਵਸ ਮਨਾਇਆ ਜਾਣ ਲੱਗਿਆ ਹੈ ਪਰ ਸਵਾਲ ਇਹ ਹੈ ਕਿ ਕੀ ਸਿਰਫ਼ ਪਲਾਸਟਿਕ ਬੈਗ ਮੁਕਤ ਦਿਵਸ ਮਨਾ ਕੇ ਜਾਂ ਯੋਜਨਾਵਾਂ ਚਲਾ ਕੇ ਹੀ ਪਲਾਸਟਿਕ ਬੈਗ ਦੀ ਸਮੱਸਿਆ ਖ਼ਤਮ ਕੀਤੀ ਜਾ ਸਕਦੀ ਹੈ? ਅਸਲ ਵਿੱਚ, ਜਿੰਨੀ ਦੇਰ ਤੱਕ ਲੋਕਾਂ ਦੇ ਦਿਮਾਗ ਵਿੱਚ ਇਹ ਗੱਲ ਨਹੀਂ ਬਿਠਾਈ ਜਾਂਦੀ ਕਿ ਪਲਾਸਟਿਕ ਬੈਗ ਅਤੇ ਇਨ੍ਹਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣ ਦਾ ਮਨੁੱਖ ਦੀ ਜ਼ਿੰਦਗੀ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ, ਓਨੀ ਦੇਰ ਤੱਕ ਕੋਈ ਵੀ ਮਨੁੱਖ ਇਸ ਨੂੰ ਛੱਡੇਗਾ ਨਹੀਂ।

ਕੈਨੇਡਾ, ਆਸਟਰੇਲੀਆ ਅਤੇ ਕਈ ਅਫਰੀਕੀ ਦੇਸ਼ਾਂ ਨੇ ਵੀ ਪਲਾਸਟਿਕ ਬੈਗਾਂ 'ਤੇ ਪਾਬੰਦੀ ਲਗਾਈ ਹੈ ਜਾਂ ਟੈਕਸ ਲਗਾਇਆ ਹੈ। ਪਲਾਸਟਿਕ ਬੈਗਾਂ ਦਾ ਪ੍ਰਭਾਵ ਸਿਰਫ਼ ਵਾਤਾਵਰਨ ਤੱਕ ਸੀਮਤ ਨਹੀਂ, ਇਹ ਸਾਡੇ ਸਮਾਜ ਅਤੇ ਅਰਥਚਾਰੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੁਝ ਸਰਕਾਰੀ ਰਿਪੋਰਟਾਂ ਕਹਿੰਦੀਆਂ ਹਨ ਕਿ ਸਰਕਾਰਾਂ ਨੂੰ ਹਰ ਸਾਲ ਸਫ਼ਾਈ ਲਈ ਅਰਬਾਂ ਰੁਪਏ ਖ਼ਰਚਣੇ ਪੈਂਦੇ ਹਨ, ਪਰ ਸਵਾਲ ਹੈ: ਕੀ ਇਹ ਸਰਕਾਰਾਂ ਵਾਕਈ ਸਾਫ਼ ਸਫ਼ਾਈ ਲਈ ਅਰਬਾਂ ਰੁਪਏ ਖ਼ਰਚਦੀਆਂ ਹਨ? ਲੱਗਦਾ ਨਹੀਂ ਕਿਉਂਕਿ ਜੇ ਅਰਬਾਂ ਰੁਪਏ ਨਦੀ-ਨਾਲੇ ਸਾਫ਼ ਕਰਨ ਵਾਸਤੇ, ਉਨ੍ਹਾਂ ਵਿੱਚੋਂ ਪਲਾਸਟਿਕ ਲਿਫ਼ਾਫ਼ੇ ਕੱਢਣ ਵਾਸਤੇ ਖ਼ਰਚ ਕੀਤੇ ਜਾਂਦੇ ਹੋਣ ਤਾਂ ਹੁਣ ਤੱਕ ਮੁਲਕ ਦੀਆਂ ਨਦੀਆਂ 'ਚ ਪੀਣ ਵਾਲਾ ਪਾਣੀ ਬਚ ਗਿਆ ਹੁੰਦਾ। ਹੁਣ ਤਾਂ ਉਲਟਾ ਇਹ ਪਾਣੀ ਕੈਂਸਰ ਦਾ ਰੂਪ ਧਾਰਨ ਕਰ ਚੁੱਕਿਆ ਹੈ। ਵੱਡੇ-ਵੱਡੇ ਸ਼ਹਿਰਾਂ ਵਿੱਚ ਕੂੜੇ ਦੇ ਪਹਾੜ ਆਮ ਦੇਖੇ ਜਾ ਸਕਦੇ ਹਨ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਪਲਾਸਟਿਕ ਬੈਗ ਵਾਤਾਵਰਨ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੇ ਹਨ। ਇਹ ਬੈਗ ਨਾ ਤਾਂ ਆਸਾਨੀ ਨਾਲ ਪਿਘਲਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਰੀਸਾਈਕਲ ਕੀਤੇ ਜਾਂਦੇ ਹਨ। ਵਿਸ਼ਵ ਪੱਧਰ 'ਤੇ ਸਿਰਫ਼ 1-3% ਪਲਾਸਟਿਕ ਬੈਗ ਹੀ ਰੀਸਾਈਕਲ ਕੀਤੇ ਜਾਂਦੇ ਹਨ। ਬਾਕੀ ਜਾਂ ਤਾਂ ਲੈਂਡਫਿਲ ਵਿੱਚ ਜਮ੍ਹਾਂ ਹੋ ਜਾਂਦੇ ਹਨ ਜਾਂ ਨਦੀਆਂ ਤੇ ਸਮੁੰਦਰਾਂ ਵਿੱਚ ਪਹੁੰਚ ਜਾਂਦੇ ਹਨ ਅਤੇ ਤਬਾਹੀ ਮਚਾਉਂਦੇ ਹਨ। ਹਰ ਸਾਲ 8 ਮਿਲੀਅਨ ਮੀਟ੍ਰਿਕ ਟਨ ਪਲਾਸਟਿਕ ਸਮੁੰਦਰ ਵਿੱਚ ਪਹੁੰਚਦਾ ਹੈ, ਜਿਸ ਵਿੱਚੋਂ ਪਲਾਸਟਿਕ ਬੈਗ ਵੱਡਾ ਹਿੱਸਾ ਹੁੰਦੇ ਹਨ। ਇਹ ਬੈਗ ਕੱਛੂਆਂ, ਮੱਛੀਆਂ ਅਤੇ ਵ੍ਹੇਲਾਂ ਵਰਗੇ ਸਮੁੰਦਰੀ ਜੀਵਾਂ ਲਈ ਘਾਤਕ ਸਾਬਤ ਹੁੰਦੇ ਹਨ। ਹਰ ਸਾਲ 10 ਲੱਖ ਤੋਂ ਵੱਧ ਸਮੁੰਦਰੀ ਜੀਵ ਪਲਾਸਟਿਕ ਨਿਗਲਣ ਜਾਂ ਇਸ ਵਿੱਚ ਫਸਣ ਕਾਰਨ ਮਰ ਜਾਂਦੇ ਹਨ।

ਭਾਰਤ ਵਿੱਚ ਵੀ ਪਲਾਸਟਿਕ ਦੇ ਥੈਲਿਆਂ (ਲਿਫ਼ਾਫ਼ਿਆਂ) ਕਾਰਨ ਹਾਲਤ ਚਿੰਤਾਜਨਕ ਹੈ। ਸਾਡੇ ਸ਼ਹਿਰਾਂ ਵਿੱਚ ਨਾਲੀਆਂ ਅਤੇ ਸੀਵਰ ਸਿਸਟਮ ਅਕਸਰ ਪਲਾਸਟਿਕ ਦੇ ਥੈਲਿਆਂ ਕਾਰਨ ਬੰਦ ਹੋ ਜਾਂਦੇ ਹਨ। ਪਲਾਸਟਿਕ ਦਾ ਕੂੜਾ ਮਹਾਂਨਗਰਾਂ ਵਿੱਚ ਮੌਨਸੂਨ ਦੌਰਾਨ ਹੜ੍ਹਾਂ ਦਾ ਵੱਡਾ ਕਾਰਨ ਹੈ। ਇਹ ਥੈਲੇ ਮੀਂਹ ਦਾ ਪਾਣੀ ਬਾਹਰ ਜਾਣ ਤੋਂ ਰੋਕਦੇ ਹਨ, ਜਿਸ ਨਾਲ ਸੜਕਾਂ 'ਤੇ ਪਾਣੀ ਭਰ ਜਾਂਦਾ ਹੈ। ਇਸ ਤੋਂ ਇਲਾਵਾ, ਜਦੋਂ ਪਲਾਸਟਿਕ ਦੇ ਥੈਲੇ ਧੁੱਪ ਵਿੱਚ ਸੜ-ਬਲ ਜਾਂਦੇ ਹਨ ਤਾਂ ਇਹ ਮਾਈਕ੍ਰੋ-ਪਲਾਸਟਿਕ ਵਿੱਚ ਬਦਲ ਜਾਂਦੇ ਹਨ। ਪਲਾਸਟਿਕ ਦੇ ਥੈਲੇ ਨਾ ਸਿਰਫ਼ ਸਮੁੰਦਰਾਂ, ਸਗੋਂ ਸਾਡੀ ਮਿੱਟੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਇਹ ਥੈਲੇ ਖੇਤਾਂ ਜਾਂ ਜ਼ਮੀਨ 'ਤੇ ਸੁੱਟੇ ਜਾਂਦੇ ਹਨ ਤਾਂ ਇਹ ਮਿੱਟੀ ਦੀ ਉਪਜਾਊ ਸ਼ਕਤੀ ਘਟਾਉਂਦੇ ਹਨ। ਮਾਈਕ੍ਰੋ-ਪਲਾਸਟਿਕ ਮਿੱਟੀ ਵਿੱਚ ਮੌਜੂਦ ਸੂਖਮ ਜੀਵਾਂ ਨੂੰ ਨਸ਼ਟ ਕਰ ਦਿੰਦੇ ਹਨ ਜੋ ਫ਼ਸਲਾਂ ਲਈ ਜ਼ਰੂਰੀ ਹਨ।

ਪਲਾਸਟਿਕ ਦੇ ਥੈਲਿਆਂ ਨੂੰ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਸਾਹ ਦੀਆਂ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਸਰਕਾਰਾਂ ਨੂੰ ਇਸ ਸਬੰਧੀ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਇਸ ਦੇ ਨਾਲ ਹੀ ਇਸ ਦਾ ਬਦਲ ਵੀ ਲਿਆਉਣਾ ਚਾਹੀਦਾ ਹੈ। ਜੇ ਬਾਜ਼ਾਰ ਵਿੱਚੋਂ ਪਲਾਸਟਿਕ ਖ਼ਤਮ ਕਰਨਾ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਉਸ ਦੇ ਬਦਲ ਵਜੋਂ ਦੁਕਾਨਦਾਰਾਂ ਨੂੰ ਕੁਝ ਦੇਣਾ ਪਵੇਗਾ। ਇਕੱਲੇ ਜੁਰਮਾਨੇ ਨਾਲ ਇਹ ਕਹਿਰ ਰੁਕ ਨਹੀਂ ਸਕਦਾ। ਸਰਕਾਰ ਨੂੰ ਸਭ ਤੋਂ ਪਹਿਲਾਂ ਫੈਕਟਰੀਆਂ ਖ਼ਿਲਾਫ਼ ਕਾਰਵਾਈ ਵਿੱਢਣੀ ਚਾਹੀਦੀ ਹੈ।

ਸੰਪਰਕ: 95698-20314

# ਪਰਵਾਸ ਅਤੇ ਪੰਜਾਬ

ਸਫ਼ਾ 5 ਦੀ ਬਾਕੀ

ਭੇਜ ਕੇ ਸੰਤੁਸ਼ਟ ਹਨ। ਰੁਜ਼ਗਾਰ ਦੀ ਗੱਲ ਕਰ ਲਈਏ ਤਾਂ ਇੱਧਰ ਕਈ ਅਜਿਹੇ ਹਨ ਜੋ ਪੀਐੱਚ. ਡੀ. ਕਰਕੇ ਰੇਹੜੀ ਲਗਾ ਰਹੇ ਹਨ। ਤੇਰਾਂ ਸਾਲ ਯੂਨੀਵਰਸਿਟੀ ਵਿੱਚ ਨੌਕਰੀ ਕਰਨ ਦੇ ਬਾਅਦ ਵੀ ਪੱਕਾ ਨਹੀਂ ਕੀਤਾ ਗਿਆ। ਇਸ ਵਿੱਚ ਉਸ ਵਿਅਕਤੀ ਦਾ ਕੀ ਕਸੂਰ ਹੈ? ਜਿਸ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਤੇਰਾਂ ਵਰ੍ਹੇ ਇੱਕ ਸੰਸਥਾ ਨੂੰ ਦੇ ਦਿੱਤੇ। ਵਿਆਹ ਤੋਂ ਬਾਅਦ ਖ਼ਰਚੇ ਵਧ ਜਾਂਦੇ ਹਨ। ਜੋ ਵਿਅਕਤੀ 40-45 ਸਾਲ ਦੀ ਉਮਰ ਵਿੱਚ ਆਪ ਸੈੱਟ ਨਹੀਂ ਹੋ ਸਕਿਆ, ਉਸ ਵਿਚਾਰੇ ਨੇ ਆਪਣੇ ਬੱਚਿਆਂ ਨੂੰ ਕਿਵੇਂ ਸੈੱਟ ਕਰਨਾ ਹੈ।

ਪੜ੍ਹਾਈਆਂ ਦੇ ਵਧ ਰਹੇ ਖ਼ਰਚੇ ਅਤੇ ਰੋਜ਼ਮਰਾ ਦੀ ਜ਼ਿੰਦਗੀ ਨੂੰ ਖਿੱਚਣ ਦੇ ਅਨੇਕਾਂ ਅਜਿਹੇ ਖ਼ਰਚੇ ਹਨ, ਜਿਨ੍ਹਾਂ ਨੂੰ ਪੂਰਾ ਕਰਨਾ ਬਹੁਤ ਮੁਸ਼ਕਲ ਹੈ। ਪੜ੍ਹਾਈ ਤੋਂ ਬਾਅਦ ਵੱਖ-ਵੱਖ ਤਰ੍ਹਾਂ ਦੇ ਟੈਸਟ ਦੇ ਕੇ ਇੱਕ ਆਮ ਵਿਅਕਤੀ ਉਂਝ ਵੀ ਮਾਨਸਿਕ ਪਰੇਸ਼ਾਨੀ ਵਿੱਚ ਘਿਰ ਜਾਂਦਾ ਹੈ। ਇਕੱਲਾ ਪੰਜਾਬੀ ਹੀ ਪਰਵਾਸ ਨਹੀਂ ਕਰ ਰਿਹਾ। ਕਿਸੇ ਕੰਪਨੀ ਵਿੱਚ ਬੱਚਿਆਂ ਨੇ ਰੁਜ਼ਗਾਰ [illegible] ਹੋਵੇ ਤਾਂ ਉਹ ਵੀ ਇੱਕ ਸ਼ਹਿਰ ਨੂੰ ਛੱਡ ਕੇ ਦੂਸਰੇ ਸ਼ਹਿਰ ਜਾਣਾ ਪਰਵਾਸ ਹੀ ਕਹਾਉਂਦਾ ਹੈ। ਹਮੇਸ਼ਾਂ ਹਰ ਗੱਲ ਨੂੰ ਚਿੱਥੇ ਹੀ ਜਾਣ ਦੀ ਲੋੜ ਨਹੀਂ ਹੁੰਦੀ। ਸਮੇਂ ਅਤੇ ਹਾਲਾਤ ਨਾਲ ਬਦਲਣਾ ਪੈਂਦਾ ਹੈ। ਅੱਜ ਦੀ ਦੁਨੀਆ ਵਿੱਚ ਹਰ ਕੋਈ ਸਿਆਣਾ ਹੈ। ਨੈੱਟ ਦੇ ਆਉਣ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਉਪਲੱਬਧ ਹੋ ਜਾਂਦੀ ਹੈ। ਮੇਰਾ ਤਾਂ ਇਹੀ ਮੰਨਣਾ ਹੈ ਕਿ ਵਿਅਕਤੀ ਨੂੰ ਜਿੱਥੇ ਵੀ ਜਾ ਕੇ ਸੰਤੁਸ਼ਟੀ ਮਿਲਦੀ ਹੈ, ਉਸ ਨੂੰ ਜਾਣਾ ਚਾਹੀਦਾ ਹੈ। ਕੌਣ ਕੀ ਕਹਿ ਰਿਹਾ ਹੈ? ਇਸ ਬਾਰੇ ਵਿਚਾਰ ਚਰਚਾ ਕਰਨ ਨਾਲੋਂ ਬਿਹਤਰ ਇਹੀ ਹੈ ਕਿ ਆਪਣੀ ਜ਼ਿੰਦਗੀ ਦੇ ਸਾਲਾਂ ਨੂੰ ਬਿਹਤਰ ਬਣਾਇਆ ਜਾਵੇ। ਅਗਾਂਹਵਧੂ ਸੋਚ ਨਾਲ ਅੱਗੇ ਵਧਿਆ ਜਾਵੇ। ਆਪਣੇ ਦਾਇਰਿਆਂ ਨੂੰ ਵਿਸ਼ਾਲ ਕਰਕੇ, ਮੁਸੀਬਤਾਂ ਨੂੰ ਝੱਲਣ ਦੇ ਕਾਬਲ ਬਣ ਕੇ, ਅੱਗੇ ਵਧਦੇ ਰਹਿਣਾ ਹੀ ਜ਼ਿੰਦਗੀ ਦੀ ਹੋਂਦ ਦਾ ਸੰਕੇਤ ਹੈ। ਸੰਪਰਕ: 81465-36200

# ਗਿਰਝਾਂ

ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਸੀ। ਚਾਰੇ ਪਾਸੇ ਪਾਣੀ ਹੀ ਪਾਣੀ। ਮੀਂਹ ਅਜੇ ਵੀ ਵਰ੍ਹ ਰਿਹਾ ਸੀ। ਲੋਕ ਛੱਤਾਂ 'ਤੇ ਬੈਠੇ ਹੋਏ। ਸਰਕਾਰ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਕੁਝ ਸਮਾਜ ਸੇਵੀ ਦੁੱਧ, ਬਰੈੱਡ ਅਤੇ ਹੋਰ ਜ਼ਰੂਰੀ ਵਸਤਾਂ ਲੋੜਵੰਦਾਂ ਵਿੱਚ ਵੰਡਣ ਆਉਂਦੇ ਤਾਂ ਲੋਕੀਂ ਇੱਕ ਦੂਜੇ ਤੋਂ ਮੂਹਰੇ ਹੋ ਹੱਥ ਅੱਡਦੇ। ਭੁੱਖਣ ਭਾਣੇ ਮਾਸੂਮ ਵਿਲਕ ਰਹੇ। ਲੋਕਾਂ ਨੇ ਪਸ਼ੂਆਂ ਦੇ ਸੰਗਲ ਖੋਲ੍ਹ ਦਿੱਤੇ ਸਨ।

ਕਈ ਦਿਨ ਪਿੱਛੋਂ ਪਾਣੀ ਘਟਿਆ ਤਾਂ ਬਰਬਾਦੀ ਦਾ ਮੰਜ਼ਰ ਸਾਹਮਣੇ ਆਉਣ ਲੱਗਾ। ਚਿੱਕੜ ਹੀ ਚਿੱਕੜ... ਮੁਰਦਾ ਜੀਵ-ਜੰਤੂ... ਬਦਬੂ... ਮਹਾਂਮਾਰੀ ਫੈਲਣ ਦਾ ਡਰ। ਆਸਮਾਨ 'ਚ ਗਿਰਝਾਂ ਮੰਡਰਾਉਣ ਲੱਗੀਆਂ।


ਮੰਤਰੀ ਨੇ ਹੜ੍ਹ ਮਾਰੇ ਇਲਾਕਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ, ਸ਼ਹਿਰ ਦੇ ਵੱਡੇ ਹੋਟਲ ਵਿੱਚ ਪ੍ਰੈਸ ਕਾਨਫਰੰਸ ਕਰਨ ਲਈ ਸੁਨੇਹੇ ਭੇਜ ਦਿੱਤੇ। ਉਸ ਨੇ ਕਿਹਾ, "ਸਾਡੀ ਹਮਦਰਦੀ ਹੜ੍ਹ-ਪੀੜਤਾਂ ਦੇ ਨਾਲ ਹੈ... ਕਮੇਟੀ ਬਣਾ ਦਿੱਤੀ ਹੈ... ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ...।"

"ਸਰ... ਹੜ੍ਹਾਂ ਦੀ ਰੋਕਥਾਮ ਲਈ ਆਏ ਕਰੋੜਾਂ ਰੁਪਏ ਦੇ ਫੰਡ ਕਿਤੇ ਨਜ਼ਰੀਂ ਨਹੀਂ ਪੈ ਰਹੇ...।" ਪੱਤਰਕਾਰ ਨੇ ਸਵਾਲ ਕੀਤਾ।

"ਇਸ ਦੀ ਤਫ਼ਤੀਸ਼ ਕਰਾਵਾਂਗੇ... ਪਰ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ...।"

ਦੇਖਦੇ ਹੀ ਦੇਖਦੇ ਮੰਤਰੀ ਜੀ ਦਾ ਹੈਲੀਕਾਪਟਰ ਫਿਰ ਅੰਬਰ ਦੀਆਂ ਉਚਾਈਆਂ ਛੂਹਣ ਲੱਗਾ- ਗਿਰਝਾਂ ਸੰਗ...!!

ਜਗਜੀਤ ਸਿੰਘ ਲੋਹਟਬੱਦੀ
ਸੰਪਰਕ: 89684-33500






# ਕੁਲਵੰਤ ਕੌਰ ਨਾਰੰਗ ਦਾ ਕਾਵਿ-ਸੰਗ੍ਰਹਿ 'ਉਡੀਕ ਅਟਕ ਗਈ ਹੈ' ਸਮਾਜਿਕਤਾ ਦੀ ਪੀੜ

ਕੁਲਵੰਤ ਕੌਰ ਨਾਰੰਗ ਲਗਪਗ ਅੱਧੀ ਸਦੀ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀ ਹੈ। ਉਸਦੇ ਹੁਣ ਤੱਕ ਚਾਰ ਕਾਵਿ-ਸੰਗ੍ਰਹਿ ਜਿਨ੍ਹਾਂ ਵਿੱਚ 'ਦਰਦ', 'ਪਰਛਾਵੇਂ', 'ਅਣਗਾਹੇ ਰਾਹ' ਅਤੇ 'ਮੇਰੀ ਉਡੀਕ ਰੱਖੀਂ' ਅਤੇ ਇੱਕ 'ਉਡੀਕ ਦੇ ਪਲ' ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਪੜਚੋਲ ਅਧੀਨ 'ਉਡੀਕ ਅਟਕ ਗਈ ਹੈ' ਉਸਦਾ ਪੰਜਵਾਂ ਕਾਵਿ-ਸੰਗ੍ਰਹਿ ਤੇ ਛੇਵੀਂ ਪੁਸਤਕ ਹੈ। ਕਵਿਤਰੀ ਦਾ 'ਪਰਛਾਵੇਂ' ਕਾਵਿ-ਸੰਗ੍ਰਹਿ ਨੂੰ ਪੰਜਾਬੀ ਅਕਾਦਮੀ ਦਿੱਲੀ ਨੇ ਪੁਰਸਕਾਰ ਵੀ ਦਿੱਤਾ ਹੋਇਆ ਹੈ। 'ਉਡੀਕ ਅਟਕ ਗਈ ਹੈ' ਕਾਵਿ-ਸੰਗ੍ਰਹਿ ਵਿੱਚ ਉਸ ਦੀਆਂ 70 ਕਵਿਤਾਵਾਂ ਹਨ। ਕਵਿਤਰੀ ਵਿਚਾਰ ਪ੍ਰਧਾਨ ਖੁਲ੍ਹੀਆਂ ਕਵਿਤਾਵਾਂ ਅਤੇ ਸਰੋਦੀ ਦੋਵੇਂ ਤਰ੍ਹਾਂ ਦੀਆਂ ਕਵਿਤਾਵਾਂ ਲਿਖਦੀ ਹੈ। ਇਸ ਕਾਵਿ-ਸੰਗ੍ਰਹਿ ਦੇ ਨਾਮ ਵਾਲੀ ਕਵਿਤਾ 'ਉਡੀਕ ਅਟਕ ਗਈ ਹੈ' ਬਹੁਤ ਹੀ ਸੰਵੇਦਨਸ਼ੀਲ ਤੇ ਭਾਵਨਾਤਮਿਕ ਹੈ। ਜ਼ਮਾਨਾ ਬਦਲ ਗਿਆ ਹੈ, ਮਾਵਾਂ ਬੱਚਿਆਂ ਨੂੰ ਗਲਵਕੜੀ ਪਾਉਣ ਲਈ ਤਰਸ ਗਈਆਂ ਹਨ। ਬੱਚੇ ਪਰਵਾਸ ਨੂੰ ਉਡਾਰੀ ਮਾਰ ਰਹੇ ਹਨ, ਮਾਵਾਂ ਉਡੀਕਦੀਆਂ ਰਹਿ ਜਾਂਦੀਆਂ ਹਨ। ਪੁੱਤਰ ਪਰਵਾਸ ਵਿੱਚ ਜਾ ਕੇ ਵੱਡੇ ਬਣ ਜਾਂਦੇ ਹਨ, ਉਨ੍ਹਾਂ ਕੋਲ ਘਰ ਪਰਤਣ ਦਾ ਸਮਾਂ ਹੀ ਨਹੀਂ। ਜੇਕਰ ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਇਹ ਕਾਵਿ-ਸੰਗ੍ਰਹਿ ਬਹੁਤ ਹੀ ਹਿਰਦੇਵੇਦਿਕ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ। ਸਮਾਜਿਕ ਤਾਣੇ-ਬਾਣੇ ਦੀ ਹੱਰ ਪੱਖੋਂ ਗਿਰਾਵਟ ਦਾ ਦਸਤਾਵੇਜ਼ ਹੈ। ਉਸਦੇ ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਦੀ ਪਤੀਰਨਿਧਤਾ ਕਰਦੀਆਂ ਹਨ। ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਕੁਲਵੰਤ ਕੌਰ ਨਾਰੰਗ ਸੰਵੇਦਨਸ਼ੀਲ ਕਵਿਤਰੀ ਹੈ। ਇਸਤਰੀਆਂ ਨਾਲ ਸਮਾਜ ਵਿੱਚ ਹੋ ਰਹੀਆਂ ਅਣਗਿਣਤ ਜ਼ਿਆਦਤੀਆਂ ਬਾਰੇ ਉਸਦੀਆਂ ਬਹੁਤੀਆਂ ਕਵਿਤਾਵਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਲੜਕੀਆਂ ਨੂੰ ਮਾਵਾਂ ਅਤੇ ਪਰਿਵਾਰ ਦੇ ਹੋਰ ਮੈਂਬਰ ਵਿਆਹ ਦੇ ਸਮੇਂ ਅਸੀਸਾਂ ਦੇ ਰੂਪ ਵਿੱਚ ਅਜਿਹੀਆਂ ਹਦਾਇਤਾਂ ਦਿੰਦੇ ਹਨ, ਜਿਹੜੀਆਂ ਉਸ ਲੜਕੀ ਲਈ ਫੰਦਾ ਬਣ ਜਾਂਦੀਆਂ ਹਨ। ਬਹੁ ਗਿਣਤੀ ਸਹੁਰੇ ਘਰਾਂ ਵਿੱਚ ਲੜਕੀਆਂ ਦੀਆਂ ਭਾਵਨਾਵਾਂ ਅਤੇ ਮੁੱਢਲੀਆਂ ਜ਼ਰੂਰਤਾਂ ਦੀ ਅਣਵੇਖੀ ਹੁੰਦੀ ਹੈ। ਕਵਿਤਰੀ ਦੀਆਂ ਕਵਿਤਾਵਾਂ ਕਹਿ ਰਹੀਆਂ ਹਨ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਤੋਂ ਬਿਨਾ ਉਨ੍ਹਾਂ ਦੀ ਜ਼ਿੰਦਗੀ ਸੁਹਾਵਣੀ ਨਹੀਂ ਹੋ ਸਕਦੀ। ਘਰ ਦੀ ਚਾਰਦੀਵਾਰੀ ਉਨ੍ਹਾਂ ਲਈ ਕੈਦਖ਼ਾਨਾ ਬਣ ਜਾਂਦੀ ਹੈ। ਮਰਦ ਪਤੀ ਦੇ ਰੂਪ ਵਿੱਚ ਔਰਤ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ/ਕਤਲ ਕਰਦੇ ਹਨ। ਮਰਦ ਔਰਤਾਂ ਨਾਲ ਬਲਾਤਕਾਰ ਅਤੇ ਭਰੂਣ ਹੱਤਿਆ ਵਰਗੀਆਂ ਕਰੂਰ ਹਰਕਤਾਂ ਕਰਨ ਲੱਗੇ ਕਦੀਂ ਵੀ ਇਹ ਨਹੀਂ ਸੋਚਦੇ ਕਿ ਉਹ ਵੀ ਇੱਕ ਔਰਤ ਆਪਣੀ ਮਾਂ ਦੀ ਕੁੱਖੋਂ ਜੰਮੇ ਹਨ, ਔਰਤਾਂ ਹੀ ਉਸਦੀਆਂ ਪੁਤਰੀਆਂ, ਭੈਣਾਂ, ਪਤਨੀਆਂ ਅਤੇ ਦੋਸਤ ਹੁੰਦੀਆਂ ਹਨ। ਉਹ ਕੁੱਖ ਵੀ ਉਸਦੀ ਮਾਂ ਵਰਗੀ ਹੁੰਦੀ ਹੈ। ਮਰਦਾਂ ਦੀ ਭੇੜੀਆ ਦੀ ਤਰ੍ਹਾਂ ਹਵਸ ਨੈਤਿਕਤਾ ਦਾ ਘਾਣ ਕਰ ਦਿੰਦੀ ਹੈ। ਔਰਤ ਦੀ ਆਪਣੀ ਕੋਈ ਪਛਾਣ ਨਹੀਂ, ਉਹ ਤਾਂ ਸਿਰਫ਼ ਧੀ, ਪਤਨੀ, ਮਾਂ ਅਤੇ ਪ੍ਰੇਮਿਕਾ ਦੇ ਲੇਬਲ ਨਾਲ ਜਾਣੀ ਜਾਂਦੀ ਹੈ। ਜੇ ਉਹ ਆਤਮ ਨਿਰਭਰ ਹੋਵੇਗੀ ਤਾਂ ਹੀ ਉਸਦੀ ਆਪਣੀ ਪਛਾਣ ਬਣ ਸਕੇਗੀ। ਔਰਤਾਂ ਘਰਾਂ ਵਿੱਚ ਆਪਣੇ ਖਾਵੰਦਾਂ ਨੂੰ ਉਡੀਕਦੀਆਂ ਹੋਈਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਮਰਦ ਔਰਤਾਂ ਨੂੰ ਸਿਰਫ਼ ਭੋਗਣ ਦੀ ਵਸਤੂ ਹੀ ਸਮਝਦੇ ਹਨ। ਕਵਿਤਾਵਾਂ ਦੇ ਵਿਸ਼ੇ ਵਿਸ਼ਾਲ ਹਨ, ਕਿਉਂਕਿ ਉਸਦਾ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੈ। ਇਹ ਸਾਰੀਆਂ ਕਵਿਤਾਵਾਂ ਉਸਦੇ ਇਸ ਤਜ਼ਰਬੇ ਦੀ ਗਵਾਹੀ ਭਰਦੀਆਂ ਹਨ। ਸਮਾਜਿਕ ਤਾਣੇ-ਬਾਣੇ ਵਿੱਚ ਜੋ ਕੁਝ ਵਾਪਰਦਾ ਕੁਲਵੰਤ ਕੌਰ ਨਾਰੰਗ ਵੇਖਦੀ ਹੈ, ਉਸਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾ ਲੈਂਦੀ ਹੈ। ਕਵਿਤਰੀ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਸਮਾਜਿਕਤਾ, ਭਰੂਣ ਹੱਤਿਆ, ਬਲਾਤਕਾਰ, ਗ਼ਰੀਬੀ, ਮਨੁੱਖ ਦੀ ਖ਼ੁਦਗਰਜ਼ੀ, ਰਾਜਨੀਤਕ, ਆਰਥਿਕ, ਸਭਿਅਚਾਰਕ, ਔਰਤਾਂ ਦੀਆਂ ਸਮੱਸਿਆਵਾਂ, ਮਨੁੱਖੀ ਹੱਕਾਂ, ਦਾਜ-ਦਹੇਜ, ਭ੍ਰਿਸ਼ਟਾਚਾਰ, ਰਿਸ਼ਤਿਆਂ ਵਿੱਚ ਖਟਾਸ, ਪਰਵਾਸ, ਅਨਿਆਂ, ਧੋਖੇ ਅਤੇ ਮਨੁੱਖਤਾ ਦੀਆਂ ਮਾਨਸਿਕ ਉਲਝਣਾਂ ਹਨ। 'ਕਤਲ' ਕਵਿਤਾ ਵਿੱਚ ਬਲਾਤਕਾਰ ਵਰਗੀਆਂ ਗੰਭੀਰ ਮਨੁੱਖੀ ਕਰਤੂਤਾਂ ਦਾ ਜ਼ਿਕਰ ਕਰਦੀ ਕਵਿਤਰੀ ਲਿਖਦੀ ਹੈ:

ਰਾਤ ਸੀ ਨ ਹਨੇਰਾ ਹੀ ਸੀ, ਨ ਆਪਣਾ ਸੀ ਉਹ ਕਿਹੜਾ ਸੀ।
ਜੋ ਆ ਕੇ ਸ਼ਮ੍ਹਾ ਬੁਝਾ ਗਿਆ, ਹੱਸਦੀ ਕੋਮਲ ਕਲੀ ਨੂੰ।
ਹਵਸ ਦੇ ਹੇਠ ਕੁਚਲ ਗਿਆ, ਅਰਮਾਨ ਕੁਆਰੇ ਜਲਾ ਗਿਆ।
ਇਨਸਾਨੀਅਤ ਦਾ ਕਤਲ ਕਰ ਗਿਆ।

'ਬਰਾਬਰ' ਕਵਿਤਾ ਵਿੱਚ ਕਵਿਤਰੀ ਭਰੂਣ ਹੱਤਿਆ ਅਤੇ ਗ਼ਰੀਬ ਅਮੀਰ ਦੇ ਪਾੜੇ ਬਾਰੇ ਲਿਖਦੀ ਹੈ:

ਜੇ ਧੀਆਂ ਨ ਸਲਾਮਤ ਰਹੀਆਂ, ਦੁਨੀਆਂ ਕੀਕਣ ਪਸਰੇਗੀ।
ਅੰਨ ਦੀ ਵੰਡ ਜੇ ਨ ਕੀਤੀ, ਗ਼ਰੀਬ ਦੀ ਕੀਕਣ ਗੁਜ਼ਰੇਗੀ।

ਸਮਾਜ ਵਿੱਚ ਇਸਤਰੀਆਂ ਨਾਲ ਹੋ ਰਹੇ ਦੁਰਵਿਵਹਾਰ ਦਾ ਇੱਕ ਕਾਰਨ ਗ਼ਰੀਬੀ ਵੀ ਹੈ। ਗ਼ਰੀਬ ਔਰਤਾਂ ਦਾ ਸਰਦੇ ਪੁਜਦੇ ਲੋਕ ਸ਼ੋਸ਼ਣ ਕਰ ਰਹੇ ਹਨ। ਇਸ ਕਾਵਿ-ਸੰਗ੍ਰਹਿ ਵਿੱਚ ਮਾਂ ਦੇ ਸਿਰਲੇਖ ਵਾਲੀਆਂ ਕਈ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਉਹ ਸਮਾਜ ਨੂੰ ਇਸਤਰੀਆਂ ਖਾਸ ਤੌਰ 'ਤੇ ਮਾਂ ਦੀ ਅਹਿਮੀਅਤ ਨੂੰ ਸਮਝਣ ਦੀ ਤਾਕੀਦ ਕਰਦੀ ਹੋਈ ਕਵਿਤਰੀ 'ਮਾਂ' ਸਿਰਲੇਖ ਵਾਲੀ ਕਵਿਤਾ ਵਿੱਚ ਇਹ ਦੱਸਣਾ ਚਾਹੁੰਦੀ ਹੈ ਕਿ ਜੇਕਰ ਇਨਸਾਨ ਮਾਂ ਦੀ ਕਦਰ ਕਰਨੀ ਸਿਖ ਜਾਵੇ ਤੇ ਉਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਲੱਗ ਜਾਵੇ ਤਾਂ ਸਮਾਜਿਕ ਬੁਰਾਈਆਂ ਖ਼ਤਮ ਕੀਤੀਆਂ ਜਾ ਸਕਦੀਆਂ ਹਨ। ਔਰਤਾਂ ਘਰਾਂ ਵਿੱਚ ਸੁਰੱਖਿਅਤ ਨਹੀਂ ਬਾਹਰ ਤਾਂ ਸੁਰੱਖਿਅਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਲੜਕਿਆਂ ਨੂੰ ਖਾਸ ਤੌਰ 'ਤੇ ਮਾਂ ਦੇ ਦੱਸੇ ਰਾਹ 'ਤੇ ਚਲਦਿਆਂ ਇਸਤਰੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਨਫ਼ਰਤ, ਵੰਡੀਆਂ ਅਤੇ ਰਿਸ਼ਤਿਆਂ ਵਿੱਚ ਖਟਾਸ ਦੇ ਕਾਰਨਾਂ ਕਰਕੇ ਔਰਤ ਦੀ ਕਦਰ ਨਹੀਂ ਕੀਤੀ ਜਾਂਦੀ। ਕਦੀ ਪਤੀ ਤੇ ਕਦੀ ਪੁੱਤਰ ਦਾ ਰੋਹਬ ਸਹਿਣਾ ਪੈਂਦਾ ਹੈ। ਔਰਤ ਤਾਂ ਹੱਕ-ਸੱਚ ਦੀ ਆਵਾਜ਼ ਹੈ। ਪਿਆਰ ਤੇ ਮੁਹੱਬਤ ਅਜਿਹਾ ਹਥਿਆਰ ਹੈ, ਜਿਹੜਾ ਇਨਸਾਨੀਅਤ ਦੀ ਪ੍ਰਵਿਰਤੀ ਪੈਦਾ ਕਰਕੇ ਸੁਹਾਵਣਾ ਵਾਤਵਰਨ ਬਣਾ ਸਕਦਾ ਹੈ। ਪਿਆਰ ਤੋਂ ਬਿਨਾ ਜ਼ਿੰਦਗੀ ਸਰਾਪੀ ਜਾਂਦੀ ਹੈ। ਪਰ ਨਾਰੀ ਹੁਣ ਅਬਲਾ ਨਹੀਂ, ਉਹ ਵੀ ਪਾਇਲਟ ਤੇ ਇੰਜਿਨੀਅਰ ਬਣਨਾ ਲੋਚਦੀ ਹੈ। ' ਸਬਲਾ ਨਾਰੀ' ਦੇ ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਕਹਿੰਦੀ ਹੈ ਕਿ ਹੁਣ ਔਰਤ ਅਬਲਾ ਨਹੀਂ, ਸਗੋਂ ਸਬਲਾ ਨਾਰੀ ਹੈ, ਭਾਵ ਬਹਾਦਰ ਹੈ। ਹੁਣ ਔਰਤ ਸਮਾਜ ਵਿੱਚ ਬਰਾਬਰਤਾ ਨਾਲ ਵਿਚਰੇਗੀ। ਉਸਨੇ ਝੁਕਣਾ, ਸ਼ਰਮਾਣਾ ਅਤੇ ਡਰਨਾ ਸਭ ਛੱਡ ਦਿੱਤਾ ਹੈ। ਉਹ ਆਤਮ ਨਿਰਭਰ ਬਣੇਗੀ। ਹੁਣ ਔਰਤ ਨੂੰ ਕਮਜ਼ੋਰ ਨਾ ਸਮਝਿਆ ਜਾਵੇ। ਕਵਿਤਰੀ ਸਮਾਜਿਕ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਤੋਂ ਅਤਿਅੰਤ ਚਿੰਤਾਤੁਰ ਲੱਗਦੀ ਹੈ, ਕਿਉਂਕਿ ਇਸ ਕਾਵਿ-ਸੰਗ੍ਰਹਿ ਵਿੱਚ ਉਸਨੇ ਲਗਪਗ 20 ਕਵਿਤਾਵਾਂ, ਜਿਨ੍ਹਾਂ ਵਿੱਚ 'ਰਿਸ਼ਤੇ', 'ਸਾਬਤ ਸਬੂਤਾ', 'ਅਸੀਸ ਦੇ ਮਾਇਨੇ', 'ਉਡੀਕ ਅਟਕ ਗਈ ਹੈ', 'ਰੂਹਾਂ ਦੇ ਸੱਚ', 'ਤੇਰੀ ਜਵਾਨੀ', 'ਹੁਸੀਨ ਪਲ', 'ਮੇਰੇ ਖੰਭ ਨੇ', 'ਮਾਂ','ਸਮਾਂ', 'ਪਰਵਾਜ਼','ਇਕੱਲਤਾ', 'ਕੱਲ੍ਹ' ਆਦਿ ਇਨਸਾਨੀ ਰਿਸ਼ਤਿਆਂ ਵਿੱਚ ਆਈ ਗਿਰਾਵਟ ਸੰਬੰਧੀ ਸ਼ਾਮਲ ਹਨ। ਕਵਿਤਰੀ ਅਨੁਸਾਰ ਰਿਸ਼ਤੇ ਹੀ ਹਨ, ਜਿਹੜੇ ਇਨਸਾਨ ਦੀ ਕਦਰ ਨੂੰ ਬਰਕਰਾਰ ਰੱਖ ਸਕਦੇ ਹਨ। ਡਿਜਟਲ ਮੀਡੀਆ ਦੇ ਆਉਣ ਨਾਲ ਖਤੋ ਖ਼ਤਾਬਤ ਬੰਦ ਹੋ ਗਈ, ਮਿਲਣੋ ਗਿਲਣੋ ਹੀ ਰਹਿ ਗਏ, ਫ਼ੋਨ ਹੀ ਗੱਲ ਕਰਨ ਲਈ ਰਹਿ ਗਏ, ਰਿਸ਼ਤੇ ਬਰਕਰਾਰ ਅਤੇ ਮਜ਼ਬੂਤ ਕਿਵੇਂ ਹੋਣਗੇ? ਲੋਕ ਇਕੱਲਤਾ ਭਾਲਦੇ ਹਨ, ਇਸ ਅਣਹੋਂਦ ਕਰਕੇ ਨਫ਼ਰਤ ਭਾਰੂ ਹੋ ਗਈ ਹੈ, ਸਵੈਮਾਨ ਦੀ ਥਾਂ ਹੰਕਾਰ ਵੱਧ ਰਹੇ ਹਨ। 'ਰਿਸ਼ਤੇ' ਕਵਿਤਾ ਵਿੱਚ ਕਵਿਤਰੀ ਦੀ ਰੂਹ ਦੀ ਹੂਕ ਸੁਣਾਈ ਦਿੰਦੀ ਹੈ:

ਇਹਨਾਂ. ਰਿਸ਼ਤਿਆਂ, ਬੜਾ ਰੁਆਇਆ ਏ।
ਇਹਨਾਂ ਰਿਸ਼ਤਿਆਂ, ਬੜਾ ਸਤਾਇਆ ਏ।
ਇਹ ਰਿਸ਼ਤੇ ਬੜੇ ਸੋਹਲ ਨੇ, ਇਹ ਰਿਸ਼ਤੇ ਬੜੇ ਹੀ ਕੋਮਲ ਨੇ।
ਰਿਸ਼ਤੇ ਮੈਂ ਸਭ ਹੰਢਾਏ ਨੇ, ਬੱਸ ਦੁੱਖ ਹੀ ਝੋਲੀ ਪਾਏ ਨੇ।
ਕਿਤੇ ਸੁਗੰਧੀਆਂ ਰਿਸ਼ਤੇ ਵੰਡਦੇ ਨੇ, ਕਿਤੇ ਚੀਰ ਕਾਲਜਾ ਧਰਦੇ ਨੇ।
ਫਿਰ ਵੀ ਇਹ ਰਿਸ਼ਤੇ ਪਿਆਰੇ ਨੇ, ਮੈਂ ਲਹੂ ਦੇ ਨਾਲ ਸ਼ਿੰਗਾਰੇ ਨੇ।
ਰਿਸ਼ਤਿਆਂ ਦੇ ਨਾਂਅ 'ਤੇ ਬੜਾ ਕੁਝ ਸਿਰਜਿਆ, ਬਹੁਤ ਕੁਝ ਚਾਹਿਆ,
ਥੋੜ੍ਹਾ ਕੁਝ ਪਾਇਆ, ਅਜੇ ਤੀਕ ਝੋਲੀ ਦੁੱਖਾਂ ਨਾਲ ਭਰੀ ਹੈ।

'ਕੌਣ' ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਲਿਖਦੀ ਹੈ ਕਿ ਇਨਸਾਨ ਆਪਣੇ ਅੰਦਰ ਝਾਤੀ ਨਹੀਂ ਮਾਰਦਾ, ਸਗੋਂ ਲੋਕਾਂ ਦੇ ਘਰ ਝੀਤਾਂ ਰਾਹੀਂ ਵੇਖਣ ਤੋਂ ਸੰਕੋਚ ਨਹੀਂ ਕਰਦਾ। ਆਪਣੀਆਂ ਗ਼ਲਤੀਆਂ ਨੂੰ ਅਣਡਿਠ ਕਰਕੇ ਲੋਕਾਂ ਦੀਆਂ ਗ਼ਲਤੀਆਂ ਲੱਭੀਆਂ ਜਾ ਰਹੀਆਂ ਹਨ। ਪਹਿਲਾਂ ਸਾਨੂੰ ਆਪਣੇ ਆਪ ਨੂੰ ਸੁਧਾਰਨਾ ਚਾਹੀਦਾ ਹੈ, ਸੰਸਾਰ ਖੁਦ ਹੀ ਸੁਧਰ ਜਾਵੇਗਾ ਕਿਉਂਕਿ ਅਸੀਂ ਸਮਾਜ ਦਾ ਹੀ ਹਿੱਸਾ ਹਾਂ। ਇਸ ਕਵਿਤਾ ਵਿੱਚ ਸ਼ਾਇਰਾ ਲਿਖਦੀ ਹੈ:

ਹਰ ਕੋਈ ਲਾਠੀ ਲੈ ਕੇ ਤੁਰਦਾ, ਮਨ ਵਿੱਚ ਇਹ ਲਾਠੀ ਫ਼ੇਰੇ ਕੌਣ?
ਆਪਣਾ ਘਰ ਹੀ ਸਾਂਭ ਕੇ ਰੱਖੀਏ, ਸਮਾਜ ਸੁਧਾਰਣ ਦੀ ਫਿਰ ਵਗੇਗੀ ਪੌਣ।
ਸੁਧਾਰਾਂ ਦੀ ਫਿਰ ਵਗੇਗੀ ਪੌਣ..........।

ਇਨਸਾਨ ਇੱਕ ਦੂਜੇ ਦੇ ਖ਼ੂਨ ਦਾ ਪਿਆਸਾ ਹੋਇਆ ਪਿਆ ਹੈ। 'ਨਾ ਜਾਣੇ' ਕਵਿਤਾ ਵਿੱਚ ਸ਼ਾਇਰਾ ਲਿਖਦੀ ਹੈ ਕਿ ਜਿੱਧਰ ਵੀ ਵੇਖੋ ਬਦਅਮਨੀ ਫ਼ੈਲੀ ਪਈ ਹੈ। ਭ੍ਰਿਸ਼ਟਾਚਾਰ, ਜ਼ਾਤ- ਪਾਤ ਅਤੇ ਬੇਇਤਵਾਰੀ ਵੱਧ ਗਈ ਹੈ। ਹਰ ਪਾਸੇ ਪੀੜਾਂ ਹੀ ਪੀੜਾਂ ਹਨ। ਰਾਜਨੀਤਕ ਲੋਕ ਵਾਅਦੇ ਪੂਰੇ ਨਹੀਂ ਕਰਦੇ, ਇਨਸਾਫ਼ ਮਿਲ ਨਹੀਂ ਰਿਹਾ, ਗ਼ਰੀਬਾਂ ਦੀਆਂ ਝੁਗੀਆਂ ਬਰਸਾਤਾਂ ਵਿੱਚ ਢਹਿ ਢੇਰੀ ਹੋ ਜਾਂਦੀਆਂ ਹਨ, ਸਮਾਜ ਬੇਖ਼ਰ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਲਗਪਗ ਇੱਕ ਦਰਜਨ ਕਵਿਤਾਵਾਂ ਪਿਆਰ ਮੁਹੱਬਤ ਦੀ ਬਾਤ ਪਾਉਂਦੀਆਂ ਹਨ, ਪ੍ਰੰਤੂ ਉਨ੍ਹਾਂ ਵਿੱਚੋਂ ਵੀ ਸਮਾਜਿਕਤਾ ਦੀ ਖ਼ੁਸ਼ਬੋ ਆਉਂਦੀ ਹੈ। ਇੱਕ ਸਿਰਲੇਖ ਦੀਆਂ ਹੀ ਕਈ ਕਵਿਤਾਵਾਂ ਹਨ, ਇੰਝ ਨਹੀਂ ਹੋਣਾ ਚਾਹੀਦਾ।

104 ਪੰਨਿਆਂ, 275 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਆਰਸੀ ਪਬਲਿਸ਼ਰਜ਼ ਦਿੱਲੀ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਪ੍ਰਕਾਸ਼ਕ :9811225357

ਪੁਸਤਕ ਸਮੀਖਿਆ
ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072







# ਕਿਤੇ ਬੋਲ ਵੇ ਚੰਦਰਿਆ ਕਾਵਾਂ...

ਹਰਪ੍ਰੀਤ ਸਿੰਘ ਸਵੈਚ
98782-24000

ਕੋਈ ਸਮਾਂ ਸੀ ਜਦੋਂ ਬਨੇਰਿਆਂ 'ਤੇ ਬੋਲਦੇ ਕਾਵਾਂ ਨੂੰ ਸੁਣ ਕੇ ਘਰ ਦੇ ਜੀਆਂ ਨੂੰ ਚਾਅ ਚੜ੍ਹ ਜਾਂਦਾ ਤੇ ਮਹਿਮਾਨ ਆਉਣ ਦਾ ਸੂਚਕ ਸਮਝ ਕੇ ਕਾਵਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਖੁਆਈਆਂ ਜਾਂਦੀਆਂ, ਪਰ ਅਜੋਕੇ ਮਸ਼ੀਨੀ ਯੁੱਗ ਵਿਚ ਘਰਾਂ ਦੇ ਬਨੇਰੇ ਹੀ ਨਹੀਂ ਰਹੇ ਤਾਂ ਕਾਵਾਂ ਵਿਚਾਰਿਆਂ ਨੇ ਕਿੱਥੋਂ ਬੋਲਣਾ। ਅਜੋਕੀ ਪੀੜ੍ਹੀ ਲਈ ਕਾਂ ਇਕ ਕਾਲੇ ਕਲੂਟੇ ਪੰਛੀ ਤੋਂ ਵਧ ਕੇ ਕੁਝ ਨਹੀਂ, ਜਦੋਂ ਕਿ ਪੁਰਾਤਨ ਸਮਿਆਂ ਵਿਚ ਕਾਂ ਪੰਜਾਬੀ ਜਨ ਜੀਵਨ ਦੇ ਲਗਭਗ ਹਰ ਪਹਿਲੂ ਵਿਚ ਛਾਇਆ ਹੋਇਆ ਸੀ। ਪੰਜਾਬੀ ਲੋਕ ਗੀਤਾਂ, ਲੋਕ ਕਹਾਣੀਆਂ ਅਤੇ ਲੋਕ ਅਖਾਣਾਂ ਵਿਚ ਕਾਵਾਂ ਨੂੰ ਸੰਬੋਧਨ ਕਰਦਿਆਂ ਅਨੇਕਾਂ ਮਨੋਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਮਿਲਦਾ ਹੈ। ਕਾਂ ਨੂੰ ਕਾਸਿਦ ਦੇ ਰੂਪ ਵਿਚ ਵੇਖਦੇ ਹੋਏ ਜਿੱਥੇ ਸੁਆਣੀਆਂ ਵੱਲੋਂ ਇਕ ਪਾਸੇ ਕਾਵਾਂ ਦੇ ਤਰਲੇ ਕੱਢੇ ਜਾਂਦੇ ਹਨ ਤਾਂ ਦੂਜੇ ਪਾਸੇ ਕਾਂ ਨੂੰ ਉਲਾਂਭੇ ਵੀ ਦਿੱਤੇ ਜਾਂਦੇ ਹਨ। ਕਾਵਾਂ 'ਤੇ ਰਚੇ ਗਏ ਬਹੁਤ ਸਾਰੇ ਲੋਕ ਗੀਤਾਂ ਵਿਚ ਪੰਜਾਬ ਦੀਆਂ ਧੀਆਂ, ਸੁਹਾਗਣਾਂ ਅਤੇ ਪਿਆਰੇ ਦੇ ਇਸ਼ਕ 'ਚ ਲੀਨ ਕੁਆਰੀਆਂ ਦੇ ਜਜ਼ਬਾਤਾਂ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ। ਪ੍ਰਦੇਸ ਗਏ ਸੱਜਣਾਂ ਦਾ ਕੋਈ ਸੁਨੇਹਾ ਦੇਣ ਵਾਸਤੇ ਕਾਂ ਦੇ ਹਾੜ੍ਹੇ ਇੰਜ ਕੱਢੇ ਗਏ ਹਨ:

ਆ ਕਾਵਾਂ ਤੈਨੂੰ ਚੂਰੀਆਂ ਪਾਵਾਂ,
ਕਦੀ ਸਾਡੇ ਵੀ ਬੈਠ ਬਨੇਰੇ
ਦੇ ਪੈਗਾਮ ਕੋਈ ਸੱਜਣਾਂ ਵਾਲਾ,
ਵੇ ਮੈਂ ਸ਼ਗਨ ਮਨਾਵਾਂ ਤੇਰੇ

ਪੰਜਾਬੀ ਲੋਕ ਗੀਤਾਂ ਵਿਚ ਇਕ ਚਾਲਾਕ ਪੰਛੀ ਹੋਣ ਦੇ ਬਾਵਜੂਦ ਕਾਂ ਨੂੰ ਬਹੁਤ ਵਡਿਆਇਆ ਗਿਆ ਹੈ। ਪਿਆਰੇ ਦੇ ਇੰਤਜ਼ਾਰ ਵਿਚ ਔਂਸੀਆਂ ਪਾਉਂਦੀ ਮੁਟਿਆਰ ਜਿੱਥੇ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਪਾਉਂਦੀ ਹੈ ਉੱਥੇ ਹੀ ਪਿਆਰੇ ਦਾ ਸੁਨੇਹਾ ਦੇਣ 'ਤੇ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਾਉਣ ਦਾ ਲਾਲਚ ਵੀ ਦਿੰਦੀ ਹੈ:

ਚੁੰਝ ਵੇ ਤੇਰੀ ਕਾਲਿਆ ਕਾਵਾਂ ਸੋਨੇ ਨਾਲ ਮੜ੍ਹਾਵਾਂ
ਜਾਹ ਆਖੀਂ ਮੇਰੇ ਮਾਹੀਏ ਨੂੰ ਮੈਂ ਨਿੱਤ ਔਂਸੀਆਂ ਪਾਵਾਂ

ਭਾਵੇਂ ਕੋਇਲ ਵਾਂਗ ਕਾਂ ਦੀ ਆਵਾਜ਼ ਕੋਈ ਬਹੁਤੀ ਦਿਲਟੁੰਬਵੀਂ ਨਹੀਂ ਹੈ, ਪਰ ਇਸ ਦੇ ਬਾਵਜੂਦ ਪੰਜਾਬੀ ਜਨਜੀਵਨ ਵਿਚ ਕਾਂ ਨੂੰ ਕੋਇਲ ਨਾਲੋਂ ਵੱਧ ਤਰਜੀਹ ਦਿੱਤੀ ਗਈ ਜਾਪਦੀ ਹੈ। ਕਿਸੇ ਦੀ ਉਡੀਕ ਹੋਵੇ ਤਾਂ ਕੋਇਲ ਦੀ ਮਿੱਠੀ ਆਵਾਜ਼ ਵੀ ਦਿਲ ਨੂੰ ਚੈਨ ਨਹੀਂ ਪਾਉਂਦੀ ਤੇ ਉਡੀਕ ਰਹਿੰਦੀ ਹੈ ਕਿ ਕਦੋਂ ਕਾਂ ਬਨੇਰੇ ਉੱਤੇ ਬੋਲੇ ਤੇ ਉਡੀਕ ਮੁੱਕੇ:

ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ, ਕਿਤੇ ਬੋਲ ਵੇ ਚੰਦਰਿਆ ਕਾਵਾਂ

ਅੱਜ ਵਾਂਗ ਪੁਰਾਤਨ ਸਮਿਆਂ ਵਿਚ ਸੰਚਾਰ ਸਾਧਨਾਂ ਦੀ ਘਾਟ ਕਾਰਨ ਸਹੁਰੇ ਘਰ ਵਸਦੀਆਂ ਧੀਆਂ ਕਾਵਾਂ ਚਿੜੀਆਂ ਨਾਲ ਹੀ ਆਪਣਾ ਦਿਲ ਫਰੋਲਦੀਆਂ ਸਨ। ਸਹੁਰੇ ਘਰ ਦੇ ਵਿਹੜੇ ਵਿਚ ਬੈਠੀ ਧੀ ਆਪਣੇ ਮਾਪਿਆਂ ਜਾਂ ਭਰਾ ਦੀ ਉਡੀਕ ਵਿਚ ਕਾਂ ਨਾਲ ਆਪਣੇ ਦੁੱਖ ਸੁੱਖ ਕਰਦੀ ਹੋਈ ਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਸਤੇ ਪਾਉਂਦੀ ਹੈ ਤੇ ਉਸਦੇ ਪੇਕਿਆਂ ਤਕ ਆਪਣਾ ਸੁਨੇਹਾ ਪਹੁੰਚਾਉਣ ਲਈ ਆਖਦੀ ਹੈ:

ਉੱਡਦਾ ਵੇ ਜਾਵੀਂ ਕਾਵਾਂ
ਬਹਿੰਦਾ ਜਾਵੀਂ ਵੇ
ਦੱਸੀਂ ਵੇ ਕਾਵਾਂ ਦੱਸੀਂ ਵੀਰ ਮੇਰੇ ਨੂੰ
ਆਊਗਾ ਅੜਿਆ ਨੀਲਾ ਘੋੜਾ ਪੀੜ ਕੇ

ਬਹੁਤਾ ਤੇ ਫਜ਼ੂਲ ਬੋਲਣ ਵਾਲੇ ਨੂੰ ਅਕਸਰ 'ਕਾਂ ਖਾ ਕੇ ਆਇਆ ਏਂ' ਦਾ ਤਾਅਨਾ ਦਿੱਤਾ ਜਾਂਦਾ ਹੈ। ਵਿਆਹ ਮੌਕੇ ਆਉਂਦੇ ਨਾਨਕਾ ਮੇਲ ਦੌਰਾਨ ਨਾਨਕੀਆਂ ਦਾਦਕੀਆਂ ਨੂੰ ਕਾਵਾਂ ਦੇ ਨਾਮ 'ਤੇ ਸਿੱਠਣੀਆਂ ਵੀ ਦੇ ਦਿੱਤੀਆਂ ਜਾਂਦੀਆਂ ਹਨ, ਜਿਸ ਦਾ ਕੋਈ ਗੁੱਸਾ ਗਿਲਾ ਵੀ ਨਹੀਂ ਕਰਦਾ:

ਕਿੱਥੇ ਗਈਆਂ ਲਾੜਿਆ
ਤੇਰੀਆਂ ਦਾਦਕੀਆਂ
ਖਾਧੇ ਸੀ ਮਾਂਹ, ਜੰਮੇਂ ਸੀ ਕਾਂ
ਕਾਂ ਕਾਂ ਕਰਦੀਆਂ ਵੇ
ਤੇਰੀਆਂ ਦਾਦਕੀਆਂ

ਪੰਜਾਬੀ ਲੋਕ ਗੀਤਾਂ ਦੀ ਲਗਭਗ ਹਰ ਵੰਨਗੀ ਵਿਚ ਕਾਵਾਂ ਰਾਹੀਂ ਮਨੋਭਾਵਾਂ ਨੂੰ ਬਿਆਨ ਕੀਤਾ ਗਿਆ ਹੈ। ਵਿਆਹ ਤੋਂ ਬਾਅਦ ਧੀਆਂ ਦੀ ਯਾਦ ਵਿਚ ਮਾਵਾਂ ਦੀਆਂ ਭਾਵਨਾਵਾਂ ਨੂੰ ਟੱਪਿਆਂ ਦੇ ਰੂਪ ਵਿਚ ਇੰਜ ਪੇਸ਼ ਕੀਤਾ ਗਿਆ ਹੈ:

ਕਾਲੇ ਖੰਭ ਨੇ ਕਾਵਾਂ ਦੇ
ਧੀਆਂ ਪ੍ਰਦੇਸ ਗਈਆਂ
ਧੰਨ ਜਿਗਰੇ ਮਾਵਾਂ ਦੇ

ਛੋਟੇ ਬੱਚਿਆਂ ਨੂੰ ਕਾਵਾਂ ਦਾ ਡਰਾਵਾ ਦਿੱਤਾ ਜਾਂਦਾ ਹੈ ਕਿਉਂਕਿ ਕਾਂ ਛੋਟੇ ਬਾਲਾਂ ਦੇ ਹੱਥੋਂ ਰੋਟੀ ਦੀਆਂ ਬੁਰਕੀਆਂ ਖੋਹ ਕੇ ਲੈ ਜਾਂਦਾ ਹੈ। ਮਾਂਵਾਂ ਵੱਲੋਂ ਛੋਟੇ ਬਾਲਾਂ ਨੂੰ ਸੁਲਾਉਣ ਲਈ ਸੁਣਾਈਆਂ ਜਾਂਦੀਆਂ ਲੋਰੀਆਂ ਵਿਚ ਵੀ ਕਾਵਾਂ ਦੀ ਬਾਖੂਬੀ ਪੇਸ਼ਕਾਰੀ ਹੋਈ ਹੈ। ਮਾਂ ਆਪਣੇ ਬੱਚੇ ਨੂੰ ਛੇਤੀ ਰੋਟੀ ਖਾਣ ਲਈ ਕਾਂ ਦਾ ਡਰਾਵਾ ਦਿੰਦੀ ਹੋਈ ਕਹਿੰਦੀ ਹੈ:

ਕਾਕੇ ਲਈ ਹੈ ਚੂਰੀ ਕੁੱਟੀ
ਨਾਲੇ ਰੱਖੀ ਦਹੀਂ ਦੀ ਫੁੱਟੀ
ਕਾਂ ਮਾਰੀ ਝੁੱਟੀ
ਫੁੱਟੀ ਗਈ ਲੁੱਟੀ

ਲੋਕ ਅਖਾਣਾਂ ਵਿਚ ਵੀ ਕਾਂ ਦੇ ਜੀਵਨ ਨੂੰ ਸਾਹਮਣੇ ਰੱਖਦਿਆਂ ਅਨੇਕਾਂ ਨਸੀਹਤਾਂ ਦਿੱਤੀਆਂ ਗਈਆਂ ਮਿਲਦੀਆਂ ਹਨ। ਕਾਵਾਂ ਵਿਚ ਆਪਸੀ ਏਕਾ ਲਾਜਵਾਬ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਕਾਂ ਕਾਵਾਂ ਦੇ ਭਰਾ ਭਰਾਵਾਂ ਦੇ।' ਲੋਕ ਅਖਾਣਾਂ ਵਿਚ ਕਾਵਾਂ ਨੂੰ ਪਰਿਵਾਰ ਜੋੜ ਕੇ ਰੱਖਣ ਵਾਲੇ ਜੀਵਾਂ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ:

ਕਾਂ ਕੰਬੋਅ ਕਰਾੜ ਕਬੀਲਾ ਪਾਲਦੇ
ਜੱਟ ਮਹਾਂ ਸੰਸਾਰ ਕਬੀਲਾ ਗਾਲਦੇ

ਇਸ ਅਖਾਣ ਵਿਚ ਪੇਸ਼ ਹੋਈਆਂ ਬਾਕੀ ਜਾਤਾਂ ਬਾਰੇ ਤਾਂ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਕਾਵਾਂ 'ਤੇ ਅੱਜ ਵੀ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ। ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।

**ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।**



# ਸਾਰੀ ਵਸੋਂ ਆਜ਼ਾਦੀ ਦਾ ਨਿੱਘ ਮਾਣੇ

ਡਾ. ਰਣਜੀਤ ਸਿੰਘ

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿਕਾਸ ਕਰ ਰਿਹਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਦਾ ਬਹੁਤਾ ਲਾਭ ਵਸੋਂ ਦੇ ਉਤਲੇ ਤਬਕੇ ਨੂੰ ਹੋ ਰਿਹਾ ਹੈ। ਦੇਸ਼ ਦੀ ਅੱਜ ਵੀ ਇੱਕ ਤਿਹਾਈ ਵਸੋਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਸਮਾਂ ਬੀਤਣ ਨਾਲ ਨਾਗਰਿਕਾਂ ਅਤੇ ਆਗੂਆਂ ਅੰਦਰ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਸੰਜੀਦਗੀ ਆਉਣੀ ਚਾਹੀਦੀ ਸੀ, ਪਰ ਹੋ ਇਸ ਦੇ ਉਲਟ ਰਿਹਾ ਹੈ। ਬਹੁਤੇ ਆਗੂ, ਅਧਿਕਾਰੀ ਅਤੇ ਅਮੀਰ ਲੋਕ ਸਿਰਫ਼ ਆਪਣੇ ਬਾਰੇ ਸੋਚਦੇ ਹਨ। ਸਰਕਾਰ ਨੂੰ ਸਹੀ ਰਾਹ ਉਤੇ ਰੱਖਣ ਲਈ ਵਿਰੋਧੀ ਧਿਰ ਦਾ ਫ਼ਰਜ਼ ਬਣਦਾ ਹੈ, ਪਰ ਵਿਰੋਧੀ ਧਿਰਾਂ ਕੋਲ ਵੀ ਵਿਕਾਸ ਦਾ ਕੋਈ ਏਜੰਡਾ ਨਹੀਂ। ਸੰਸਦ ਵਿੱਚ ਇੱਕ ਦੂਜੇ ਉਤੇ ਚਿੱਕੜ ਸੁੱਟਿਆ ਜਾਂਦਾ ਹੈ। ਨਾਅਰੇਬਾਜ਼ੀ ਹੁੰਦੀ ਹੈ ਤੇ ਵਿਰੋਧੀ ਧਿਰ ਬਾਹਰ ਆ ਜਾਂਦੀ ਹੈ। ਸਰਕਾਰ ਬਿਨਾਂ ਕਿਸੇ ਵਿਚਾਰ-ਵਟਾਂਦਰੇ ਦੇ ਬਿਲ ਪਾਸ ਕਰਵਾ ਲੈਂਦੀ ਹੈ। ਸੰਸਦ ਕੋਈ ਜੰਗ ਦਾ ਮੈਦਾਨ ਨਹੀਂ ਸਗੋਂ ਦੇਸ਼ ਦੇ ਵਰਤਮਾਨ ਅਤੇ ਭਵਿੱਖ ਨੂੰ ਵਧੀਆ ਬਣਾਉਣ ਲਈ ਉਸਾਰੂ ਵਿਚਾਰ-ਵਟਾਂਦਰੇ ਦਾ ਕੇਂਦਰ ਹੈ। ਇਸ ਵਾਰ ਤਾਂ ਦੇਸ਼ ਦਾ ਸਾਲਾਨਾ ਬਜਟ ਵੀ ਬਿਨਾਂ ਕਿਸੇ ਵਿਚਾਰ-ਵਟਾਂਦਰੇ ਤੋਂ ਪਾਸ ਹੋ ਗਿਆ। ਕਦੇ ਸਮਾਂ ਸੀ ਜਦੋਂ ਉਸਾਰੀ ਬਹਿਸ ਹੁੰਦੀ ਸੀ ਅਤੇ ਵਿਰੋਧੀਆਂ ਦੇ ਚੰਗੇ ਸੁਝਾਵਾਂ ਨੂੰ ਅਪਣਾ ਲਿਆ ਜਾਂਦਾ ਸੀ। ਅਸਲ ਵਿਚ ਇਹ ਹਉਮੈ ਦੀ ਲੜਾਈ ਨਹੀਂ ਹੋਣੀ ਚਾਹੀਦੀ ਹੈ ਸਗੋਂ ਵਿਰੋਧੀਆਂ ਦੇ ਚੰਗੇ ਸੁਝਾਵਾਂ ਦਾ ਸਰਕਾਰ ਵੱਲੋਂ ਸਵਾਗਤ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਸਰਕਾਰੀ ਲੋਕ ਪੱਖੀ ਫੈਸਲਿਆਂ ਦੀ ਹਮਾਇਤ ਕੀਤੀ ਜਾਵੇ। ਸੰਸਦ ਵਿੱਚ ਸਾਰੇ ਦੇਸ਼ ਦੇ ਲੋਕਾਂ ਵੱਲੋਂ ਚੁਣੇ ਗਏ ਮੈਂਬਰ ਹਨ। ਇਨ੍ਹਾਂ ਨੂੰ ਲੋਕ ਮੁੱਦਿਆਂ ਜਿਵੇਂ ਗਰੀਬੀ, ਬੇਰੁਜ਼ਗਾਰੀ, ਸਿਹਤ ਅਤੇ ਵਿਦਿਅਕ ਸਹੂਲਤਾਂ ਨੂੰ ਸਾਰੇ ਦੇਸ਼ ਵਾਸੀਆਂ ਤੱਕ ਪਹੁੰਚਾਉਣ ਦੇ ਢੰਗ ਤਰੀਕਿਆਂ ਬਾਰੇ ਉਸਾਰੂ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਦੇਸ਼ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੀ ਲੋੜ ਹੈ ਤਾਂ ਜੋ ਦੋਵਾਂ ਵਿੱਚ ਸਿਹਤਮੰਦ ਮੁਕਾਬਲਾ ਹੋ ਸਕੇ। ਸਰਕਾਰੀ ਕਰਮਚਾਰੀਆਂ ਨੂੰ ਸਹੂਲਤਾਂ ਦੇਣ ਦੇ ਨਾਲੋ-ਨਾਲ ਜ਼ਿੰਮੇਵਾਰੀ ਵੀ ਦੇਣੀ ਚਾਹੀਦੀ ਹੈ। ਘਾਟੇ ਵਿੱਚ ਜਾ ਰਹੇ ਅਦਾਰਿਆਂ ਵਿੱਚ ਸਬੰਧਿਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਮਿੱਥੀ ਜਾਵੇ। ਇਨ੍ਹਾਂ ਨੂੰ ਵੇਚਣਾ ਸਮੱਸਿਆ ਦਾ ਹੱਲ ਨਹੀਂ। ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ ਸੱਤ ਦਹਾਕੇ ਹੋ ਗਏ ਹਨ। ਬਿਨਾਂ ਸ਼ੱਕ, 75 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ, ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਘੱਟੋ-ਘੱਟ 50 ਕਰੋੜ ਵਸੋਂ ਅਜਿਹੀ ਹੈ ਜਿਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਆਪਣਾ ਘਰ ਨਹੀਂ। ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਅਮੀਰ ਗਰੀਬ ਪਾੜਾ ਵੀ ਵਧਿਆ ਹੈ। ਹੁਣ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿੱਚ ਰਹਿੰਦੀ ਹੈ। ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਰਹੀ ਹੈ। ਦੇਸ਼ ਲੋਕਰਾਜ ਦੀ ਥਾਂ ਵੋਟ ਰਾਜ ਬਣ ਰਿਹਾ ਹੈ। ਅਸਲ ਵਿੱਚ ਦੇਸ਼ ਨੂੰ ਕੁਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫ਼ਸਰਸ਼ਾਹੀ ਨੇ ਆਪਣੇ ਖਰਚੇ ਇੰਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਲਈ ਸਰਕਾਰੀ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ।

ਦੇਸ਼ ਵਿਚ ਲੋਕਰਾਜ ਹੈ ਤੇ ਲੋਕਰਾਜ ਦੀ ਸਫਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ, ਪਰ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਨਹੀਂ ਸਗੋਂ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ਼ ਵਿੱਚ ਇੱਕੋ-ਇੱਕ ਰਾਜਨੀਤਕ ਪਾਰਟੀ ਦੀ ਸਰਦਾਰੀ ਬਣੀ ਰਹੇ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ ਦੀਆਂ ਸੜਕਾਂ ਅਮਰੀਕੀ ਸੜਕਾਂ ਤੋਂ ਵੀ ਵਧੀਆ ਹੋਣ। ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਏ ਕਲਾਸ ਹੋਣੇ ਚਾਹੀਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਸਰਕਾਰ ਕੋਲ ਇੰਨੇ ਵਸੀਲੇ ਨਹੀਂ ਹਨ ਕਿ ਅਜਿਹਾ ਕੀਤਾ ਜਾ ਸਕੇ। ਇਸ ਕਰ ਕੇ ਫੈਸਲਾ ਕੀਤਾ ਗਿਆ ਹੈ ਕਿ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾਵੇ। ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਕਰਨ। ਲੋਕਾਂ ਨੂੰ ਇਨ੍ਹਾਂ ਸੜਕਾਂ ਉਤੇ ਸਫ਼ਰ ਕਰਨ ਲਈ ਫੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਦੇਸ਼ ਵਿੱਚ ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਦੇਸ਼ ਦੀ ਅੱਧੀ ਵਸੋਂ ਹੌਸਲਾ ਨਹੀਂ ਕਰ ਸਕਦੀ। ਇੰਝ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਜਾ ਰਿਹਾ ਹੈ। ਅਮੀਰਾਂ ਦਾ ਭਾਰਤ ਤੇ ਗਰੀਬਾਂ ਦਾ ਭਾਰਤ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕ ਪ੍ਰਣਾਲੀ ਦੀਆਂ ਘਾਟਾਂ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿੱਚ ਇਨ੍ਹਾਂ ਦੀ ਘਾਟ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਜਦੋਂ ਤੱਕ ਦੇਸ਼ ਵਿੱਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ ਉਦੋਂ ਤੱਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਨਹੀਂ ਪਹੁੰਚ ਸਕਦਾ। ਅਸੀ ਤਾਂ ਆਪਣੇ ਦੇਸ਼ ਦੇ ਗਰੀਬਾਂ ਦੀ ਗਰੀਬੀ ਪਿਛਲੇ 75 ਸਾਲਾਂ ਵਿੱਚ ਵੀ ਦੂਰ ਨਹੀਂ ਕਰ ਸਕੇ। ਅੱਜ ਵੀ ਸਰਕਾਰ ਵੱਲੋਂ 80 ਕਰੋੜ ਵਸੋਂ ਨੂੰ ਮੁਫ਼ਤ ਅਨਾਜ ਦੇਣਾ ਪੈ ਰਿਹਾ ਹੈ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੋਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ। ਭਾਰਤ ਪਿੰਡਾਂ ਵਿੱਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰੀ ਬਣਾ ਕੇ ਆਪਣੇ ਪੈਰਾਂ ਉਤੇ ਖੜ੍ਹਾ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇੰਝ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਉਨ੍ਹਾਂ ਨੂੰ ਖਾ ਰਿਹਾ ਹੈ। ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ। ਉਹ ਗਰੀਬੀ ਭੋਗ ਰਹੇ ਹਨ, ਪਰ ਹੋਰ ਕੋਈ ਰਾਹ ਨਾ ਹੋਣ ਕਰ ਕੇ ਮਜਬੂਰ ਹੋ ਕੇ ਖੁਦਕੁਸ਼ੀ ਕਰ ਰਹੇ ਹਨ। ਜੇ ਪਿੰਡਾਂ ਦੇ ਨੇੜੇ ਬੰਜਰ ਧਰਤੀਆਂ ਵਿੱਚ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ, ਪਰ ਸਨਅਤਾਂ ਦੀ ਚੋਣ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਉਹ ਵਾਤਾਵਰਨ ਪੱਖੀ ਹੋਣ। ਅਜਿਹੇ ਮਾਲ ਦਾ ਉਤਪਾਦਨ ਹੋਵੇ ਕਿ ਮਰਦ ਔਰਤਾਂ ਆਪਣੇ ਘਰਾਂ ਵਿੱਚ ਬੈਠ ਹੀ ਉਸ ਵਿੱਚ ਯੋਗਦਾਨ ਪਾ ਸਕਣ।

ਸੰਪਰਕ: 94170-87328

**ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੋਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ।**



ਆਪਣੀ ਧਰਤੀ ਆਪਣਾ ਅੰਬਰ



ਪ੍ਰੋ. ਡਾ ਕ੍ਰਿਸ਼ਨ ਕੁਮਾਰ ਰੱਤੂ
9478730156

# ਅੱਖਰ ਅੱਖਰ ਹੈ ਜ਼ਿੰਦਗੀ ਦਾ ਸੰਘਰਸ਼ ਤੇ ਜਿੱਤ ਦੀ ਅਟੱਲਤਾ



" ਜ਼ਿੰਦਗੀ ਉਹਨਾਂ ਪੰਜ ਤੱਤਾਂ ਦੀ ਰਹਿਮਤ ਹੈ ਜੋ ਰੱਬ ਨੇ ਸਾਨੂੰ ਜਿਉਣ ਲਈ ਦਿੱਤੀ ਹੈ। ਇਹ ਇੱਕ ਵਾਰੀ ਦਾ ਹੀ ਵਰਦਾਨ ਹੈ । ਕਰੋੜਾਂ ਲੋਕਾਂ ਵਿੱਚੋਂ ਭੁੱਲ ਜਾਣਾ ,
ਕਿ ਤੁਸੀਂ ਕਦੇ ਇਸ ਧਰਤੀ ਤੇ ਆਏ ਸੀ ।"

ਇਸ ਅਰਬੀ ਸੂਫ਼ੀ ਫ਼ਿਲਾਸਫ਼ੀ ਦਾ ਇਹੀ ਸੱਚ ਹੈ।

ਇਹ ਅੱਖਰ ਤੁਹਾਨੂੰ ਜ਼ਿੰਦਾ ਰੱਖਣ ਦੇ ਓਸ਼ਲਾ ਲੇਖ ਹਨ ਜਿਥੇ ਜ਼ਿੰਦਗੀ ਦਾ ਇਤਿਹਾਸ ਮਿਥਿਹਾਸ ਦੋਵੇਂ ਇੱਕਮਿਕ ਹੋ ਕੇ ਵਿਰਾਸਤ ਦਾ ਨਾਮ ਦਿੰਦੇ ਹਨ ਤੇ ਜਿਨ੍ਹਾਂ ਵਿੱਚ ਜ਼ਿੰਦਗੀ ਦੇ ਸੰਘਰਸ਼ ਦਾ ਜ਼ਿਕਰ ਹੋਵੇਗਾ ।

ਜ਼ਿੰਦਗੀ ਦਾ ਰਹਿਣਾ ਇਸ ਬ੍ਰਹਿਮੰਡ ਤੇ ਜਿਉਣ ਦੀ ਇੱਛਾ ਦਾ ਉਹ ਚੱਕਰ ਹੈ ਜੋ ਸਮੇਂ ਦੇ ਸ਼ਿਲਾਲੇਖ ਤੇ ਆਦਮੀ ਦੇ ਸੰਘਰਸ਼ ਤੇ ਉਸਦੀ ਜੀਣ ਦੀ ਇੱਛਾ ਦੀ ਕਹਾਣੀ ਨੂੰ ਮੁੱਢ ਕਦੀਮ ਤੋਂ ਇਤਿਹਾਸ ਦੇ ਪੰਨਿਆਂ ਤੇ ਪੱਥਰਾਂ, ਕੰਧ ਚਿੱਤਰਾਂ ਤੇ , ਪਤਾ ਨਹੀਂ ਕਿੱਥੇ ਕਿੱਥੇ ਅੰਕਿਤ ਕਰਦਾ ਹੋਇਆ ਜੀਣ ਦੇ ਇਤਿਹਾਸ ਦੀ ਨਵੀਂ ਇਬਾਰਤ ਨੂੰ ਲਿਖਦਾ ਹੈ ।

ਸ਼ਾਇਦ ਇਹੀ ਅੱਖਰ ਅੱਖਰ ਜ਼ਿੰਦਗੀ ਦਾ ਸੰਘਰਸ਼ ਹੈ ਜਿਸਨੇ ਦੁਨੀਆ ਨੂੰ ਇਸ ਤੇਜ਼ਤਰਾਰ ਜ਼ਿੰਦਗੀ ਦੀ ਚਕਾਚੌਂਧ ਦੇ ਉਸ ਮੁਕਾਮ ਤੇ ਲਿਆ ਦਿੱਤਾ ਹੈ ਜਿਥੇ ਆਰਟੀਫਿਸ਼ਅਲ ਇੰਟੈਲੀਜਸੀ ਤੇ ਅਭਾਸੀ ਦੁਨੀਆ ਦੀ ਉਸ ਸੰਕੇਤਕ ਆਵਾਜ਼ ਹੀ ਨਹੀਂ ਸਗੋਂ ਤੁਹਾਡੇ ਸੰਵਾਦ ਅਕਲ ਤੇ ਨਕਲ ਦਾ ਇਹ ਸੁਮੇਲ ਜ਼ਿੰਦਗੀ ਦੇ ਮਹਾਂ ਕੁੰਭ ਵਿੱਚ ਆਦਮੀ ਦੇ ਜਿਉਣ ਦੇ ਸੰਘਰਸ਼ ਨੂੰ ਹੋਰ ਵੀ ਰੋਚਕ ਤੇ ਮਨੋਵਿਗਿਆਨਿਕ ਰੂਪ ਵਿੱਚ ਜਿਸ ਤਰ੍ਹਾਂ ਦਾ ਬਣਾ ਰਿਹਾ ਹੈ ਉਹ ਪਹਿਲਾਂ ਕਦੇ ਨਹੀਂ ਸੀ ।

ਸੱਚ ਤਾਂ ਇਹ ਹੈ ਅਸੀਂ ਹੁਣ ਪ੍ਰਕਿਰਤੀ ਨਾਲੋਂ ਟੁੱਟ ਕੇ ਅੱਖਰਾਂ ਨਾਲੋਂ ਵੀ ਟੁੱਟਦੇ ਜਾ ਰਹੇ ਹਾਂ । ਅੱਖਰ ਅੱਖਰ ਜੋ ਜਿਉਣ ਦੀ ਸਿੱਖਿਆ ਜਿਉਣ ਦਾ ਸਲੀਕਾ ਸਹਿਜ ਤੇ ਆਤਮਿਕ ਅਨੁਭਵ ਪ੍ਰਕਿਰਤੀ ਨਾਲ ਹੁੰਦਾ ਸੀ ਹੁਣ ਹੌਲੀ ਹੌਲੀ , ਅੱਖਰ ਅੱਖਰ ਅਸੀਂ ਉਸ ਤੋਂ ਦੂਰ ਹੁੰਦੇ ਜਾ ਰਹੇ ਹਾਂ । ਇਸ ਨਵੀਂ ਜ਼ਿੰਦਗੀ ਵਿੱਚ ਜਿਉਂਦੇ ਸੰਘਰਸ਼ ਦੀ ਹੁਣ ਇਹੀ ਕਹਾਣੀ ਹੈ। ਸੱਚ ਤਾਂ ਇਹ ਹੈ ਕਿ ਅੱਖਰ ਜ਼ਿੰਦਾ ਰਹਿੰਦੇ ਹਨ, ਜ਼ਿੰਦਗੀ ਖ਼ਤਮ ਹੋ ਜਾਂਦੀ ਹੈ। ਇਹ ਸਦੀਵੀ ਸੱਚਾਈ ਹੈ ਕਿ ਮਨੁੱਖੀ ਜ਼ਿੰਦਗੀ ਭਾਵੇਂ ਮੌਤ ਦੇ ਨਾਲ ਮੁਕੰਮਲ ਹੋ ਜਾਂਦੀ ਹੈ, ਪਰ ਮਨੁੱਖ ਦੇ ਵਿਚਾਰ, ਉਸਦੀ ਕਲਾ, ਉਸਦੇ ਰਚੇ ਹੋਏ ਸ਼ਬਦ ਅਤੇ ਕੀਤੇ ਕਰਮ ਸਦਾ ਲਈ ਜ਼ਿੰਦੇ ਰਹਿੰਦੇ ਹਨ। ਸ਼ਾਇਦ ਇਸੇ ਲਈ ਕਬੀਰ ਜੀ ਨੇ ਕਿਹਾ ਸੀ—

"ਕਬੀਰਾ ਜੇ ਤੂੰ ਜ਼ਿੰਦਾ ਹੈਂ ਤਨ ਕੀ ਕਰ ਲੇ ਫਿਕਰ, ਮੁਏ ਪਛਤਾਵੇ ਕਿਆ ਕਰੇ ਜੋ ਤਨ ਕੀਏ ਉਪਰ।"

ਸੱਚਮੁੱਚ ਜ਼ਿੰਦਗੀ ਇਕ ਵੱਡੀ ਲੜਾਈ ਹੈ—ਭੁੱਖ ਨਾਲ, ਮੌਤ ਨਾਲ, ਤ੍ਰਾਸਦੀ ਨਾਲ ਅਤੇ ਵਕਤ ਨਾਲ ਆਪਣੇ ਆਪ ਨਾਲ ਵੀ। ਮਨੁੱਖ ਦਾ ਸਭ ਤੋਂ ਵੱਡਾ ਸੰਘਰਸ਼ ਆਪਣੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣਾ ਹੈ। ਖਾਣ-ਪੀਣ ਦੀ ਤਲਾਸ਼ ਕੀ ਅਸਲ ਵਿੱਚ ਜਿਉਣ ਦੀ ਯਾਤਰਾ ਹੈ , ਬੀਮਾਰੀਆਂ ਦੇ ਖ਼ਿਲਾਫ਼ ਜੰਗ, ਤੂਫ਼ਾਨਾਂ ਅਤੇ ਕੁਦਰਤੀ ਆਫ਼ਤਾਂ ਤੋਂ ਬਚਾਅ—ਇਹ ਸਾਰੇ ਮਨੁੱਖੀ ਅਸਤੀਤਵ ਦੇ ਅਹਿਮ ਪੜਾਅ ਹਨ।

ਗੁਰਬਾਣੀ ਦੀ ਰੋਸ਼ਨੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਇਸ ਸੰਘਰਸ਼ ਨੂੰ ਇੱਕ ਵਿਸ਼ਾਲ ਦਰਸ਼ਨ ਦੇ ਰੂਪ ਵਿੱਚ ਵੇਖਿਆ। ਉਹ ਕਹਿੰਦੇ ਹਨ:

"ਜਗੁ ਸਚੈ ਕੀ ਹੇ ਵਡਿਆਈ।"

ਜਗਤ ਸੱਚ ਦੇ ਆਧਾਰ ਤੇ ਖੜ੍ਹਾ ਹੈ। ਸੰਘਰਸ਼ ਵਿੱਚੋਂ ਵੀ ਮਨੁੱਖ ਜੇ ਸਚ, ਨਾਮ ਅਤੇ ਸਹਿਜ ਦੀ ਰਾਹੀਂ ਲੰਘਦਾ ਹੈ, ਤਾਂ ਉਹ ਆਤਮਕ ਤੌਰ ਤੇ ਅਜਰ-ਅਮਰ ਹੋ ਜਾਂਦਾ ਹੈ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸ਼ਬਦ ਕਰਦੇ ਹਨ:

"ਤੇਰਾ ਕੀਤਾ ਮੀਠਾ ਲਾਗੈ, ਹਰਿ ਨਾਮੁ ਪਦਾਰਥੁ ਨਾਨਕ ਮਾਂਗੈ।"

ਇਹ ਵੀ ਤਾਂ ਇਹ ਹੀ ਦਰਸਾਉਂਦਾ ਹੈ ਕਿ ਜ਼ਿੰਦਗੀ ਦੇ ਦੁੱਖ-ਦਰਦ, ਭੁੱਖ-ਤ੍ਰਾਸਦੀ ਵੀ ਮਨੁੱਖ ਨੂੰ ਆਤਮਕ ਉਚਾਈਆਂ ਦੇਣ ਲਈ ਇੱਕ ਵਸੀਲਾ ਬਣ ਸਕਦੇ ਹਨ।

ਉਰਦੂ ਸ਼ਾਇਰੀ ਵਿੱਚ ਜ਼ਿੰਦਗੀ ਜ਼ਿੰਦਗੀ ਦੇ ਇਹਨਾਂ ਅਰਥਾਂ ਨੂੰ ਹੋਰ ਵੀ ਗਹਿਰੇ ਢੰਗ ਨਾਲ ਸੰਘਰਸ਼ ਦੀ ਦਾਸਤਾਨ ਨੂੰ ਬਿਆਨਿਆ ਗਿਆ ਹੈ ਜਿਵੇ ਉਰਦੂ ਅੱਖਰਾਂ ਨੇ ਵੀ ਜ਼ਿੰਦਗੀ ਦੇ ਦਰਦ ਅਤੇ ਉਸਦੀ ਲਗਾਤਾਰ ਜੰਗ ਨੂੰ ਬਹੁਤ ਗਹਿਰਾਈ ਨਾਲ ਪ੍ਰਗਟਾਇਆ ਹੈ। ਮਿਰਜ਼ਾ ਗ਼ਾਲਿਬ ਕਹਿੰਦੇ ਹਨ:

"ਹਜ਼ਾਰੋਂ ਖ਼ਾਹਿਸ਼ ਐਸੀ ਕਿ ਹਰ ਖ਼ਵਾਹਿਸ਼ ਪਰ ਦਮ ਨਿਕਲੇ
ਬਹੁਤ ਨਿਕਲੇ ਮੇਰੇ ਅਰਮਾਨ ਲੇਕਿਨ ਫ਼ਿਰ ਵੀ ਕੰਮ ਨਿਕਲੇ"

ਇਹ ਸ਼ੇ 'ਰ ਮਨੁੱਖ ਦੀ ਅਸੰਤੁਸ਼ਟ ਭੁੱਖ ਨੂੰ ਦਰਸਾਉਂਦਾ ਹੈ। ਮਨੁੱਖ ਸਦੀਵੀਂ ਤੌਰ ਤੇ ਚਾਹਤਾਂ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ, ਅਤੇ ਇਹੀ ਸੰਘਰਸ਼ ਉਸਨੂੰ ਜ਼ਿੰਦਾ ਰੱਖਦਾ ਹੈ।

ਸ਼ਾਇਦ ਇਸ ਨੂੰ ਹੀ ਬਿਆਨਦੇ ਹੋਏ ਆਪਣੇ ਅਨੋਖੇ ਸ਼ਬਦਾਂ ਵਿੱਚ ਸ਼ਾਇਰ ਫੈਜ਼ ਅਹਿਮਦ ਫੈਜ਼ ਲਿਖਦੇ ਹਨ-

" ਨਿਸਾਰ ਮੈਂ ਤੇਰੀ ਗਲੀਓਂ ਪੇ ਏ ਵਤਨ ਕੇ ਜਹਾਂ
ਚਲੀ ਹੈ ਰਸਮ ਕੋਈ ਨਾ ਸਰ ਉਠਾ ਕੇ ਚਲੇ

ਇਸ ਸ਼ੇ 'ਰ ਵਿੱਚ ਜ਼ਿੰਦਗੀ ਦੀ ਤ੍ਰਾਸਦੀ ਹੈ, ਪਰ ਉਸਦੇ ਅੰਦਰ ਇੱਕ ਹੌਂਸਲਾ ਵੀ ਛੁਪਿਆ ਹੋਇਆ ਹੈ ਕਿ ਕਿਵੇਂ ਮਨੁੱਖ ਜ਼ੁਲਮ ਤੇ ਤ੍ਰਾਸਦੀ ਦੇ ਬਾਵਜੂਦ ਸਿਰ ਨਹੀਂ ਝੁਕਾਉਂਦਾ।

ਦੁਨੀਆਂ ਦੇ ਅੰਜੀਮ ਦਾਰਸ਼ਨਿਕਾਂ ਦੀ ਨਜ਼ਰ ਵਿੱਚ ਜ਼ਿੰਦਗੀ ਜ਼ਿੰਦਗੀ ਦਾ ਸੰਘਰਸ਼ ਇਹਨਾਂ ਸ਼ਬਦਾਂ ਵਿੱਚ ਬਿਆਨ ਹੋਇਆ ਹੈ।

ਵਿਸ਼ਵ ਪ੍ਰਸਿੱਧ ਦਰਸ਼ਨਿਕਾਂ ਨੇ ਵੀ ਜ਼ਿੰਦਗੀ ਦੀ ਇਸ ਲੜਾਈ ਬਾਰੇ ਵੱਖ-ਵੱਖ ਨਜ਼ਰੀਏ ਪੇਸ਼ ਕੀਤੇ ਹਨ ਜਿਵੇਂ ਫ੍ਰੀਡਰਿਖ ਨੀਤਸ਼ੇ ਕਹਿੰਦੇ ਹਨ: "ਜੋ ਮੈਨੂੰ ਮਾਰਦਾ ਨਹੀਂ, ਉਹ ਮੈਨੂੰ ਹੋਰ ਮਜ਼ਬੂਤ ਬਣਾਉਂਦਾ ਹੈ।"

ਇਹ ਹੀ ਮਨੁੱਖੀ ਸੰਘਰਸ਼ ਦੀ ਅਸਲ ਪਹਿਚਾਣ ਹੈ—ਦੁੱਖ ਮਨੁੱਖ ਨੂੰ ਟੁੱਟਦਾ ਨਹੀਂ, ਸਗੋਂ ਹੋਰ ਜੁੜਦਾ ਹੈ। ਚਿੰਤਕ ਆਲਬਰਟ ਕਾਮੂ ਦਾ ਖ਼ਿਆਲ ਸੀ ਕਿ ਜ਼ਿੰਦਗੀ ਅਬਸਰਡ ਹੈ, ਪਰ ਉਸੇ ਅਬਸਰਡੀਟੀ ਵਿੱਚ ਮਨੁੱਖ ਨੂੰ ਅਰਥ ਲੱਭਣੇ ਪੈਂਦੇ ਹਨ।ਸੋਕਰੇਟਸ ਨੇ ਕਿਹਾ ਸੀ: "ਅਨ-ਏਗਜ਼ਾਮਿਨਡ ਲਾਈਫ ਇਜ਼ ਨਾਟ ਵਰਥ ਲਿਵਿੰਗ।" ਜ਼ਿੰਦਗੀ ਦਾ ਸੰਘਰਸ਼ ਸਿਰਫ਼ ਜੀਉਣ ਦਾ ਨਹੀਂ, ਸਗੋਂ ਆਪਣੇ ਜੀਵਨ ਨੂੰ ਸਮਝਣ ਦਾ ਵੀ ਹੈ।

ਕਿਤਾਬਾਂ ਜ਼ਿੰਦਗੀ ਨੂੰ ਜ਼ਿੰਦਾ ਰੱਖਦੀਆਂ ਹਨ ਅਤੇ ਮਨੁੱਖ ਨੂੰ ਰਾਹ ਦਰਸਾਉਂਦੀਆਂ ਹਨ ਪਰ ਸੰਘਰਸ਼ਸ਼ੀਲ ਜੀਵਨ ਤੋਂ ਪ੍ਰੇਰਣਾ ਜਿਉਣ ਦੀ ਕਹਾਣੀ ਹੈ। ਇਤਿਹਾਸ ਵਿੱਚ ਬਹੁਤ ਸਾਰੇ ਵਿਅਕਤੀਆਂ ਦੀਆਂ ਜ਼ਿੰਦਗੀਆਂ ਇਸ ਗੱਲ ਦਾ ਸਬੂਤ ਹਨ ਕਿ ਮਨੁੱਖੀ ਹਿੰਮਤ ਕਿਸੇ ਵੀ ਤ੍ਰਾਸਦੀ ਨੂੰ ਪਾਰ ਕਰ ਸਕਦੀ ਹੈ।

ਮਹਾਨ ਨੈਲਸਨ ਮੰਡੇਲਾ ਨੇ 27 ਸਾਲ ਜੇਲ੍ਹ ਵਿੱਚ ਬਿਤਾਏ ਪਰ ਆਪਣੀ ਰੂਹਾਨੀ ਤਾਕਤ ਨਾਲ ਦੁਨੀਆ ਨੂੰ ਆਜ਼ਾਦੀ ਦਾ ਸੁਨੇਹਾ ਦਿੱਤਾ। ਭਗਤ ਸਿੰਘ ਨੇ ਫਾਂਸੀ ਦੇ ਤਖ਼ਤ ਉੱਤੇ ਵੀ "ਇਨਕਲਾਬ ਜ਼ਿੰਦਾਬਾਦ" ਦਾ ਨਾਅਰਾ ਮਾਰਿਆ। ਇਹਨਾਂ ਦੇ ਜੀਵਨ ਦਰਸਾਉਂਦੇ ਹਨ ਕਿ ਜ਼ਿੰਦਗੀ ਦੇ ਖ਼ਤਮ ਹੋਣ ਦੇ ਬਾਵਜੂਦ ਵਿਚਾਰ ਅਤੇ ਆਦਰਸ਼ ਸਦਾ ਜ਼ਿੰਦੇ ਰਹਿੰਦੇ ਹਨ।

ਜ਼ਿੰਦਗੀ ਭੁੱਖ, ਮੌਤ ਅਤੇ ਤ੍ਰਾਸਦੀਆਂ ਦੀ ਲੜੀ ਹੈ, ਪਰ ਇਸ ਸੰਘਰਸ਼ ਦੇ ਨਾਲ ਹੀ ਮਨੁੱਖੀ ਅਸਤੀਤਵ ਦੀ ਸ਼ਾਨ ਹੈ। ਜ਼ਿੰਦਗੀ ਦਾ ਸੰਘਰਸ਼ ਹੀ ਉਸਨੂੰ ਅਮਰ ਬਣਾਉਂਦਾ ਹੈ। ਜਿਵੇਂ ਗੁਰਬਾਣੀ, ਸ਼ਾਇਰੀ ਅਤੇ ਦਰਸ਼ਨਿਕ ਵਿਚਾਰ ਦਰਸਾਉਂਦੇ ਹਨ, ਮਨੁੱਖ ਦੀ ਜਿੱਤ ਉਸਦੀ ਹਿੰਮਤ ਵਿੱਚ ਹੈ, ਨਾ ਕਿ ਉਸਦੇ ਡਰ ਵਿੱਚ।

ਅੱਖਰ ਜ਼ਿੰਦੇ ਰਹਿੰਦੇ ਹਨ—
ਜ਼ਿੰਦਗੀ ਮੁਕਦੀ ਹੈ ਪਰ ਵਿਚਾਰ ਨਹੀਂ।
ਸੰਘਰਸ਼ ਮੁੱਕਦਾ ਹੈ ਪਰ ਹੌਂਸਲਾ ਨਹੀਂ।
ਇਸੇ ਲਈ ਜ਼ਿੰਦਗੀ, ਹਰ ਮੁਸੀਬਤ ਤੋਂ ਬਾਅਦ ਵੀ, ਜ਼ਿੰਦਾਬਾਦ ਹੋ ਜਾਂਦੀ ਹੈ।

ਸ਼ਾਇਦ ਇਹ ਬੜੀ ਰੋਚਕ ਹੈ ਦਾਸਤਾਨ– ਏ- ਜ਼ਿੰਦਗੀ ਤੇ ਇਸਦੇ ਸੰਘਰਸ਼ ਦੀ ਆਤਮ ਕਥਾ। ਕਦੀ ਆਪਣੇ ਸੰਘਰਸ਼ਾਂ ਨੂੰ ਰੂਬਰੂ ਹੋ ਕੇ ਜ਼ਿੰਦਗੀ ਤੇ ਮਾਣਮੱਤੇ ਤੇ ਆਪਣੀ ਸ਼ਖ਼ਸੀਅਤ ਨੂੰ ਪਿਆਰ ਕਰਨ ਵਾਲੇ ਬਣੋ ਤੇ ਫ਼ਿਰ ਹਮੇਸ਼ਾ ਦੀ ਤਰ੍ਹਾਂ ਹੋਵੇਗੀ ਇਹ ਜ਼ਿੰਦਗੀ ਜ਼ਿੰਦਾਬਾਦ।

# ਸਾਬਕਾ ਰਾਸ਼ਟਰਪਤੀ ਨਾਲ ਮਿਲਣ ਦਾ ਇੰਝ ਬਣਿਆ ਸਬੱਬ



ਸ਼੍ਰੋਮਣੀ ਪੱਤਰਕਾਰ ਤੇ ਉਘੇ ਲੇਖਕ ਕਮਲਜੀਤ ਸਿੰਘ ਬਨਵੈਤ ਇੱਕ ਮਿਲਣੀ ਦੌਰਾਨ ਦੇਸ਼ ਦੇ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਆਪਣੀ ਪੁਸਤਕ ਭੇਂਟ ਕਰਦੇ ਹੋਏ

ਕਮਲਜੀਤ ਸਿੰਘ ਬਨਵੈਤ

ਪੰਜ ਭਰਾਵਾਂ ਵਿਚ ਸਭ ਤੋਂ ਛੋਟਾ ਹਾਂ, ਮੈਂ। ਮੇਰੇ ਤੋਂ ਵੱਡੇ ਅਤੇ ਮੇਰੇ ਵਿਚ ਚਾਰ ਸਾਲਾਂ ਦਾ ਫ਼ਰਕ ਹੈ। ਸਭ ਤੋਂ ਵੱਡੇ ਭਰਾ ਅਤੇ ਮੇਰੇ ਵਿਚ ਤੇਰਾਂ ਸਾਲਾਂ ' ਦਾ ਫਰਕ ਹੈ। ਸਭ ਤੋਂ ਵੱਡੇ ਭਰਾ ਤੇ ਮੇਰੇ ਤੋਂ ਵੱਡੇ ਵਿਚਾਲੇ ਦੋ ਹੋਰ ਭਰਾ ਹਨ ।। ਆਮ ਕਰਕੇ ਵੱਡੇ ਭਰਾਵਾਂ ਦੇ ਮੁਕਾਬਲੇ ਛੋਟਿਆਂ ਦੀ ਜ਼ਿੰਦਗੀ ਸੌਖੀ ਰਹਿੰਦੀ ਹੈ ਪਰ ਸਾਡੇ ਘਰ ਉਲਟ ਹੋਇਆ। ਮੇਰੇ ਸੁਰਤ ਸੰਭਾਲਦੇ ਹੀ ਖੇਤਾਂ ਵਿਚ ਸੇਮ ਪੈ ਗਈ। ਜ਼ਮੀਨ ਮਰਨ ਦਾ ਹੌਕਾ ਬਾਪੂ ਜੀ ਨੂੰ ਲੈ ਬੈਠਿਆ। ਬੇਬੇ ਜੀ ਵੀ ਦਸ ਬਾਰਾਂ ਸਾਲ ਮੰਜੇ ਉ'ਤੇ ਪਏ ਰਹੇ। ਬਿਮਾਰੀ ਪਕੜ ਵਿਚ ਨਹੀਂ ਸੀ ਆ ਰਹੀ। ਐਂ ਨਹੀਂ ਕਿ ਤਿੰਨ ਵੱਡਿਆਂ ਨੇ ਮਿਹਨਤ ਨਹੀਂ ਕੀਤੀ। ਸਭ ਨੇ ਘਰ ਦੀ ਤਰੱਕੀ ਵਿੱਚ ਸਰਦਾ ਬਣਦਾ ਹਿੱਸਾ ਪਾਇਆ। ਮੇਥੋਂ ਵੱਡਾ ਤੇ ਮੈਂ ਤਾਂ ਜ਼ਮੀਨ ਆਬਾਦ ਕਰਨ ਲਈ ਗਲ ਵਿਚ ਪੰਜਾਲੀ ਪਾ ਕੇ ਝੋਨਾ ਲਾਉਣ ਲਈ ਕੱਦੂ ਵੀ ਕਰਦੇ ਰਹੇ ਹਾਂ। ਖੂਹ ਦੀ ਗਾਧੀ ਨੂੰ ਵੀ ਜੁੜੇ | ਉਨ੍ਹਾਂ ਹਰ ਘਰ ਵਿੱਚ ਕੋਈ ਜ਼ਿਆਦਾ ਮਿਹਨਤੀ ਹੁੰਦਾ ਹੈ ਅਤੇ ਕੋਈ ਗੱਲਾਂ ਦਾ ਖੱਟਿਆ ਖਾਣ ਵਾਲਾ। ਸਾਡੇ ਘਰ ਦੀ ਵੀ ਇਹੋ ਕਹਾਣੀ ਸੀ।

ਮੈਨੂੰ ਯਾਦ ਹੈ ਕਿ ਭਾਈਆ ਜੀ ਘਰ ਚਲਾਉਣ ਲਈ ਕਈ ਸਾਲ ਤੋਕੜ ਮੱਝਾਂ ਲੈ ਕੇ ਸੂਣ ਨੇੜੇ ਹੋਣ ਹੋਣ 'ਤੇ ਮਹਿੰਗੇ ਭਾਅ ਵੇਚ ਦਿੰਦੇ ਰਹੇ।

ਅਸੀਂ ਵੀ ਮੱਝਾਂ ਦਾ ਬਿਨਾਂ ਨਾਗਾ ਖਰਖਰਾ ਕਰਦੇ | ਮੱਝਾਂ ਦੇ ਸਿੰਗ ਤੇ ਦੇਹ ਤੇਲ ਨਾਲ ਲਿਸ਼ਕਾਈ ਰੱਖਦੇ । ਪਰ ਪੂਰ ਨਾ ਪਿਆ ਤਾਂ ਮੈਂ ਜਰਮਨੀ ਦੀ ਉਡਾਰੀ ਮਾਰ ਗਿਆ। ਨੌਂ ਸਾਲ ਇਟਲੀ ਦੇ ਰੈਸਟੋਰੈਂਟ ਵਿਚ ਪਤੀਲੇ ਮਾਂਜੇ। ਪੀਜਾ ਬਣਾਇਆ। ਫੇਰ ਕੁਕਿੰਗ ਵੀ ਸਿੱਖ ਲਈ | ਜਰਮਨੀ ਰਹਿਣ ਲਈ ਸਿਆਸੀ ਸ਼ਰਣ ਲਈ ਪਰ ਅੰਤ ਨੂੰ ਕੇਸ ਹਾਰ ਗਿਆ।

ਜਰਮਨੀ ਤੋਂ ਵਾਪਸ ਆ ਕੇ ਮੁਹਾਲੀ ਵਿਚ ਦੁਹਾਈਆਂ ਦੀ ਦੁਕਾਨ ਖੋਲ੍ਹ ਲਈ ਪਰ ਵਪਾਰ ਕਰਨਾ ਨਾ ਆਇਆ। ਐਂ ਵੀ ਨਹੀਂ ਕਿ ਕੰਮ ਰੁੜਿਆ ਨਹੀਂ ਸੀ ਬੱਸ ਨਾ ਤਾਂ ਲਾਲਾ ਬਣ ਹੋਇਆ ,ਨਾ ਦਿਲ ਲੱਗਿਆ ਸੀ।

ਮੈਂ ਬੀ.ਏ. ਕਰਨ ਤੋਂ ਬਾਅਦ ਪੱਤਰਕਾਰੀ ਦੀ ਇਕ ਸਾਲਾ ਡਿਗਰੀ ਕਰ ਰੱਖੀ ਸੀ | ਪੜ੍ਹਾਈ ਪੂਰੀ ਕਰਨ 'ਤੇ ਜਰਮਨੀ ਨੂੰ ਉਡਾਰੀ ਭਰਨ ਤੋਂ ਪਹਿਲਾਂ ਦੋ ਸਾਲ ਅਕਾਲੀ ਪੱਤਰਕਾ ਵਿਚ ਨੌਕਰੀ ਕੀਤੀ | ਜਰਮਨੀ ਰਹਿੰਦੇ ਵਿਚ ਵਿਚਾਲੇ ਇੰਗਲੈਂਡ ਜਾ ਕੇ ਪੰਜਾਬ ਟਾਈਮਜ਼ ਵਿਚ ਪੱਤਰਕਾਰੀ ਦਾ ਝੱਸ ਵੀ ਪੂਰਾ ਕੀਤਾ। ਇੰਗਲੈਂਡ ਦੀ ਉਸ ਵੇਲੇ ਦੀ ਪੱਤਰਕਾਰੀ ਦਾ ਆਪਣਾ ਹੀ ਵੱਖਰੀ ਤਰ੍ਹਾਂ ਦਾ ਤਜਰਬਾ ਰਿਹਾ। ਪੰਜਾਬ ਤੋਂ ਕਿਸੇ ਪੰਜਾਬੀ ਅਖਬਾਰ ਦੇ ਦਫ਼ਤਰ ਤੋਂ ਫੋਨ ਉੱਤੇ ਉਸ ਦਿਨ ਦੀ ਵੱਡੀ ਖ਼ਬਰ ਪੁੱਛ ਕੇ ਆਪਣੀ ਅਖ਼ਬਾਰ ਦੀ ਲੀਡ ਬਣਾ ਦੇਣੀ।

ਕਿਸਮਤ ਨੇ ਫਿਰ ਗੇੜਾ ਦਿੱਤਾ। ਤੇ ਮੈਂ ਪੰਜਾਬੀ ਅਖ਼ਬਾਰ ਲਈ ਸਟਿੰਗਰ ਬਣ ਗਿਆ। ਉਸ ਵੇਲੇ ਦੇ ਸੰਪਾਦਕ ਹਰਭਜਨ ਹਲਵਾਰਵੀ ਨੇ ਢਾਈ ਸਾਲ 50 ਰੁਪਏ ਮਹੀਨਾ ਤੋਂ ਮੇਰਾ ਰਗੜਾ ਬੰਨ੍ਹਿਆ | ਮੈਂ ਦਿਲ ਨਾ ਛੱਡਿਆ | ਸਟਾਫ ਰਿਪੋਰਟ ਚੁਣਿਆ ਗਿਆ | ਰਿਟਾਇਰ ਹੋਣ ਵੇਲੇ ਮੈਂ ਸੀਨੀਅਰ ਸਟਾਫ ਰਿਪੋਰਟਰ ਸੀ | ਰਿਟਾਇਰ ਹੋਣ ਤੋਂ ਪਹਿਲਾਂ ਮੈਨੂੰ ਵਾਰਤਕ ਲਿਖਣ ਦਾ ਚਸਕਾ ਪੈ ਗਿਆ ਸੀ। ਇਕ ਦੋ ਕਿਤਾਬਾਂ ਛਪਣ ਨਾਲ ਮੇਰ ਪੱਤਰਕਾਰਾਂ ਤੋਂ ਅੱਗੇ ਲੇਖਕਾਂ ਵਿਚ ਨਾ ਬੋਲਣ ਲੱਗਾ।

ਪੰਜਾਬੀ ਦੀ ਅਖਬਾਰ ਤੋਂ ਤੋਂ ਰਿਟਾਇਰ ਹੋਣ ਦੇ ਅਗਲੇ ਦਿਨ ਹੀ ਮੋਹਾਲੀ ਤੋਂ ਛਪਦੀ ਪੰਜਾਬੀ ਦੀ ਇੱਕ ਹੋਰ ਅਖ਼ਬਾਰ ਵਿਚ ਐਗਜ਼ੀਕਿਉਟਿਵ ਐਡੀਟਰ ਵਜੋਂ ਨਿਯੁਕਤੀ ਹੋ ਗਈ।ਕਿਤਾਬਾਂ ਦਾ ਕੰਮ ਨਾਲੋਂ-ਨਾਲ ਚਲਦਾ ਰਿਹਾ | ਰੋਜ਼ਾਨਾ ਅਖਬਾਰ ਦੇ ਸੰਪਾਦਕ ਵਜੋਂ ਲੇਖਾਂ ਤੇ ਵਾਰਤਕ ਨੇ ਨੇ ਇਕ ਨਵੀਂ ਪਛਾਣ ਦਿੱਤੀ | ਬਾਵਜੂਦ ਇਸ ਦੇ ਮੈਂ ਉਥੇ ਲੰਮਾ ਸਮਾਂ ਟਿਕ ਨਾ ਸਕਿਆ। ਵੈਸੇ ਕਈ ਹੋਰਾਂ ਨਾਲੋਂ ਮੈਂ ਉਥੇ ਵੱਧ ਸਮਾਂ ਟਿਕਿਆ ਰਿਹਾ ਹੋਣਾ ।

ਫਿਰ ਇਲੈਕਟ੍ਰਾਨਿਕ ਮੀਡੀਆ ਵੱਲ ਨੂੰ ਪੈਰ ਪੁੱਟਿਆ। ਇੱਛਾ ਸੀ ਕਿ ਲੋਕ ਨਾਂ ਤਾਂ ਜਾਣਦੇ ਹਨ, ਚਿਹਰਾ ਵੀ ਪਾਪੂਲਰ ਹੋ ਜਾਵੇ। ਇਲੈਕਟ੍ਰਾਨਿਕ ਮੀਡੀਆ ਵਿੱਚ ਚੰਗੀ ਭਲ ਬਣ ਗਈ ਹੈ। ਅੱਜ-ਕੱਲ੍ਹ ਇੱਕ ਅਖਬਾਰ ਅਤੇ ਟੀਵੀ ਲਈ ਚੰਡੀਗੜ੍ਹ ਤੋਂ ਰੈਜੀਡੈਂਟ ਐਡੀਟਰ ਵਜੋਂ ਕੰਮ ਕਰ ਰਿਹਾ ਹਾਂ | ਮੇਰਾ ਇਕ ਸਿਆਸੀ ਸ਼ੋਅ ਚੱਲ ਰਿਹਾ ਹੈ | ਹਫ਼ਤੇ ਵਿਚ ਪੰਜ ਦਿਨ ਉਸੇ ਅਖਬਾਰ ਵਿੱਚ 'ਮੇਰੇ ਲੇਖ ਛਪਦੇ ਹਨ।

ਮੈਂ ਸਾਰੀ ਉਮਰ ਸੰਘਰਸ਼ ਕੀਤਾ ਹੈ। ਹਾਲਤਾਂ ਨਾਲ ਜੂਝਿਆ ਹਾਂ। ਨੀਵੀਂ ਪਾ ਕੇ ਚਲਦਿਆਂ ਕਈ ਮੰਜਲਾਂ ਨੂੰ ਹੱਥ ਲਾਇਆ ਹੈ। ਸ਼੍ਰੋਮਣੀ ਪੱਤਰਕਾਰ ਪੁਰਸਕਾਰ ਤੱਕ ।ਮੇਰੀਆਂ ਹੁਣ ਤੱਕ ਪੰਦਰਾਂ ਕਿਤਾਬਾਂ ਛੱਪ ਚੁੱਕੀਆਂ ਹਨ। ਮੈਂ ਹਮੇਸ਼ਾ ਰੱਬ ਤੋਂ ਦੁੱਖ, ਕਲੇਸ਼, ਘਟਨਾਵਾਂ ਤੋਂ ਬਚਾਅ ਕੇ ਰੱਖਣ ਲਈ ਮੰਗਿਆ ਹੈ। ਮੈਨੂੰ ਲੱਗਦਾ ਹੈ ਕਿ ਹਸਪਤਾਲ ਦੇ ਅਦਾਲਤਾਂ ਦੇ ਗੇੜਿਆਂ ਨਾਲ ਗੱਡੀ ਲੀਹ ਤੋਂ ਉਤਰ ਜਾਂਦੀ ਹੈ। ਸਮਾਂ ਤੇ ਪੈਸਾ ਦੋਵੇਂ ਹੱਥੋਂ ਖਿਸਕ ਜਾਂਦੇ ਹਨ। ਦੋਹਾਂ ਤੋਂ ਬਚਣ ਲਈ ਜ਼ਿੰਦਗੀ 'ਚ ਕਈ ਵਾਰ ਵੱਡੇ-ਵੱਡੇ ਸਮਝੌਤੇ ਕੀਤੇ ਹਨ।

ਅੱਜ ਮੈਨੂੰ ਇਹ ਲੱਗਣ ਲੱਗਾ ਹੈ ਕਿ ਬੜੀ ਵਾਰ ਦੁੱਖ ਵੀ ਚੰਗੇ ਦਿਨਾਂ ਦਾ ਸੁਨੇਹਾ ਲੈ ਕੇ ਆਉਂਦੇ ਹਨ| ਪੇਟ ਦੀ ਕਈ ਚਿਰਾਂ ਤੋਂ ਤਕਲੀਫ ਚੱਲ ਰਹੀ ਸੀ। ਪਿਛਲੇ ਮਹੀਨੇ ਪੇਟ ਦਾ ਅਪੈਂਡਕਸ ਦਾ ਲੀਕ ਕਰ ਗਿਆ | ਹਸਪਤਾਲ ਦਾਖ਼ਲ ਹੋ ਕੇ ਤੁਰੰਤ ਅਪਰੇਸ਼ਨ ਕਰਾਉਣਾ ਪਿਆ | ਪੇਟ ਦਰਦ ਸ਼ੁਰੂ ਹੋਣ ਤੋਂ ਲੈ ਕੇ ਅਪਰੇਸ਼ਨ ਪਿੱਛੋਂ ਛੁੱਟੀ ਹੋਣ ਤੱਕ ਦੇ ਦੁੱਖਾਂ ਦੀ ਕਹਾਣੀ ਨੂੰ ਮੈਂ ਇਕ ਮਿਡਲ ਦਾ ਰੂਪ ਦੇ ਦਿੱਤਾ ਜੋ ਪੰਜਾਬੀ ਦੀ ਇੱਕ ਅਖ਼ਬਾਰ ਵਿੱਚ ਛੱਪ ਗਿਆ ਸੀ।

ਮੇਰੇ ਘਰ ਹਾਲੇ ਅਖ਼ਬਾਰ ਵੀ ਨਹੀਂ ਸੀ ਆਈ ਕਿ ਦਿੱਲੀ ਤੋਂ ਪ੍ਰਸੰਸਾਂ ਦਾ ਇਕ ਫ਼ੋਨ ਆਉਂਦਾ ਹੈ | ਫ਼ੋਨ ਵੀ ਮੁਲਕ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਨਿੱਜੀ ਸਹਾਇਕ ਦਾ ਸੀ। ਉਹ ਮਿਡਲ ਤੋਂ ਪ੍ਰਭਾਵਿਤ ਹੋ ਕੇ ਸਾਬਕਾ ਰਾਸ਼ਟਰਪਤੀ ਨੂੰ ਦਿੱਲੀ ਆ ਕੇ ਕਿਤਾਬਾਂ ਭੇਂਟ ਕਰਨ ਦੀ ਸੱਦਾ ਦੇ ਦਿੰਦਾ ਹੈ | ਸ਼ਾਇਦ ਉਸ ਨੇ 'ਸਾਹਿਬ' ਨਾਲ ਗੱਲ ਕਰ ਲਈ ਹੋਵੇ।

ਸਿਹਤ ਕਾਰਨ ਮੈਂ ਦਿੱਲੀ ਜਾਣ ਬਾਰੇ ਦੁਚਿੱਤੀ ਵਿਚ ਸੀ ਕਿ ਪੰਜ ਅਗਸਤ ਨੂੰ ਸਾਬਕਾ ਰਾਸ਼ਟਰਪਤੀ ਦੇ ਦਫ਼ਤਰ ਤੋਂ ਰਾਮਨਾਥ ਕੋਵਿੰਦ ਜੀ ਦੇ ਚੰਡੀਗੜ੍ਹ ਆਉਣ ਦੀ ਸੂਚਨਾ ਦਾ ਮੈਸੇਜ ਮੇਰੇ ਫੋਨ 'ਤੇ ਆ ਡਿੱਗਾ। ਉਨ੍ਹਾਂ ਅੱਠ ਅਗਸਤ ਨੂੰ ਦਿਨ ਵਿਹਲਾ ਰੱਖਣ ਦੀ ਸੂਚਨਾ ਦਿੱਤੀ ਗਈ ਸੀ। ਮੈਨੂੰ ਚਾਅ ਚੜ੍ਹ ਗਿਆ। ਇਕ ਤਰ੍ਹਾਂ ਨਾਲ ਸਾਬਕਾ ਰਾਸ਼ਟਰਪਤੀ ਦੇ ਨਿੱਜੀ ਸਹਾਇਕ ਨੇ 11 ਵਜੇ ਪੰਜਾਬ ਰਾਜ ਭਵਨ ਵਿਚ ਮੁਲਾਕਾਤ ਦਾ ਸਮਾਂ ਮੁਕਰਰ ਕਰ ਦਿੱਤਾ ਸੀ। ਨਾਲ ਹੀ ਪੰਦਰਾਂ ਮਿੰਟ ਪਹਿਲਾਂ ਪੁੱਜਣ ਦੀ ਹਦਾਇਤ ਸੀ। ਪੌਣੇ ਗਿਆਰਾਂ ਵਜੇ ਮੈਂ ਪੰਜਾਬ ਰਾਜ ਭਵਨ ਮੂਹਰੇ ਕਾਰ ਜਾ ਰੋਕਦਾ ਹਾਂ | ਸੌਕਿਉਰਿਟੀ ਸਟਾਫ ਭੱਜ ਕੇ ਗੇਟ ਖੋਲ੍ਹਦਾ ਹੈ। ਰਸਤਾ ਸਮਝਾਇਆ ਜਾਂਦਾ ਹੈ | ਕਾਰ ਪਾਰਕ ਕਰਨ ਤੋਂ ਪਹਿਲਾਂ ਹੀ ਇਕ ਹੋਰ ਸੁਰੱਖਿਆ ਗਾਰਡ ਮੇਰੀ ਕਾਰ ਦੀ ਤਾਕੀ ਨੂੰ ਖੋਲ੍ਹਣ ਲਈ ਹੱਥ ਦਾ ਪਾ ਰੋਕ ਦਿੰਦਾ ਹਾਂ | ਮੇਰੇ ਮੂੰਹੋਂ ਨਿਕਲ ਜਾਂਦਾ ਹੈ, "ਬਾਈ ਜੀ, ਮੈਂ ਤਾਂ ਸਾਧਾਰਨ ਜਿਹਾ ਬੰਦਾ ਹਾਂ। ਐਂਵੇਂ ਖੇਚਲ ਨਾ ਕਰੋ।"

ਚਾਰ ਕਦਮ ਹੋਰ ਅੱਗੇ ਦੋ ਸਿਕਿਓਰਿਟੀ ਵਾਲੇ ਐਸਕੋਰਟ ਕਰਕੇ ਅੰਦਰ ਲੈ ਜਾਂਦੇ ਹਨ। ਸਾਬਕਾ ਰਾਸ਼ਟਰਪਤੀ ਦੇ ਨਿੱਜੀ ਸਹਾਇਕ ਸਰਦਾਰ ਸਾਹਿਬ ਅਪਣੱਤ ਨਾਲ ਮਿਲਦੇ ਹਨ। ਏਨੇ ਨੂੰ ਚਾਹ ਆ ਜਾਂਦੀ ਹੈ ਤੇ ਨਾਲੋਂ-ਨਾਲ ਅੰਦਰੋਂ ਸਾਹਿਬ ਦਾ ਸੁਨੇਹਾ ਲਾ ਦਿੱਤਾ ਜਾਂਦਾ ਹੈ। ਮੈਂ ਪੂਰੇ ਆਤਮ ਵਿਸ਼ਵਾਸ ਨਾਲ ਸਾਬਕਾ ਰਾਸ਼ਟਰਪਤੀ ਦੇ ਕਮਰੇ ਵੱਲ ਨੂੰ ਤੁਰਦਾ ਹਾਂ | ਨਿੱਜੀ ਸਹਾਇਕ ਸਰਦਾਰ ਸਾਹਿਬ ਮੇਰੇ ਨਾਲ ਜਾਂਦੇ ਹਨ | ਦਰਵਾਜ਼ਾ ਕੋਈ ਹੋਰ ਖੋਲ੍ਹਦਾ ਹੈ।

ਮੈਂ ਹੈਰਾਨ ਹੋ ਜਾਂਦਾ ਹਾਂ ਜਦੋਂ ਬੂਹਾ ਖੁੱਲ੍ਹਦਿਆਂ ਹੀ ਰਾਮ ਨਾਥ ਕੋਵਿੰਦ ਹੱਥ ਜੋੜ ਕੇ ਖੜ ਜਾਂਦੇ ਹਨ | ਹੱਥ ਮਿਲਾਉਣ ਪਿੱਛੋਂ ਮੈਨੂੰ ਕੁਰਸੀ ਆਫ਼ਰ ਕਰਕੇ ਉਹ ਆਪ ਬਾਅਦ ਵਿਚ ਬੈਠਦੇ ਹਨ। ਮੈਂ ਆਪਣੀ ਹਿੰਦੀ ਭਾਸ਼ਾ ਵਿਚ ਅਨੁਵਾਦ ਹੋਏ ਮਿਡਲਾਂ ਦੀ ਪੁਸਤਕ ਭੇਂਟ ਕਰਦਾ ਹਾਂ। ਉਹ ਨਾਲੋਂ-ਨਾਲ ਪੁਸਤਕ ਤੇ ਝਾਤ ਮਾਰਦਿਆਂ ਹੀ ਕਈ ਸੁਆਲ ਕਰਦੇ ਹਨ। ਫਿਰ ਵਨ ਨੇਸ਼ਨ ਵਨ ਇਲੈਕਸ਼ਨ ਬਾਰੇ ਗੱਲ ਹੁੰਦੀ ਹੈ । ਕਈ ਹੋਰ ਵਿਸ਼ਿਆਂ ਦੀ ਵੀ ਚਰਚਾ ਹੁੰਦੀ ਹੈ। ਉਹ ਪੂਰੀ ਤਰ੍ਹਾਂ ਦਿਲਚਸਪੀ ਨਾਲ ਗੱਲਾਂ ਸੁਣਦੇ ਤੇ ਕਰਦੇ ਹਨ।

ਜਦੋਂ ਉਹ ਮੈਨੂੰ ਦਿੱਲੀ ਆ ਕੇ ਚਾਹ ਪੀਣ ਦਾ ਸੱਦਾ ਦਿੰਦੇ ਹਨ ਤਾਂ ਮੈਂ ਜਾਣ ਦੀ ਆਗਿਆ ਮੰਗਦਾ ਹਾਂ। ਮੈਂ ਕਮਰੇ ਦੇ ਬਾਹਰਲੇ ਦਵਾਰਜ਼ੇ ਕੋਲ ਆ ਕੇ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਤਦ ਉਹ ਹੱਥ ਜੋੜੀ ਖੜੇ ਮੁਸਕਰਾ ਰਹੇ ਹੁੰਦੇ ਹਨ। ਬਾਹਰ ਹੋਰ ਦੋ ਸੱਜਣ ਸਾਹਿਬ ਨੂੰ ਮਿਲਣ ਦੀ ਉਡੀਕ ਕਰ ਰਹੇ ਹੁੰਦੇ ਹਨ | ਮੈਂ ਸਰਦਾਰ ਸਾਹਿਬ ਕੋਲ ਬੈਠ ਜਾਂਦਾ ਹਾਂ।ਦੁਬਾਰਾ ਚਾਹ ਆ ਜਾਂਦੀ ਹੈ | ਨਿੱਜੀ ਸਹਾਇਕ ਸਰਦਾਰ ਸਾਹਿਬ ਦਿੱਲੀ ਆਉਣ ਦੀ ਵਾਰ-ਵਾਰ ਤਾਗੀਦ ਕਰਦੇ ਹਨ |


ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਪੰਜਾਬ ਦੀ ਸਿਆਸਤ ਬਾਰੇ। ਮੇਰੀਆਂ ਕਿਤਾਬਾਂ ਬਾਰੇ | ਅਖ਼ਬਾਰ ਵਿਚ ਕੰਮ ਕਰਨ ਵੇਲੇ ਦੇ ਤਜ਼ਰਬੇ। ਮੈਂ ਲੰਚ ਦਾ ਸਮਾਂ ਹੋਣ 'ਤੇ ਜਾਣ ਦੀ ਆਗਿਆ ਮੰਗਦਾ ਹਾਂ। ਮੇਰੀ ਜ਼ੁਬਾਨ ਤੇ ਵਾਰ-ਵਾਰ ਇਕੋਂ ਸਤਰਾਂ ਆ ਰਹੀਆਂ ਸਨ " ਵੱਡਿਆਂ ਨਾਲ ਭਲਾ ਕਾਹਦੀ ਰੀਜ। ਸੱਚ ਕਹਿੰਦੇ ਨੇ ਕਿ ਫਲਾਂ ਨਾਲ ਰੱਦਿਆ ਰੁੱਖ ਚੁੱਕ ਕੇ ਧਰਤੀ ਨੂੰ ਲੱਗਿਆ ਹੁੰਦੈ। "

98147 34035

ਮੈਂ ਹੈਰਾਨ ਹੋ ਜਾਂਦਾ ਹਾਂ ਜਦੋਂ ਬੂਹਾ ਖੁੱਲ੍ਹਦਿਆਂ ਹੀ ਰਾਮ ਨਾਥ ਕੋਵਿੰਦ ਹੱਥ ਜੋੜ ਕੇ ਖੜ ਜਾਂਦੇ ਹਨ | ਹੱਥ ਮਿਲਾਉਣ ਪਿੱਛੋਂ ਮੈਨੂੰ ਕੁਰਸੀ ਆਫ਼ਰ ਕਰਕੇ ਉਹ ਆਪ ਬਾਅਦ ਵਿਚ ਬੈਠਦੇ ਹਨ। ਮੈਂ ਆਪਣੀ ਹਿੰਦੀ ਭਾਸ਼ਾ ਵਿਚ ਅਨੁਵਾਦ ਹੋਏ ਮਿਡਲਾਂ ਦੀ ਪੁਸਤਕ ਭੇਂਟ ਕਰਦਾ ਹਾਂ। ਉਹ ਨਾਲੋਂ-ਨਾਲ ਪੁਸਤਕ ਤੇ ਝਾਤ ਮਾਰਦਿਆਂ ਹੀ ਕਈ ਸੁਆਲ ਕਰਦੇ ਹਨ। ਫਿਰ ਵਨ ਨੇਸ਼ਨ ਵਨ ਇਲੈਕਸ਼ਨ ਬਾਰੇ ਗੱਲ ਹੁੰਦੀ ਹੈ । ਕਈ ਹੋਰ ਵਿਸ਼ਿਆਂ ਦੀ ਵੀ ਚਰਚਾ ਹੁੰਦੀ ਹੈ।

ਦਰਸ਼ਨ ਸਿੰਘ 'ਆਸ਼ਟ' (ਡਾ.)*

# ਬਾਲ-ਮਨਾਂ ਦਾ ਹਾਣੀ ਸੀ ਪ੍ਰੇਮ ਭੂਸ਼ਨ ਗੋਇਲ



ਬਾਲ ਸਾਹਿਤ ਰਾਹੀਂ ਬਾਲ-ਮਨਾਂ ਦੀਆਂ ਗੱਲਾਂ ਕਰਨ ਵਾਲਾ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪ੍ਰੇਮ ਭੂਸ਼ਨ ਗੋਇਲ ਮਿਤੀ 6 ਅਗਸਤ,2025 ਦੀ ਸਵੇਰ ਨੂੰ ਖੇਤੀਬਾੜੀ ਯੂਨੀਵਰਸਿਟੀ,ਲੁਧਿਆਣਾ ਵਿਖੇ ਸਦੀਵੀ ਅਲਵਿਦਾ ਆਖ ਗਿਆ ਹੈ।ਭਾਸ਼ਾ ਵਿਭਾਗ,ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜੀਵਨ ਮੈਂਬਰ ਰਹੇ ਇਸ ਪਿਆਰੇ ਕਲਮਕਾਰ ਨਾਲ ਮੇਰਾ ਲਗਭਗ 35 ਸਾਲ ਪੁਰਾਣਾ ਰਾਬਤਾ ਰਿਹਾ।ਉਹਨਾਂ ਨਾਲ ਮੇਰੀ ਪਹਿਲੀ ਮੁਲਾਕਾਤ ਮੁਸਾਫ਼ਿਰ ਸੈਂਟਰਲ ਸਟੇਟ ਲਾਇਬ੍ਰੇਰੀ,ਪਟਿਆਲਾ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਭਾਸ਼ਾ ਵਿਭਾਗ,ਪੰਜਾਬ ਦੇ ਦਫ਼ਤਰ ਵਿਖੇ ਹੋਈ ਸੀ ਜਿੱਥੇ ਉਹਨਾਂ ਨੇ ਮੈਨੂੰ ਆਪਣੀਆਂ ਮੁੱਢਲੀਆਂ ਬਾਲ ਸਾਹਿਤ ਪੁਸਤਕਾਂ ਤੋਹਫ਼ੇ ਵਜੋਂ ਪ੍ਰਦਾਨ ਕੀਤੀਆਂ ਸਨ।ਉਹਨਾਂ ਦੀਆਂ ਅਨੇਕ ਪੁਰਾਣੀਆਂ ਯਾਦਾਂ ਜ਼ਿਹਨ ਵਿਚ ਅੱਜ ਵੀ ਤਰੋ-ਤਾਜ਼ਾ ਹਨ।

ਸਾਲ 1936 ਦੇ ਚੜ੍ਹਦੇ ਸਾਲ ਯਾਨੀ 1 ਜਨਵਰੀ ਨੂੰ ਜੈਤੋ ਵਿਖੇ ਪਿਤਾ ਰੁਲਦੂ ਰਾਮ ਅਤੇ ਮਾਤਾ ਪੁੰਨੀ ਦੇਵੀ ਦੇ ਘਰ ਪੈਦਾ ਹੋਣ ਵਾਲਾ ਬਾਲਕ ਪ੍ਰੇਮ ਭੂਸ਼ਨ ਗੋਇਲ ਬਚਪਨ ਤੋਂ ਹੀ ਪ੍ਰਤਿਭਾਸ਼ਾਲੀ ਸੋਚ ਨੂੰ ਪ੍ਰਣਾਇਆ ਹੋਇਆ ਸੀ।ਉਹ ਉਘੇ ਅਨੁਵਾਦਕ,ਲੇਖਕ ਅਤੇ ਸਾਬਕਾ ਆਈ.ਏ.ਐਸ. ਜੰਗ ਬਹਾਦਰ ਗੋਇਲ ਦਾ ਵੱਡਾ ਭਰਾ ਸੀ।ਸਿੱਖਿਆ ਪ੍ਰਾਪਤੀ ਦੀਆਂ ਪੌੜੀਆਂ ਚੜ੍ਹਦਿਆਂ ਉਨ੍ਹਾਂ ਨੇ ਉਨ੍ਹਾਂ ਸਮਿਆਂ ਵਿਚ ਅੰਗਰੇਜ਼ੀ ਅਤੇ ਪੰਜਾਬੀ ਦੀ ਡਬਲ ਐੱਮ.ਏ. ਕੀਤੀ ਜਦੋਂ ਅਕਾਦਮਿਕ-ਚੇਤਨਾ ਇੰਨੀ ਪ੍ਰਫੁੱਲਤ ਨਹੀਂ ਸੀ ਹੋਈ।ਉਸ ਨੂੰ ਭਾਸ਼ਾ ਵਿਭਾਗ,ਪੰਜਾਬ ਵਿਚ ਨੌਕਰੀ ਪ੍ਰਾਪਤ ਹੋਈ ਤਾਂ ਉਸ ਲਈ ਸਾਹਿਤ ਸਿਰਜਣਾ ਦੇ ਦਰਵਾਜ਼ੇ ਖੁੱਲ੍ਹਦੇ ਗਏ। ਵਿਭਾਗ ਦੀਆਂ ਕੁਝ ਅਜਿਹੀਆਂ ਸ਼ਾਖ਼ਾਵਾਂ ਵਿਚ ਵੀ ਕੰਮ ਕਰਨ ਦਾ ਮੌਕਾ ਮਿਲਿਆ ਜਿੱਥੇ ਖੋਜ,ਸੰਪਾਦਨ,ਅਨੁਵਾਦ ਦੇ ਨਾਲ ਨਾਲ ਬਾਲ ਸਾਹਿਤ ਦੀਆਂ ਗਤੀਵਿਧੀਆਂ ਦੀ ਕਾਰਜਸ਼ੀਲਤਾ ਨਿਰੰਤਰ ਰਹਿੰਦੀ ਸੀ। ਉਸ ਨੇ ਬਾਲ ਸਾਹਿਤ ਦੇ ਖੇਤਰ ਪ੍ਰਤੀ ਆਮ ਲੇਖਕਾਂ ਦਾ ਬਹੁਤਾ ਰੁਝਾਨ ਨਾ ਦੇਖਦਿਆਂ ਇਸ ਖੇਤਰ ਵਿਚ ਨਿੱਠ ਕੇ ਕੰਮ ਕਰਨ ਦਾ ਨਿਰਣਾ ਲਿਆ। ਉਸ ਦੀ ਪਹਿਲੀ ਬਾਲ ਪੁਸਤਕ 'ਸਾਡੇ ਰਾਖੇ ਵੀਰ ਸਿਪਾਹੀ'(1965) ਸੀ ਜੋ ਪੰਜਾਬੀ ਸਾਹਿਤ ਸਭਾ ਜੈਤੋ ਨੇ ਪ੍ਰਕਾਸ਼ਿਤ ਕੀਤੀ ਸੀ।ਇਸ ਪੁਸਤਕ ਦੀ ਪ੍ਰਸ਼ੰਸਾ ਭਾਰਤ ਦੇ ਤਤਕਾਲੀਨ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਣਨ ਨੇ ਆਪਣੇ ਹਸਤਾਖਰਾਂ ਹੇਠ ਲਿਖੇ ਇਕ ਪੱਤਰ ਵਿਚ ਕੀਤੀ ਸੀ।ਸ.ਸ.ਅਮੋਲ ਅਤੇ ਕੁਲਵੰਤ ਸਿੰਘ ਵਿਰਕ ਨੇ ਵੀ ਇਸ ਪੁਸਤਕ ਨੂੰ ਪੰਜਾਬੀ ਬਾਲ ਸਾਹਿਤ ਦੀ ਇਕ ਵਿਸ਼ੇਸ਼ ਉਪਲਬਧੀ ਕਰਾਰ ਦਿੱਤਾ।

ਇਸ ਤੋਂ ਬਾਅਦ 'ਡਾ. ਜ਼ਾਕਿਰ ਹੁਸੈਨ' (1968), 'ਸਾਡੇ ਪੰਛੀ' (1969), 'ਸਾਡੇ ਸ਼ਹੀਦ' (1970), 'ਭਾਈ ਕਨ੍ਹੱਈਆ' (1985), 'ਹਾਥੀ ਸਾਡਾ ਸਾਥੀ' (2005) 'ਮਾਣੋ ਬਿੱਲੀ' (2006), ਆਦਿ ਬਾਲ ਪੁਸਤਕਾਂ ਬਾਲ-ਮਨਾਂ ਦੀਆਂ ਹਾਣੀ ਬਣੀਆਂ। 'ਹਾਥੀ ਸਾਡਾ ਸਾਥੀ' ਅਤੇ 'ਮਾਣੋ ਬਿੱਲੀ' ਪੁਸਤਕਾਂ ਨੂੰ ਲਹਿੰਦੇ ਪੰਜਾਬ ਤੋਂ ਬਾਲ ਰਿਸਾਲੇ 'ਪਖੇਰੂ' ਦੇ ਸੰਪਾਦਕ ਅਸ਼ਰਫ਼ ਸੁਹੇਲ ਨੇ ਸ਼ਾਹਮੁੱਖੀ ਲਿੱਪੀ ਵਿਚ ਵੀ ਲਿਪੀਅੰਤ੍ਰ ਕੀਤਾ ਸੀ।ਇਨ੍ਹਾਂ ਦੋਵਾਂ ਪੁਸਤਕਾਂ ਵਿਚ ਉਸ ਨੇ ਦੋਵਾਂ ਜੀਵਾਂ ਦੀ ਧਾਰਮਿਕ,ਆਰਥਿਕ, ਸਮਾਜਿਕ,ਕਲਾਤਮਕ,ਸਾਹਿਤਕ ,ਭਾਸ਼ਾਈ ਅਤੇ ਸਭਿਆਚਾਰਕ ਮਹੱਤਤਾ ਨੂੰ ਸਰਲ ਤੇ ਸੁਖੈਨ ਢੰਗ ਨਾਲ ਸਮਝਾਇਆ ਅਤੇ ਖੇਡਾਂ,ਮਨੋਰੰਜਨ ਆਦਿ ਸੰਬੰਧੀ ਵੀ ਇਹਨਾਂ ਦੀ ਮਨੁੱਖ ਨਾਲ ਸਾਂਝ ਦਰਸਾਈ ।ਉਸ ਨੇ ਤੇਜਾ ਸਿੰਘ ਦੀ ਇਕ ਪੁਸਤਕ 'ਨਵੀਆਂ ਸੋਚਾਂ ਦਾ' ਹਿੰਦੀ ਅਨੁਵਾਦ ਵੀ 'ਨਵਚਿੰਤਨ'(1970) ਪੁਸਤਕ ਦੇ ਰੂਪ ਵਿਚ ਕੀਤਾ।ਉਸ ਦੇ ਪੰਜਾਬੀ ਬਾਲ ਸਾਹਿਤ ਪ੍ਰਤੀ ਯੋਗਦਾਨ ਦੇ ਮੱਦੇਨਜ਼ਰ ਪੰਜਾਬੀ ਦੁਨੀਆ ਦੇ ਮਾਰਚ-ਮਈ,1975 ਅੰਕ ਵਿਚ ਲਿਖਿਆ ਗਿਆ ਸੀ ਕਿ ਗੋਇਲ ਨੇ ਇਕ ਸੰਸਥਾ ਦਾ ਕੰਮ ਕੀਤਾ ਹੈ। ਉਸ ਨੇ ਅਲੋਪ ਹੋ ਰਹੇ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਕਿੱਤਿਆਂ,ਵਸਤਾਂ ਅਤੇ ਵਿਅਕਤੀਆਂ ਬਾਰੇ ਵੀ ਲਿਖਿਆ।ਸੁਖਦੇਵ ਮਾਦਪੁਰੀ ਅਤੇ ਡਾ. ਆਤਮ ਹਮਰਾਹੀ ਵਰਗੇ ਦੋਸਤਾਂ ਨੇ ਉਸ ਦੀਆਂ ਬਾਲ ਪੁਸਤਕਾਂ ਨੂੰ ਅਦੁੱਤੀ ਤੋਹਫ਼ਿਆਂ ਨਾਲ ਵਡਿਆਉਂਦੇ ਹੋਏ ਜ਼ੋਰਦਾਰ ਤਾਰੀਫ਼ ਕੀਤੀ। ਨਾਵਲਕਾਰ ਗੁਰਦਿਆਲ ਸਿੰਘ ਨੇ ਆਪਣੇ ਸ਼ਹਿਰ ਜੈਤੋ ਦੇ ਜੰਮਪਲ ਗੋਇਲ ਬਾਰੇ ਲਿਖਿਆ ਸੀ ਕਿ ਮਹਾਨ ਲੋਕਾਂ ਦੇ ਜੀਵਨ-ਚਿੱਤ੍ਰ ਸ਼ਬਦਾਂ ਦੇ ਅਸਰ ਭਰਪੂਰ ਰੰਗਾਂ ਨਾਲ ਵਾਹ ਕੇ ਗੋਇਲ ਨੇ ਉਨ੍ਹਾਂ ਦੇ ਸੁਪਨੇ ਸਾਕਾਰ ਕਰਕੇ ਸਾਡੇ ਸਾਹਮਣੇ ਪੇਸ਼ ਕੀਤੇ ਹਨ। ਜਿੰਨੀ ਹਿੰਮਤ ਤੇ ਵਿਦਵਤਾ ਨਾਲ ਉਸ ਨੇ ਲਿਖਿਆ ਹੈ, ਉਹ ਸਾਡੀ ਵਧਾਈ ਦਾ ਹੱਕਦਾਰ ਹੈ।'ਤ੍ਰਿੰਞਣ' ਦੀ ਸੰਪਾਦਿਕਾ ਨਰਿੰਜਣ ਤੂਫ਼ਾਨ ਨੇ ਲਿਖਿਆ ਸੀ ਕਿ ਉਸ ਦੀ ਬੋਲੀ ਠੇਠ ਪੰਜਾਬੀ ਹੈ। ਉਸ ਨੇ ਅਖੌਤੀ ਪੜ੍ਹਾਕੂਆਂ ਵਾਂਗ ਸੰਸਕ੍ਰਿਤ ਤੇ ਫ਼ਾਰਸੀ ਦੇ ਔਖੇ-ਭਾਰੇ ਸ਼ਬਦ ਵਰਤ ਕੇ ਬੋਲੀ ਨੂੰ ਵਿਗਾੜਿਆ ਨਹੀਂ ਸਗੋਂ ਉਸ ਦੀ ਬੋਲੀ ਸਰਲ ਤੇ ਅਰਥ ਭਰਪੂਰ ਹੈ।ਭਾਰਤ ਦੇ ਤਤਕਾਲੀਨ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਉਸ ਨੂੰ ਰਾਸ਼ਟਰਪਤੀ ਭਵਨ ਵਿਚ ਸਾਹਿਤਕ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ ਸੀ।ਮੈਨੂੰ ਕਈ ਵਾਰ ਪੰਜਾਬ ਤੋਂ ਬਾਹਰ ਹੋਣ ਵਾਲੇ ਸਾਹਿਤਕ ਸਮਾਗਮਾਂ ਵਿਚ ਉਸ ਨਾਲ ਜਾਣ ਦਾ ਅਵਸਰ ਮਿਲਦਾ ਰਿਹਾ ਜਿੱਥੇ ਜਾ ਕੇ ਉਸ ਵੱਲੋਂ ਪੰਜਾਬੀ ਜ਼ੁਬਾਨ-ਓ-ਅਦਬ ਦੇ ਪ੍ਰਚਾਰ ਪ੍ਰਸਾਰ ਦੀ ਹੀ ਗੱਲ ਕੀਤੀ ਜਾਂਦੀ ਸੀ।

ਪ੍ਰੇਮ ਭੂਸ਼ਨ ਗੋਇਲ ਦੇ ਪ੍ਰਤਿਭਾਵਾਨ ਰਾਮ ਦੁਲਾਰੀ ਨਾਲ ਗ੍ਰਹਿਸਥੀ-ਸੰਜੋਗ ਜੁੜੇ।ਪਤੀ-ਪਤਨੀ ਨੇ ਆਪਣੀਆਂ ਤਿੰਨੇ ਧੀਆਂ ਮਿੰਨੀ,ਪ੍ਰਤਿਭਾ ਅਤੇ ਸ਼ੈਲਜਾ ਨੂੰ ਉਚ ਤਾਲੀਮ ਹਾਸਿਲ ਕਰਨ ਲਈ ਪ੍ਰੇਰਣਾ ਦਿੱਤੀ ਜਿਨ੍ਹਾਂ ਵਿਚੋਂ ਇਕ ਧੀ ਡਾ. ਪ੍ਰਤਿਭਾ ਗੋਇਲ ਨੂੰ ਰਾਮ ਮਨੋਹਰ ਲੋਹੀਆ ਯੂਨੀਵਰਸਿਟੀ ਅਯੁੱਧਿਆ (ਉਤਰ ਪ੍ਰਦੇਸ)) ਦੀ ਵਾਈਸ-ਚਾਂਸਲਰ ਬਣਨ ਦਾ ਸ਼ਰਫ਼ ਵੀ ਹਾਸਿਲ ਹੋਇਆ ਹੈ।ਭਾਸ਼ਾ ਵਿਭਾਗ,ਪੰਜਾਬ ਪਟਿਆਲਾ ਵਿਖੇ ਸੇਵਾ ਦੌਰਾਨ ਉਸਦਾ ਕਿਆਮ ਪਟਿਆਲਾ ਦੀ ਤੇਜ ਬਾਗ ਕਲੋਨੀ ਵਿਚ ਰਿਹਾ।1993 ਵਿਚ ਸੇਵਾਮੁਕਤੀ ਉਪਰੰਤ ਉਸ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪਾਵਟੇ ਹਾਊਸ ਵਿਖੇ ਬੇਟੀ ਕੋਲ ਕਿਆਮ ਕਰ ਲਿਆ ਜਿੱਥੇ ਉਸ ਦੀ ਲੰਮਾ ਅਰਸਾ ਸਾਹਿਤ-ਸਾਧਨਾ ਜਾਰੀ ਰਹੀ।ਬਾਦ ਵਿਚ ਜਦੋਂ ਉਸ ਦੀ ਬੇਟੀ ਡਾ. ਪ੍ਰਤਿਭਾ ਵਾਈਸ ਚਾਂਸਲਰ ਵਜੋਂ ਨਿਯੁਕਤੀ ਹੋਈ ਤਾਂ ਉਸ ਨੇ ਅਯੁੱਧਿਆ ਯੂਨੀਵਰਸਿਟੀ ਵਿਖੇ ਕਿਆਮ ਕਰ ਲਿਆ।ਅੱਜਕੱਲ੍ਹ ਉਹ ਫਿਰ ਪੰਜਾਬ ਖੇਤੀਬਾੜੀ ਲੁਧਿਆਣਾ ਆ ਗਏ ਸਨ।ਉਸ ਦਾ ਨਾਮ ਪੰਜਾਬੀ ਜ਼ੁਬਾਨ-ਓ-ਅਦਬ ਦੇ ਪੰਨਿਆਂ 'ਤੇ ਸਦੀਵੀ ਤੌਰ ਤੇ ਮੌਜੂਦ ਰਹੇਗਾ।



*ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ
ਮੋਬਾਈਲ ਨੰਬਰ
9814423703

# ਮੋਰਚਾ



ਉਸ ਨੇ ਆਪਣੀ ਦੁਕਾਨ ਦੇ ਬੂਹੇ ਵਿੱਚ ਕੰਧ ਕਰਵਾ ਦਿੱਤੀ ਸੀ। ਇੱਕ ਪਾਸੇ ਲੰਘਣ ਜੋਗਾ ਹੀ ਰਾਹ ਰੱਖਿਆ ਸੀ। ਉਸ ਨੇ ਛੱਡੇ ਲਾਂਘੇ ਦੇ ਵੀ ਦੋਵੇਂ ਪਾਸੇ ਗੱਟੇ ਮਿੱਟੀ ਨਾਲ ਭਰ ਕੇ ਟਿਕਾ ਦਿੱਤੇ ਸਨ। ਇੰਝ ਲੱਗ ਰਿਹਾ ਸੀ ਜਿਵੇਂ ਮੋਰਚਾ ਬਣਾ ਦਿੱਤਾ ਹੋਵੇ।

"ਭਰਾ! ਇੰਝ ਲਗਦਾ ਜਿਵੇਂ ਤੂੰ ਜੰਗ ਦੀ ਤਿਆਰੀ ਕਰ ਰਿਹਾ ਹੋਵੇਂ। ਕਿਹਦੇ ਨਾਲ ਲੜੇਂਗਾ?"

ਮੋਰਚੇਨੁਮਾ ਦ੍ਰਿਸ਼ ਵੇਖ ਕੇ ਉਸ ਦੇ ਕਿਸੇ ਜਾਣਕਾਰ ਨੇ ਪੁੱਛਿਆ ਤਾਂ ਉਹ ਦੱਸਣ ਲੱਗਾ, "ਆਹੋ ਵੀਰ! ਪਾਣੀ ਨਾਲ ਲੜਨ ਦੀ ਤਿਆਰੀ ਕਰ ਰਿਹਾ ਹਾਂ। ਪਹਿਲਾਂ ਮੇਰੀ ਦੁਕਾਨ ਸੜਕ ਨਾਲੋਂ ਤਿੰਨ ਫੁੱਟ ਉੱਚੀ ਹੁੰਦੀ ਸੀ। ਹੁਣ ਸੜਕ ਉੱਚੀ ਹੋ ਗਈ ਤੇ ਦੁਕਾਨ ਤਿੰਨ ਫੁੱਟ ਨੀਵੀਂ ਹੋ ਗਈ। ਹੁਣ ਜਦੋਂ ਵੀ ਮੀਂਹ ਪੈਂਦਾ ਏ, ਸੜਕ ਦਾ ਸਾਰਾ ਪਾਣੀ ਅੰਦਰ ਆ ਵੜਦਾ ਹੈ।"

ਫਿਰ ਰੁਕ ਕੇ ਬੋਲਿਆ, "ਹੁਣ ਆਪਾਂ ਨੂੰ ਇਹੋ ਜਿਹੀਆਂ ਜੰਗਾਂ ਵੀ ਲੜਨੀਆਂ ਪੈਣੀਆਂ ਨੇ।"

"ਗੱਲ ਤੇਰੀ ਸੱਚੀ ਹੈ।" ਜਾਣਕਾਰ ਹਾਮੀ ਭਰ ਕੇ ਅੱਗੇ ਲੰਘ ਗਿਆ ਸੀ।

ਇਕਬਾਲ ਸਿੰਘ ਹਮਜਾਪੁਰ
ਸੰਪਰਕ: 94165-92149

# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In The Court of Ms. Radhika Likhi**
**Civil Judge Junior Division-4, Ferozepur**
CNR No. PBFZ02-001464-2024
Next Date : 09-09-2025
Punjab State Power Corporation Ltd
Versus
Randeep Singh
Notice to: Randeep Singh:- son of Surjit Singh resident of village Satiyewala, District Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district notice&district=mogacourt
Dated, this day of 20-08-2025
**Sd/- Civil Judge Junior Division-4, Ferozepur**

**In the Court of Sh. Bikramdeep Singh**
**Judicial Magistrate - Ist Class-2, Patiala**
CNR No. PBPT03-004438-2021
Next Date : 14-10-2025
Axis Bank Ltd.
Versus
Malkeet Singh
Detail of offence:- 138NI Act
Notice to: Malkeet Singh Father:- Darshan Singh C/o S6APO, 423 1 ENGR SQN, Jammu, Jammu and Kashmir-180010
In above titled case the accused could not be served. It is ordered that accused should appear in person or through counsel on 14-10-2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 20-08-2025
**Sd/- Judicial Magistrate - Ist Class-2, Patiala**

(U/o 5 Rule 20 CPC)
**In the Court of Ms. Parveen Bali**
**Principal Judge Family Court, Faridkot**
CNR No. PBFD01-000227-2024
Next Date : 09-09-2025
Kamaljeet Kaur
Versus
Rajwinder Singh
Petition u/s 13 of the HMA
HMA/31/2024
Notice to: Rajwinder Singh S/o Sukhdev Singh S/o Mukhtiar Singh, Vill Dana Romana Tehsil Kotkapura Distt. Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 28-07-2025
**Sd/- Principal Judge Family Court, Faridkot**

(U/o 5 Rule 20 CPC)
**In the Court of Ms. Divya Nanda**
**Civil Judge Junior Division-19, Patiala**
CNR No. PBPT02-003211-2024
Next Date : 09-09-2025
Neena Garg
Versus
General Public
Notice to: General Public:- Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 25-07-2025
**Sd/- Civil Judge Junior Division-19, Patiala**

(U/o 5 Rule 20 CPC)
**In the Court of Sh. Hem Amrit Mahi**
**Civil Judge (Senior Division), Gurdaspur**
CNR No. PBGD02-001458-2025
Next Date : 09-09-2025
SUCC-20-2025
Jasvir Kaur
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 09-07-2025
**Sd/- Civil Judge (Senior Division), Gurdaspur**

(U/o 5 Rule 20 CPC)
**In the Court of Ms. Riffi Bhatti**
**Civil Judge (Junior Division), Jagraon**
CNR No. PBLDB0-001372-2023
Next Date : 09-09-2025
Malkiat Singh
Versus
Kulwant Singh
Notice to: Surjit Singh Son:- Ram Karan S/o Jhanda Singh R/o H.No. 93/2, Street No.2, Bhai Nura Mahi Nagar, Raikot, Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 19-08-2025
**Sd/- Civil Judge (Junior Division), Jagraon**


**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**


(U/o 5 Rule 20 CPC)
**In The Court of Sh. Harish Kumar**
**Additional Civil Judge (SD), Bathinda**
CNR No. PBBT02-000424-2025
Next Date : 09-09-2025
GW/6/2025
Gurpreet Kaur
Versus
General Public
Petition under Section 8 of the HIndu Minority and Guardianship Act for permission to sell 1/3 share of plot measuring 500 Sq.
Notice to: General Public:- Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district notice&district=Bathinda
Dated, this day of 11-08-2025
**Sd/- Additional Civil Judge (SD), Bathinda**

(U/o 5 Rule 20 CPC)
**In the Court of Ms. Gurmeet Kaur**
**Civil Judge (Junior Division), Budhlada**
CNR No. PBMNA0-000633-2024
Next Date : 12-09-2025
Sanjib Kumar
Versus
Balvir Singh
Suit for Mandatory Injunction
Notice to: Balvir Singh Son:- Mehendra Singh Ward No. 3, Hari Nagar, Pilani(Rural), Jhunjuunun, Chirada (Rajasthan)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 19-08-2025
**Sd/- Civil Judge (Junior Division), Budhlada**

(U/o 5 Rule 20 CPC)
**In the Court of Hon'ble Anannya Rishi**
**Civil Judge (Junior Division), Rupnagar**
CNR No. PBRO02-000255-2024
Next Date : 11-09-2025
Charanjit Singh
Versus
Rajan Batra
Notice to: Defendant No. 1- Rajan Batra C/o Batra Showbiz, C.P.M-36, Central Plaza, M.R.M.G.F., Mohali, Sector-105, SAS Nagar, 160055 Defendant No.2- Ashish Sharma Incharge Batra Showbiz, C.P.M-36, Central, Plaza, M.R.M.G.F., Mohali, Sector 105, SAS Nagar Punjab-160055
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 11-09-2025 at 10:00 A.M.
For details logon to https://highcourtchd.gov.in/?mod=district_notice&district=Rupnagar
Dated this day of 21-08-2025
**Sd/- Civil Judge (Junior Division), Rupnagar**

**In the Court of**
**Sh. Bikramdeep Singh**
**Judicial Magistrate -Ist Class-2, Patiala**
CNR No. PBPT03-007661-2024
Next Date : 18-10-2025
Punjab and Sind Bank
Versus
Varun Kumar
Detail of offence:- 138 NIAct
Notice to: Varun Kumar Father:- Ramesh Kumar H.No. 2627 Street No. 4 Khalsa Mohalla Patiala
In above titled case the accused could not be served. It is ordered that accused should appear in person or through counsel on 18-10-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 20-08-2025
**Sd/- Judicial Magistrate -Ist Class-2, Patiala**

**In the Court of Sh. Bikramdeep Singh**
**Judicial Magistrate - Ist Class-2, Patiala**
CNR No. PBPT03-003459-2022
Next Date : 06-09-2025
Cholamandalam Investment and Finance Company
Versus
Ankit Kumar
Detail of offence:- 138 NIAct
Notice to: Ankit Kumar Father:- Devinder Kumar H.No 3 83, Gurbax Colony, Rajpura, Patiala, Punjab
In above titled case the accused could not be served. It is ordered that accused should appear in person or through counsel on 06-09-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 20-08-2025
**Sd/- Judicial Magistrate - Ist Class-2, Patiala**

(U/o 5 Rule 20 CPC)
**In the Court of Ms. Rupinder Kaur**
**Civil Judge (Junior Division), Dhuri**
CNR No. PBSGB0-000612-2024
Next Date : 09-09-2025
Gurjant Singh
Versus
Gurmeet Singh
Notice to: Gurmeet Singh Father:- Ujjagar Singh S/o Badan Singh H.No. 116, W.No.3-C, Sangatsar Mohalla Dhuri, Tehsil Distt. Sangrur Mobile No. 7009161942
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=Sangrur
Dated this day of 06-08-2025
**Sd/- Civil Judge (Junior Division), Dhuri**

## ਬੇਦਖਲੀ ਸੂਚਨਾ

ਮੈਂ, ਤਰਸੇਮ ਚੰਦ ਪੁੱਤਰ ਜੀਤ ਸਿੰਘ ਪਿੰਡ ਪਟਿਆਲ ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਮਕਾਨ ਨੰ- 021-ਬੀ01-0197 ਕੋਟਲਾ ਗੌਂਸਪੁਰ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਜਰਨੈਲ ਸਿੰਘ ਉਰਫ ਹੈਪੀ ਅਤੇ ਉਸਦੀ ਪਤਨੀ ਕਾਮਨੀ ਉਰਫ ਖੁਸ਼ੀ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

(U/o 5 Rule 20 CPC)
**In the Court of Ms. Vishavjyoti**
**Civil Judge Jr. Division-2, Sri Anandpur Sahib**
CNR No. PBROA0-000394-2023
Next Date : 10-09-2025
Kamal Nath Son of Sarwan Singh Son of Kirpa Singh R/o Village Sadhewal Tehsil Sri Anandpur Sahib Distt. Rupnagar
Versus
Gurdev Singh Son of Davinder Singh Son of Arjan Singh R/o Village Sadhewal Tehsil Sri Anandpur Sahib Distt. Rupnagar
Petition u/s 20 Rule 18(2)
Notice to: 1. Indu Bala D/o Davinder Singh S/o Arjan Singh (3) 2. Neetu Bala D/o Davinder Singh S/o Arjan Singh (4) 3. Onkar Singh Son Of Labh Singh Son Of Arjan Singh (7-ii) 4. Pooja Rani Daughter Of Labh Singh Son Of Arjan Singh (7-iv) 5. Yashpal Son Of Amar Nath Son Of Narain Singh (8) 6. Raghukulbhushan Son Of Amar Nath Son Of Narian Singh (8) 7. Shadi Lal Son Of Sita Ram Son Of Kangna Ram (10) 8. Rama Kumari Daughter Of Bimla Devi Daughter Of Dharam Singh (11) 9. Jasvir Kaur Daughter Of Bimla Devi Daughter Of Dharam Singh (12) All R/o Village Sadhewal Tehsil Sri Anandpur Sahib Distt. Rupnagar, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10-09-2025 at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 19-08-2025
**Sd/- Civil Judge Jr. Division-2, Sri Anandpur Sahib**

## ਬੇਦਖਲੀ ਸੂਚਨਾ

ਮੈਂ, ਗੁਰਜੰਟ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਸਰਾਵਾਂ ਬੋਦਲਾ ਰੋਡ, ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਸੁਖਦੀਪ ਸਿੰਘ ਅਤੇ ਇਸ ਦੀ ਪਤਨੀ ਸੁਮਨ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਸਾਡਾ ਇਹਨਾਂ ਦੋਨਾਂ ਜੀਆਂ ਨਾਲ ਕੋਈ ਵੀ ਤਾਲੁਕ ਤੇ ਵਾਸਤਾ ਨਹੀਂ ਹੈ। ਇਹ ਆਪਣੇ ਕੀਤੇ ਚੰਗੇ ਮਾੜੇ ਲੈਣ ਦੇਣ ਦੇ ਖੁਦ ਆਪ ਜ਼ੁੰਮੇਵਾਰ ਹੋਣਗੇ। ਉਸਦੀ ਕਿਸੇ ਵੀ ਗੱਲ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਉਕਤ ਸੁਖਦੀਪ ਸਿੰਘ ਆਪਣਾ ਬਣਦਾ ਹਿੱਸਾ ਲੈ ਚੁੱਕਾ ਹੈ ਅਤੇ ਹੁਣ ਮੇਰੀ ਕਿਸੇ ਵੀ ਚੱਲ ਜਾਂ ਅਚੱਲ ਜਾਇਦਾਦ ਵਿਚ ਇਸ ਦਾ ਕੋਈ ਹਿੱਸਾ ਨਹੀਂ ਹੈ।

ਅਸੀਂ ਤਰਲੋਕ ਪ੍ਰਸਾਦ ਪੁੱਤਰ ਲਖਮੀ ਰਾਮ ਅਤੇ ਅੰਜਲੀ ਪਤਨੀ ਭਗਵਤ ਪ੍ਰਸਾਦ, ਵਾਸੀਆਨ ਮਕਾਨ ਨੰਬਰ ਐਸ ਸੀ ਐਫ-1, ਗ੍ਰੀਨ ਵੁੱਡ ਐਵਿਨਿਊ, ਜਲੰਧਰ, ਨੇ ਆਪਣੀ ਪੁੱਤਰੀ ਜਸਲੀਨ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਸਾਡੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਬਾ-ਅਦਾਲਤ ਮਾਨਯੋਗ ਅਰਵਿੰਦਰ ਕੁਮਾਰ ਸ੍ਰੀ ਪੀ.ਸੀ.ਐਸ. ਮੇਨਟੇਨੈਂਸ ਟ੍ਰਿਬਿਊਨਲ-ਕਮ-ਉਪ ਮੰਡਲ ਮੈਜਿਸਟਰੇਟ ਫਤਹਿਗੜ੍ਹ ਸਾਹਿਬ
(ਵੇਖੋ : ਪੰਜਾਬ ਲੈਂਡ ਰੈਵੀਨਿਊ ਐਕਟ-1887 ਦੀ ਧਾਰਾ 20)
ਮਿਸਲ ਨੰ. 08/ਮੇਨਟੇਨੈਂਸ
ਰਜੂਆ : 10.01.2025
ਪਿੰਡ: ਬੋਰਾਂ
ਤਹਿ ਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ।
ਜਸਪਾਲ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਬੋਰਾਂ ਤਹਿ. ਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ।
ਦਰਖਾਸਤਕਰਤਾ....
ਬਨਾਮ
ਅਕਾਲਦੀਪ ਸਿੰਘ ਪੁੱਤਰ ਜਸਪਾਲ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਬੋਰਾਂ ਤਹਿ ਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਹਾਲ ਅਬਾਦ **Unit No. 12, 54A, Allanbrooke Drive, Yorkton, Canada Saskatchewan, S3N 3G4.**
ਉਤਰਵਾਦੀ ...
ਨਿਮਨ ਹਸਤਾਖਰ ਦੀ ਅਦਾਲਤ ਵਿਚ ਮੇਨਟੇਨੈਂਸ ਅਤੇ ਵੈਲਫੇਅਰ ਆਫ ਪੇਰੈਂਟਸ ਅਤੇ ਸੀਨੀਅਰ ਸਿਟੀਜਨ ਐਕਟ-2007 ਤਹਿਤ ਪਿੰਡ ਬੋਰਾਂ ਤਹਿ ਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਕੇਸ ਸੁਣਵਾਈ ਲਈ ਲੱਗਾ ਹੋਇਆ ਹੈ। ਇਸ ਕੇਸ ਵਿਚ ਦਰਖਾਸਤਕਰਤਾ ਵੱਲੋਂ ਵਸੀਕਾ ਨੰਬਰ 1186 ਮਿਤੀ 01.08.2023 ਰਾਹੀਂ ਕਰਵਾਈ ਤਬਦੀਲ ਮਲਕੀਅਤ ਨੂੰ ਰੱਦ ਕਰਨ ਲਈ ਦਰਖਾਸਤ ਦਿੱਤੀ ਗਈ ਹੈ। ਉਤਰਵਾਦੀ ਨੂੰ ਸਧਾਰਨ ਸੰਮਨ ਰਾਹੀਂ ਇਤਲਾਹ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ/ਖਾਸ ਅਤੇ ਜਸਪਾਲ ਸਿੰਘ ਦੇ ਵਾਰਸਾਂ/ਉਤਰਵਾਦੀ ਨੂੰ ਇਤਲਾਹ ਕੀਤੀ ਜਾਂਦੀ ਹੈ ਕਿ ਜੇਕਰ ਦਰਖਾਸਤਕਰਤਾ ਜਸਪਾਲ ਸਿੰਘ ਦੀ ਦਰਖਾਸਤ ਮੰਨਜ਼ੂਰ ਹੋਣ ਵਿਚ ਉਤਰਵਾਦੀ/ਕਿਸੇ ਕਾਨੂੰਨੀ ਵਾਰਸ ਜਾਂ ਕਿਸੇ ਹੋਰ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਛੱਪਣ ਦੇ 15 ਦਿਨਾਂ ਅੰਦਰ ਅੰਦਰ ਆਪਣਾ ਇਤਰਾਜ਼ ਨਿਮਨ ਹਸਤਾਖਰ ਦੀ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਸਮੇਂ ਤੋਂ ਬਾਅਦ ਕਿਸੇ ਵੀ ਇਤਰਾਜ਼ ਸਬੰਧੀ ਕੋਈ ਸੁਣਵਾਈ ਨਹੀਂ ਹੋਵੇਗੀ ਅਤੇ ਇਸ ਕੇਸ ਦਾ ਨਿਪਟਾਰਾ ਮੈਰਿਟ ਅਨੁਸਾਰ ਫੈਸਲਾ ਕਰ ਦਿੱਤਾ ਜਾਵੇਗਾ।
ਅੱਜ ਇਹ ਇਸ਼ਤਿਹਾਰ ਮਿਤੀ 18.08.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਕੀਤਾ ਗਿਆ।
ਸਹੀ/-
ਮੇਨਟੇਨੈਂਸ ਟ੍ਰਿਬਿਊਨਲ -ਕਮ- ਉਪ ਮੰਡਲ ਮੈਜਿਸਟਰੇਟ ਫਤਹਿਗੜ੍ਹ ਸਾਹਿਬ।

## ਬੋਲੀ ਸੂਚਨਾ

ਸਕੂਲ ਦੀ ਅਨ ਸੇਫ ਪੁਰਾਣੀ ਬਿਲਡਿੰਗ ਦੀ ਢਾਹ ਢੁਆਈ ਲਈ ਬੋਲੀਕਾਰ ਦੀ ਜਰੂਰਤ ਹੈ। ਕੁੱਲ ਏਰੀਆ 2000 ਸਕੇਅਰ ਫੀਟ। ਬੋਲੀ ਮਿਤੀ 26.08.2025 ਨੂੰ ਸਵੇਰੇ 9.30 ਵਜੇ ਸ.ਸ.ਸ.ਸ. ਹਰਪਾਲਪੁਰ, ਪਟਿਆਲਾ ਵਿਖੇ ਰੱਖੀ ਗਈ ਹੈ। ਬਾਕੀ ਸ਼ਰਤਾਂ ਮੌਕੇ ਤੇ ਦੱਸਿਆ ਜਾਣਗੀਆਂ। ਸੰਪਰਕ ਨੰ. 9814010679

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰਬਰ : ਓਏ/799/2024
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਐਕਸਐਕਸ ਨੰ. : 29296
ਪੰਜਾਬ ਨੈਸ਼ਨਲ ਬੈਂਕ
ਬਨਾਮ
ਸਤਬੀਰ ਸਿੰਘ
ਵੱਲ,
(1) ਸਤਬੀਰ ਸਿੰਘ ਸਪੁੱਤਰੀ/ਸੁਪਤਨੀ/ਸਪੁੱਤਰ/ਦੇਰ ਹਰਪਾਲ ਸਿੰਘ, ਵਾਸੀ ਮਕਾਨ ਨੰ. 208, ਬਟਾਲਾ ਰੋਡ, ਫਤਿਹਗੜ੍ਹ ਚੂੜੀਆਂ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ
ਸੰਮਨ
ਜਿਥੇ ਕਿ, ਓ. ਏ./799/2024, 07.07.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 35,07,071.67 ਦੇ ਕਰਜਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਜਾਰੀ ਕੀਤੇ ਗਏ ਸੰਮਨ/ਨੋਟਿਸ ਜਾਰੀ ਕੀਤਾ ਹੈ। (ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੁਣਵਾਈ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜ਼ਬਤ ਕਰਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੱਕ ਤੁਹਾਨੂੰ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਉਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕਰਨ ਲਈ ਰੋਕ ਅਸਾਸਿਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਦੇਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਉਣ ਅਤੇ **18.09.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਪੇਪਰ ਬੁੱਕ ਦੀ ਨਿਮਨਲਿਖਤ ਯੂਆਰਐਲ ਦੇਖਣ : **https://cis.drt.gov.in/drtlive/paperbook.php?ri=2025102730728**
ਮੇਰੇ ਦਸਤਖਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 28.07.2025 ਨੂੰ ਜਾਰੀ।


ੴ ਵਾਹਿਗੁਰੂ ਜੀ ਕੀ ਫ਼ਤਹ॥

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ**
**ਪਹਿਲਾ ਪ੍ਰਕਾਸ਼ ਗੁਰਪੁਰਬ**

ਭਾਦੋਂ ਸੁਦੀ ੧ ਮੁਤਾਬਿਕ ੯ ਭਾਦੋਂ, ਸੰਮਤ ਨਾਨਕਸ਼ਾਹੀ ੫੫੭ (24 ਅਗਸਤ, 2025)

**ਇਸ ਪਾਵਨ ਦਿਹਾੜੇ ਦੀਆਂ ਦੇਸ਼ ਵਿਦੇਸ਼ ਦੀ ਸੰਗਤ ਨੂੰ**
**ਹਾਰਦਿਕ ਵਧਾਈਆਂ**

ਅੱਜ ਦੇ ਦਿਨ ਭਾਦੋਂ ਸੁਦੀ ੧, ਸੰਮਤ ੧੬੬੧ (ਸੰਨ 1604) ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਸੀ। ਇਹ ਦਿਹਾੜਾ ਸੰਗਤਾਂ ਵੱਲੋਂ ਹਰ ਸਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਓ, ਗੁਰਬਾਣੀ ਦੀਆਂ ਮੁੱਲਵਾਨ ਸਿੱਖਿਆਵਾਂ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਸੇਧਾਂ ਨਿਰਧਾਰਤ ਕਰੀਏ।

-ਗੁਰੂ ਪੰਥ ਦਾ ਦਾਸ-
**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਜਾਰੀ ਕਰਤਾ: ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।


## ਜ਼ਰੂਰੀ ਸੂਚਨਾ


ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।


# ਬੱਚਿਆਂ ਨੂੰ ਸਿੱਖੀ ਤੇ ਸਿੱਖਿਆ ਨਾਲ ਜੋੜਨ ਲਈ ਕਰਵਾਇਆ ਸੈਮੀਨਾਰ: ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ



ਅੰਮ੍ਰਿਤਸਰ, 23 ਅਗਸਤ (ਬਬਲੂ ਮਹਾਜਨ) ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰਮ ਅਧਿਐਨ ਵਿਭਾਗ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਪ੍ਰਮੁੱਖ ਵਕਤਾ ਵਜੋਂ ਗਿਆਨੀ ਗੁਰਪ੍ਰੀਤ ਸਿੰਘ (ਕਥਾਵਾਚਕ ਗੁਰਦੁਆਰਾ ਸ਼ਹੀਦ ਗੰਜ) ਨੇ ਸ਼ਿਰਕਤ ਕੀਤੀ। ਉਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦੇ ਸਾਂਝੇ ਗੁਰੂ ਹਨ। ਗੁਰੂ ਸਾਹਿਬ ਨਾ ਕੋ ਬੈਰੀ ਨਹੀ ਬਿਗਾਨਾ ਦਾ ਉਪਦੇਸ਼ ਦ੍ਰਿੜ ਕਰਾਉਂਦੇ ਹਨ। ਇਸ ਦੇ ਨਾਲ ਹੀ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਨੂੰ ਸੰਸਾਰ ਦੇ ਧਰਮਾਂ ਨਾਲ ਤੁਲਨਾ ਕਰਕੇ ਵਿਦਿਆਰਥੀਆਂ ਨਾਲ ਸਾਂਝ ਪਾਈ। ਉਪਰੰਤ ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਜੀ ਨੇ ਰਸਮੀ ਸ਼ਬਦਾਂ ਰਾਂਹੀ ਆਏ ਹੋਏ ਮੁੱਖ ਵਕਤਾ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਹਿਜ ਪਾਠ ਨਾਲ ਜੁੜਨਾ ਚਾਹੀਦਾ ਹੈ। ਅੱਠੇ ਪਹਿਰ ਸਿਮਰਨ ਦੇ ਸੰਕਲਪ ਨੂੰ ਉਨਾਂ ਨੇ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਇਸ ਤੋਂ ਉਪਰੰਤ ਕਾਲਜ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਆਏ ਹੋਏ ਮੁੱਖ ਵਕਤੇ ਦਾ ਸਨਮਾਨ ਕੀਤਾ ਗਿਆ। ਵਿਦਿਆਰਥੀਆਂ ਨੇ ਬੜੇ ਹੀ ਅਨੁਸ਼ਾਸਨ ਅਤੇ ਉਤਸ਼ਾਹ ਨਾਲ ਆਏ ਹੋਏ ਵਕਤਿਆਂ ਦੇ ਵਿਚਾਰ ਸਰਵਣ ਕੀਤੇ।

# ਪ੍ਰਿੰਸੀਪਲ ਗੁਰਰਤਨ ਸਿੰਘ ਦੇ ਮਾਤਾ ਕੁਲਵੰਤ ਕੌਰ ਦਾ ਹੋਇਆ ਅੰਤਿਮ ਸੰਸਕਾਰ, ਅੰਤਿਮ ਅਰਦਾਸ 31 ਅਗਸਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ



ਅੰਮ੍ਰਿਤਸਰ, 23 ਅਗਸਤ (ਬਬਲੂ ਮਹਾਜਨ )ਸ ਸ ਸ ਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਗੁਰਰਤਨ ਸਿੰਘ ਦੇ ਮਾਤਾ ਕੁਲਵੰਤ ਕੌਰ ਜੋ ਕਿ ਬੀਤੀ ਰਾਤ ਪਰਮਾਤਮਾ ਵੱਲੋਂ ਬਖਸ਼ੀ ਸੁਆਸਾਂ ਦੀ ਪੂੰਜੀ ਭੋਗਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ । ਅੱਜ ਮਾਤਾ ਕੁਲਵੰਤ ਕੌਰ ਦਾ ਅੰਤਿਮ ਸੰਸਕਾਰ ਗੁਰੂਦਵਾਰਾ ਸ਼ਹੀਦਾ ਸਹਿਬ ਨੇੜੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।ਇਸ ਦੌਰਾਨ ਪੰਥ ਦੀਆਂ ਵੱਖ-ਵੱਖ ਧਾਰਮਿਕ,ਰਾਜਨੀਤਿਕ ,ਸੰਤ ਸਿੰਘ ਸੁੱਖਾ ਸਿੰਘ ਸਕੂਲ ਦੀ ਕਮੇਟੀ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਨੇ ਉਹਨਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਤੇ ਮਾਤਾ ਕੁਲਵੰਤ ਕੌਰ ਦੇ ਸਪੁੱਤਰ ਪ੍ਰਿੰਸੀਪਲ ਗੁਰਰਤਨ ਸਿੰਘ ਨੇ ਚਿਖਾ ਨੂੰ ਅਗਨੀ ਦਿੱਤੀ। ਪ੍ਰਿੰਸੀਪਲ ਗੁਰਰਤਨ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਾਤਾ ਜੀ ਉਮਰ ਕਰੀਬ 80 ਸਾਲ ਸੀ। ਉਹਨਾਂ ਨੇ ਦੱਸਿਆ ਮਾਤਾ ਜੀ ਬੜੇ ਮਲਾਪੜੇ ਸੁਭਾਅ ਅਤੇ ਮਿਲਵਰਤਨ ਸੁਭਾਅ ਦੇ ਮਾਲਕ ਸਨ। ਉਹਨਾਂ ਦੀ ਅੰਤਿਮ ਅਰਦਾਸ 31 ਅਗਸਤ ਦਿਨ ਐਤਵਾਰ ਸਮਾਂ 1 ਤੋਂ 2 ਗੁਰੂ ਨਾਨਕ ਪ੍ਰਕਾਸ਼ ਗੁਰਦੁਆਰਾ ਗਾਰਡਨ ਇਨਕਲੇਵ ਬਾਈਪਾਸ ਰੋਡ,ਅੰਮ੍ਰਿਤਸਰ ਵਿਖੇ ਕੀਤੀ ਜਾਏਗੀ।


ਯੂਨੀਅਨ ਬੈਂਕ ਆਫ ਇੰਡੀਆ ਭਾਰਤ ਸਰਕਾਰ ਦਾ ਅਦਾਰਾ | Union Bank of India A Government of India Undertaking

**ਅਸੈਟ ਰਿਕਵਰੀ ਸ਼ਾਖਾ**
ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003, ਮੋਬ: ਨੰ. 83760-02606

**ਈ-ਨਿਲਾਮੀ ਵਿਕਰੀ ਸੂਚਨਾ**

ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ
ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)
ਬਿਆਨਾ ਰਕਮ ਬੋਲੀ ਰੱਖਣ ਤੋਂ ਪਹਿਲਾਂ ਨਿਲਾਮੀ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਸੰਪੱਤੀ ਆਈਡੀ ਸਮੇਤ ਜਮ੍ਹਾਂ ਕੀਤੀ ਜਾਵੇਗੀ ਅਤੇ ਲਿੰਕ/ਮੈਪ ਕੀਤੀ ਜਾਵੇਗੀ।

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਵੱਲ ਨਿਮਨ ਦਰਸਾਏ ਬਕਾਏ ਦੀ ਵਸੂਲੀ ਦੇ ਲਈ 26.09.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ , ਖਾਤਾ, ਕਰਜ਼ਦਾਰ/ਾਂ/ ਜ਼ਾਮਨ/ਾਂ ਆਦਿ ਦੇ ਨਾਮ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | ਕਰਜ਼ਦਾਰ : ਮੈਸ. ਗੁਰਬਖਸ਼ ਮੋਟਰਜ਼ ਪ੍ਰੋਪ. ਸ਼੍ਰੀ ਪਰਮਿੰਦਰ ਸਿੰਘ, ਪਤਾ: ਈਸ਼ਰ ਨਗਰ, ਬੈਕ ਸਾਈਡ ਜੀ.ਐਨ.ਈ. ਕਾਲਜ, ਮੇਨ ਕੈਨਾਲ ਰੋਡ, ਲੁਧਿਆਣਾ, ਪੰਜਾਬ - 141006 ਸਹਿ ਕਰਜ਼ਦਾਰ ਸ਼੍ਰੀਮਤੀ ਦਵਿੰਦਰ ਕੌਰ ਪਤਨੀ ਸ਼੍ਰੀ ਪਰਮਿੰਦਰ ਸਿੰਘ, ਪਤਾ: ਮਕਾਨ ਨੰ. 2349, ਗਲੀ ਨੰ. 5, ਬੀ XXI, ਜਨਤਾ ਨਗਰ, ਲੁਧਿਆਣਾ, ਪੰਜਾਬ 141003। ਜ਼ਾਮਨ: ਸ਼੍ਰੀ ਹਰਮਨਦੀਪ ਸਿੰਘ ਪੁੱਤਰ ਸ਼੍ਰੀ ਕੌਰ ਸਿੰਘ, ਪਤਾ: # 24, ਕਿੰਗ ਐਨਕਲੇਵ, ਅਮਨ ਪਾਰਕ ਰੋਡ, ਥਰੀਕੇ, ਲੁਧਿਆਣਾ, ਪੰਜਾਬ-142028 | 1.ਰੁ. 34,62,017.63 30.12.2024 ਨੂੰ ਜਮ੍ਹਾਂ 01.12.2024 ਤੋਂ ਪ੍ਰਭਾਵੀ ਵਿਆਜ | ਇੱਕ ਤਿੰਨ ਮੰਜ਼ਿਲਾ ਵਪਾਰਕ ਜਾਇਦਾਦ (ਜ਼ਮੀਨੀ ਮੰਜ਼ਿਲ 982 ਵਰਗ ਫੁੱਟ ਅਤੇ ਦੂਜੀ ਮੰਜ਼ਿਲ - 169 ਵਰਗ ਫੁੱਟ) 600 ਵਰਗ ਗਜ਼ ਦੀ ਜ਼ਮੀਨ 'ਤੇ ਬਣੀ ਹੈ। 1654 ਵਰਗ ਫੁੱਟ ਵਾਲੀ, ਪਹਿਲੀ ਮੰਜ਼ਿਲ ਐਮ.ਸੀ. ਨੰਬਰ 2-XXIX-1251/2-3/30R, ਸਾਲ 1995-96 ਲਈ ਜਮ੍ਹਾਂਬੰਦੀ ਦੇ ਅਨੁਸਾਰ, ਖਟਾ ਨੰਬਰ 724/1080, ਖਸਰਾ ਨੰਬਰ 1086/1 ਵਿੱਚ ਸ਼ਾਮਲ, (ਸਾਈਟ 'ਤੇ) ਉੱਤਰ: 52'' ਸੜਕ 60'' ਚੌੜੀ, ਦੱਖਣ: 34'' ਗੁਆਂਢੀ ਖੁੱਲ੍ਹਾ ਪਲਾਟ, ਪੂਰਬ: 137 ਗੁਆਂਢੀ ਖੁੱਲ੍ਹਾ ਪਲਾਟ, ਪੱਛਮ: 171 ਗੁਆਂਢੀ ਖੁੱਲ੍ਹਾ ਪਲਾਟ, ਸਿਦਵਾਨ ਰੋਡ (ਦੱਖਣੀ ਬਾਈਪਾਸ ਲੁਧਿਆਣਾ) ਵਿਖੇ ਸਥਿਤ, ਜੀ.ਐਨ. ਇੰਜੀਨੀਅਰਿੰਗ ਕਾਲਜ ਦੇ ਪਿੱਛੇ, ਗੁਰੂ ਤੇਗ ਬਹਾਦਰ ਪਲਾਂਟ ਨਰਸਰੀ ਦੇ ਨੇੜੇ, ਆਬਾਦੀ ਈਸ਼ਰ ਨਗਰ, ਪਿੰਡ ਗਿੱਲ ਨੰਬਰ 1, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਕਬਜ਼ੇ ਦੀ ਕਿਸਮ: ਸੰਕੇਤਕ। | Rs. 2,10,00,000/- <br> Rs. 21,00,000/- <br> Rs. 1,00,000/- |
| 2. | ਕਰਜ਼ਦਾਰ: 1. ਮੈਸ. ਜੀ.ਆਰ.ਡੀ. ਇੰਡਸਟਰੀਜ਼ ਦੁਆਰਾ ਇਸਦੇ ਪ੍ਰੋਪਰਾਈਟਰ ਸ੍ਰੀ ਹਰਦੀਪ ਸੌਂਧ ਸਪੁੱਤਰ ਬਲਦੇਵ ਸੌਂਧ, ਪਤਾ: 458/1/ਬੀ, ਸੂਆ ਰੋਡ, ਗਿਆਪੁਰਾ, ਨੇੜੇ ਸੋਲੰਕੀ ਹਾਸਪਿਟਲ, ਲੁਧਿਆਣਾ, ਪੰਜਾਬ - 141003. 2. ਸ਼੍ਰੀ ਹਰਦੀਪ ਸੌਂਧ ਸਪੁੱਤਰ ਬਲਦੇਵ ਸੌਂਧ ਪ੍ਰੋਪਰਾਈਟਰ ਮੈਸਰਜ਼ ਜੀ.ਆਰ.ਡੀ. ਇੰਡਸਟਰੀਜ਼, ਪਤਾ: ਮਕਾਨ ਨੰ. 6313/1ਜੀ, ਗਲੀ ਨੰ. 1, ਕਾਲੀ ਮਾਤਾ ਮੰਦਿਰ ਨੇੜੇ, ਨਿਊ ਜਨਤਾ ਨਗਰ, ਲੁਧਿਆਣਾ, ਪੰਜਾਬ 141003. ਜ਼ਾਮਨ (ਾਂ): 1. ਸ੍ਰੀਮਤੀ ਕਮਲਜੀਤ ਕੌਰ ਸੁਪਤਨੀ ਬਲਦੇਵ ਸਿੰਘ ਸੌਂਧ, ਪਤਾ: ਮਕਾਨ ਨੰ. 6313/1ਜੀ, ਗਲੀ ਨੰ. 1, ਨੇੜੇ ਕਾਲੀ ਮਾਤਾ ਮੰਦਰ, ਨਿਊ ਜਨਤਾ ਨਗਰ, ਲੁਧਿਆਣਾ, ਪੰਜਾਬ -141003. 2. ਸ਼੍ਰੀ ਬਲਦੇਵ ਸਿੰਘ ਸੌਂਧ ਪੁੱਤਰ ਬਚਨ ਸੌਂਧ, ਪਤਾ: ਮਕਾਨ ਨੰ: 6313/1ਜੀ, ਗਲੀ ਨੰ. 1, ਕਾਲੀ ਮਾਤਾ ਮੰਦਰ ਨੇੜੇ, ਨਿਊ ਜਨਤਾ ਨਗਰ, ਲੁਧਿਆਣਾ, ਪੰਜਾਬ - 141003 | ਰੁ. 56,04,381.98 31.01.2025 ਨੂੰ ਜਮ੍ਹਾਂ 01.02.2024 ਤੋਂ ਪ੍ਰਭਾਵੀ ਵਿਆਜ | ਪ੍ਰਾਪਰਟੀ ਵਾਲਾ ਐਮਸੀ ਨੰਬਰ ਬੀ-2-6312/1ਏ ਖੇਤਰ ਜਿਸ ਵਿੱਚ 200 ਵਰਗ ਗਜ਼ ਦਾ ਖੇਤਰਫਲ ਹੈ, ਖਸਰਾ ਨੰਬਰ 635, ਖਾਤਾ ਨੰਬਰ 5/5, ਵਿੱਚ ਸ਼ਾਮਲ ਹੈ। ਸਾਲ 2010-11 ਲਈ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਗਿੱਲ-1, ਐਚ.ਬੀ. ਨੰਬਰ 263, ਨਵਾਂ ਜਨਤਾ ਨਗਰ, ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ ਜਿਸ ਵਿੱਚ ਸ਼ਾਮਲ ਹਨ: ਏ. ਬਲਦੇਵ ਸਿੰਘ ਵਾਈਡ ਵਸੀਕਾ ਨੰਬਰ 8281 ਮਿਤੀ 28.06.1996 ਦੇ ਨਾਮ 'ਤੇ 100 ਵਰਗ ਗਜ਼ ਮਾਪਣ ਵਾਲਾ ਖੇਤਰ। ਹੇਠ ਲਿਖੇ ਅਨੁਸਾਰ ਸੀਮਾਬੱਧ: ਉੱਤਰ: ਬਾਬੂ ਸਿੰਘ, ਦੱਖਣ: ਗਲੀ, ਪੂਰਬ: ਹੋਰ, ਪੱਛਮ: ਸ਼੍ਰੀ ਬਚਨ ਸਿੰਘ। ਬੀ. ਸ਼੍ਰੀਮਤੀ ਕਮਲਜੀਤ ਕੌਰ ਵੀਡੇ ਵਾਸਿਕਾ ਨੰਬਰ 15509 ਮਿਤੀ 03.10.1996 ਦੇ ਨਾਮ 'ਤੇ 100 ਵਰਗ ਗਜ਼ ਮਾਪਣ ਵਾਲਾ ਖੇਤਰ। ਹੇਠ ਲਿਖੇ ਅਨੁਸਾਰ ਸੀਮਾਬੱਧ: ਉੱਤਰ: ਨਿਰਮਲ ਸਿੰਘ, ਦੱਖਣ: ਗਲੀ, ਪੂਰਬ: ਬਲਦੇਵ ਸਿੰਘ, ਪੱਛਮ: ਸ਼੍ਰੀ ਬਚਨ ਸਿੰਘ। ਕਬਜ਼ੇ ਦੀ ਕਿਸਮ: ਸੰਕੇਤਕ। | Rs.69,50,000/- <br> Rs. 6,95,000/- <br> Rs. 69,500/- |
| 3. | ਕਰਜ਼ਦਾਰ: ਸ੍ਰੀ ਬਲਦੇਵ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਪਹਿਲਾ ਪਤਾ: ਮਕਾਨ ਨੰ: 5739/2, ਗਲੀ ਨੰ: 17, ਹਰਕਿਸ਼ਨ ਪਬਲਿਕ ਸਕੂਲ ਨੇੜੇ, ਨਿਊ ਸ਼ਿਮਲਾਪੁਰੀ, ਲੁਧਿਆਣਾ - 141003. ਦੂਜਾ ਪਤਾ: ਕੋਠੀ ਨੰ: 1749, ਖਸਰਾ ਨੰ: 5//11, ਖਾਤਾ ਨੰ: 694/631, ਐੱਚ.ਬੀ. ਨੰ: 273, ਪਿੰਡ ਆਲਮਗੀਰ, ਅਬਾਦੀ ਸੋਲੀਟੇਅਰ ਕਾਟੇਜ-1, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਸਹਿ ਬਿਨੈਕਾਰ ਅਤੇ ਗਿਰਵੀਨਾਮਾ: ਸ਼੍ਰੀਮਤੀ ਦਵਿੰਦਰ ਪਾਲ ਕੌਰ ਸੁਪਤਨੀ ਸ਼੍ਰੀ ਬਲਦੇਵ ਸਿੰਘ, ਪਹਿਲਾ ਪਤਾ: ਮਕਾਨ ਨੰ: 5739/2, ਗਲੀ ਨੰ. 17, ਹਰਕਿਸ਼ਨ ਪਬਲਿਕ ਸਕੂਲ ਨੇੜੇ, ਨਿਊ ਸ਼ਿਮਲਾਪੁਰੀ, ਲੁਧਿਆਣਾ - 141003 ਦੂਜਾ ਪਤਾ: ਕੋਠੀ ਨੰ: 1749/ਖਾਤਾ ਨੰ: 1749, ਖਾਤਾ ਨੰ. 694/631, ਐੱਚ.ਬੀ. ਨੰ: 273, ਪਿੰਡ ਆਲਮਗੀਰ, ਅਬਾਦੀ ਸੋਲੀਟੇਅਰ ਕਾਟੇਜ-1, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। | ਰੁ. 33,31,406.39 30.09.2024 ਨੂੰ ਜਮ੍ਹਾਂ 01.10.2024 ਤੋਂ ਪ੍ਰਭਾਵੀ ਵਿਆਜ | ਰਿਹਾਇਸ਼ੀ ਜਾਇਦਾਦ ਦਾ ਈਐਮਜੀ // ਕੋਠੀ ਨੰਬਰ 1749 112.50 ਵਰਗ ਗਜ਼ ਮਾਪਣ ਵਾਲਾ ਖੇਤਰ, ਜਿਸ ਵਿੱਚ ਸ਼ਾਮਲ ਹਨ ਖਸਰਾ ਨੰਬਰ 5//11, ਖਸਰਾ ਨੰਬਰ 694/631, ਜਿਵੇਂ ਕਿ ਸਾਲ 2016-17 ਦੀ ਜਮ੍ਹਾਂਬੰਦੀ ਵਿੱਚ ਦਰਸਾਇਆ ਗਿਆ ਹੈ, ਪਿੰਡ ਆਲਮਗੀਰ ਦੀ ਮਾਲ ਜਾਇਦਾਦ, ਐਚ.ਬੀ. ਨੰਬਰ 273, ਆਬਾਦੀ ਸੋਲੀਟੇਅਰ ਕਾਟੇਜ-1, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਅੰਦਰ ਸਥਿਤ, ਸੇਲ ਡੀਡ ਬੇਅਰਿੰਗ ਵਸੀਕਾ ਨੰਬਰ 5902 ਮਿਤੀ 08.09.2021 ਵੇਖੋ, ਸ਼੍ਰੀਮਤੀ ਦਵਿੰਦਰ ਪਾਲ ਕੌਰ ਦੇ ਨਾਮ ਤੇ ਅਤੇ ਇਸ ਨਾਲ ਘਿਰਿਆ ਹੋਇਆ ਹੈ: ਪੂਰਬ- ਪਲਾਟ ਨੰਬਰ 1716 (22'6"), ਪੱਛਮੀ-ਸੜਕ 33' ਚੌੜਾ (22'6"), ਉੱਤਰ- ਪਲਾਟ ਨੰਬਰ 1750 (45'0"), ਦੱਖਣੀ- ਪਲਾਟ ਨੰਬਰ 1748 (45'0")। ਕਬਜ਼ਾ ਕਿਸਮ: ਸੰਕੇਤਕ | Rs. 38,00,000/- <br> Rs. 3,80,000/- <br> Rs. 38,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ** : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ **26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ** ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸੰਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। **4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ "Buyer Guide for Login and Registration" ਵਿਚ https://baanknet.com** ਦੇਖੋ। **5. ਬੈਂਕ, ਸੁਰੱਖਿਅਤ ਕਰਜ਼ਦਾਤਾ ਨੂੰ ਬਿਨਾਂ ਕੋਈ ਕਾਰਨ ਦੱਸੇ ਸਭ ਤੋਂ ਉਚੀ ਬੋਲੀ ਨੂੰ ਸਵੀਕਾਰ/ਨਾ ਮਨਜ਼ੂਰ ਜਾਂ ਵਿਕਰੀ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।**
**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ(ਾਂ)/ਜ਼ਾਮਨ(ਾਂ) ਅਤੇ ਗਿਰਵੀਕਾਰ(ਾਂ) ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੇ ਅਧੀਨ 30 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 24.08.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ



ਇੰਡੀਅਨ ਬੈਂਕ | Indian Bank | ਇਲਾਹਾਬਾਦ ALLAHABAD

**ਜ਼ੋਨਲ ਦਫ਼ਤਰ, ਜਲੰਧਰ**
ਐਸਸੀਓ 44-ਸੀ, ਦੂਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼ 2, ਜਲੰਧਰ 144022
E-mail: zojalandhar@indianbank.co.in M- 94176 43621

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਵਿਕਰੀ ਸੂਚਨਾ**
**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ।** ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ **ਭੌਤਿਕ/ਸੰਕੇਤਕ ਕਬਜ਼ਾ ਇੰਡੀਅਨ ਬੈਂਕ ਅਤੇ ਇੰਡੀਅਨ ਬੈਂਕ (ਤਤਕਾਲੀ ਇਲਾਹਾਬਾਦ ਬੈਂਕ, 01.04.2020 ਤੋਂ ਪ੍ਰਭਾਵੀ ਗਜ਼ਟ ਅਧਿਸੂਚਨਾ ਨੰਬਰ 133 (ਜੀਐਸਆਰ-156ਈ), ਮਿਤੀ 04.03.2020 ਦੇ ਅਨੁਸਾਰ)**, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ"** 'ਤੇ ਨਿਮਨ ਦਰਸਾਈ ਮਿਤੀ ਨੂੰ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਅਤੇ ਚੱਲ/ਅਚੱਲ ਸੰਪੱਤੀਆਂ** ਦੇ ਵੇਰਵੇ ਹੇਠਾਂ ਵੀ ਦਰਸਾਏ ਗਏ ਹਨ :-

| | ਸ਼ਾਖਾ ਅਤੇ ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਸੁਰੱਖਿਅਤ ਕਰਜ਼ ਦੀ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ |
|---|---|---|---|---|---|
| 1. | ਬੀ/ਓ : ਜੀਆਰਡੀਸੀ ਸ਼ਾਖਾ ਮੋਬ. 90567-44900 <br> 1. ਸ਼੍ਰੀ ਰਵੀ ਕੁਮਾਰ ਪੁੱਤਰ ਸ੍ਰੀ ਬਾਬੂ ਲਾਲ (ਕਰਜ਼ਦਾਰ), ਪਤਾ: ਪਿੰਡ ਸੰਸਾਰਪੁਰ, ਬੈਕਸਾਈਡ ਪੁਰਾਣਾ ਚਰਚ, ਜਲੰਧਰ ਛਾਉਣੀ, ਪੰਜਾਬ, 2. ਸ਼੍ਰੀਮਤੀ ਮੰਜੂ ਸੁਪਤਨੀ ਸ੍ਰੀ ਰਵੀ ਕੁਮਾਰ (ਜ਼ਾਮਨ), ਪਤਾ 1: ਪਿੰਡ ਸੰਸਾਰਪੁਰ, ਬੈਕਸਾਈਡ ਪੁਰਾਣਾ ਚਰਚ, ਜਲੰਧਰ ਛਾਉਣੀ, ਪਤਾ 2:- ਨੰ: 46/2, ਪੂਰਨ ਰੋਡ, ਜਲੰਧਰ-144006, ਪੰਜਾਬ 3. ਸ੍ਰੀ ਸਲੀਮ ਸ਼ਹਿਜ਼ਾਦਾ ਪੁੱਤਰ ਪੂਰਨ ਸ਼ਾਹ (ਜ਼ਾਮਨ) ਪਤਾ:- ਮਕਾਨ ਨੰ. 8 , 6 ਪ੍ਰੀਤ ਨਗਰ, ਅਬਾਦਪੁਰਾ, ਜਲੰਧਰ-144001, ਪੰਜਾਬ। | ਪਿੰਡ ਸੰਸਾਰਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ 4 ਮਰਲੇ 12 ਵਰਗ ਫੁੱਟ ਦੇ ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਖੇਵਟ ਨੰਬਰ / ਖਤੌਨੀ ਨੰਬਰ 172/253, ਖਸਰਾ ਨੰਬਰ 283, ਹੈਡਬਸਟ ਨੰਬਰ 247 ਵਿੱਚ ਸਾਲ 2007-2008 ਲਈ ਜਮ੍ਹਾਂਬੰਦੀ ਅਨੁਸਾਰ ਸੇਲ ਡੀਡ ਨੰਬਰ 4486 ਮਿਤੀ 03/09/2013 ਅਨੁਸਾਰ ਸ਼੍ਰੀ ਰਵੀ ਕੁਮਾਰ ਪੁੱਤਰ ਸ਼੍ਰੀ ਬਾਬੂ ਲਾਲ ਦੇ ਨਾਮ 'ਤੇ ਸ਼ਾਮਲ ਹੈ। ਇਹ ਜਾਇਦਾਦ ਪੂਰਬ: ਗਲੀ, ਪੱਛਮ: ਵਾਸੂਦੇਵ, ਉੱਤਰ: ਰਤਨੀ ਦਾ ਘਰ, ਦੱਖਣ: ਖੁੱਲ੍ਹਾ ਪਲਾਟ (ਕਬਜ਼ੇ ਦੀਆਂ ਕਿਸਮਾਂ: ਭੌਤਿਕ) | 21.08.2025 ਨੂੰ 24,08,593/- ਰੁਪਏ (ਚੌਵੀ ਲੱਖ ਅੱਠ ਹਜ਼ਾਰ ਪੰਜ ਸੌ ਤਰਾਨਵੇਂ ਰੁਪਏ ਸਿਰਫ਼) ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ। <br> ਈ-ਨਿਲਾਮੀ ਵੈਬਸਾਈਟ / ਸੰਪੱਤੀ ਦੀਆਂ ਤਸਵੀਰਾਂ / ਸੰਪੱਤੀ ਦੀ ਵੀਡੀਓ / ਸੰਪੱਤੀ ਦਾ ਸਥਾਨ | Rs. 13,61,000/- <br> Rs. 1,36,100/- | Rs. 5,000/- <br> IDIBA30166892588 |
| 2. | ਬੀ/ਓ : ਸੀਆਰਪੀਐਫ ਸਰਾਏ ਖਾਸ ਸ਼ਾਖਾ ਮੋਬ. 90567-44914 <br> 1. ਸ਼੍ਰੀ ਅਨਿਲ ਮਿਸਤਰੀ ਪੁੱਤਰ ਸ਼੍ਰੀ ਰਾਮਦੇਓ ਮਿਸਤਰੀ, (ਕਰਜ਼ਦਾਰ ਅਤੇ ਗਿਰਵੀਕਾਰ), ਪਤਾ 1:- # 198 ਗੋਵਿੰਦਪੁਰ ਮੰਡਲ ਟੋਲਾ, ਪਿੰਡ ਗੋਵਿੰਦਪੁਰ, ਆਂਚਲ ਗੋਗੜੀਆ, ਜਿਲਾ ਖਗੜੀਆ ਪਿੰਨ ਕੋਡ 851213, ਪਤਾ 2:- ਪਿੰਡ ਬਿਧੀਪੁਰ, ਡਾਕਖਾਨਾ ਮਹੇਸ਼ਪੁਰ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ ਪਿੰਨ ਕੋਡ 144008 2. ਸ਼੍ਰੀ ਮੁਹੰਮਦ ਜਾਫਰੂ ਪੁੱਤਰ ਸ੍ਰੀ ਅਬਦੁਲ ਗਨੀ (ਜ਼ਾਮਨ), ਪਤਾ:-ਮਕਾਨ ਨੰ. 75, ਪੋਹਰੀ ਕਲਾਂ, ਲਾਤੇਹਾਰ, ਝਾਰਖੰਡ, ਪਿੰਨ ਕੋਡ 822111 | ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ 0 ਕੇ -5-3/4 ਐਮ, ਜਿਸ ਵਿੱਚ ਖੇਵਟ ਨੰਬਰ 11, ਖਤੌਨੀ ਨੰਬਰ 15, ਖਸਰਾ ਨੰਬਰ 10//20(8-0), 21(7-18) 12//1(3-12) ਰਕਬਾ ਰਾਮਦੇਓ ਪੁਰ ਜਲੰਧਰ, ਸ਼੍ਰੀ ਅਨਿਲ ਮਿਸਤਰੀ ਪੁੱਤਰ ਸ਼੍ਰੀ ਰਾਮਦੇਵ ਮਿਸਤਰੀ ਦੇ ਨਾਮ 'ਤੇ, ਸੇਲ ਡੀਡ ਵਾਸਿਕਾ ਨੰਬਰ 491 ਮਿਤੀ 08-09-2016 ਦੇ ਅਨੁਸਾਰ, ਸੰਯੁਕਤ ਸਬ ਰਜਿਸਟਰਾਰ ਕਰਤਾਰਪੁਰ ਨਾਲ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ:- ਹੋਰਾਂ ਦਾ ਘਰ, ਪੱਛਮ:- ਸੜਕ, ਉੱਤਰ:- ਵਿਜੇ ਕੁਮਾਰ, ਦੱਖਣ:- ਦਲਜੀਤਪਾਲ ਸਿੰਘ (ਕਬਜ਼ੇ ਦੀਆਂ ਕਿਸਮਾਂ: ਸੰਕੇਤਕ) | 21.08.2025 ਨੂੰ 12,19,607/- ਰੁਪਏ (ਬਾਰਾਂ ਲੱਖ ਉਨੀ ਹਜ਼ਾਰ ਛੇ ਸੌ ਸੱਤ ਰੁਪਏ ਸਿਰਫ਼) ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ। <br> ਈ-ਨਿਲਾਮੀ ਵੈਬਸਾਈਟ / ਸੰਪੱਤੀ ਦੀਆਂ ਤਸਵੀਰਾਂ / ਸੰਪੱਤੀ ਦੀ ਵੀਡੀਓ / ਸੰਪੱਤੀ ਦਾ ਸਥਾਨ | Rs. 11,50,000/- <br> Rs. 1,15,000/- | Rs. 5,000/- <br> IDIBL7601 |
| 3. | ਬੀ/ਓ : ਜਲੰਧਰ ਮੇਨ ਸ਼ਾਖਾ ਮੋਬ. 90567-44903 <br> **1. ਮੈਸ. ਅਨੁਭਵ ਟਰੇਡਰਜ਼ ਪ੍ਰੋਪ. ਅਸ਼ਵਨੀ ਕੁਮਾਰ, ਪਤਾ:**- 82 ਮਹਿੰਦਰ ਸਿੰਘ ਕਾਲੋਨੀ ਬਿੜਿੰਗ ਜਲੰਧਰ 144010, **2. ਮੈਸ. ਏਬੀ ਸ਼ੂਜ਼ ਪ੍ਰੋਪ ਸ਼੍ਰੀਮਤੀ ਬਬੀਤਾ ਪਤਾ:**- 82 ਸ਼ਿਵ ਮੰਦਰ ਬਿੜਿੰਗ ਜਲੰਧਰ 144010, **3. ਬਬੀਤਾ ਸੁਪਤਨੀ ਅਸ਼ਵਨੀ ਕੁਮਾਰ (ਪ੍ਰੋਪ. ਏਬੀ ਸ਼ੂਅਜ਼) ਪਤਾ:**-14/01 ਮੁਹੱਲਾ ਨੰਬਰ- 14 ਸਦਰ ਬਾਜ਼ਾਰ, ਜਲੰਧਰ 144003, **4. ਅਸ਼ਵਿਨੀ ਕੁਮਾਰ ਸਪੁੱਤਰ ਨਰੇਸ਼ ਕੁਮਾਰ (ਗਿਰਵੀਕਾਰ)(ਪ੍ਰੋਪ. ਅਨੁਭਵ ਟਰੇਡਰਜ਼) ਪਤਾ:**- 14/01 ਮੁਹੱਲਾ ਨੰਬਰ- 14 ਸਦਰ ਬਾਜ਼ਾਰ, ਜਲੰਧਰ, 144003 | ਜਲੰਧਰ ਜ਼ਿਲ੍ਹਾ, ਤਹਿਸੀਲ, ਜਲੰਧਰ ਪੰਜਾਬ ਦੇ ਪਿੰਡ ਬਿਰਿੰਗ ਵਿਖੇ ਸਥਿਤ 9 ਮਰਲਾ 182 ਵਰਗ ਫੁੱਟ (1 ਮਰਲਾ 272 ਵਰਗ ਫੁੱਟ) ਜ਼ਮੀਨ 'ਤੇ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ ਖਸਰਾ ਨੰਬਰ 16//15/1/1,6/1/2,7/1,15/1/1,6/2/2, 12//24/2/2, 16//4/2, ਐਚ.ਬੀ. ਨੰ.224 ਵਿੱਚ ਸ਼ਾਮਲ ਹੈ ਜੋ ਕਿ ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਸ਼੍ਰੀ ਅਸ਼ਵਨੀ ਕੁਮਾਰ ਪੁੱਤਰ ਸ਼੍ਰੀ ਨਰੇਸ਼ ਕੁਮਾਰ ਦੇ ਨਾਮ 'ਤੇ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ: ਹੋਰਾਂ ਦਾ ਘਰ, ਪੱਛਮ: ਦੂਜਿਆਂ ਦੀ ਜਾਇਦਾਦ, ਉੱਤਰ: ਸ਼੍ਰੀ ਓਮ ਪ੍ਰਕਾਸ਼, ਦੱਖਣ:- ਸੜਕ। (ਕਬਜ਼ੇ ਦੀਆਂ ਕਿਸਮਾਂ: ਭੌਤਿਕ) | 21.08.2025 ਨੂੰ 39,46,213/- ਰੁਪਏ (ਉਨਤਾਲੀ ਲੱਖ ਛਿਆਲੀ ਹਜ਼ਾਰ ਦੋ ਸੌ ਤੇਰਾਂ ਰੁਪਏ ਸਿਰਫ਼) ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ। <br> ਈ-ਨਿਲਾਮੀ ਵੈਬਸਾਈਟ / ਸੰਪੱਤੀ ਦੀਆਂ ਤਸਵੀਰਾਂ / ਸੰਪੱਤੀ ਦਾ ਸਥਾਨ | Rs. 29,86,000/- <br> Rs. 2,98,600/- | Rs. 10,000/- <br> IDIBL4609 |

| | |
|---|---|
| ** ਦਸਤਾਵੇਜ਼ਾਂ ਦੀ ਜਾਂਚ ਲਈ ਮਿਤੀ | 25.08.2025 ਤੋਂ 08.09.2025 ਤੱਕ ਸਵੇਰੇ 10.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਾਲੇ |
| ** ਈ-ਨਿਲਾਮੀ ਵਿਧੀ ਰਾਹੀਂ ਬੋਲੀ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ ਅਤੇ ਸਮਾਂ | 09.09.2025 ਨੂੰ ਸ਼ਾਮ 05.00 ਵਜੇ ਤੱਕ |
| ਵਿਕਰੀ ਦੀ ਮਿਤੀ, ਸਮਾਂ ਅਤੇ ਸਥਾਨ | 10.09.2025, ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ ਈ-ਨਿਲਾਮੀ ਰਾਹੀਂ। |

**ਇਹ ਪ੍ਰਕਾਸ਼ਨ ਉਕਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵੀ ਹੈ**

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291220220, ਈਮੇਲ ਆਈਡੀ:- support.baanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ।
ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟਰੇਸ਼ਨ ਸਥਿਤੀ ਅਤੇ ਬਿਆਨਾ ਰਕਮ ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ : 22.08.2025 ਸਥਾਨ : ਜਲੰਧਰ, ਅਧਿਕਾਰਤ ਅਧਿਕਾਰੀ

# ਸਾਬਕਾ ਵਿਧਾਇਕ ਭਲਾਈਪੁਰ ਨੇ ਦਰਿਆ ਨੇੜੇ ਲੱਗਦੇ ਪਿੰਡਾਂ ਦਾ ਕੀਤਾ ਦੌਰਾ



ਬਿਆਸ, 23 ਅਗਸਤ (ਰਾਕੇਸ਼ ਸਲਵਾਨ): ਅੱਜ ਹਲਕਾ ਬਾਬਾ ਬਕਾਲਾ ਸਾਹਿਬ ਦੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਸੰਤੋਖ ਸਿੰਘ ਭਲਾਈਪੁਰ ਵੱਲੋਂ ਦਰਿਆ ਦੇ ਨਾਲ ਲੱਗਦੇ ਵੇਰੋਵਾਲ, ਕੀੜੀ ਸ਼ਾਹੀ, ਢੋਤਲ ਕੀੜੀ ਤੇ ਦਾਰੂਪੁਰ ਆਦਿ ਪਿੰਡਾਂ ਦਾ ਦੌਰਾ ਕੀਤਾ ਗਿਆ, ਜਿਨ੍ਹਾਂ ਕਿਸਾਨਾਂ ਦੀ ਫਸਲ ਖਰਾਬ ਹੋਈ ਹੈ। ਉਨ੍ਹਾਂ ਨਾਲ ਮੁਲਾਕਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਲਾਈਪੁਰ ਨੇ ਕਿਹਾ ਕਿ ਇਸ ਕੁਦਰਤੀ ਆਫਤ ਨਾਲ ਕਿਸਾਨਾਂ ਦੇ ਹਜ਼ਾਰਾਂ ਏਕੜ ਫਸਲ ਬਰਬਾਦ ਹੋ ਗਈ ਹੈ। ਸਰਕਾਰ ਇਨ੍ਹਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇਵੇ, ਉਨ੍ਹਾਂ ਨੇ ਇਹ ਵੀ ਕਿਹਾ ਕਿ ਪਸ਼ੂਆਂ ਦੇ ਚਾਰੇ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਗੁਰਦਿਆਲ ਸਿੰਘ ਕੰਗ ਦਲੇਰ ਸਿੰਘ ਸਰਲੀ ਪ੍ਰਧਾਨ ਬਲਾਕ ਜਲਾਲਾਬਾਦ, ਹਰਿੰਦਰ ਪਾਲ ਸਿੰਘ ਮੱਲਾ ਵਾਇਸ ਪ੍ਰਧਾਨ ਤਰਨਤਾਰਨ, ਬਲਦੇਵ ਸਿੰਘ ਏਕਲਗੱਡਾ ਜਨਰਲ ਸਕੱਤਰ ਕਿਸਾਨ ਸੈਲ, ਨੰਬੀ ਗਿੱਲ ਲਵਲੀ ਖੋਜਕੀਪੁਰ, ਹਰਜਿੰਦਰ ਸਿੰਘ ਭੋਲੇਕਲ, ਸਰਪੰਚ ਅਮਰੀਕ ਸਿੰਘ ਜਲਾਲਾਬਾਦ, ਸਰਪੰਚ ਹਰਦੀਪ ਸਿੰਘ ਪੱਡਾ, ਗੁਰਿੰਦਰ ਸਿੰਘ ਪੱਡਾ ਜਨਰਲ ਸਕੱਤਰ, ਥਾਣੇਦਾਰ ਬਿਕਰਮ ਸਿੰਘ ਚੀਮਾ, ਅਮਨਜੀਤ ਸਿੰਘ ਢਿੱਲੋਂ, ਜਗਮਨਜੀਤ ਸਿੰਘ ਗਿੱਲ ਪ੍ਰਧਾਨ, ਗੁਰਦੀਪ ਸਿੰਘ ਗਗੜੇਵਾਲ, ਸਰਪੰਚ ਅਮਰਜੀਤ ਸਿੰਘ ਨਾਗੋਕੇ, ਡਾ. ਹਰਿੰਦਰ ਸਿੰਘ ਕੋਟਲੀ, ਬਲਕਾਰ ਸਿੰਘ ਸੰਧਰ, ਸਰਪੰਚ ਸੁਖਜਿੰਦਰ ਸਿੰਘ ਹੋਠੀਆਂ, ਅਮਿਤ ਵਿਗ, ਪੀਏ ਜਗਦੀਪ ਸਿੰਘ ਮਾਨ, ਸੋਨੂੰ ਗੁਲਾਲੀਪੁਰੀਆ ਯੂਥ ਆਗੂ, ਸਰਪੰਚ ਅੰਗਰੇਜ਼ ਸਿੰਘ ਕੀੜੀ ਸ਼ਾਹੀ, ਕੁਲਦੀਪ ਸਿੰਘ ਮੈਂਬਰ, ਪਰਮਿੰਦਰ ਸਿੰਘ ਵਿੱਕੀ, ਹੀਰਾ ਸਿੰਘ ਮੈਂਬਰ, ਗੁਰਜੰਟ ਸਿੰਘ, ਗੁਰਜੰਟ ਸਿੰਘ ਬਾਠ, ਜਸਬੀਰ ਸਿੰਘ ਗਿੱਲ, ਲਵਪ੍ਰੀਤ ਸਿੰਘ ਔਲਖ, ਤਜਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਰਵਿੰਦਰ ਸਿੰਘ ਗਿੱਲ, ਕਰਮਜੀਤ ਸਿੰਘ ਮੈਂਬਰ ਪੰਚਾਇਤ, ਜਤਿੰਦਰਪਾਲ ਸਿੰਘ ਮੈਂਬਰ ਪੰਚਾਇਤ, ਪਰਮਜੀਤ ਸਿੰਘ ਮੈਂਬਰ ਪੰਚਾਇਤ, ਗੁਰਜਿੰਦਰ ਸਿੰਘ ਬਾਠ, ਗੁਰਬੀਰ ਸਿੰਘ, ਚੰਦਬੀਰ ਸਿੰਘ, ਕੁਲਵੰਤ ਸਿੰਘ ਮੈਂਬਰ ਪੰਚਾਇਤ, ਗੁਰਮੇਜ ਸਿੰਘ, ਚੰਨਣ ਸਿੰਘ, ਸ਼ਮਸ਼ੇਰ ਸਿੰਘ, ਲਾਲ ਸਿੰਘ, ਮਲਕੀਤ ਸਿੰਘ, ਲਵਪ੍ਰੀਤ ਸਿੰਘ ਔਲਖ, ਦਿਲਬਾਗ ਸਿੰਘ ਸੰਧੂ ਆਦਿ ਹਾਜ਼ਰ ਸਨ।

# 150 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 23 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਭਰ ਵਿਚ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਾਨਯੋਗ ਐਸ.ਐਸ.ਪੀ. ਬਟਾਲਾ ਸੁਹੇਲ ਕਾਸਿਮ ਮੀਰ ਆਈ.ਪੀ.ਐਸ. ਦੀਆਂ ਹਦਾਇਤਾਂ ਅਨੁਸਾਰ ਗੁਰਪ੍ਰਤਾਪ ਸਿੰਘ ਸਹੋਤਾ ਪੀ.ਪੀ.ਐਸ. ਕਪਤਾਨ ਪੁਲਿਸ ਇਨਵੈਸਟੀਗੇਸ਼ਨ ਬਟਾਲਾ ਤੇ ਹਰੀਸ਼ ਬਹਿਲ ਉਪ-ਕਪਤਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਤੇ ਐਸ ਆਈ ਸੁਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਨਿਗਰਾਨੀ ਹੇਠ ਏ ਐਸ ਆਈ. ਜੋਗਿੰਦਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਬਾਬਾ ਮੰਝ ਸਿੰਘ ਪਿੰਡ ਮਾੜੀ ਪੰਨੂਆਂ ਵਿਖੇ ਵਿਸ਼ੇਸ਼ ਨਾਕਾਬੰਦੀ ਕੀਤੀ ਹੋਈ ਸੀ ਕਿ ਨਾਕਾਬੰਦੀ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਈਡ ਤੋਂ ਇੱਕ ਤੇਜ਼ ਰਫ਼ਤਾਰ ਬੁਲਟ ਮੋਟਰਸਾਈਕਲ



ਆਉਂਦਾ ਦਿਖਾਈ ਦਿੱਤਾ, ਜਿਸ ਵਿਚ ਦੋ ਨੌਜਵਾਨ ਸਵਾਰ ਸਨ, ਜਦੋਂ ਪੁਲਿਸ ਪਾਰਟੀ ਨੇ ਮੋਟਰਸਾਈਕਲ ਸਵਾਰਾਂ ਨੂੰ ਪੁਲਿਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਬੁਲਟ ਮੋਟਰਸਾਈਕਲ PB 02 EL 4752 ਰੰਗ ਕਾਲਾ ਜਿਸ ਨੂੰ ਇੱਕ ਮੋਨਾ ਨੌਜਵਾਨ ਚਲਾ ਰਿਹਾ ਸੀ। ਪੁਲਿਸ ਨਾਕਾ ਵੇਖਕੇ ਮੋਟਰਸਾਈਕਲ ਰੋਕ ਕੇ ਉਸ ਤੋਂ ਉਤਰ ਕੇ ਗੁਰਦੁਆਰਾ ਬਾਬਾ ਮੰਝ ਸਾਈਡ ਨੂੰ ਫਰਾਰ ਹੋ ਗਿਆ ਤੇ ਬੁਲੇਟ ਮੋਟਰਸਾਈਕਲ ਦੇ ਪਿੱਛੇ ਬੈਠਾ ਸਿੱਖ ਨੌਜਵਾਨ ਰਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਥਾਣਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਕਾਬੂ ਕਰਕੇ ਉਸ ਕੋਲੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ। ਕਾਬੂ ਕੀਤੇ ਗਏ ਨੌਜਵਾਨ ਰਵਿੰਦਰ ਸਿੰਘ ਨੇ ਮੌਕੇ 'ਤੇ ਭੱਜਣ ਵਾਲੇ ਆਪਣੇ ਸਾਥੀ ਦਾ ਨਾਂ ਤੇਜਪਾਲ ਸਿੰਘ ਉਰਫ਼ ਤੇਜਾ ਪੁੱਤਰ ਨਰਿੰਦਰਪਾਲ ਸਿੰਘ ਵਾਸੀ ਪਿੰਡ ਲੱਧੜ ਥਾਣਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਦੱਸਿਆ, ਜਿਸਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ। ਜਿਸ ਨੂੰ ਗ੍ਰਿਫ਼ਤਾਰ ਕਰਨ ਲਈ ਰੇਡ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਮੌਕੇ 'ਤੇ ਭੱਜਣ ਵਾਲੇ ਵਿਅਕਤੀ ਤੇਜਪਾਲ ਸਿੰਘ ਖਿਲਾਫ ਪਹਿਲਾਂ ਵੀ ਚੋਰੀ ਤੇ ਨਸ਼ਾ ਦਾ ਧੰਦਾ ਕਰਨ ਸਬੰਧੀ ਮੁਕੱਦਮੇ ਦਰਜ ਹਨ।

# ਟਰੰਪ ਪ੍ਰਸ਼ਾਸਨ ਭਾਰਤ 'ਤੇ 50% ਟੈਰਿਫ ਲਗਾਉਣ ਦੀ ਸਮਾਂ-ਸੀਮਾ ਨਹੀਂ ਵਧਾਏਗਾ: ਪੀਟਰ ਨਵਾਰੋ

ਵਾਸ਼ਿੰਗਟਨ, 23 ਅਗਸਤ (ਚ.ਨ.ਸ): ਵਹਾਈਟ ਹਾਊਸ ਦੇ ਵਪਾਰ ਸਲਾਹਕਾਰ ਪੀਟਰ ਨਵਾਰੋ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ 50% ਟੈਰਿਫ ਲਗਾਉਣ ਦੀ ਸਮਾਂ-ਸੀਮਾ ਨੂੰ ਅਗਲੇ ਹਫ਼ਤੇ ਤੋਂ ਅੱਗੇ ਵਧਾਉਣ ਦੀ ਸੰਭਾਵਨਾ ਨਹੀਂ ਹੈ। ਟਰੰਪ ਦੁਆਰਾ ਰੂਸੀ ਤੇਲ ਖਰੀਦਣ ਕਾਰਨ ਭਾਰਤ 'ਤੇ 25% ਵਾਧੂ ਟੈਰਿਫ ਲਗਾਉਣ ਦੀ ਆਖਰੀ ਮਿਤੀ 27 ਅਗਸਤ ਹੈ। ਨਵਾਰੋ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਟੈਰਿਫ ਲਾਗੂ ਹੋਣਗੇ ਕਿਉਂਕਿ ਭਾਰਤ ਯੂਕਰੇਨ ਵਿੱਚ ਹੋ ਰਹੇ ਖੂਨ-ਖਰਾਬੇ ਵਿੱਚ ਆਪਣੀ ਭੂਮਿਕਾ ਲਈ ਜਵਾਬਦੇਹੀ ਨਹੀਂ ਲੈ ਰਿਹਾ। ਉਨ੍ਹਾਂ ਨੇ ਭਾਰਤ ਨੂੰ ਵਿਸ਼ਵ ਅਰਥਵਿਵਸਥਾ ਵਿੱਚ ਆਪਣੀ ਭੂਮਿਕਾ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ।

# ਨਾਬਾਲਗ ਨਾਲ ਬਲਾਤਕਾਰ ਦੇ ਮਾਮਲੇ 'ਚ ਦੂਜਾ ਦੋਸ਼ੀ ਗ੍ਰਿਫ਼ਤਾਰ

ਰੋਹਤਕ, 23 ਅਗਸਤ (ਚ.ਨ.ਸ): ਸਿਰਸਾ ਪੁਲਿਸ ਨੇ ਗੁਰੂਗ੍ਰਾਮ ਵਿੱਚ ਇੱਕ 14 ਸਾਲਾ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿੱਚ ਦੂਜੇ ਦੋਸ਼ੀ, ਇੱਕ ਫਾਈਨੈਂਸਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੱਖ ਦੋਸ਼ੀ ਅਮਨ ਕੁਮਾਰ ਨੂੰ ਪਹਿਲਾਂ ਹੀ 8 ਜੁਲਾਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੁਲਿਸ ਅਨੁਸਾਰ ਪੀੜਤਾ 1 ਜੁਲਾਈ ਨੂੰ ਸਿਰਸਾ ਸਥਿਤ ਆਪਣੇ ਘਰੋਂ ਚਲੀ ਗਈ ਸੀ ਤੇ ਰੇਲਵੇ ਸਟੇਸ਼ਨ 'ਤੇ ਮੁੱਖ ਦੋਸ਼ੀ ਅਮਨ ਨੂੰ ਮਿਲੀ, ਜੋ ਉਸਨੂੰ ਗੁਰੂਗ੍ਰਾਮ ਆਪਣੇ ਫਲੈਟ ਵਿੱਚ ਲੈ ਗਿਆ। ਉਥੇ ਅਮਨ ਤੇ ਉਸਦੇ ਦੋਸਤ ਫਾਈਨੈਂਸਰ ਅਮਿਤ ਕੁਮਾਰ ਨੇ ਕਥਿਤ ਤੌਰ 'ਤੇ ਤਿੰਨ ਦਿਨਾਂ ਤੱਕ ਲੜਕੀ ਨਾਲ ਬਲਾਤਕਾਰ ਕੀਤਾ। ਬਾਅਦ ਵਿੱਚ ਦੋਸ਼ੀਆਂ ਨੇ ਲੜਕੀ ਨੂੰ ਦਿੱਲੀ ਰੇਲਵੇ ਸਟੇਸ਼ਨ 'ਤੇ ਛੱਡ ਦਿੱਤਾ। ਪੁਲਿਸ ਨੇ ਸੀਸੀਟੀਵੀ ਫੁਟੇਜ ਤੇ ਲੜਕੀ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਦੋਵਾਂ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਸਿਹਤ ਵਿਭਾਗ ਦਾ ਉਦੇਸ਼ ਲੋਕਾਂ ਤੱਕ ਸਲਤਾਪੂਰਵਕ ਸਿਹਤ ਸਹੂਲਤਾਂ ਮੁਹੱਈਆ ਕਰਵਾਉਣੀਆਂ: ਸਿਵਲ ਸਰਜਨ ਡਾ. ਜਸਵਿੰਦਰ ਸਿੰਘ

ਕਾਦੀਆਂ, 23 ਅਗਸਤ (ਸਲਾਮ ਤਾਰੀ/ਸਿਕੰਦਰ ਸੰਧੂ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੁਆਰਾ ਸੀ.ਐਚ.ਸੀ. ਭਾਮ ਤੇ ਆਮ ਆਦਮੀ ਕਲੀਨਿਕ ਸ੍ਰੀ ਹਰਗੋਬਿੰਦਪੁਰ ਸਾਹਿਬ ਦਾ ਅਚਨਚੇਤ ਦੌਰਾ ਕੀਤਾ ਗਿਆ। ਜਿੱਥੇ ਹਸਪਤਾਲ ਵਿਖੇ ਮਰੀਜ਼ਾਂ ਦੇ ਇਲਾਜ ਤੇ ਸਹੂਲਤ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਸਮੂਹ ਸਟਾਫ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ ਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ



ਸਮੂਹ ਸਟਾਫ ਨੂੰ ਹਿਦਾਇਤ ਕੀਤੀ ਕਿ ਦਵਾਈਆਂ ਦਾ ਪੂਰਾ ਸਟਾਕ ਰੱਖਿਆ ਜਾਵੇ। ਜ਼ਰੂਰੀ ਟੈਸਟ ਕਿੱਟਾਂ, ਐਮਰਜੈਂਸੀ ਕਿੱਟਾਂ ਸਟਾਕ ਵਿੱਚ ਰੱਖਿਆ ਜਾਵੇ। ਮਰੀਜ਼ਾਂ ਦੀ ਦਿੱਕਤ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਸਾਫ ਸਫਾਈ ਨੂੰ ਤਰਜੀਹ ਦਿੱਤੀ ਜਾਵੇ ਤੇ ਨਿਸ਼ਠਾ ਤੇ ਲਗਨਤਾ ਨਾਲ ਹਰ ਕੰਮ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਐਸ.ਐਮ.ਓ. ਡਾ. ਅੰਕੁਰ ਕੌਸ਼ਲ, ਡਾ. ਅਮਨਦੀਪ, ਡਾ. ਰਮਨੀਤ ਕੌਰ, ਬੀ.ਈ.ਈ. ਸੁਰਿੰਦਰ ਕੌਰ, ਚੀਫ ਫਾਰਮੇਸੀ ਅਫ਼ਸਰ ਸਤਵਿੰਦਰ ਸਿੰਘ, ਮਨਜੋਤ ਕੌਰ ਫਾਰਮੇਸੀ ਅਫ਼ਸਰ, ਗੁਰਜੀਤ ਸਿੰਘ ਫਾਰਮੇਸੀ ਅਫ਼ਸਰ, ਗੁਰਜੀਤ ਕੌਰ ਨਰਸਿੰਗ ਸਿਸਟਰ ਤੇ ਸਮੂਹ ਸਟਾਫ ਮੌਜੂਦ ਰਿਹਾ।

# ਸਰਕਾਰੀ ਸਕੂਲਾਂ 'ਚ ਉਸਾਰੂ ਮਾਹੌਲ ਸਿਰਜਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਉਸਾਰੂ ਸਿੱਧ ਹੋਈ: ਵਿਧਾਇਕ ਅਮਰਪਾਲ ਸਿੰਘ

ਬਟਾਲਾ, 23 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸੂਬੇ ਅੰਦਰ ਸਿੱਖਿਆ ਦੇ ਖੇਤਰ ਵਿੱਚ ਵੱਡਾ ਨਿਖਾਰ ਆਇਆ ਹੈ ਤੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਪੜ੍ਹਨ ਦੇ ਸੁਖਾਵਾਂ ਮਾਹੌਲ ਮੁਹੱਈਆ ਕਰਵਾਇਆ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਸਾਂਝਾ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਲਹਿਰ ਨੇ ਮਾਪਿਆਂ ਦਾ



ਸਰਕਾਰੀ ਸਕੂਲਾਂ ਵਿੱਚ ਭਰੋਸਾ ਬਹਾਲ ਕੀਤਾ ਹੈ। ਇਸ ਮੌਕੇ ਵਿਧਾਇਕ ਅਮਰਪਾਲ ਸਿੰਘ ਨੇ ਸਕੂਲੀ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਅਹਿਮ ਜ਼ਰੀਆ ਸਾਬਤ ਹੋ ਰਹੀ ਹੈ, ਸੋ ਆਪ ਸਭ ਇਸ ਸੁਨਹਿਰੀ ਮੌਕੇ ਦਾ ਨਾਂ ਉਠਾਓ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਯੋਜਨਾਬੱਧ ਤਰੀਕੇ ਨਾਲ ਚਲਾਈ ਜਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਅਜਿਹਾ ਉਸਾਰੂ ਮਾਹੌਲ ਸਿਰਜਿਆ ਜਾ ਸਕੇ ਜਿਸ ਨਾਲ ਨਵੇਂ ਦਾਖਲਿਆਂ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਸਮੇਂ ਉਡੀਕ ਨਾ ਕਰਨੀ ਪਵੇ। ਇਸ ਮੌਕੇ 'ਤੇ ਸਰਪੰਚ ਗੁਰਦੀਪ ਸਿੰਘ, ਸਕੂਲ ਚੇਅਰਮੈਨ ਹਰਭਜਨ ਸਿੰਘ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਬੱਬੀ, ਪੰਚ ਸਤਨਾਮ ਸਿੰਘ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਸੋਨੂੰ, ਪੰਚ ਸੁਖਦੀਪ ਸਿੰਘ, ਪੰਚ ਕਰਮਜੀਤ ਸਿੰਘ, ਪੰਚ ਗੁਰਦੇਵ ਸਿੰਘ, ਬੀਰਪਾਲ ਸਿੰਘ ਹੇਅਰ, ਸਾਬਕਾ ਪੰਚ ਧਰਮਿੰਦਰ ਸਿੰਘ, ਕੁਲਦੀਪ ਸਿੰਘ ਪਡਾ, ਲਖਵਿੰਦਰ ਸਿੰਘ ਫੌਜੀ, ਦਵਿੰਦਰ ਸਿੰਘ ਤੇ ਹੋਰ ਅਨੇਕਾਂ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਸਨ।

# ਸਰਕਾਰੀ ਸਕੂਲ ਦੇ ਪ੍ਰਿੰਸੀਪਲ 'ਤੇ 11 ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦਾ ਦੋਸ਼, ਗ੍ਰਿਫ਼ਤਾਰ

ਕਰਨਾਲ, 23 ਅਗਸਤ (ਚ.ਨ.ਸ): ਜ਼ਿਲ੍ਹੇ ਦੇ ਅਸੰਧ ਸਬ-ਡਵੀਜ਼ਨ ਦੇ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਦੇ ਪ੍ਰਿੰਸੀਪਲ ਨੂੰ 11 ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਪੀੜਤ ਬੱਚੀਆਂ ਦੀ ਉਮਰ ਛੇ ਤੋਂ ਅੱਠ ਸਾਲ ਦੇ ਵਿਚਕਾਰ ਹੈ। ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਇੱਕ ਵਿਦਿਆਰਥਣ ਨੇ ਆਪਣੇ ਮਾਪਿਆਂ ਨੂੰ ਘਟਨਾ ਬਾਰੇ ਦੱਸਿਆ, ਜਿਸ ਤੋਂ ਬਾਅਦ ਸ਼ਿਕਾਇਤ ਦਰਜ ਕਰਵਾਈ ਗਈ। ਜਦੋਂ ਬਾਲ ਭਲਾਈ ਕਮੇਟੀ (ਸੀਡਬਲਯੂਸੀ) ਤੇ ਮਹਿਲਾ ਪੁਲਿਸ ਦੀ ਟੀਮ ਨੇ ਸਕੂਲ ਦਾ ਦੌਰਾ ਕੀਤਾ ਤਾਂ 10 ਹੋਰ ਵਿਦਿਆਰਥਣਾਂ ਨੇ ਵੀ ਅਜਿਹੇ ਹੀ ਦੋਸ਼ ਲਗਾਏ। ਦੋਸ਼ੀ 'ਤੇ ਬੀਐਨਐਸ, ਪੋਕਸੋ ਤੇ ਐਸਸੀ/ਐਸਟੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਛੇ ਮਹੀਨੇ ਪਹਿਲਾਂ ਵੀ ਦੋਸ਼ੀ 'ਤੇ ਅਜਿਹੇ ਦੋਸ਼ ਲੱਗੇ ਸਨ, ਪਰ ਮਾਮਲਾ ਪੰਚਾਇਤ ਪੱਧਰ 'ਤੇ ਹੀ ਸੁਲਝਾ ਲਿਆ ਗਿਆ ਸੀ।

# 05 ਗ੍ਰਾਮ 50 ਮਿਲੀਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ

ਗੁਰਦਾਸਪੁਰ, 23 ਅਗਸਤ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ):



ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਜਤਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 05 ਗ੍ਰਾਮ 50 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 NDPS Act ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਕੀਤਾ ਗਿਆ। ਆਦਿੱਤਯ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਵਿਧਾਇਕ ਰੰਧਾਵਾ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਰਾਜੇਕੇ ਇਕੱਤਰ ਹੋਏ ਲੋਕਾਂ ਨੂੰ ਕੀਤਾ ਸੰਬੋਧਨ



ਡੇਰਾ ਬਾਬਾ ਨਾਨਕ, 23 ਅਗਸਤ (ਹੈਪੀ ਕੋਟਲੀ): ਸਰਹੱਦੀ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਅੱਜ ਸ਼ਾਮ ਹਲਕੇ ਦੇ ਪਿੰਡ ਰਾਜੇਕੇ ਵਿਖੇ ਯੁੱਧ ਨਸ਼ਿਆਂ ਵਿਰੁੱਧ ਨਸ਼ਾ ਮੁਕਤੀ ਯਾਤਰਾ ਦੇ ਜ਼ਿਲ੍ਹਾ ਪ੍ਰਧਾਨ ਡਾ. ਅਰਸ਼ਦੀਪ ਸਿੰਘ ਦੀ ਅਗਵਾਈ ਹੇਠ ਹੋਏ ਜਨਤਕ ਇਕੱਠ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ। ਉਨ੍ਹਾਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਜਾਣ ਤਾਂ ਜੋ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ। ਪੰਜਾਬ ਵਿੱਚ ਨਸ਼ੇ ਦੇ ਪਸਾਰੇ ਲਈ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਸਰਕਾਰਾਂ ਦੇ ਆਗੂਆਂ ਤੇ ਕਾਰਕੁੰਨਾਂ ਵੱਲੋਂ ਸੌਖੇ ਢੰਗ ਨਾਲ ਪੈਸੇ ਦੀ ਕਮਾਈ ਲਈ ਨਸ਼ਾ ਤਸਕਰਾਂ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਰਹੀ ਹੈ, ਜਦੋਂਕਿ ਮੁੱਖ ਮੰਤਰੀ ਮਾਨ ਵੱਲੋਂ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਪੁਲਿਸ ਨੂੰ ਖੁੱਲ੍ਹੀ ਛੋਟ ਦਿੱਤੀ ਗਈ ਹੈ। ਉਨ੍ਹਾਂ ਨਸ਼ਾ ਤਸਕਰਾਂ ਨੂੰ ਸਖ਼ਤ ਸ਼ਬਦਾਂ ਵਿਚ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਨਸ਼ੇ ਤੋਂ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਹਿ-ਢੇਰੀ ਕੀਤਾ ਜਾ ਰਿਹਾ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸੂਬੇ ਦੇ ਹਰੇਕ ਪਿੰਡ ਵਿੱਚ ਨਸ਼ੇ ਵਿਰੁੱਧ ਵਾਰਡ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਲੋਕਾਂ ਤੋਂ ਸਹਿਯੋਗ ਮੰਗਦਿਆਂ ਕਿਹਾ ਕਿ ਉਹ ਇਨ੍ਹਾਂ ਵਾਰਡ ਕਮੇਟੀਆਂ ਦੇ ਮੈਂਬਰ ਬਣਨ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਵੱਲੋਂ ਕਿਸੇ ਕਿਸਮ ਦੀ ਸਿਆਸੀ ਦਖ਼ਲ-ਅੰਦਾਜ਼ੀ ਨਾ ਪਹਿਲੋਂ ਕੀਤੀ ਜਾ ਰਹੀ ਸੀ, ਨਾ ਹੁਣ ਕੀਤੀ ਜਾ ਰਹੀ ਹੈ, ਸਗੋਂ ਨਸ਼ਾ ਤਸਕਰਾਂ ਪ੍ਰਤੀ ਢਿੱਲ ਵਰਤਣ ਵਾਲੇ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਵਿਰੁੱਧ ਵੀ ਵਿਭਾਗੀ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਸਰਪੰਚ ਦਲਬੀਰ ਸਿੰਘ ਰਾਜੇਕੇ, ਪਲਵਿੰਦਰ ਸਿੰਘ, ਨਵਤੇਜ ਸਿੰਘ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਸਤਿਨਾਮ ਸਿੰਘ, ਜਗਦੇਵ ਸਿੰਘ, ਹਰਜੀਤ ਸਿੰਘ, ਗੁਰਦੀਪ ਸਿੰਘ, ਸੁਖਦੇਵ ਸਿੰਘ, ਪ੍ਰਗਟ ਸਿੰਘ, ਸੰਤੋਖ ਸਿੰਘ, ਮਨਿੰਦਰ ਸਿੰਘ, ਬਚਿੱਤਰ ਸਿੰਘ, ਪ੍ਰਗਟ ਸਿੰਘ, ਸਰਬਜੀਤ ਸਿੰਘ, ਰਣਜੀਤ ਸਿੰਘ, ਸਿਮਰਨਜੀਤ ਸਿੰਘ, ਹਰਦਿਆਲ ਸਿੰਘ, ਰਛਪਾਲ ਸਿੰਘ, ਪਿੰਦਰਪਾਲ ਸਿੰਘ, ਧਰਮਿੰਦਰ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ




ਗੁਰਦਾਸਪੁਰ, 23 ਅਗਸਤ (ਜਸਵਿੰਦਰ ਸਿੰਘ): ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ, ਗੁਰਦਾਸਪੁਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ। ਇਸ ਮੌਕੇ ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਸ਼ਬਦ ਕੀਰਤਨ, ਭਾਸ਼ਣ ਤੇ ਕਵਿਤਾਵਾਂ ਦਾ ਪਾਠ ਕੀਤਾ, ਜਿਸ ਰਾਹੀਂ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਪੜ੍ਹਨ ਤੇ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਵਿੱਚ ਚੌਪਈ ਸਾਹਿਬ ਤੇ ਅਨੰਦ ਸਾਹਿਬ ਦਾ ਵਿਸ਼ੇਸ਼ ਤੌਰ 'ਤੇ ਪਾਠ ਕੀਤਾ ਗਿਆ। ਆਪਣੇ ਭਾਸ਼ਣਾਂ ਵਿੱਚ ਸੰਬੋਧਨ ਕਰਦਿਆਂ ਬੱਚਿਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸੰਗ੍ਰਹਿ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਸਿੱਖ ਗੁਰੂਆਂ ਤੇ 15 ਭਗਤਾਂ ਦੇ ਸ਼ਬਦ ਸ਼ਾਮਲ ਹਨ, ਜੋ ਸਮੁੱਚੀ ਮਨੁੱਖਤਾ ਲਈ ਪਿਆਰ, ਭਾਈਚਾਰੇ ਤੇ ਆਪਸੀ ਸਦਭਾਵਨਾ ਦਾ ਸੰਦੇਸ਼ ਦਿੰਦਾ ਹੈ। ਸਕੂਲ ਦੇ ਪ੍ਰਿੰਸੀਪਲਰਾਜੀਵ ਭਾਰਤੀ ਨੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਸਾਰੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀਆਂ ਬਹੁਤ-ਬਹੁਤ ਸ਼ੁਭਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਗੁਰੂ ਸਾਹਿਬ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਸਾਰੇ ਗੁਰੂਆਂ ਤੇ ਭਗਤਾਂ ਦੇ ਸ਼ਬਦ ਸਾਰੇ ਲੋਕਾਂ ਦਾ ਮਾਰਗਦਰਸ਼ਨ ਕਰ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਗੁਰੂ ਸਾਹਿਬਾਨ ਦੇ ਪਵਿੱਤਰ ਤੇ ਪਵਿੱਤਰ ਸ਼ਬਦਾਂ ਨਾਲ ਆਪਣੇ ਸ਼ਬਦਾਂ ਨੂੰ ਸ਼ੁੱਧ ਕਰਨ।

# ਮਸ਼ਹੂਰ ਕਲਾਕਾਰ ਜਸਵਿੰਦਰ ਭੱਲਾ ਦੇ ਤੁਰ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ: ਅਟਵਾਲ

ਨਵਾਂ ਸ਼ਹਿਰ, 23 ਅਗਸਤ (ਰੌਸ਼ਨ ਲਾਲ ਸੁੰਮਨ): ਪੰਜਾਬੀ ਕਾਮੇਡੀ ਦੇ ਬੇਤਾਜ ਬਾਦਸ਼ਾਹ ਦਰਸ਼ਕਾਂ ਦੇ ਦਿਲਾਂ ਵਿਚ ਰਾਜ ਕਰਨ ਵਾਲੇ ਪੰਜਾਬੀ ਸਿਨੇਮਾ, ਥੀਏਟਰ ਤੇ ਟੈਲੀਵਿਜ਼ਨ 'ਤੇ ਛੱਡ ਗਏ ਅਮਿੱਟ ਛਾਪ ਛੱਡਣ ਵਾਲੇ ਪੰਜਾਬੀ ਕਲਾਕਾਰ ਜਸਵਿੰਦਰ ਭੱਲਾ ਉਰਫ ਚਾਚਾ ਚਤਰਾ ਇਸ ਜਹਾਨ ਨੂੰ ਅਲਵਿਦਾ ਕਹਿ ਗਏ। ਇਸ ਦੁੱਖ ਦੀ ਘੜੀ



ਵਿੱਚ ਦੁੱਖ ਸਾਂਝਾ ਕਰਦੇ ਨੰਬਰਦਾਰ ਅਪਰ ਅਪਾਰ ਸਿੰਘ ਅਟਵਾਲ, ਪਰਵਿੰਦਰ ਪਾਲ ਸਿੰਘ ਰਾਠੌਰ ਯੂ.ਐਸ.ਏ., ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਸੁਖਵਿੰਦਰ ਸਿੰਘ ਮਿੱਟੂ ਨੇ ਦੱਸਿਆ ਕਿ ਮਰਹੂਮ ਕਲਾਕਾਰ ਜਸਵਿੰਦਰ ਭੱਲਾ ਨੇ ਲੰਬਾ ਸਮਾਂ ਪੰਜਾਬੀ ਸੱਭਿਆਚਾਰ ਲਈ ਤੇ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ ਤੇ ਲੋਕਾਂ ਦੇ ਮਸਲਿਆਂ ਨੂੰ ਕਾਮੇਡੀਅਨ ਰਾਹੀਂ ਜੱਗ ਜ਼ਾਹਿਰ ਕੀਤਾ ਤੇ ਲੋਕਾਂ ਨੂੰ ਹਸਾਇਆ। ਇਨ੍ਹਾਂ ਦੇ ਤੁਰ ਜਾਣ ਨਾਲ ਜਿੱਥੇ ਫਿਲਮ ਇੰਡਸਟਰੀ ਨੂੰ ਘਾਟਾ ਪਿਆ, ਉਥੇ ਪੰਜਾਬ ਨੂੰ ਵੀ ਬਹੁਤ ਘਾਟਾ ਪਿਆ। ਅਟਵਾਲ ਤੇ ਰਾਠੌਰ ਨੇ ਦੱਸਿਆ ਕਿ ਕਾਮੇਡੀਅਨ ਜਸਵਿੰਦਰ ਭੱਲਾ ਨੇ ਜਿੱਥੇ ਛਣਕਾਟਾ ਲੋਕਾਂ ਦੀ ਝੋਲੀ 'ਚ ਪਾਇਆ, ਉਥੇ ਅਨੇਕਾਂ ਫਿਲਮਾਂ ਵਿੱਚ ਕੰਮ ਕੀਤਾ ਹੈ। ਜਸਵਿੰਦਰ ਭੱਲਾ ਨੇ ਸਾਫ-ਸੁਥਰੀਆਂ ਫਿਲਮਾਂ ਦੀ ਪੇਸ਼ਕਾਰੀ ਕਰਕੇ ਫਿਲਮ ਜਗਤ ਵਿੱਚ ਪੰਜਾਬ ਦਾ ਨਾਮ ਰੌਸ਼ਨ ਕੀਤਾ, ਜਿਸ ਸਦਕਾ ਲੋਕ ਪੰਜਾਬੀ ਫਿਲਮਾਂ ਨੂੰ ਪਸੰਦ ਕਰ ਰਹੇ ਹਨ।

# ਮੰਦਰ ਨਾਨਕ ਚੱਕ ਵਿਖੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ



ਫਤਹਿਗੜ੍ਹ ਚੂੜੀਆਂ, 23 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਤੋਂ ਕੁਝ ਹੀ ਦੂਰੀ ਉਪਰ ਪ੍ਰਸਿੱਧ ਮੰਦਰ ਨਾਨਕ ਚੱਕ ਵਿਖੇ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਦੇ ਲਈ ਤਿਆਰੀਆਂ ਪੂਰੀਆਂ ਜ਼ੋਰਾਂ 'ਤੇ ਹਨ। ਇਸ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਦੇ ਲਈ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਹੇਠ ਮੰਦਰ ਦੇ ਸੇਵਾਦਾਰਾਂ ਵੱਲੋਂ ਪ੍ਰਕਾਸ਼ ਦਿਹਾੜੇ ਉਪਰ ਦੂਰੋਂ-ਨੇੜਿਓਂ ਆਉਣ ਵਾਲੀਆਂ ਸੰਗਤਾਂ ਦੇ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ ਤੇ ਸਾਰੇ ਹੀ ਸੇਵਾਦਾਰਾਂ ਦੀ ਵੱਖ-ਵੱਖ ਜਗ੍ਹਾ ਦੇ ਉਪਰ ਡਿਊਟੀਆਂ ਵੀ ਲਗਾਈਆਂ ਗਈਆਂ ਹਨ। ਮਹੰਤ ਹਰੀ ਕੁੰਭ ਦਾਸ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਬੜੀ ਹੀ ਸ਼ਰਧਾ ਤੇ ਭਾਵਨਾ ਦੇ ਨਾਲ ਮੰਦਰ ਨਾਨਕ ਚੱਕ ਵਿਖੇ ਮਨਾਇਆ ਜਾਵੇਗਾ। ਇਸ ਮੌਕੇ 'ਤੇ ਮਹੰਤ ਹਰੀ ਕੁੰਭ ਦਾਸ, ਰਵਿੰਦਰ ਮੁਨੀ, ਸੰਦੀਪ ਬੇਦੀ, ਜਸ ਲੋਦੀ ਨੰਗਲ, ਰਣਜੋਤ ਸਿੰਘ, ਰੰਮੀ ਅਲੀਵਾਲ, ਪ੍ਰਿੰਸ ਢੱਲਾ, ਪ੍ਰਿੰਸ, ਮੰਨਾ ਸੀੜਾ, ਦੁਰਲੱਭ ਜੀਤ, ਰਣਜੀਤ ਕੋਟਲੀ, ਗੁਰਲਾਲ ਗੋਲਾ, ਗੁਰਲਾਲ ਫੌਜੀ, ਪਵਨ ਗੁਜਰਪੁਰਾ, ਯਾਦਵਿੰਦਰ ਕਾਦੀਆਂ, ਦੀਪੂ, ਮਨਪ੍ਰੀਤ ਪਟਵਾਰੀ, ਅੰਮ੍ਰਿਤਪਾਲ ਸ਼ੈਂਕੀ, ਜੋਬਨ ਡੁਲਟ, ਜਸ਼ਨ, ਧਰਮਵੀਰ, ਨੀਰਜ ਬੇਦੀ, ਕੁਲਦੀਪ, ਦੁਰਗਾ ਪ੍ਰਸਾਦ, ਤਿਲਕ ਰਾਜ, ਜਗਰੂਪ ਸਿੰਘ, ਜੀਵਨ, ਸਾਬਾ, ਹੀਰਾ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਗਲਾਂ, ਗੁਰੀ, ਕਰਨ, ਕੁਲਬੀਰ ਸਿੰਘ, ਮਣੀ ਤੋਂ ਇਲਾਵਾ ਮੰਦਰ ਨਾਨਕ ਚੱਕ ਦੇ ਸੇਵਾਦਾਰ ਹਾਜ਼ਰ ਸਨ।

# ਨਿਮਿਸ਼ਾ ਮਹਿਤਾ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਨੇ ਸਰਕਾਰ ਦਾ ਪੁਤਲਾ ਫੂਕਿਆ

ਗੜ੍ਹਸ਼ੰਕਰ, 23 ਅਗਸਤ (ਅਜਮੇਰ ਸਿੰਘ ਭਨੋਟ): ਪੰਜਾਬ ਭਾਜਪਾ ਵਰਕਰਾਂ ਵੱਲੋਂ ਕੇਂਦਰ ਸਰਕਾਰ ਦੀਆਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪਿਛਲੇ ਕੁਝ ਦਿਨਾਂ ਤੋਂ ਵੱਖ-



ਵੱਖ ਥਾਵਾਂ 'ਤੇ ਸੁਵਿਧਾ ਕੈਂਪ ਲਗਾਏ ਜਾ ਰਹੇ ਸਨ। ਇਨ੍ਹਾਂ ਕੈਂਪਾਂ ਨੂੰ ਬੀਤੇ ਦਿਨੀਂ ਪੰਜਾਬ ਸਰਕਾਰ ਦੇ ਆਦੇਸ਼ 'ਤੇ ਜ਼ਬਰੀ ਬੰਦ ਕਰਵਾ ਦਿੱਤਾ ਗਿਆ। ਇਸ ਸਬੰਧੀ ਕਈ ਥਾਵਾਂ 'ਤੇ ਪੁਲਿਸ ਵੱਲੋਂ ਭਾਜਪਾ ਆਗੂਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ। ਗੜ੍ਹਸ਼ੰਕਰ ਵਿਖੇ ਵੀ ਭਾਜਪਾ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਪੁਲਿਸ ਵੱਲੋਂ ਨਜ਼ਰਬੰਦ ਕੀਤਾ ਗਿਆ। ਜਿਸ ਦੇ ਖ਼ਿਲਾਫ਼ ਅੱਜ ਭਾਜਪਾ ਵਰਕਰਾਂ ਵੱਲੋਂ ਨਿਮਿਸ਼ਾ ਮਹਿਤਾ ਦੀ ਅਗਵਾਈ ਹੇਠ ਆਪਣੇ ਦਫ਼ਤਰ ਤੋਂ ਸ਼ਹਿਰ ਦੇ ਬੰਗਾ ਚੌਕ ਤੱਕ ਰੋਸ ਮੁਜ਼ਾਹਰਾ ਕਰਕੇ ਬੰਗਾ ਚੌਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਦੀਆਂ ਕੋਝੀਆਂ ਹਰਕਤਾਂ ਤੋਂ ਡਰਨ ਵਾਲੇ ਨਹੀਂ ਹਾਂ ਤੇ ਪੰਜਾਬ ਭਾਜਪਾ ਪੰਜਾਬ ਸਰਕਾਰ ਦੀ ਇਸ ਤਾਨਾਸ਼ਾਹੀ ਦਾ ਡੱਟ ਕੇ ਮੁਕਾਬਲਾ ਕਰੇਗੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਜਲਦ ਹੀ ਪੰਜਾਬ ਵਿਚ ਫਿਰ ਤੋਂ ਸੁਵਿਧਾ ਕੈਂਪ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਭਾਜਪਾ ਵਰਕਰ ਮੌਜੂਦ ਸਨ।

# ਸਰਕਾਰੀ ਸਮਾਰਟ ਹਾਈ ਸਕੂਲ ਪੰਜਗਰਾਈਆਂ ਦੀ ਖੋ-ਖੋ 'ਚ ਝੰਡੀ, ਜਿੱਤਿਆ ਸੋਨ ਦਾ ਤਮਗਾ

ਬਟਾਲਾ, 23 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਪਿੰਡ ਪੰਜਗਰਾਈਆਂ ਦੇ ਸਰਕਾਰੀ ਸਮਾਰਟ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਖੋ-ਖੋ ਵਿੱਚ ਜਿੱਤ ਦੀ ਝੰਡੀ ਗਡਦੇ ਹੋਏ ਸਾਰੇ ਸਕੂਲਾਂ ਨੂੰ ਪਛਾੜ ਕੇ ਸੋਨੇ ਦਾ ਤਮਗਾ ਹਾਸਲ ਕੀਤਾ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਸਕੂਲ ਮੁਖੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਖਾਲਸਾ ਸਕੂਲ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੌਰਾਨ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਦੱਸਿਆ ਕਿ ਸਾਡੇ ਸਕੂਲ ਦੇ ਮਿਹਨਤੀ ਸਟਾਫ ਤੇ ਬੱਚਿਆਂ ਦੀ ਸਖਤ ਮਿਹਨਤ



ਸਦਕਾ, ਅੰਡਰ-17 ਲੜਕੀਆਂ ਦੇ ਖੋ-ਖੋ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਪੰਜਗਰਾਈਆਂ ਨੇ ਪਹਿਲਾ ਸਥਾਨ ਹਾਸਲ ਕਰਕੇ, ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦਿਆਂ ਸੋਨੇ ਦਾ ਤਮਗਾ ਜਿੱਤ ਕੇ ਜਿਲ੍ਹੇ ਵਿੱਚੋਂ ਸਕੂਲ ਨੂੰ ਮੋਹਰਲੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ। ਸਰਕਾਰੀ ਹਾਈ ਸਕੂਲ ਪੰਜਗਰਾਈਆਂ ਦੀ ਖੋ-ਖੋ ਟੀਮ ਵੱਲੋਂ ਪਹਿਲਾਂ ਜ਼ੋਨ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਤੇ ਅੱਜ ਹੋਏ ਵੱਖ-ਵੱਖ ਮੁਕਾਬਲਿਆਂ ਵਿੱਚ ਤਿੱਬੜ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਦੀ ਟੀਮ ਨੂੰ ਹਰਾ ਕੇ ਅੰਡਰ-17 ਖੋ-ਖੋ ਮੁਕਾਬਲਿਆਂ ਵਿੱਚ ਬਾਜ਼ੀ ਮਾਰੀ। ਹੁਣ ਇਹ ਵਿਦਿਆਰਥਣਾਂ ਸਟੇਟ ਪੱਧਰ 'ਤੇ ਜਿਲ੍ਹਾ ਗੁਰਦਾਸਪੁਰ ਵੱਲੋਂ ਖੇਡਣ ਲਈ ਜਾਣਗੀਆਂ। ਇਸ ਮੌਕੇ ਸਕੂਲ ਮੁਖੀ ਮਨਪ੍ਰੀਤ ਸਿੰਘ ਨੇ ਸਮੂਹ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਸਕੂਲ ਦੇ ਖੇਡ ਅਧਿਆਪਕ ਹਰਜੀਤ ਸਿੰਘ ਤੇ ਅੰਗਰੇਜ਼ੀ ਅਧਿਆਪਕ ਹਰਵਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਨਗਰ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਨੇ ਸਕੂਲ ਮੁਖੀ ਮਨਪ੍ਰੀਤ ਸਿੰਘ ਤੇ ਸਮੁੱਚੇ ਸਕੂਲ ਸਟਾਫ ਦੀ ਸ਼ਲਾਘਾ ਕੀਤੀ ਤੇ ਵਧਾਈ ਦਿੱਤੀ।

# ਬਾਬਾ ਬੁੱਢਾ ਸਾਹਿਬ ਮਾਡਰਨ ਸੀਨੀਅਰ ਸੈਕੰ. ਸਕੂਲ ਉਗਰੇਵਾਲ 'ਚ ਬੱਚਿਆਂ ਨੂੰ ਮੋਬਾਇਲ ਦੇ ਬੁਰੇ ਪ੍ਰਭਾਵ ਤੋਂ ਜਾਣੂੰ ਕਰਵਾਇਆ

ਬਟਾਲਾ, 23 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਬਾਬਾ



ਬੁੱਢਾ ਸਾਹਿਬ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਉਗਰੇਵਾਲ ਵਿਖੇ ਹਫਤਾਵਰੀ ਗਤੀਵਿਧੀ ਕਰਵਾਈ ਗਈ। ਇਸ ਵਾਰ ਇਹ ਗਤੀਵਿਧੀ ਨਰਸਰੀ ਕਲਾਸ ਤੋਂ ਲੈ ਕੇ ਦੂਸਰੀ ਕਲਾਸ ਦੇ ਬੱਚਿਆਂ ਲਈ ਇੱਕ ਮੋਬਾਇਲ ਫੋਨ ਦੀਆਂ ਬੁਰੀਆਂ ਆਦਤਾਂ ਤੋਂ ਬਚਾਉਣ ਲਈ ਇੱਕ ਛੋਟਾ ਜਿਹਾ ਨਾਟਕ ਕਰਵਾਇਆ ਗਿਆ। ਜਿਸ ਤੋਂ ਕਿ ਵਿਦਿਆਰਥੀਆਂ ਨੂੰ ਇਹ ਦੱਸਿਆ ਗਿਆ ਕਿ ਮੋਬਾਇਲ ਫੋਨ ਸਾਡੇ ਲਈ ਕਿੰਨੀ ਬੁਰੀ ਚੀਜ਼ ਹੈ ਤੇ ਸਾਡੀ ਸਿਹਤ ਲਈ ਇਹ ਕਿੰਨਾ ਨੁਕਸਾਨਦਾਇਕ ਹੈ। ਹਰਪ੍ਰੀਤ ਕੌਰ ਦਾ ਕਹਿਣਾ ਸੀ ਕਿ ਅਸੀਂ ਸਮੇਂ-ਸਮੇਂ 'ਤੇ ਇਵੇਂ ਦੇ ਨਾਟਕ ਕਰਵਾ ਕੇ ਵਿਦਿਆਰਥੀਆਂ ਨੂੰ ਅੱਜ ਦੇ ਸਮੇਂ 'ਚ ਫੈਲੀਆਂ ਬੁਰੀਆਂ ਆਦਤਾਂ ਤੋਂ ਬਹੁਤ ਹੱਦ ਤੱਕ ਦੂਰ ਕਰ ਸਕਦੇ ਹਾਂ। ਸਾਡੀ ਸਾਰਿਆਂ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇ ਕੇ ਉਨ੍ਹਾਂ ਦਾ ਸਹੀ ਮਾਰਗਦਰਸ਼ਨ ਕੀਤਾ ਜਾ ਸਕੇ ਤਾਂ ਕਿ ਉਨ੍ਹਾਂ ਨੂੰ ਸਮਾਜ ਵਿੱਚ ਫੈਲੀ ਹਰੇਕ ਬੁਰਾਈ ਤੋਂ ਬਚਾਇਆ ਜਾ ਸਕੇ। ਹਰੇਕ ਜਮਾਤ ਵਿੱਚੋਂ ਜੇਤੂ ਵਿਦਿਆਰਥੀ ਕੱਢੇ ਗਏ ਤੇ ਪ੍ਰਿੰਸੀਪਲ ਹਰਪ੍ਰੀਤ ਕੌਰ ਵੱਲੋਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰੋਗਰਾਮ ਸਮੇਂ ਪ੍ਰਿੰਸੀਪਲ ਹਰਪ੍ਰੀਤ ਕੌਰ ਦੇ ਨਾਲ ਪ੍ਰਭਜੀਤ ਕੌਰ, ਗੁਰਮੀਤ ਕੌਰ, ਰਜਵੰਤ ਕੌਰ ਤੇ ਅੰਮ੍ਰਿਤ ਪਾਲ ਕੌਰ ਹਾਜ਼ਰ ਸਨ।

# ਲਾਰੈਂਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਬਾਸਕਟਬਾਲ ਟੀਮ 'ਚ ਸਟੇਟ ਪੱਧਰ 'ਤੇ ਚੋਣ



ਕਲਾਨੌਰ, 23 ਅਗਸਤ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ), ਬਟਾਲਾ ਦੇ ਵਿਦਿਆਰਥੀਆਂ ਦੀ ਬਾਸਕਟਬਾਲ ਟੀਮ ਦੇ ਵਿੱਚ ਸਟੇਟ ਪੱਧਰ ਉਤੇ ਚੋਣ ਹੋਈ। ਇਹ ਖੇਡਾਂ 73ਵੀਂ ਜ਼ਿਲ੍ਹਾ ਪੱਧਰ ਖੇਡਾਂ, ਪੰਜਾਬ ਦੇ ਬੈਨਰ ਹੇਠ ਕਰਵਾਈਆਂ ਗਈਆਂ। ਇਹ ਖੇਡਾਂ ਐਸ.ਐਸ.ਐਮ.ਐਸ. ਕਾਲਜ ਦੀਨਾਨਗਰ ਵਿਖੇ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਟੀਮਾਂ ਵੱਲੋਂ ਭਾਗ ਲਿਆ ਗਿਆ। ਇਨ੍ਹਾਂ ਟੀਮਾਂ ਨੂੰ ਪਛਾੜਦਿਆਂ ਹੋਇਆਂ ਲਾਰੈਂਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਤੇ ਆਪਣੇ ਆਪ ਨੂੰ ਸਟੇਟ ਪੱਧਰ ਉਤੇ ਨਾਮਜ਼ਦ ਕੀਤਾ। ਇਨ੍ਹਾਂ ਵਿੱਚ ਲੜਕੀਆਂ ਦੀ ਟੀਮ ਅੰਡਰ-14 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਨ੍ਹਾਂ ਵਿੱਚ ਪਰਨੀਤ ਕੌਰ, ਅਰਸ਼ਦੀਪ ਕੌਰ, ਪ੍ਰਤੀਤ ਕੌਰ, ਸੁਨੀਤਾ, ਗੁਰਪ੍ਰੇਮ ਤੇ ਜਸਪ੍ਰੀਤ ਕੌਰ ਦੀ ਵਧੀਆ ਖੇਡ ਦੇ ਪ੍ਰਦਰਸ਼ਨ ਕਾਰਨ ਇਨ੍ਹਾਂ ਦੀ ਚੋਣ ਸਟੇਟ ਪੱਧਰ 'ਤੇ ਕੀਤੀ ਗਈ। ਇਨ੍ਹਾਂ ਖੇਡਾਂ ਵਿੱਚ ਲੜਕੀਆਂ ਦੀ ਟੀਮ (ਅੰਡਰ-17) ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਿਨ੍ਹਾਂ ਵਿੱਚ ਗੁਰਨੂਰ ਕੌਰ, ਜਸਵਿੰਦਰ ਕੌਰ, ਸਾਹਿਬਦੀਪ ਕੌਰ, ਹਰਨੂਰ ਰਾਜਪੂਤ, ਸਮਰੀਨ ਕੌਰ ਤੇ ਹਰਨੀਤ ਕੌਰ ਨੇ ਭਾਗ ਲਿਆ। ਵਿਦਿਆਰਥੀਆਂ ਦਾ ਹੌਸਲਾ ਵਧਾਉਂਦੇ ਹੋਏ ਪ੍ਰਿੰਸੀਪਲ ਵੱਲੋਂ ਖਿਡਾਰੀਆਂ ਦਾ ਸਕੂਲ ਦੀ ਪ੍ਰਾਰਥਨਾ ਸਭਾ ਦੇ ਵਿੱਚ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਤੇ ਸਕੂਲ ਮੈਨੇਜਮੈਂਟ ਵੱਲੋਂ ਸਪੋਰਟਸ ਡਿਪਾਰਟਮੈਂਟ ਖਾਸ ਤੌਰ 'ਤੇ ਕੋਚ ਹਰਵਿੰਦਰ ਸਿੰਘਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮਲਿਆਂਵਾਲ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ. ਉਪਮਾ ਮਹਾਜਨ ਤੇ ਸਮੂਹਾਂ ਅਧਿਆਪਕ ਵਰਗ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਾਮਯਾਬੀ ਉਤੇ ਮੁਬਾਰਕਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ ਗਈ।

# ਧੀਆਂ ਨੂੰ ਸ਼ਗਨ ਸਕੀਮ ਦਾ ਲਾਭ ਲੈਣਾ ਹੋਇਆ ਆਸਾਨ: ਮਾਈਕਲ ਸਹੋਤਾ

ਧਾਰੀਵਾਲ, 23 ਅਗਸਤ (ਅਸ਼ੋਕ ਕੁਮਾਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਤਹਿਸੀਲਦਾਰ ਵੱਲੋਂ ਜਾਰੀ ਵਿਆਹ ਸਰਟੀਫ਼ਿਕੇਟ ਦੀ ਸ਼ਰਤ ਨੂੰ ਖਤਮ ਕਰਨਾ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਆਗੂ ਮਾਈਕਲ ਸਹੋਤਾ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਾਹਤ ਦਿੰਦੇ ਹੋਏ, ਮੁੱਖ ਮੰਤਰੀਮਾਨ ਨੇ ਲੋੜਵੰਦ



ਪਰਿਵਾਰਾਂ ਨੂੰ 51,000 ਸ਼ਗਨ ਸਕੀਮ ਦਾ ਲਾਭ ਹੁਣ ਬਿਨਾਂ ਤਹਿਸੀਲਦਾਰ ਵੱਲੋਂ ਜਾਰੀ ਕੀਤੇ ਵਿਆਹ ਸਰਟੀਫ਼ਿਕੇਟ ਤੋਂ ਹੀ ਧਾਰਮਿਕ ਸੰਸਥਾਵਾਂ 'ਚ ਹੋਏ ਵਿਆਹ ਦੀਆਂ ਤਸਵੀਰਾਂ ਤੇ ਦੋਵੇਂ ਪਰਿਵਾਰਾਂ ਵੱਲੋਂ ਸਵੈ-ਘੋਸ਼ਣਾ ਪੱਤਰ ਹੀ ਕਾਫ਼ੀ ਹੋਣਗੇ। ਯੂਥ ਆਗੂ ਮਾਈਕਲ ਸਹੋਤਾ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਹਰੇਕ ਪੰਜਾਬੀ ਖੁਸ਼ ਹੈ।

# ਐਸ.ਬੀ.ਆਈ. ਨੇ ਬਹੁ-ਮੰਤਵੀ ਜਨ ਸਮ੍ਰਿਧੀ ਅਭਿਆਨ ਤਹਿਤ ਜਾਗਰੂਕਤਾ ਕੈਂਪ ਲਗਾਇਆ

ਚੰਡੀਗੜ੍ਹ, 23 ਅਗਸਤ (ਅੰਮ੍ਰਿਤਪਾਲ ਸਿੰਘ) : ਸ਼੍ਰੀਮਤੀ ਸੁਭਾਸ਼ਿਨੀ ਰਾਏ, ਖੇਤਰੀ ਪ੍ਰਬੰਧਕ (ਆਰਐਮ), ਸਟੇਟ ਬੈਂਕ ਆਫ਼ ਇੰਡੀਆ (ਐਸਬੀਆਈ), ਆਰਬੀਓ-4, ਚੰਡੀਗੜ੍ਹ ਨੇ ਰਾਮ ਦਰਬਾਰ ਸ਼ਾਖਾ ਪ੍ਰਬੰਧਕ ਦਿਨੈਰ ਜੈਨ ਦੀ ਅਗਵਾਈ ਹੇਠ ਪ੍ਰਾਚੀਨ ਸ਼ਿਵ ਮਾਨਸ ਮੰਦਰ, ਉਦਯੋਗਿਕ ਖੇਤਰ ਫੇਜ਼ 2 ਵਿਖੇ ਬਹੁ-ਮੰਤਵੀ ਜਨ ਸਮ੍ਰਿਧੀ ਅਭਿਆਨ ਤਹਿਤ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ। ਨੀਰਜ ਭਾਰਤੀ, ਜੀਐਮ (ਐਨਡਬਲਯੂ-2), ਐਸਬੀਆਈ ਇਸ ਮੌਕੇ ਮੁੱਖ ਮਹਿਮਾਨ ਸਨ। ਇਸ ਮੌਕੇ ਪੰਚਕੂਲਾ ਦੇ ਡੀਜੀਐਮ (ਬੀ ਐਂਡ ਓ), ਵਿਵੇਕ ਕੁਮਾਰ, ਸਥਾਨਕ ਭਾਜਪਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ, ਭਾਜਪਾ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ, ਚੈਂਬਰ ਆਫ਼ ਚੰਡੀਗੜ੍ਹ ਇੰਡਸਟਰੀਜ਼ (ਸੀਸੀਆਈ) ਦੇ ਉਪ ਪ੍ਰਧਾਨ ਨਵੀਨ ਮਿਗਲਾਨੀ, ਲੀਡ ਬੈਂਕ ਮੈਨੇਜਰ (ਚੰਡੀਗੜ੍ਹ) ਸੁਰਿੰਦਰ ਕੁਮਾਰ ਸਿੰਗਲ, ਪ੍ਰਿੰਸੀਪਲ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਕਰਸਨ ਕਲੋਨੀ, ਰਾਮ ਦਰਬਾਰ ਤਰਵਿੰਦਰ ਕੌਰ ਅਤੇ ਏਜੀਐਮ (ਵਿੱਤੀ ਸਮਾਵੇਸ਼) ਬੀ ਐਂਡ ਓ ਪੰਚਕੂਲਾ ਰਿਤੇਸ਼ ਕੁਮਾਰ ਮੌਜੂਦ ਸਨ। ਇਸ ਮੌਕੇ ਨੀਰਜ ਭਾਰਤੀ ਨੇ ਸਮਾਜਿਕ ਸੁਰੱਖਿਆ ਸਕੀਮਾਂ, ਈ-ਕੇਵਾਈਸੀ ਆਦਿ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਕੈਂਪ ਵਿੱਚ 125 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਐਸਬੀਆਈ ਨੇ ਇਸ ਮੁਹਿੰਮ ਬਾਰੇ ਖੇਤਰੀ ਭਾਸ਼ਾ ਵਿੱਚ ਜਨਤਕ ਜਾਗਰੂਕਤਾ ਫੈਲਾਈ ਤਾਂ ਜੋ ਪੇਂਡੂ ਖੇਤਰਾਂ ਦੇ ਗਾਹਕ ਇਸਨੂੰ ਆਸਾਨੀ ਨਾਲ ਸਮਝ ਸਕਣ। ਲੋਕਾਂ ਨੇ ਇਸ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਐਸਬੀਆਈ ਅਧਿਕਾਰੀਆਂ ਨੇ ਮੌਜੂਦ ਲੋਕਾਂ ਦੇ ਸਾਰੇ ਸ਼ੰਕਿਆਂ ਦਾ ਨਿਪਟਾਰਾ ਕੀਤਾ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ, ਵਿੱਤੀ ਸੇਵਾਵਾਂ ਵਿਭਾਗ ਦੁਆਰਾ ਜਾਰੀ ਨਿਰਦੇਸ਼ਾਂ ਦੇ ਅਨੁਸਾਰ, ਦੇਸ਼ ਭਰ ਵਿੱਚ ਗ੍ਰਾਮ ਪੰਚਾਇਤ ਪੱਧਰ 'ਤੇ ਤਿੰਨ ਮਹੀਨਿਆਂ ਦੀ ਸਮਾਵੇਸ਼ ਸੰਤ੍ਰਿਪਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦਾ ਉਦੇਸ਼ ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਵਰਗੀਆਂ ਪ੍ਰਮੁੱਖ ਵਿੱਤੀ ਸਮਾਵੇਸ਼ ਯੋਜਨਾਵਾਂ ਦੇ ਘੇਰੇ ਨੂੰ ਵਧਾਉਣਾ ਹੈ। ਇਸ ਦੇ ਤਹਿਤ, ਸਟੇਟ ਬੈਂਕ ਆਫ਼ ਇੰਡੀਆ ਨੇ ਜਨ ਸਮ੍ਰਿਧੀ ਅਭਿਆਨ ਨਾਮਕ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ, ਜਿਸਦਾ ਉਦੇਸ਼ ਉਕਤ ਯੋਜਨਾਵਾਂ ਵਿੱਚ ਨਾਮ ਦਰਜ ਕਰਵਾਉਣਾ, ਸਾਰੇ ਬਚਤ ਖਾਤਿਆਂ ਨੂੰ ਦੁਬਾਰਾ KYC ਕਰਨਾ ਜਿੱਥੇ KYC ਲੰਬਿਤ ਹੈ, ਡਿਜੀਟਲ ਧੋਖਾਧੜੀ ਨੂੰ ਰੋਕਣ ਲਈ ਜਾਗਰੂਕਤਾ ਸੈਸ਼ਨਾਂ ਦਾ ਆਯੋਜਨ ਕਰਨਾ ਅਤੇ ਲਾਵਾਰਿਸ ਜਮ੍ਹਾਂ ਖਾਤਿਆਂ ਬਾਰੇ ਜਾਗਰੂਕਤਾ ਫੈਲਾਉਣਾ ਹੈ। ਗਾਹਕਾਂ ਦੁਆਰਾ ਪੁੱਛੇ ਗਏ ਸਾਰੇ ਸਵਾਲਾਂ ਦੇ ਜਵਾਬ SBI ਟੀਮ ਦੁਆਰਾ ਬਹੁਤ ਧਿਆਨ ਨਾਲ ਦਿੱਤੇ ਗਏ, ਜਿਸ ਨਾਲ ਪੇਂਡੂ ਜਨਤਾ ਵਿੱਚ ਪਾਰਦਰਸ਼ਤਾ ਅਤੇ ਵਿਸ਼ਵਾਸ ਹੋਰ ਮਜ਼ਬੂਤ ਹੋਇਆ। ਇਹ ਪਹਿਲ SBI ਦੀ ਵਿੱਤੀ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਬੈਂਕਿੰਗ ਸੇਵਾਵਾਂ ਅਤੇ ਸਰਕਾਰ-ਸਮਰਥਿਤ ਭਲਾਈ ਯੋਜਨਾਵਾਂ ਤੱਕ ਆਸਾਨ ਪਹੁੰਚ ਰਾਹੀਂ ਪੇਂਡੂ ਭਾਈਚਾਰਿਆਂ ਨੂੰ ਸਸ਼ਕਤ ਬਣਾਉਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ।




# ਢੇਸੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਪੁਰਬ ਮੌਕੇ ਪੰਜਾਬ ਦੇ ਹਵਾਬਾਜ਼ੀ ਖੇਤਰ ਤੇ ਐਨ.ਆਰ.ਆਈ. ਨਿਆਂ ਢਾਂਚੇ ਨੂੰ ਮਜ਼ਬੂਤ ਕਰਨ ਦੀ ਵਕਾਲਤ

ਚੰਡੀਗੜ੍ਹ, 23 ਅਗਸਤ (ਹਰਦੀਪ ਕੌਰ): ਬਰਤਾਨੀਆ ਵਿੱਚ ਸਲੋਹ ਸੰਸਦੀ ਹਲਕੇ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਦੇ ਪਵਿੱਤਰ ਮੌਕੇ 'ਤੇ ਪੰਜਾਬ ਦੇ ਆਰਥਿਕ ਅਤੇ ਕੂਟਨੀਤਕ ਭਵਿੱਖ ਲਈ ਇੱਕ ਵਿਆਪਕ ਦ੍ਰਿਸ਼ਟੀਕੋਣ ਪੇਸ਼ ਕੀਤਾ। ਇੱਥੇ ਪ੍ਰੈੱਸ ਕਲੱਬ ਵਿਖੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਏਪੁਰ ਨਾਲ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਢੇਸੀ ਨੇ ਭਾਰਤ ਸਰਕਾਰ ਨੂੰ ਇਸ ਪਵਿੱਤਰ ਮੌਕੇ 'ਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡਿਆਂ ਤੋਂ ਯੂ.ਕੇ. ਤੇ ਯੂਰਪ ਦੇ ਬਾਕੀ ਹਿੱਸੇ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਲਈ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਕੇ ਇਸ ਨੂੰ ਇੱਕ ਇਤਿਹਾਸਕ ਪਲ ਬਣਾਉਣ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਢੇਸੀ ਨੇ ਉੱਤਰੀ ਭਾਰਤ ਦੇ ਮਜ਼ਬੂਤ ਖੇਤੀ-ਕਾਰੋਬਾਰ ਸੈਕਟਰ ਤੋਂ ਵੱਖ-ਵੱਖ ਵਸਤਾਂ ਦੀ ਬਰਾਮਦ ਨੂੰ ਵਧਾਉਣ ਦੀਆਂ ਅਥਾਹ ਸੰਭਾਵਨਾਵਾਂ ਨੂੰ ਉਜਾਗਰ ਕਰਦਿਆਂ ਉਕਤ ਦੋਵੇਂ ਹਵਾਈ ਅੱਡਿਆਂ 'ਤੇ ਕਾਰਗੋ ਟਰਮੀਨਲਾਂ ਨੂੰ ਫੌਰੀ ਤੌਰ 'ਤੇ ਮੁੜ ਸ਼ੁਰੂ ਕਰਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਇਸ ਦ੍ਰਿਸ਼ਟੀਕੋਣ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੰਜਾਬ ਸਰਕਾਰ ਨੂੰ ਇੱਕ ਵਿਸ਼ੇਸ਼ ਸੰਮੇਲਨ ਦੀ ਮੇਜ਼ਬਾਨੀ ਕਰਨੀ ਚਾਹੀਦੀ ਹੈ। ਗੱਲਬਾਤ ਦਾ ਰੁਖ ਪ੍ਰਵਾਸੀ ਭਾਰਤੀਆਂ ਦੀਆਂ ਚਿੰਤਾਵਾਂ ਵੱਲ ਮੋੜਦਿਆਂ ਢੇਸੀ ਨੇ ਪੰਜਾਬ ਲਈ ਇੱਕ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਸ਼ਿਕਾਇਤ ਨਿਵਾਰਣ ਪ੍ਰਣਾਲੀ ਸਥਾਪਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਨੂੰ ਲਗਾਤਾਰ ਦਰਪੇਸ਼ ਮੁੱਦਿਆਂ ਨੂੰ ਉਠਾਇਆ, ਜਿਸ ਵਿੱਚ ਜ਼ਮੀਨੀ ਵਿਵਾਦ, ਜਾਇਦਾਦਾਂ 'ਤੇ ਕਬਜ਼ੇ ਕਰਨ, ਆਪਸੀ ਟਕਰਾਅ ਅਤੇ ਇੱਥੋਂ ਤੱਕ ਕਿ ਜਬਰਨ-ਵਸੂਲੀ ਦੀਆਂ ਧਮਕੀਆਂ ਵੀ ਸ਼ਾਮਲ ਹਨ। ਪ੍ਰਵਾਸੀ ਭਾਰਤੀਆਂ ਲਈ ਸਮੇਂ ਸਿਰ ਨਿਆਂ ਯਕੀਨੀ ਬਣਾਉਣ ਲਈ ਉਨ੍ਹਾਂ ਮੰਗ ਕੀਤੀ ਕਿ ਸੂਬਾ ਸਰਕਾਰ ਨੂੰ ਹੋਰ ਵਿਸ਼ੇਸ਼ ਐਨ.ਆਰ.ਆਈ. ਪੁਲਿਸ ਥਾਣੇ ਅਤੇ ਵਿਸ਼ੇਸ਼ ਫਾਸਟ-ਟਰੈਕ ਅਦਾਲਤਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ। ਅੰਤਰਰਾਸ਼ਟਰੀ ਕੂਟਨੀਤੀ ਅਤੇ ਨਿਆਂ ਦੇ ਮਾਮਲਿਆਂ ਤੇ ਬੋਲਦਿਆਂ ਸ. ਢੇਸੀ ਨੇ ਭਾਰਤ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਮੰਗ ਵੀ ਕੀਤੀ ਅਤੇ ਕਿਹਾ ਕਿ ਇਹ ਮੌਕਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਪੈਦਾ ਹੋਏ ਤਣਾਅ ਨੂੰ ਦੂਰ ਕਰਕੇ ਸ਼ਾਂਤੀਪੂਰਨ ਮਾਹੌਲ ਦੀ ਬਹਾਲੀ ਲਈ ਬੇਹੱਦ ਅਹਿਮ ਸਿੱਧ ਹੋ ਸਕਦਾ ਹੈ।



# ਪੀ.ਸੀ.ਡੀ.ਏ. ਵੈਸਟਰਨ ਕਮਾਨ ਵਿੱਤੀ ਅਨੁਸ਼ਾਸਨ ਨੂੰ ਵਧਾਉਣ ਲਈ ਆਡਿਟ ਅਫ਼ਸਰਾਂ ਦੀ ਕਾਨਫ਼ਰੰਸ ਆਯੋਜਿਤ

ਚੰਡੀਗੜ੍ਹ, 23 ਅਗਸਤ (ਅੰਮ੍ਰਿਤਪਾਲ ਸਿੰਘ) : ਪ੍ਰਿੰਸੀਪਲ ਕੰਟਰੋਲਰ ਰੱਖਿਆ ਲੇਖਾ ਵਿਭਾਗ (ਪੀਸੀਡੀਏ) ਪੱਛਮੀ ਕਮਾਂਡ, ਚੰਡੀਗੜ੍ਹ ਨੇ 22-23 ਅਗਸਤ, 2025 ਨੂੰ ਸਥਾਨਕ ਆਡਿਟ ਅਫਸਰਾਂ (ਐਲਏਓ) ਦੀ ਕਾਨਫਰੰਸ ਸਫਲਤਾਪੂਰਵਕ ਕਰਵਾਈ। ਕਾਨਫਰੰਸ ਨੇ ਭਾਗੀਦਾਰਾਂ ਵਿੱਚ ਚਰਚਾ ਅਤੇ ਗਿਆਨ ਸਾਂਝਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ, ਜਿਸ ਵਿੱਚ ਰੱਖਿਆ ਲੇਖਾ ਪ੍ਰੀਖਿਆ ਵਿੱਚ ਵਿੱਤੀ ਅਨੁਸ਼ਾਸਨ ਅਤੇ ਪੇਸ਼ੇਵਰਤਾ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਕਾਨਫਰੰਸ ਦਾ ਉਦਘਾਟਨ ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ਼, ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਵਿੱਤੀ ਅਨੁਸ਼ਾਸਨ ਅਤੇ ਪੇਸ਼ੇਵਰਤਾ ਦੇ ਉੱਚਤਮ ਮਿਆਰਾਂ ਨੂੰ ਬਣਾਈ ਰੱਖਣ ਵਿੱਚ ਅਟੁੱਟ ਵਚਨਬੱਧਤਾ ਲਈ ਪੀਸੀਡੀਏ ਅਤੇ ਇਸਦੇ ਸਟਾਫ ਦੀ ਪ੍ਰਸ਼ੰਸਾ ਕੀਤੀ। ਲੈਫਟੀਨੈਂਟ ਜਨਰਲ ਕਟਿਆਰ ਨੇ ਸੈਨਿਕਾਂ ਦੀ ਯੁੱਧ ਆਪ੍ਰੇਸ਼ਨਲ ਤਿਆਰੀ ਅਤੇ ਭਲਾਈ ਲਈ ਯੋਗਦਾਨ ਦੇਣ ਵਿੱਚ ਰੱਖਿਆ ਲੇਖਾ ਵਿਭਾਗ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।




ਕਾਨਫਰੰਸ ਦੌਰਾਨ, ਪੀਸੀਡੀਏ ਵੈਸਟਰਨ ਕਮਾਂਡ ਦੇ ਪ੍ਰਿੰਸੀਪਲ ਕੰਟਰੋਲਰ, ਸੰਜੇ ਕੁਮਾਰ ਸਿੰਘ ਨੇ ਆਡਿਟ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ, ਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਆਪਣੇ ਦਫ਼ਤਰ ਦੁਆਰਾ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ। ਉਨ੍ਹਾਂ ਅੱਗੇ ਕਿਹਾ ਕਿ ਉੱਤਮਤਾ ਪ੍ਰਤੀ ਵਚਨਬੱਧਤਾ ਦੇ ਨਾਲ, ਪੀਸੀਡੀਏ ਦਫ਼ਤਰ ਰੱਖਿਆ ਖੇਤਰ ਵਿੱਚ ਵਿੱਤੀ ਪ੍ਰਬੰਧਨ ਦੇ ਉੱਚਤਮ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਕਾਰਜਸ਼ੀਲ ਹੈ।

# ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਜੈਕਲ ਸ਼ਨੀਵਾਰ ਹਫਤਾਵਾਰੀ ਲਾਟਰੀ ਦਾ ਨਤੀਜਾ — ਡਰਾਅ ਮਿਤੀ : 23.08.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)

C 00512

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)

05660 05715 18345 24850 60160 70397 77417 82911 91876 93875

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)

4129 5406 5848 5930 9743

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)

1573 1766 4404 5020 5458 5558 6298 7339 8539 8735

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)

0596 0878 1964 2926 3799 4114 5183 6164 6806 8169

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)

0598 0981 1299 4182 4252 4957 7334 8238 9034 9493

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0006 | 0020 | 0034 | 0037 | 0048 | 0051 | 0059 | 0060 | 0067 | 0068 |
| 0072 | 0111 | 0114 | 0115 | 0121 | 0125 | 0134 | 0140 | 0154 | 0156 |
| 0178 | 0190 | 0195 | 0213 | 0222 | 0228 | 0234 | 0237 | 0238 | 0251 |
| 0252 | 0253 | 0279 | 0282 | 0332 | 0350 | 0363 | 0364 | 0393 | 0402 |
| 0430 | 0434 | 0441 | 0449 | 0486 | 0495 | 0509 | 0515 | 0531 | 0532 |
| 0543 | 0547 | 0553 | 0559 | 0560 | 0569 | 0578 | 0604 | 0668 | 0671 |
| 0688 | 0711 | 0737 | 0740 | 0743 | 0746 | 0756 | 0763 | 0796 | 0810 |
| 0815 | 0821 | 0822 | 0841 | 0842 | 0856 | 0886 | 0907 | 0921 | 0924 |
| 0925 | 0926 | 0960 | 0971 | 0972 | 1001 | 1023 | 1028 | 1042 | 1068 |
| 1073 | 1080 | 1115 | 1134 | 1141 | 1143 | 1147 | 1149 | 1164 | 1167 |
| 1195 | 1198 | 1200 | 1224 | 1225 | 1242 | 1259 | 1264 | 1288 | 1291 |
| 1295 | 1298 | 1304 | 1309 | 1319 | 1356 | 1371 | 1373 | 1377 | 1407 |
| 1408 | 1419 | 1440 | 1445 | 1455 | 1460 | 1473 | 1493 | 1502 | 1507 |
| 1540 | 1553 | 1559 | 1562 | 1582 | 1624 | 1626 | 1654 | 1666 | 1676 |
| 1684 | 1693 | 1702 | 1717 | 1724 | 1733 | 1754 | 1770 | 1784 | 1798 |
| 1800 | 1841 | 1852 | 1882 | 1922 | 1940 | 1942 | 1963 | 1967 | 1987 |
| 1999 | 2008 | 2010 | 2011 | 2014 | 2032 | 2034 | 2067 | 2089 | 2106 |
| 2135 | 2151 | 2159 | 2169 | 2179 | 2207 | 2209 | 2217 | 2226 | 2230 |
| 2257 | 2262 | 2263 | 2265 | 2282 | 2288 | 2295 | 2309 | 2324 | 2332 |
| 2336 | 2345 | 2346 | 2379 | 2413 | 2414 | 2427 | 2442 | 2445 | 2452 |
| 2456 | 2481 | 2485 | 2489 | 2497 | 2498 | 2507 | 2517 | 2521 | 2559 |
| 2560 | 2582 | 2585 | 2590 | 2601 | 2612 | 2622 | 2624 | 2635 | 2646 |
| 2674 | 2680 | 2708 | 2710 | 2719 | 2724 | 2732 | 2753 | 2765 | 2772 |
| 2785 | 2793 | 2803 | 2813 | 2818 | 2832 | 2856 | 2858 | 2869 | 2873 |
| 2874 | 2888 | 2911 | 2921 | 2923 | 2927 | 2939 | 2946 | 3000 | 3024 |
| 3055 | 3069 | 3073 | 3074 | 3120 | 3136 | 3143 | 3146 | 3162 | 3176 |
| 3180 | 3222 | 3254 | 3269 | 3271 | 3274 | 3279 | 3290 | 3298 | 3299 |
| 3308 | 3317 | 3345 | 3362 | 3377 | 3384 | 3420 | 3429 | 3430 | 3443 |
| 3449 | 3456 | 3468 | 3494 | 3515 | 3525 | 3541 | 3564 | 3570 | 3571 |
| 3577 | 3611 | 3618 | 3619 | 3644 | 3654 | 3657 | 3665 | 3669 | 3673 |
| 3676 | 3698 | 3699 | 3713 | 3743 | 3750 | 3751 | 3756 | 3840 | 3859 |
| 3879 | 3905 | 3913 | 3914 | 3920 | 3924 | 3945 | 3950 | 3967 | 3970 |
| 3996 | 4012 | 4016 | 4041 | 4052 | 4068 | 4078 | 4086 | 4091 | 4095 |
| 4103 | 4109 | 4112 | 4119 | 4121 | 4122 | 4131 | 4133 | 4135 | 4149 |
| 4156 | 4169 | 4173 | 4174 | 4176 | 4180 | 4191 | 4218 | 4223 | 4245 |
| 4253 | 4259 | 4273 | 4306 | 4309 | 4319 | 4324 | 4352 | 4362 | 4374 |
| 4382 | 4388 | 4389 | 4417 | 4422 | 4440 | 4462 | 4463 | 4472 | 4484 |
| 4488 | 4489 | 4510 | 4515 | 4519 | 4533 | 4543 | 4552 | 4554 | 4572 |
| 4578 | 4582 | 4588 | 4593 | 4614 | 4623 | 4640 | 4670 | 4700 | 4702 |
| 4707 | 4727 | 4731 | 4749 | 4754 | 4785 | 4790 | 4794 | 4803 | 4810 |
| 4820 | 4823 | 4838 | 4840 | 4847 | 4848 | 4863 | 4866 | 4872 | 4893 |
| 4909 | 4931 | 4941 | 4943 | 4956 | 5002 | 5036 | 5057 | 5079 | 5090 |
| 5091 | 5109 | 5113 | 5148 | 5156 | 5159 | 5163 | 5178 | 5190 | 5209 |
| 5231 | 5237 | 5257 | 5260 | 5278 | 5292 | 5294 | 5316 | 5327 | 5343 |
| 5351 | 5354 | 5375 | 5380 | 5404 | 5422 | 5432 | 5447 | 5449 | 5450 |
| 5467 | 5478 | 5482 | 5499 | 5501 | 5506 | 5530 | 5535 | 5548 | 5558 |
| 5591 | 5594 | 5596 | 5611 | 5615 | 5626 | 5630 | 5634 | 5641 | 5648 |
| 5678 | 5679 | 5685 | 5709 | 5738 | 5748 | 5759 | 5791 | 5796 | 5808 |
| 5812 | 5817 | 5825 | 5849 | 5900 | 5901 | 5902 | 5928 | 5954 | 5959 |
| 5966 | 5979 | 6007 | 6009 | 6012 | 6014 | 6031 | 6038 | 6039 | 6052 |
| 6060 | 6061 | 6068 | 6079 | 6105 | 6111 | 6127 | 6151 | 6163 | 6167 |
| 6183 | 6213 | 6222 | 6226 | 6227 | 6262 | 6271 | 6273 | 6276 | 6299 |
| 6330 | 6350 | 6362 | 6373 | 6375 | 6387 | 6404 | 6415 | 6426 | 6442 |
| 6444 | 6449 | 6450 | 6456 | 6460 | 6461 | 6483 | 6500 | 6545 | 6552 |
| 6557 | 6568 | 6572 | 6580 | 6597 | 6602 | 6633 | 6637 | 6655 | 6664 |
| 6671 | 6676 | 6684 | 6691 | 6693 | 6694 | 6699 | 6721 | 6729 | 6740 |
| 6741 | 6790 | 6793 | 6798 | 6801 | 6804 | 6830 | 6847 | 6870 | 6908 |
| 6969 | 6988 | 6995 | 7009 | 7017 | 7026 | 7030 | 7034 | 7038 | 7045 |
| 7050 | 7053 | 7058 | 7088 | 7091 | 7107 | 7110 | 7133 | 7142 | 7154 |
| 7157 | 7173 | 7174 | 7189 | 7193 | 7201 | 7206 | 7213 | 7214 | 7249 |
| 7249 | 7251 | 7252 | 7264 | 7292 | 7293 | 7303 | 7328 | 7338 | 7354 |
| 7368 | 7392 | 7398 | 7403 | 7413 | 7420 | 7421 | 7431 | 7472 | 7486 |
| 7495 | 7496 | 7501 | 7503 | 7509 | 7528 | 7555 | 7573 | 7576 | 7592 |
| 7618 | 7649 | 7691 | 7703 | 7705 | 7708 | 7716 | 7718 | 7722 | 7724 |
| 7729 | 7740 | 7774 | 7778 | 7785 | 7796 | 7820 | 7827 | 7897 | 7918 |
| 7922 | 7931 | 7940 | 7942 | 7943 | 7946 | 7950 | 7975 | 7976 | 7995 |
| 8012 | 8015 | 8028 | 8030 | 8037 | 8038 | 8041 | 8052 | 8079 | 8082 |
| 8090 | 8100 | 8110 | 8111 | 8118 | 8127 | 8143 | 8149 | 8163 | 8164 |
| 8185 | 8193 | 8198 | 8217 | 8224 | 8252 | 8274 | 8289 | 8301 | 8304 |
| 8314 | 8317 | 8320 | 8323 | 8340 | 8342 | 8347 | 8348 | 8373 | 8382 |
| 8424 | 8439 | 8443 | 8459 | 8464 | 8486 | 8505 | 8546 | 8558 | 8581 |
| 8590 | 8594 | 8602 | 8630 | 8637 | 8650 | 8653 | 8663 | 8667 | 8669 |
| 8697 | 8704 | 8741 | 8767 | 8772 | 8780 | 8785 | 8808 | 8824 | 8832 |
| 8837 | 8846 | 8877 | 8888 | 8906 | 8919 | 8929 | 8935 | 8940 | 8969 |
| 8986 | 8993 | 9001 | 9032 | 9039 | 9049 | 9071 | 9078 | 9084 | 9089 |
| 9129 | 9145 | 9146 | 9175 | 9180 | 9196 | 9197 | 9204 | 9212 | 9235 |
| 9260 | 9265 | 9339 | 9351 | 9355 | 9403 | 9415 | 9417 | 9421 | 9465 |
| 9475 | 9509 | 9538 | 9541 | 9561 | 9563 | 9602 | 9604 | 9627 | 9652 |
| 9669 | 9683 | 9704 | 9707 | 9717 | 9740 | 9757 | 9766 | 9778 | 9783 |
| 9794 | 9811 | 9851 | 9867 | 9885 | 9910 | 9914 | 9954 | 9982 | 9986 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

RO. No. PR-Advt. No. 1118/11/2025-26/2385/Dated CHD 20.8.2025

## ਫਿਰੋਜ਼ਪੁਰ ਡਿਵੀਜ਼ਨਲ ਤੋਂ ਚੱਲਣ ਵਾਲੀ ਟ੍ਰੇਨ ਵੰਦੇ ਭਾਰਤ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਰੱਖਿਆ ਜਾਵੇ

ਪਟਿਆਲਾ, 23 ਅਗਸਤ (ਚ.ਨ.ਸ.): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਫਿਰੋਜ਼ਪੁਰ ਤੋਂ ਵਾਇਆ ਬਠਿੰਡਾ ਪਟਿਆਲਾ ਤੋਂ ਦਿੱਲੀ ਚੱਲਣ ਵਾਲੀ ਟ੍ਰੇਨ ਵੰਦੇ ਭਾਰਤ ਚਲਾਉਣ ਦਾ ਅਸੀਂ ਸਵਾਗਤ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਉਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕੇਂਦਰ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਸ ਟ੍ਰੇਨ ਦਾ ਨਾਮ ਸ਼੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਰੱਖਿਆ ਜਾਵੇ ਅਤੇ ਦਿੱਲੀ ਰੇਲਵੇ ਸਟੇਸ਼ਨ ਦਾ ਨਾਮ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ 'ਤੇ ਰੱਖਿਆ ਜਾਵੇ, ਬਿਹਾਰੀ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਇਸ ਟ੍ਰੇਨ ਨੂੰ ਰਾਜਪੁਰਾ ਜੰਕਸ਼ਨ 'ਤੇ ਵੀ ਰੋਕਿਆ ਜਾਵੇ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਅੱਜ ਪਟਿਆਲਾ ਤੋਂ ਲੋਕ ਸਭਾ ਮੈਂਬਰ ਪਾਰਲੀਮੈਂਟ ਧਰਮ ਵੀਰ ਗਾਂਧੀ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਹੈ, ਜਿਸ ਵਿੱਚ ਵੰਦੇ ਭਾਰਤ ਟ੍ਰੇਨ ਦਾ ਨਾਮ ਅਤੇ ਇਸ ਨੂੰ ਪਟਿਆਲਾ ਤੋਂ ਅਗਲੇ ਸਟੇਸ਼ਨ ਰਾਜਪੁਰਾ 'ਤੇ ਵੀ ਰੋਕਿਆ ਜਾਵੇ। ਇਸ ਤੋਂ ਇਲਾਵਾ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਮੈਂਬਰ ਪਾਰਲੀਮੈਂਟ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਕਮੇਟੀ ਅਤੇ ਪੰਚਾਂ ਸਰਪੰਚਾਂ ਵੱਲੋਂ ਇੱਕ ਪੱਤਰ ਸੌਂਪਿਆ ਗਿਆ ਹੈ, ਜਿਸ ਵਿੱਚ ਮੰਗ ਕੀਤੀ ਜਾਂਦੀ ਹੈ, ਟ੍ਰੇਨ ਨੰਬਰ 12318*12317 ਅਕਾਲ ਤੱਖਤ ਐਕਸਪ੍ਰੈਸ ਟ੍ਰੇਨ ਅਤੇ ਗੁਰਮੁਖੀ ਐਕਸਪ੍ਰੈਸ ਟ੍ਰੇਨ ਨੰਬਰ 12426+12425 ਜੋ ਟ੍ਰੇਨਾਂ ਪਟਨਾ ਸਾਹਿਬ ਨੂੰ ਚੱਲਦੀਆਂ ਹਨ, ਉਹਨਾਂ ਨੂੰ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਰੋਕਿਆ ਜਾਵੇ ਅਤੇ ਇਨ੍ਹਾਂ ਨੂੰ ਰੈਗੂਲਰ ਚਲਾਇਆ ਜਾਵੇ। ਕਿਉਂਕਿ ਸੰਗਤਾਂ ਤਖ਼ਤ ਸਾਹਿਬ ਦੇ ਦਰਸ਼ਨ ਲਈ ਉਤਾਵਲੀਆਂ ਰਹਿੰਦੀਆਂ ਹਨ। ਪਰ ਰੇਲਵੇ ਦੇ ਟਾਈਮ ਘੱਟ ਹੋਣ ਕਰਕੇ ਸੰਗਤਾਂ ਨੂੰ ਦੋ ਦੋ ਤਿੰਨ ਮਹੀਨੇ ਵੇਟ ਕਰਨੀ ਪੈਂਦੀ ਹੈ।



**ਬਾ-ਅਦਾਲਤ ਸ੍ਰੀ ਬਲਜਿੰਦਰ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਦੋਇਮ ਅਬੋਹਰ।**
**ਨੋਟਿਸ ਬਨਾਮ ਆਮ ਪਬਲਿਕ**

ਹਰ ਆਮ ਵਾ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਅਰਾਜੀ ਤਕਸੀਮ ਤੈਦਾਦੀ 93 ਕਨਾਲ 05 ਮਰਲੇ ਨੰਬਰਾਨ ਖੇਵਟ ਨੰਬਰ 522/453 ਵਾਕਿਆ ਰਕਬਾ ਪਿੰਡ ਰੁਹੇੜੀਆਂਵਾਲੀ ਤਹਿਸੀਲ ਅਬੋਹਰ ਜਿਲਾ ਫਾਜਿਲਕਾ ਇਸ ਅਦਾਲਤ ਵਿੱਚ ਜੇਰ ਫੈਸਲਾ ਹੈ। ਧਿਰਾਂ ਦੀ ਇਤਲਾਹ ਕਰਵਾਉਣ ਤੋਂ ਸਪੱਸ਼ਟ ਹੈ ਕਿ ਧਿਰਾਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਕਰਵਾਉਣੀ ਅਸੰਭਵ ਹੈ। ਇਸ ਲਈ ਧਿਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਰਾਜੀ ਤਕਸੀਮ ਸਬੰਧੀ ਅਗਲੀ ਤਾਰੀਖ ਪੇਸ਼ੀ 1/9/2025 ਨਿਸ਼ਚਿਤ ਹੈ। ਇਸ ਸੰਬੰਧੀ ਧਿਰਾਂ ਅਸਾਲਤਨ/ਵਕਾਲਤਨ ਮਿਤੀ 1/9/2025 ਨੂੰ ਮੇਰੀ ਅਦਾਲਤ ਵਿੱਚ ਸਵੇਰੇ 10:00 ਵਜੇ ਹਾਜਰ ਹੋਣ। ਇਸ ਨੋਟਿਸ ਰਾਹੀਂ ਇਹ ਸਮਝਿਆ ਜਾਵੇਗਾ ਕਿ ਧਿਰਾਂ ਦੀ ਇਤਲਾਹ ਮੁਕੰਮਲ ਹੋ ਚੁੱਕੀ ਹੈ ਅਤੇ ਇਸ ਅਦਾਲਤ ਵੱਲੋਂ ਕਾਇਦੇ-ਕਾਨੂੰਨ ਮੁਤਾਬਿਕ ਆਪਣੀ ਕਾਰਵਾਈ ਜਾਰੀ ਰੱਖੀ ਜਾਵੇਗੀ।

ਧਿਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :- 1) ਦਰਸ਼ਨ ਸਿੰਘ ਪੁੱਤਰ ਜੱਗਾ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪਿੰਡ ਕਲਿਆਂਵਾਲੀ 2) ਬਲਤੇਜ ਸਿੰਘ ਪੁੱਤਰ ਹਮੀਰ ਸਿੰਘ ਪੁੱਤਰ ਬੁੱਧ ਵਾਸੀ ਢਾਣੀ ਕੜਾਕਾ ਸਿੰਘ 3) ਕੁਲਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਤਾਜਾ ਪਟੀ 4) ਗੁਰਮੀਤ ਕੌਰ ਪਤਨੀ ਪ੍ਰੀਤਮ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਅਬੋਹਰ 5) ਬਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਰੁਹੇੜੀਆਂਵਾਲੀ 6) ਕੁਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਰੁਹੇੜੀਆਂਵਾਲੀ 7) ਸਰਬਜੀਤ ਕੌਰ ਪਤਨੀ ਸਰਬਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬੁਰਜ ਮੁਹਾਰ 8) ਸੁਖਵਿੰਦਰ ਕੌਰ ਪਤਨੀ ਸਰਵਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬੁਰਜ ਮੁਹਾਰ 9) ਬਲਕਰਨ ਸਿੰਘ ਪੁੱਤਰ ਹਰਕਰਿਸ਼ਨ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਬੁਰਜ ਮੁਹਾਰ 10) ਮਨਪ੍ਰੀਤ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਨੰਦ ਸਿੰਘ ਵਾਸੀ ਬੁਰਜ ਮੁਹਾਰ 11) ਕਵਿਤਾ ਪਤਨੀ ਰਜੇਸ਼ ਕੁਮਾਰ ਪੁੱਤਰ ਬਲਦੇਵ ਰਾਮ ਵਾਸੀ ਪਿੰਡ ਤਾਜਾ ਪਟੀ 12) ਪ੍ਰੋਮਦ ਪਤਨੀ ਭਾਗੀਰਥ ਪੁੱਤਰ ਬਲਦੇਵ ਰਾਮ ਵਾਸੀ ਤਾਜਾ ਪੱਟੀ 13) ਸੁਮਨ ਦੇਵੀ ਪਤਨੀ ਰਨਧੀਰ ਕੁਮਾਰ ਪੁੱਤਰ ਬਲਦੇਵ ਰਾਮ ਵਾਸੀ ਤਾਜਾ ਪੱਟੀ (ਹਿਸੇਦਰ ਪਿੰਡ ਰੁਹੇੜਿਆਂਵਾਲੀ) ਤਹਿਸੀਲ ਅਬੋਹਰ ਜਿਲਾ ਫਾਜਿਲਕਾ। ..ਫਰੀਕਅਵਲ

ਬਨਾਮ

1) ਭਾਗ ਸਿੰਘ ਪੁੱਤਰ ਜੱਗਾ ਸਿੰਘ ਪੁੱਤਰ ਸੁੰਦਰ ਸਿੰਘ 2) ਜੋਗਿੰਦਰ ਸਿੰਘ ਪੁੱਤਰ ਜੱਗਾ ਸਿੰਘ ਪੁੱਤਰ ਸੁੰਦਰ ਸਿੰਘ 3) ਗਿਆਨ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਵੀਰ ਸਿੰਘ 4) ਸਵਰਨ ਸਿੰਘ ਪੁੱਤਰ ਵੀਰ ਸਿੰਘ 5) ਰਾਜਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਪੁਤਰ ਗੁਰਦਿਆਲ ਸਿੰਘ 6) ਸੁਰਿੰਦਰ ਕੌਰ ਵਿਧਵਾ ਤਾਰਾ ਸਿੰਘ ਪੁੱਤਰ ਜਗ ਸਿੰਘ 7) ਚਰਨਜੀਤ ਕੌਰ ਪੁੱਤਰੀ ਤਾਰਾ ਸਿੰਘ ਪੁੱਤਰ ਜਗ ਸਿੰਘ 8) ਮਨਜੀਤ ਕੌਰ ਪੁੱਤਰੀ ਤਾਰਾ ਸਿੰਘ ਪੁੱਤਰ ਜਗ ਸਿੰਘ 9) ਚੈਨ ਸਿੰਘ ਉਰਫ ਸੁਖਚੈਨ ਸਿੰਘ ਪੁੱਤਰ ਤਾਰਾ ਸਿੰਘ ਜਗ ਸਿੰਘ 10) ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀਆਨ ਪਿੰਡ ਰੁਹੇੜੀਆਂਵਾਲੀ ਤਹਿਸੀਲ ਅਬੋਹਰ ਜਿਲਾ ਫਾਜਿਲਕਾ 11) ਪੀ ਐਨ ਬੀ ਗਰੇਨ ਮਾਰਕੀਟ ਅਬੋਹਰ ਬਜਰੀਆ ਬਰਾਂਚ ਮੈਨੇਜਰ। 12) ਮੈਂਸ ਪੰਜਾਬ ਕਸ਼ਮੀਰ ਫਾਈਨਾਂਸ ਲਿਮ ਬਜਰੀਆ ਬਰਾਚ ਮੈਨੇਜਰ ..ਫਰੀਕਸਾਨੀਆਨ

ਇਹ ਨੋਟਿਸ ਮੇਰੇ ਹੁਕਮ ਵਾ ਮੋਹਰ ਅਦਾਲਤ ਨਾਲ ਅੱਜ ਮਿਤੀ 21/8/25 ਨੂੰ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ-ਦੋਇਮ ਅਬੋਹਰ।

**ਬਾ-ਅਦਾਲਤ ਸ੍ਰੀ ਬਲਜਿੰਦਰ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਦੋਇਮ ਅਬੋਹਰ।**
**ਨੋਟਿਸ ਬਨਾਮ ਆਮ ਪਬਲਿਕ**

ਹਰ ਆਮ ਵਾ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਅਰਾਜੀ ਤਕਸੀਮ ਤੈਦਾਦੀ 76 ਕਨਾਲ 0 ਮਰਲੇ ਨੰਬਰਾਨ ਖੇਵਟ ਨੰਬਰ 521/452 ਵਾਕਿਆ ਰਕਬਾ ਪਿੰਡ ਰੁਹੇੜੀਆਂਵਾਲੀ ਤਹਿਸੀਲ ਅਬੋਹਰ ਜਿਲਾ ਫਾਜਿਲਕਾ ਇਸ ਅਦਾਲਤ ਵਿੱਚ ਜੇਰ ਫੈਸਲਾ ਹੈ। ਧਿਰਾਂ ਦੀ ਇਤਲਾਹ ਕਰਵਾਉਣ ਤੋਂ ਸਪੱਸ਼ਟ ਹੈ ਕਿ ਧਿਰਾਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਕਰਵਾਉਣੀ ਅਸੰਭਵ ਹੈ। ਇਸ ਲਈ ਧਿਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਰਾਜੀ ਤਕਸੀਮ ਸਬੰਧੀ ਅਗਲੀ ਤਾਰੀਖ ਪੇਸ਼ੀ 1/9/2025 ਨਿਸ਼ਚਿਤ ਹੈ। ਇਸ ਸੰਬੰਧੀ ਧਿਰਾਂ ਅਸਾਲਤਨ/ਵਕਾਲਤਨ ਮਿਤੀ 1/9/2025 ਨੂੰ ਮੇਰੀ ਅਦਾਲਤ ਵਿੱਚ ਸਵੇਰੇ 10:00 ਵਜੇ ਹਾਜਰ ਹੋਣ। ਇਸ ਨੋਟਿਸ ਰਾਹੀਂ ਇਹ ਸਮਝਿਆ ਜਾਵੇਗਾ ਕਿ ਧਿਰਾਂ ਦੀ ਇਤਲਾਹ ਮੁਕੰਮਲ ਹੋ ਚੁੱਕੀ ਹੈ ਅਤੇ ਇਸ ਅਦਾਲਤ ਵੱਲੋਂ ਕਾਇਦੇ-ਕਾਨੂੰਨ ਮੁਤਾਬਿਕ ਆਪਣੀ ਕਾਰਵਾਈ ਜਾਰੀ ਰੱਖੀ ਜਾਵੇਗੀ।

ਧਿਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :- 1 ਬਲਤੇਜ ਸਿੰਘ ਪੁੱਤਰ ਹਮੀਰ ਸਿੰਘ ਪੁੱਤਰ ਬੁੱਧ ਸਿੰਘ ਵਾਸੀ ਢਾਣੀ ਕੜਾਕਾ ਸਿੰਘ 2) ਕੁਲਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਤਾਜਾ ਪਟੀ 3) ਗੁਰਮੀਤ ਕੌਰ ਪਤਨੀ ਪ੍ਰੀਤਮ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਅਬੋਹਰ 4) ਬਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਰੁਹੇੜੀਆਂਵਾਲੀ 5) ਕੁਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਰੁਹੇੜੀਆਂਵਾਲੀ 6) ਸਰਬਜੀਤ ਕੌਰ ਪਤਨੀ ਸਰਬਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬੁਰਜ ਮੁਹਾਰ 7) ਸੁਖਵਿੰਦਰ ਕੌਰ ਪਤਨੀ ਸਰਵਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬੁਰਜ ਮੁਹਾਰ 8) ਬਲਕਰਨ ਸਿੰਘ ਪੁੱਤਰ ਹਰਕਰਿਸ਼ਨ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਬੁਰਜ ਮੁਹਾਰ 9 ਮਨਪ੍ਰੀਤ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਨੰਦ ਸਿੰਘ ਵਾਸੀ ਪਿੰਡ ਬੁਰਜ ਮੁਹਾਰ 10) ਕਵਿਤਾ ਪਤਨੀ ਰਜੇਸ਼ ਕੁਮਾਰ ਪੁੱਤਰ ਬਲਦੇਵ ਰਾਮ ਵਾਸੀ ਪਿੰਡ ਤਾਜਾ ਪਟੀ 11) ਪ੍ਰੋਮਦ ਪਤਨੀ ਭਾਗੀਰਥ ਪੁੱਤਰ ਬਲਦੇਵ ਰਾਮ ਵਾਸੀ ਪਿੰਡ ਤਾਜਾ ਪੱਟੀ 12) ਸੁਮਨ ਦੇਵੀ ਪਤਨੀ ਰਨਧੀਰ ਕੁਮਾਰ ਪੁੱਤਰ ਬਲਦੇਵ ਰਾਮ ਵਾਸੀ ਤਾਜਾ ਪੱਟੀ (ਹਿਸੇਦਰ ਪਿੰਡ ਰੁਹੇੜਿਆਂਵਾਲੀ) ਤਹਿਸੀਲ ਅਬੋਹਰ ਜਿਲਾ ਫਾਜਿਲਕਾ। ..ਫਰੀਕਅਵਲ

ਬਨਾਮ

1) ਗਿਆਨ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਵੀਰ ਸਿੰਘ 2) ਸਵਰਨ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਵੀਰ ਸਿੰਘ 3) ਰਾਜਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਪੁਤਰ ਗੁਰਦਿਆਲ ਸਿੰਘ 4) ਸੁਰਿੰਦਰ ਕੌਰ ਵਿਧਵਾ ਤਾਰਾ ਸਿੰਘ ਪੁੱਤਰ ਜਗ ਸਿੰਘ 5) ਚਰਨਜੀਤ ਕੌਰ ਪੁੱਤਰੀ ਤਾਰਾ ਸਿੰਘ ਪੁੱਤਰ ਜਗ ਸਿੰਘ 6) ਮਨਜੀਤ ਕੌਰ ਪੁੱਤਰੀ ਤਾਰਾ ਸਿੰਘ ਪੁੱਤਰ ਜਗ ਸਿੰਘ 7 ਚੈਨ ਸਿੰਘ ਉਰਫ ਸੁਖਚੈਨ ਸਿੰਘ ਪੁੱਤਰ ਤਾਰਾ ਸਿੰਘ ਜਗ ਸਿੰਘ 8) ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਜਗ ਸਿੰਘ 9) ਕਵਿਤਾ ਪਤਨੀ ਰਜੇਸ਼ ਕੁਮਾਰ ਪੁੱਤਰ ਬਲਦੇਵ ਰਾਮ 10) ਪ੍ਰੋਮਦ ਪਤਨੀ ਭਾਗੀਰੱਥ ਪੁੱਤਰ ਬਲਦੇਵ ਰਾਮ 11) ਸੁਮਨ ਦੇਵੀ ਪਤਨੀ ਰਨਧੀਰ ਕੁਮਾਰ ਪੁੱਤਰ ਬਲਦੇਵ ਰਾਮ ਵਾਸੀਆਨ ਪਿੰਡ ਰੁਹੇੜੀਆਂਵਾਲੀ ਤਹਿਸੀਲ ਅਬੋਹਰ ਜਿਲਾ ਫਾਜਿਲਕਾ 12) ਪੰਜਾਬ ਗਰਾਮੀਣ ਬੈਂਕ ਬਰਾਂਚ ਬੁਰਜ ਮੁਹਾਰ ਬਜਰੀਆ ਬਰਾਂਚ ਮੁਹਾਰ ਬਜਰੀਆ ਬਰਾਚ ਮੈਨੇਜਰ 13) ਪੀ ਐਨ ਬੀ ਕੁੰਡਲ ਬਜਰੀਆ ਬਰਾਚ ਮੈਨਜਰ। ..ਫਰੀਕਸਾਨੀਆਨ

ਇਹ ਨੋਟਿਸ ਮੇਰੇ ਹੁਕਮ ਵਾ ਮੋਹਰ ਅਦਾਲਤ ਨਾਲ ਅੱਜ ਮਿਤੀ 21/8/25 ਨੂੰ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ-ਦੋਇਮ ਅਬੋਹਰ।

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰ. : ਓਏ/910/2025**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਪੰਜਾਬ ਨੈਸ਼ਨਲ ਬੈਂਕ** — **ਈਐਕਸਐਚ ਨੰ. 30025**
**ਬਨਾਮ**
**ਮੁਖਤਾਰ ਸਿੰਘ**

**ਵੱਲ,**
**(1) ਮੁਖਤਾਰ ਸਿੰਘ ਪੁੱਤਰੀ/ਪਤਨੀ/ਪੁੱਤਰ-ਪੁੱਤਰ ਭਗਤ ਸਿੰਘ, ਵਾਸੀ ਪਿੰਡ ਬਲ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143604**
**(2) ਪਰਮਜੀਤ ਕੌਰ ਪਤਨੀ ਨਰਿੰਦਰ ਸਿੰਘ, ਵਾਸੀ ਪਿੰਡ ਬਲ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143604**
**ਹੋਰ ਪਤਾ :**
**ਦੂਜਾ ਪਤਾ : ਮਕਾਨ ਨੰ. 16, ਵਾਰਡ ਨੰ. 8, ਮਜੀਠਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143601**

**ਸੰਮਨ**

**ਜਿਥੇ ਕਿ, ਓ. ਏ./910/2025, 12.08.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 31,99,648.40/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **14.11.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 19.08.2025 ਨੂੰ ਜਾਰੀ।**

## ਇੰਡੀਅਨ ਬੈਂਕ Indian Bank — ਇਲਾਹਾਬਾਦ ALLAHABAD

ਜ਼ੋਨਲ ਦਫਤਰ : ਐਸ.ਸੀ.ਐਫ. 88, ਅਰਬਨ ਅਸਟੇਟ, ਫੇਜ਼ 1, ਦੁੱਗਰੀ, ਲੁਧਿਆਣਾ-144013
PHONE -0161-5232103/106,
EMAIL : zoludhiana@indianbank.co.in

**ਈ-ਨਿਲਾਮੀ ਵਿਕਰੀ ਸੂਚਨਾ**

**ਅੰਤਿਕਾ 4 -ਏ [ਨਿਯਮ 8 (6) ਦੀ ਵਿਵਸਥਾ ਦੇਖੋ] ਅਚੱਲ ਸੰਪੱਤੀਆਂ ਲਈ ਵਿਕਰੀ ਸੂਚਨਾ**

**ਈ-ਨਿਲਾਮੀ ਮਿਤੀ ਅਤੇ ਸਮਾਂ : ਲੜੀ ਨੰ. 01 ਤੋਂ 03 ਲਈ 24.09.2025 ਅਤੇ ਲੜੀ ਨੰ. 04 ਲਈ 10.09.2025 (ਈ-ਨਿਲਾਮੀ ਵਿਧੀ ਰਾਹੀਂ), ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ**
**ਬਿਆਨਾ ਰਕਮ ਦੀ ਆਖਰੀ ਮਿਤੀ :- ਲੜੀ ਨੰ. 01 ਤੋਂ 03 ਲਈ 23.09.2025 ਜਾਂ ਪਹਿਲਾਂ ਅਤੇ ਲੜੀ ਨੰ. 04 ਲਈ 09.09.2025**
**ਸੂਚੀਬੱਧ ਸੰਪੱਤੀਆਂ ਅਤੇ ਸਬੰਧਤ ਦਸਤਾਵੇਜ਼ਾਂ/ਨਵੀਨਤਮ ਈਸੀ ਆਦਿ ਦੀ ਜਾਂਚ ਦੀ ਮਿਤੀ ਅਤੇ ਸਮਾਂ :**
**ਲੜੀ ਨੰ. 1 ਦੇ ਲਈ : 03.09.2025 ਤੋਂ 05.09.2025 ਅਤੇ ਲੜੀ 2 ਤੋਂ 3 ਲਈ 18.09.2025 ਅਤੇ ਲੜੀ ਨੰ. 04 ਦੇ ਲਈ 25.08.2025 ਤੋਂ 29.08.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇੱਛੁਕ ਵਿਕਰੀ ਵਾਸਤੇ ਇੱਛੁਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਸੰਕੇਤਕ ਕਬਜ਼ਾ ਇੰਡੀਅਨ ਬੈਂਕ , ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ ਹੈ। **ਨੋਡਲ ਬੈਂਕ ਖਾਤਾ ਨੰਬਰ ਅਤੇ ਖਾਤੇ ਦਾ ਨਾਮ : 6345584911, ਜਮ੍ਹਾਂ ਬਿਆਨਾ ਰਕਮ ਖਾਤੇ ਦੇ ਨਾਮ 'ਤੇ ਆਈਐਫਐਸਸੀ ਕੋਡ : ਆਈਡੀਆਈਬੀ000ਡੀ029**

| | ਸ਼ਾਖਾ ਅਤੇ ਕਰਜ਼ਦਾਰ (†)/ ਜ਼ਾਮਨ (†) ਦਾ ਨਾਮ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ ਜਿਨ੍ਹਾਂ ਦੀ ਕਿਸਮ ਸੰਕੇਤਕ/ਭੌਤਿਕ ਕਬਜ਼ਾ ਹੈ। | ਸੁਰੱਖਿਅਤ ਕਰਜ਼ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ : |
|---|---|---|---|---|---|
| 1. | ਸ਼ਾਖਾ : ਪੋਖਾਵਾਲ ਰੋਡ, ਲੁਧਿਆਣਾ Mob. No. 73470-35117 — 1. ਸ਼੍ਰੀਮਤੀ ਲਲਿਤਾ ਰਾਣੀ ਪਤਨੀ ਦਵਿੰਦਰ ਕੁਮਾਰ (ਕਰਜ਼ਦਾਰ/ਗਿਰਵੀਕਾਰ), ਪਤਾ: 1. ਮਕਾਨ ਨੰ. 442, ਜਗੌੜਾ 3, ਮੁਜ਼ੱਫਰਨਗਰ, ਉੱਤਰ ਪ੍ਰਦੇਸ਼ ਪਿੰਨ-251003. ਪਤਾ: 2. ਮਕਾਨ ਨੰਬਰ 210 ਪਿੰਡ-ਕੁਲੀਆਂਵਾਲ, ਅਬਾਦੀ ਗੁਰੂ ਨਾਨਕ ਅਸਟੇਟ, ਪ੍ਰੇਮ ਵਿਹਾਰ, ਠਾਕੁਰ ਬਿਲਡਿੰਗ ਮਟੀਰੀਅਲ ਨੇੜੇ, ਲੁਧਿਆਣਾ-141008, 2. ਸ਼੍ਰੀ ਦਵਿੰਦਰ ਕੁਮਾਰ ਪੁੱਤਰ ਪਾਲ ਚੰਦ (ਕਰਜ਼ਦਾਰ), ਪਤਾ: 1. ਮਕਾਨ ਨੰ. 5130 ਬੀ ਵਾਰਡ ਨੰ 40 ਧਰਮ ਪੁਰਾ ਲੁਧਿਆਣਾ-141008, ਪਤਾ: 2. ਮਕਾਨ ਨੰ. 210 ਪਿੰਡ-ਕੁਲੀਆਂਵਾਲ, ਅਬਾਦੀ ਗੁਰੂ ਨਾਨਕ ਅਸਟੇਟ ਪ੍ਰੇਮ ਵਿਹਾਰ, ਲੁਧਿਆਣਾ-141006 | ਰਿਹਾਇਸ਼ੀ ਜਾਇਦਾਦ ਪਲਾਟ ਨੰ. 210, ਜਿਸਦਾ ਮਾਪ 107-1/2 ਵਰਗ ਗਜ਼ ਹੈ, ਪਿੰਡ ਕੁਲੀਏਵਾਲ, ਹੱਦਬਸਤ ਨੰ. 178, (ਆਬਾਦੀ ਗੁਰੂ ਨਾਨਕ ਅਸਟੇਟ, ਪ੍ਰੇਮ ਵਿਹਾਰ), ਤਹਿਸੀਲ ਅਤੇ ਜ਼ਿਲ੍ਹਾ, ਦੀ ਸਾਲ 2006-07 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 8//1, 9, 10, 11, 12, 13/1, 21, 18, 9//16,25 ਖਾਤਾ ਨੰ. 503/508, 582/594, 583/596, 597 ਵਿੱਚ ਸ਼ਾਮਲ, ਲੁਧਿਆਣਾ ਅਤੇ ਇਹਨਾਂ ਖੇਤਰਾਂ ਦੀਆਂ ਹੱਦਾਂ ਹੇਠ ਲਿਖੇ ਅਨੁਸਾਰ ਹਨ: ਹੱਦਬੰਦੀ:- ਪੂਰਬ: ਪਲਾਟ ਨੰਬਰ 211 44'-0", ਪੱਛਮ: ਪਲਾਟ ਨੰਬਰ 209 44'-0", ਉੱਤਰ: ਗੁਆਂਢ 22'-0", ਦੱਖਣ: ਗਲੀ ਚੌੜੀ 20' 22'-0" (**ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ**) | Rs. 33,36,925/- (ਰੁ. ਤੇਤੀ ਲੱਖ ਛੱਤੀ ਹਜ਼ਾਰ ਨੌ ਸੌ ਪੱਚੀ ਕੇਵਲ) 20.08.2025 ਨੂੰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ | Rs. 30,56,000/- / Rs. 3,05,600/- | Rs. 10,000/- / IDIBLH30431441136 |
| 2. | ਬੀ/ਓ : ਕਲਸੀਨਗਰ Mob. No. 7347035057 — 1. ਮੈਸ. ਅਨਮੋਲ ਨਿਟਿੰਗ (ਕਰਜ਼ਦਾਰ), ਪਤਾ ਗਲੀ ਨੰ. 3, ਹੀਰਾ ਨਗਰ, ਮਕਾਨ ਨੰ. 30ਏ, ਕਾਕੋਵਾਲ ਰੋਡ, ਲੁਧਿਆਣਾ 141007, 2. ਸ਼੍ਰੀਮਤੀ ਸੋਨੀਆ ਜੌਲੀ (ਮਾਲਕ), ਪਤਾ- ਮਕਾਨ ਨੰ. 88, ਨਿਊ ਪੰਜਾਬ ਮਾਤਾ ਨਗਰ, ਪੱਖੋਵਾਲ ਰੋਡ, ਲੁਧਿਆਣਾ 141013, 3. ਸੰਜੀਵ ਜੌਲੀ (ਜ਼ਾਮਨ), ਪਤਾ- ਮਕਾਨ ਨੰ. 88, ਨਿਊ ਪੰਜਾਬ ਮਾਤਾ ਨਗਰ, ਪੱਖੋਵਾਲ ਰੋਡ ਲੁਧਿਆਣਾ 141013 | **ਲਾਟ ਨੰਬਰ:** 1. ਸੋਨੀਆ ਜੌਲੀ ਦੇ ਨਾਮ 'ਤੇ ਵਸੀਕਾ ਨੰਬਰ 8842 ਮਿਤੀ 25.07.2016 ਦੁਆਰਾ ਦਰਜ ਮਾਪ 260 ਵਰਗ ਗਜ਼ ਹੈ ਜਿਸ ਵਿੱਚ ਖਸਰਾ ਨੰਬਰ 4//20, ਖਾਤਾ ਨੰਬਰ 297/305 ਐਚਬੀ ਨੰਬਰ 80 ਹੈ, ਜੋ ਕਿ ਆਬਾਦੀ ਸੂਰਿਆ ਵਿਹਾਰ, ਪਾਣੀ ਦੀ ਟੈਂਕੀ ਵਾਕੀਆ ਦੇ ਨੇੜੇ, ਪਿੰਡ ਕਾਕੋਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਫੈਕਟਰੀ ਜ਼ਮੀਨ ਅਤੇ ਇਮਾਰਤ ਦਾ ਈਐਮ। ਹੱਦਬੰਦੀ:- ਪੂਰਬ: ਸੜਕ, ਪੱਛਮ: ਸੁਖਵਿੰਦਰ ਸਿੰਘ, ਉੱਤਰ: ਹੋਰ ਮਾਲਕ, ਦੱਖਣ: ਰਿਧੀ ਸਿੱਧੀ। (**ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ**)। | LOT NO. 1 — Rs. 3,12,53,807/- (ਰੁ. ਤਿੰਨ ਕਰੋੜ ਬਾਰਾਂ ਲੱਖ ਤਰਵੰਜਾ ਹਜ਼ਾਰ ਅੱਠ ਸੌ ਸੱਤ ਕੇਵਲ) 13.08.2025 ਨੂੰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ | Rs. 80,36,000/- / Rs. 8,03,600/- | Rs. 5,000/- / IDIBLDH3242354667 |
| | | **ਲਾਟ ਨੰਬਰ:** 2. ਸੋਨੀਆ ਜੌਲੀ ਦੇ ਨਾਮ 'ਤੇ ਵਸੀਕਾ ਨੰਬਰ 3761 ਮਿਤੀ 03.06.2011 ਦੁਆਰਾ ਰਜਿਸਟਰਡ 256.50 ਵਰਗ ਗਜ਼ ਦੀ ਜਾਇਦਾਦ ਦਾ ਈਐਮ, ਖਸਰਾ ਨੰਬਰ 19//24/2 ਵਿੱਚ ਸਥਿਤ, ਖਾਤਾ 224/279, ਐਚਬੀ ਨੰਬਰ 160, ਪਲਾਟ ਨੰਬਰ 113, ਨਿਊ ਪੰਜਾਬ ਮਾਤਾ ਨਗਰ, ਪਿੰਡ ਜਵੱਦੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ। ਹੱਦਬੰਦੀ:- ਪੂਰਬ: ਪਲਾਟ ਨੰਬਰ 112, ਪੱਛਮ: ਪਲਾਟ ਨੰਬਰ 114, ਉੱਤਰ: ਗੁਆਂਢ, ਦੱਖਣ:- ਸੜਕ। (**ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ**)। | LOT NO. 2 — Rs. 3,12,53,807/-(ਰੁ. ਤਿੰਨ ਕਰੋੜ ਬਾਰਾਂ ਲੱਖ ਤਰਵੰਜਾ ਹਜ਼ਾਰ ਅੱਠ ਸੌ ਸੱਤ ਕੇਵਲ) 13.08.2025 ਨੂੰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ | Rs. 64,63,000/- / Rs. 6,46,300/- | Rs. 5,000/- / IDIBLD03242354667 |
| 3. | ਬੀ/ਓ : ਰੂਪਨਗਰ Mob. No. : 7347035071 — 1) **ਸ਼੍ਰੀ ਗੁਰਜੀਤ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ (ਕਰਜ਼ਦਾਰ)**, ਮਕਾਨ ਨੰ. 52. ਪਿੰਡ ਕੁੰਭੇਵਾਲ, ਤਹਿਸੀਲ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ (ਪੰਜਾਬ) 140117. 2) **ਸ੍ਰੀਮਤੀ ਹਰਵਿੰਦਰ ਕੌਰ ਪੁੱਤਰ ਸ਼੍ਰੀ ਗੁਰਜੀਤ ਸਿੰਘ (ਕਰਜ਼ਦਾਰ)**, ਮਕਾਨ ਨੰ. 52. ਪਿੰਡ ਕੁੰਭੇਵਾਲ, ਤਹਿਸੀਲ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ (ਪੰਜਾਬ) 140117.3) **ਸ਼੍ਰੀ ਦਿਲਹਰਜੀਤ ਮਾਨ ਪੁੱਤਰ ਸ਼੍ਰੀ ਸਰਵਣ ਸਿੰਘ ਮਾਨ (ਜ਼ਾਮਨ)**, ਮਕਾਨ ਨੰ: 60, ਗਿਆਨੀ ਜ਼ੈਲ ਸਿੰਘ ਨਗਰ, ਰੂਪਨਗਰ (ਪੰਜਾਬ)-140117। | ਸ਼੍ਰੀ ਗੁਰਜੀਤ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਨਿਵਾਸੀ ਮਕਾਨ ਨੰਬਰ 52, ਪਿੰਡ ਕੁੰਭੇਵਾਲ ਤਹਿਸੀਲ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ (ਪੰਜਾਬ) (ਮੌਰਗਿਣਤੀ) ਦੇ ਨਾਮ 'ਤੇ ਵਿਕਰੀ ਡੀਡ ਨੰਬਰ 1183, 11.08.2016 ਨੂੰ ਰਜਿਸਟਰਾਰ, ਜ਼ਿਲ੍ਹਾ ਰੂਪਨਗਰ (ਪੰਜਾਬ) ਦੇ ਦਫ਼ਤਰ ਵਿੱਚ ਰਜਿਸਟਰਡ ਪਲਾਟ ਨੰਬਰ 22, 150 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ, ਜਿਵੇਂ ਕਿ 0ਕੇ-5 ਐਮ(30X45), ਸ਼ਿਵਾਲਿਕ ਐਨਕਲੇਵ, ਕਾਠਗੜ੍ਹ ਰੋਡ, ਪਿੰਡ ਚਾਹਲ ਐਚਬੀ ਨੰਬਰ 202, ਤਹਿਸੀਲ ਬਲਾਚੌਰ, ਜ਼ਿਲ੍ਹਾ ਐਸਬੀਐਸ ਨਗਰ, ਖ/ਖ ਨੰਬਰ 9/11, ਖਸਰਾ ਨੰਬਰ 15//10/2(7-11), 11(8-0), 20(8-0), 21/1(0-8) ਅਤੇ ਖ/ਖ 24/16 ਖਸਰਾ ਨੰਬਰ 15//21/2(6-17) ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਕਲੋਨੀ ਦੀ ਸੀਮਾ ਦੀਵਾਰ, ਪੱਛਮ: ਰਸਤਾ (35 ਫੁੱਟ), ਉੱਤਰ: ਰਸਤਾ (45 ਫੁੱਟ), ਦੱਖਣ: ਕੰਪਨੀ ਦਾ ਖੇਤਰ (**ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ**) | Rs. 22,16,799/- (ਰੁ. ਬਾਈ ਲੱਖ ਸੋਲਾਂ ਹਜ਼ਾਰ ਸੱਤ ਸੌ ਨੜ੍ਹਿਨਵੇਂ ਕੇਵਲ) 12.08.2025 ਨੂੰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ | Rs. 2,83,000/- / Rs. 28,300/- | Rs. 5,000/- / IDIBL1197205322 |
| 4. | ਸ਼ਾਖਾ : ਵਰਧਮਾਨ ਲੁਧਿਆਣਾ Mob. No. : 73470-35132 — 1. ਮੈਸ. ਪੀਸੀ ਪਲਾਸਟਿਕ ਇਸ ਦੇ ਦੁਆਰਾ ਪ੍ਰੋਪ. **ਸ਼੍ਰੀ ਨਿਖਿਲ ਅਗਰਵਾਲ (ਕਰਜ਼ਦਾਰ)**, ਪਤਾ 1: ਏ-47 ਪ੍ਰੀਮੀਅਰ ਕੰਪਲੈਕਸ ਰੋਡ, ਨੀਚੀ ਮੰਗਲੀ, ਚੰਡੀਗੜ੍ਹ ਰੋਡ, ਲੁਧਿਆਣਾ-141123, ਪਤਾ 2: ਬੀ-XXII 2832/01, ਲਿੰਕ ਰੋਡ ਅਮਨ ਹਾਊਸ ਦੇ ਸਾਹਮਣੇ, ਲੁਧਿਆਣਾ, 2. **ਸ਼੍ਰੀ ਨਿਖਿਲ ਅਗਰਵਾਲ ਪੁੱਤਰ ਸ਼੍ਰੀ ਰਮੇਸ਼ ਅਗਰਵਾਲ (ਮਾਲਕ)**, ਪਤਾ: ਮਕਾਨ ਨੰਬਰ 539/2, ਇਕਬਾਲ ਗੰਜ, ਲੁਧਿਆਣਾ-141008, 3. **ਸ਼੍ਰੀਮਤੀ ਮੰਜੂ ਅਗਰਵਾਲ ਪਤਨੀ ਸ਼੍ਰੀ ਰਮੇਸ਼ ਕੁਮਾਰ (ਗਿਰਵੀਕਾਰ ਅਤੇ ਜ਼ਾਮਨ)**, ਪਤਾ: ਮਕਾਨ ਨੰਬਰ:-539/2, ਇਕਬਾਲ ਗੰਜ, ਲੁਧਿਆਣਾ-141008 | ਸ਼੍ਰੀਮਤੀ ਮੰਜੂ ਅਗਰਵਾਲ ਪਤਨੀ ਸ਼੍ਰੀ ਰਮੇਸ਼ ਕੁਮਾਰ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 2390 ਮਿਤੀ 26.10.2016 ਨੂੰ ਰਜਿਸਟਰਡ ਪਲਾਟ ਨੰਬਰ 47-ਏ 230 ਵਰਗ ਗਜ਼ ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 45/47 ਖਸਰਾ ਨੰਬਰ 27//14/2, 27//16/1,28//26 ਵਿੱਚ ਸ਼ਾਮਲ ਗਜ਼ ਜ਼ਮੀਨ, ਪਿੰਡ ਮੰਗਲੀ ਨੀਚੀ ਦੀ ਮਾਲੀਆ ਜਾਇਦਾਦ ਵਿੱਚ ਸਥਿਤ, ਪ੍ਰੀਮੀਅਰ ਐਨਕਲੇਵ ਹੱਦਬਸਤ ਨੰਬਰ 239 ਸਬ-ਤਹਿਸੀਲ, ਸਾਹਨੇਵਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ ਜੋ ਕਿ ਦੁਆਰਾ ਹੈ। ਹੱਦਬੰਦੀ ਇਸ ਪ੍ਰਕਾਰ: ਪੂਰਬ: ਗੁਆਂਢੀ 30'-2", ਪੱਛਮ: ਸੜਕ 30'-2", ਉੱਤਰ: 1-48 72'-0", ਦੱਖਣ: #46, 66'-0 (**ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ**)। | Rs. 51,08,946/- (ਰੁ. ਇਕਵੰਜਾ ਲੱਖ ਅੱਠ ਹਜ਼ਾਰ ਨੌ ਸੌ ਛਿਆਲੀ ਕੇਵਲ) 15.07.2025 ਨੂੰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ | Rs. 34,00,000/- / Rs. 3,40,000/- | Rs. 30,000/- / IDIBL13020926237 |

ਸੰਪੱਤੀਆਂ ਦੀਆਂ ਫੋਟੋਆਂ | ਸਥਾਨ | ਈ-ਨਿਲਾਮੀ ਵੈਬਸਾਈਟ | ਬੈਂਕ ਵੈਬਸਾਈਟ (ਲੜੀ 4: ਸੰਪੱਤੀ ਦੀ ਵਿਡੀਓ | ਸੰਪੱਤੀਆਂ ਦੀਆਂ ਫੋਟੋਆਂ | ਸਥਾਨ | ਈ-ਨਿਲਾਮੀ ਵੈਬਸਾਈਟ | ਬੈਂਕ ਵੈਬਸਾਈਟ)

**"ਇਸ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 (2) ਅਤੇ 8 (6) ਦੇ ਅਨੁਸਾਰ ਵਿੱਤੀ ਸੰਪਤੀਆਂ ਦੇ ਸੁਰੱਖਿਅਤਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਕਾਨੂੰਨ 2002 ਦੇ ਲਾਗੂਕਰਨ ਦੇ ਤਹਿਤ ਲੜੀ ਨੰ. 1 ਤੋਂ 3 ਵਾਸਤੇ 30 ਰੋਜ਼ਾ ਲਈ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9 (1) ਦੇ ਅਧੀਨ ਲੜੀ ਨੰ. 4 ਲਈ 15 ਰੋਜ਼ਾ ਹੈ।"**

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ PSB ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291220220, ਈਮੇਲ ਆਈਡੀ:- support.baanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ। PSB ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ EMD ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ।
ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ।
ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।


ਮਿਤੀ: 24.08.2025 — ਸਥਾਨ: ਲੁਧਿਆਣਾ — ਅਧਿਕਾਰਤ ਅਧਿਕਾਰੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਅੰਮ੍ਰਿਤਸਰ ਤੋਂ ਸਟਾਫ ਰਿਪੋਰਟਰ ਬਬਲੂ ਮਹਾਜਨ ਦਾ ਵਿਸ਼ੇਸ਼ ਸਪਲੀਮੈਂਟ










































# ਮਾਝਾ-ਦੁਆਬਾ

ਆਸ ਪਾਸ

## ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਸਾਮ ਤੋਂ ਆਰੰਭ ਹੋਇਆ ਨਗਰ ਕੀਰਤਨ ਮਾਲਦਾ ਤੋਂ ਅਗਲੇ ਪੜਾਅ ਕਲਕੱਤਾ ਲਈ ਰਵਾਨਾ

ਅੰਮ੍ਰਿਤਸਰ, 23 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ



ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਮਾਲਦਾ (ਪੱਛਮੀ ਬੰਗਾਲ) ਤੋਂ ਅਗਲੇ ਪੜਾਅ ਕਲਕੱਤਾ ਲਈ ਰਵਾਨਾ ਹੋਇਆ।

ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਸਜਾਏ ਧਾਰਮਿਕ ਦੀਵਾਨ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨੂੰ ਪਾਵਨ ਹੁਕਮਨਾਮਾ ਸਰਵਣ ਕਰਵਾਇਆ। ਇਸ ਮੌਕੇ ਬਾਬਾ ਗੁਰਮੇਲ ਸਿੰਘ ਕਾਰ ਸੇਵਾ ਸਰਹਾਲੀ ਸਾਹਿਬ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵਡ, ਭਾਈ ਅਜੈਬ ਸਿੰਘ ਅਭਿਆਸੀ, ਜਗਸੀਰ ਸਿੰਘ ਮਾਂਗੇਆਣਾ, ਡਾ. ਸਤਨਾਮ ਸਿੰਘ ਆਹਲੂਵਾਲੀਆ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਰਵਾਨਗੀ ਤੋਂ ਪਹਿਲਾਂ ਬਾਬਾ ਗੁਰਮੇਲ ਸਿੰਘ ਨੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ।

ਸ਼੍ਰੋਮਣੀ ਕਮੇਟੀ ਵੱਲੋਂ ਨਗਰ ਕੀਰਤਨ ਦੌਰਾਨ ਵਿਸ਼ੇਸ ਬੱਸ ਰਾਹੀਂ ਜਿਥੇ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ, ਉਥੇ ਹੀ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਹਨ। ਦੂਰ ਦੂਰ ਤੋਂ ਸੰਗਤਾਂ ਰਸਤੇ ਵਿਚ ਵੱਖ ਵੱਖ ਪੜਾਵਾਂ 'ਤੇ ਪਹੁੰਚ ਕੇ ਉਤਸ਼ਾਹ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰ ਰਹੀਆਂ ਹਨ। ਜਿਥੇ ਰਸਤੇ ਵਿਚ ਸੰਗਤਾਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ, ਉਥੇ ਜੰਗੀਪੁਰ ਵਿਖੇ ਪੰਜਾਬੀ ਢਾਬੇ ਦੇ ਮਾਲਕ ਭਾਈ ਮਨਜੀਤ ਸਿੰਘ ਅਤੇ ਪਰਿਵਾਰ ਵੱਲੋਂ ਸੰਗਤਾਂ ਲਈ ਲੰਗਰਾਂ ਦੇ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਇਹ ਨਗਰ ਕੀਰਤਨ ਅੱਜ ਮਾਲਦਾ ਤੋਂ ਚੱਲ ਕੇ ਜੰਗੀਪੁਰ, ਬੈਰਲਪੁਰ ਸਮੇਤ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਕਲਕੱਤਾ ਪੁੱਜਾ, ਜਿਥੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। 24 ਅਗਸਤ ਨੂੰ ਇਹ ਸ਼ਹੀਦੀ ਨਗਰ ਕੀਰਤਨ ਕਲਕੱਤਾ ਸ਼ਹਿਰ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਰਾਮ ਸਿੰਘ ਰਾਠੌਰ ਮੁੰਬਈ, ਇੰਚਾਰਜ ਦਵਿੰਦਰ ਸਿੰਘ ਖੁਸ਼ੀਪੁਰ, ਮੈਨੇਜਰ ਸਤਿੰਦਰ ਸਿੰਘ, ਭਾਈ ਜਗਦੇਵ ਸਿੰਘ, ਬਾਬਾ ਤਾਰਾ ਸਿੰਘ, ਬਾਬਾ ਭੋਲਾ ਸਿੰਘ, ਬਾਬਾ ਗੁਰਨਾਮ ਸਿੰਘ, ਮੁਖਤਿਆਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਦਿੱਤੀ ਵਧਾਈ

ਅੰਮ੍ਰਿਤਸਰ, 23 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਸ਼ਵ ਦੇ ਧਰਮ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਨੂੰ ਜੋੜਨ ਵਾਲੇ ਪਾਵਨ ਗ੍ਰੰਥ ਹਨ, ਜਿਸ ਵਿਚ ਹਰ ਧਰਮ, ਵਰਗ ਤੇ ਫਿਰਕੇ ਦੇ ਲੋਕਾਂ ਨੂੰ ਸਾਂਝਾ ਉਪਦੇਸ਼ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਮਨੁੱਖਤਾ ਨੂੰ ਕਰਤਾ ਪੁਰਖ ਨਾਲ ਜੁੜਨ ਤੇ ਉੱਤਮ ਜੀਵਨ ਜੀਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਸਾਂਝੀਵਾਲਤਾ ਤੇ ਸਦਭਾਵਨਾ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੀ ਵਿਚਾਰਧਾਰਾ ਅਧਿਆਤਮਕ ਤੇ ਸਮਾਜਿਕ ਜੀਵਨ ਸੇਧਾਂ ਦਾ ਸੋਮਾ ਹੈ, ਜਿਸ ਅਨੁਸਾਰ ਜੀਵਨ ਬਸਰ ਕਰ ਕੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਮੁਕੰਮਲ ਬਣਾਇਆ ਜਾ ਸਕਦਾ ਹੈ।



ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸਜੇਗਾ ਨਗਰ ਕੀਰਤਨ: ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਹਰ ਸਾਲ ਦੀ ਤਰ੍ਹਾਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਵੱਖ-ਵੱਖ ਸਮਾਗਮ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਪਹਿਲੇ ਪ੍ਰਕਾਸ਼ ਪੁਰਬ ਮੌਕੇ ਭਲਕੇ 24 ਅਗਸਤ ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਖਾਲਸਈ ਜਾਹੋ-ਜਲਾਲ ਨਾਲ ਨਗਰ ਕੀਰਤਨ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੁਬਾਰਕ ਮੌਕੇ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ, ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਮੈਂਬਰਾਨ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਸੰਗਤਾਂ ਹਾਜ਼ਰੀ ਭਰਨਗੀਆਂ। ਉਨ੍ਹਾਂ ਦੱਸਿਆ ਕਿ ਪਹਿਲੇ ਪ੍ਰਕਾਸ਼ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੀਵਾਨ ਸਜਣਗੇ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰ ਤੇ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਨਗੇ। ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਜਲੌ ਵੀ ਸਜਣਗੇ। ਇਸੇ ਤਰ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਤੇ ਖੂਬਸੂਰਤ ਦੀਪਮਾਲਾ ਵੀ ਸੰਗਤ ਲਈ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਹੋਵੇਗੀ।

## ਛੋਟੀ ਉਮਰ ਤੋਂ ਹੀ ਲਿਖਾਈ ਸੁਧਾਰਨਾ ਬੱਚਿਆਂ ਦੇ ਭਵਿੱਖ ਦੀ ਮਜ਼ਬੂਤ ਬੁਨਿਆਦ : ਡਾ. ਇੰਦਰਬੀਰ ਸਿੰਘ ਨਿੱਜਰ



ਅੰਮ੍ਰਿਤਸਰ, 23 ਅਗਸਤ (ਬਬਲੂ ਮਹਾਜਨ): ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਫਲਤਾਪੂਰਵਕ ਚੱਲ ਰਹੇ 50 ਵਿੱਦਿਅਕ ਅਦਾਰਿਆਂ ਦੇ ਅਧਿਆਪਕਾਂ ਨੂੰ ਬਦਲਦੇ ਸਮੇਂ ਅਨੁਸਾਰ ਨਵਾਂ ਸਿੱਖਣ, ਸਿਖਾਉਣ ਅਤੇ ਚਿੰਤਨ ਕਰਨ ਹਿੱਤ ਨਵੀਆਂ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਅੱਜ ਦੀਵਾਨ ਦੇ ਡਾਇਰੈਕਟੋਰੇਟ ਐਜੂਕੇਸ਼ਨ ਵੱਲੋਂ ਛੋਟੇ ਬੱਚਿਆਂ ਦੀ ਲਿਖਾਈ ਸੁਧਾਰਨ ਲਈ ਵਿਸ਼ੇਸ਼ ਟੀਚਰ ਟਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਵਿਚ ਅਧਿਆਪਕਾਂ ਨੂੰ ਪ੍ਰੀ ਰਾਈਟਿੰਗ ਸਟਰੋਕਸ, ਗਰਿਪਿੰਗ ਅਤੇ ਪੈਂਸਿਲ ਹੋਲਡਿੰਗ, ਮੋਟਰ ਸਕਿਲਜ਼ ਦੇ ਵਿਕਾਸ, ਲੋਅਰ ਅਤੇ ਅੱਪਰ ਕੇਸ ਅਲਫਾਬੈਟਸ ਦੀ ਸਿਖਲਾਈ ਲਾਈਵ ਐਕਟੀਵਿਟੀਜ਼ ਅਤੇ ਪਾਵਰ ਪ੍ਰੈਜ਼ੈਂਟੇਸ਼ਨ ਰਾਹੀਂ ਵਿਸਥਾਰਪੂਰਵਕ ਦਿੱਤੀ ਗਈ। ਇਸ ਟੀਚਰ ਟਰੇਨਿੰਗ ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਆਧੁਨਿਕ ਪੈਡਾਗੋਜੀ ਤਰੀਕਿਆਂ ਨਾਲ ਜਾਣੂ ਕਰਵਾਉਣਾ ਅਤੇ ਬੱਚਿਆਂ ਦੀ ਲਿਖਾਈ ਨੂੰ ਸਿਰਜਣਾਤਮਕ ਢੰਗ ਨਾਲ ਸੁਧਾਰਨਾ ਸੀ ਤਾਂ ਜੋ ਬੱਚਿਆਂ ਦੀ ਛੋਟੀ ਉਮਰ ਤੋਂ ਹੀ ਲਿਖਾਈ ਵਿਚ ਸੁਧਾਰ ਕਰਕੇ ਉਹਨਾਂ ਦਾ ਵਿਸ਼ਵਾਸ ਮਜ਼ਬੂਤ ਕੀਤਾ ਜਾ ਸਕੇ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਰਮਨੀਕ ਸਿੰਘ ਤੇ ਡਾਇਰੈਕਟਰ ਡਾ.ਏ.ਪੀ.ਐਸ. ਚਾਵਲਾ ਨੇ ਇਸ ਪ੍ਰੋਗਰਾਮ ਦਾ ਦੌਰਾ ਕਰਦਿਆਂ ਅਧਿਆਪਕਾਂ ਨਾਲ ਸੰਵਾਦ ਕੀਤਾ। ਡਾ.ਨਿੱਜਰ ਨੇ ਕਿਹਾ ਕਿ ਲਿਖਾਈ ਬੱਚੇ ਦਾ ਸ਼ਖਸੀਅਤ ਦਰਪਨ ਮੰਨੀ ਜਾਂਦੀ ਹੈ ਜੋ ਉਹਨਾਂ ਦੇ ਵਿਕਾਸ ਵਿਚ ਬੁਨਿਆਦੀ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਛੋਟੀ ਜਮਾਤਾਂ ਵਿਚ ਬੱਚਿਆਂ ਦੀਆਂ ਛੁਪੀਆਂ ਯੋਗਤਾਵਾਂ ਤੇ ਪ੍ਰਤਿਭਾ ਨੂੰ ਨਿਖਾਰਣ 'ਚ ਅਧਿਆਪਕਾਂ ਦਾ ਮਾਰਗਦਰਸ਼ਨ ਯੋਗਦਾਨ ਰਹਿੰਦਾ ਹੈ। ਉਹਨਾ ਨੇ ਕਿਹਾ ਕਿ ਜੇਕਰ ਛੋਟੀ ਉਮਰ ਵਿਚ ਹੀ ਬੱਚਿਆਂ ਦੀ ਬੁਨਿਆਦੀ ਖਾਮੀਆਂ ਦੂਰ ਕਰਕੇ ਸਹੀ ਪੈਨ ਹੋਲਡਿੰਗ, ਗਰਿਪ ਅਤੇ ਸਟਰੋਕਸ ਸਿਖਾ ਕੇ ਵਿਕਾਸ ਕਰ ਦਿੱਤਾ ਜਾਵੇ ਤਾਂ ਉਹਨਾਂ ਦੇ ਵਿੱਦਿਅਕ ਦੀ ਬੁਨਿਆਦ ਮਜ਼ਬੂਤ ਹੋ ਜਾਂਦੀ ਹੈ, ਨਹੀਂ ਤਾਂ ਬਾਅਦ ਵਿਚ ਗਲਤ ਆਦਤਾਂ ਨੂੰ ਸੁਧਾਰਨਾ ਬਹੁਤ ਔਖਾ ਹੋ ਜਾਂਦਾ ਹੈ। ਉਹਨਾਂ ਡਾਇਰੈਕਟਰ ਡਾ.ਏ.ਪੀ.ਐਸ. ਚਾਵਲਾ ਵੱਲੋਂ ਅਧਿਆਪਕਾਂ ਨੂੰ ਸਿਖਣ-ਸਿਖਾਉਣ ਦੀ ਪ੍ਰਕਿਰਿਆ ਵਿਚ ਨਵੀਂ ਊਰਜਾ ਭਰਨ ਵਾਲੇ ਅਜਿਹੇ ਟੀਚਰ ਟਰੇਨਿੰਗ ਪ੍ਰੋਗਰਾਮ ਆਯੋਜਿਤ ਕਰਨ ਹਿੱਤ ਕੀਤੇ ਗਏ ਯਤਨਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਦੀਵਾਨ ਵੱਲੋਂ ਅਗੋਂ ਵੀ ਅਜਿਹੇ ਪ੍ਰਭਾਵਸ਼ਾਲੀ ਟੀਚਰ ਟਰੇਨਿੰਗ ਪ੍ਰੋਗਰਾਮ ਨਿਰੰਤਰ ਕਰਵਾਏ ਜਾਣਗੇ।

## ਵਿਸ਼ੇਸ਼ ਵਿੱਤੀ ਪੈਕੇਜ ਦੇਣ ਦੀ ਥਾਂ ਪੰਜਾਬ ਦੇ ਹੱਕੀ ਵਿੱਤੀ ਅਧਿਕਾਰਾਂ 'ਤੇ ਮੋਦੀ ਸਰਕਾਰ ਵੱਲੋਂ ਡਾਕਾ ਮਾਰਨ ਦੀ ਤਿਆਰੀ : ਧਾਲੀਵਾਲ

ਅਜਨਾਲਾ, 23 ਅਗਸਤ(ਸੁਖਦੇਵ ਸਿੰਘ ਖਾਲਸਾ): ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਭਾਜਪਾ ਮੋਦੀ ਸਰਕਾਰ ਨੂੰ ਕਥਿਤ ਤੌਰ ਤੇ ਪੰਜਾਬ, ਪੰਜਾਬੀਅਤ ਵਿਰੋਧੀ ਕਰਾਰ ਦਿੰਦਿਆਂ ਤਾਬੜਤੋੜ ਰਾਜਸੀ ਹਮਲੇ ਕੀਤੇ ਅਤੇ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਹਾਲ ਰੱਖਣ ਲਈ ਦੇਸ਼ ਦੇ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਮੁੱਖ ਤੌਰ ਤੇ ਜਿੰਮੇਵਾਰੀ ਕੇਂਦਰੀ ਸਰਕਾਰ ਦੇ ਸਿਰ ਤੇ ਹਮੇਸ਼ਾ ਰਹੀ ਹੈ, ਪਰ ਜਦੋਂ ਦੀ ਕੇਂਦਰ 'ਚ ਭਾਜਪਾ ਦੀ ਅਗਵਾਈ 'ਚ ਮੋਦੀ ਸਰਕਾਰ ਸੱਤਾ 'ਚ ਆਈ ਹੈ, ਉਦੋਂ ਤੋਂ ਹੀ ਭਾਜਪਾ ਸ਼ਾਸ਼ਿਤ ਸੂਬਿਆਂ ਨੂੰ ਸਬਕਾ ਸਾਥ- ਸਬਕਾ ਵਿਕਾਸ ਨਾਅਰੇ ਤਹਿਤ ਬਹੁਪੱਖੀ ਵਿਕਾਸ ਤੇ ਰੁਜਗਾਰ ਲਈ ਗ੍ਰਾਂਟਾ ਦੇ ਖੁੱਲ੍ਹੇ ਗੱਫੇ ਵੰਡੇ ਜਾ ਰਹੇ ਹਨ , ਜਦੋਂਕਿ ਭਾਰਤ 'ਪਾਕਿ ਕੌਮਾਂਤਰੀ ਸਰਹੱਦ ਤੇ ਸਥਿਤ ਸੰਵੇਦਨਸ਼ੀਲ ਗੈਰ ਭਾਜਪਾ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੀ ਸੱਤਾ ਵਾਲੇ ਸੂਬੇ ਪੰਜਾਬ ਦੇ ਬਹੁਪੱਖੀ ਵਿਕਾਸ, ਆਰਥਿਕ ਤੇ ਸਮਾਜਿਕ ਹਿੱਤਾਂ ਨੂੰ ਇਕ ਗਿਣੀ ਮਿਥੀ ਸਾਜਿਸ਼ ਤਹਿਤ ਅਣਗੌਲਿਆਂ ਕਰਕੇ ਪੰਜਾਬ ਦੇ ਵਿੱਤੀ ਅਧਿਕਾਰਾਂ ਤੇ ਡਾਕਾ ਮਾਰਨ ਲਈ ਪੰਜਾਬ ਸੂਬੇ ਦੇ ਬਹੁਕਰੋੜੀ ਫੰਡਾਂ ਨੂੰ ਰੋਕ ਦਿੱਤਾ ਹੈ, ਜੋ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਲੋਕਤੰਤਰੀ ਹੱਕਾਂ 'ਤੇ ਸਿੱਧਾ ਹਮਲਾ ਹੈ। ਧਾਲੀਵਾਲ ਆਪਣੇ ਵਿਧਾਨ ਸਭਾ ਹਲਕਾ



ਪੱਧਰੀ ਮੁੱਖ ਦਫਤਰ ਵਿਖੇ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਮੌਕੇ ਤੇ ਹੱਲ ਕਰਨ ਲਈ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਲਗਾਏ ਗਏ ਖੁੱਲੇ ਜਨਤਾ ਦਰਬਾਰ ਮੌਕੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਹੇ ਸਨ। ਧਾਲੀਵਾਲ ਨੇ ਕਿਹਾ ਕਿ ਕੇਂਦਰੀ ਮੋਦੀ ਸਰਕਾਰ ਨੇ ਪੰਜਾਬ ਨਾਲ ਆਪਣਾ ਮਤਰੇਈ ਮਾਂ ਵਾਲਾ ਸਲੂਕ ਬਰਕਾਰਾ ਰੱਖਦਿਆਂ ਪੇਂਡੂ ਵਿਕਾਸ ਫੰਡ ਦੇ 8 ਹਜਾਰ ਕਰੋੜ ਰੁਪਏ , ਪ੍ਰਧਾਨ ਮੰਤਰੀ ਸੜਕ ਯੋਜਨਾ ਦੇ ਲਗਭਗ 1 ਹਜਾਰ ਕਰੋੜ ਰੁਪਏ ਅਤੇ ਜੀਐਸਟੀ ਦੇ ਬਣਦੇ ਬਕਾਇਆਂ ਦੀ ਰਕਮ 50 ਹਜਾਰ ਕਰੋੜ ਰੁਪਏ ਬਿਨ੍ਹਾਂ ਵਜਾ੍ਹ ਰੋਕ ਕੇ ਪੰਜਾਬ ਵਾਸੀਆਂ ਤੋਂ ਅੱਖਾਂ ਫੇਰ ਲਈਆਂ ਹਨ। ਜੋ ਪੰਜਾਬ ਦਾ ਆਰਥਿਕ ਢਾਂਚਾ ਹਾਨੀਕਾਰਕ ਪੱਧਰ ਤੱਕ ਤੋੜਣ ਦਾ ਰਵੱਈਆ ਹੈ।

ਉਨ੍ਹਾਂ ਨੇ ਕੇਂਦਰੀ ਮੋਦੀ ਸਰਕਾਰ ਦੀ ਸਖਤ ਅਲੋਚਣਾ ਕਰਦਿਆਂ ਇਹ ਵੀ ਕਿਹਾ ਕਿ ਭਾਜਪਾ ਮੋਦੀ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਸੂਬੇ ਦੇ ਹੋਰਨਾਂ ਸਰੋਤਾਂ ਤੋਂ ਆਮਦਨ ਦੇ ਵਸੀਲੇ ਪੈਦਾ ਕਰਕੇ ਸਿਰਫ ਪੰਜਾਬ ਦੇ ਖਜ਼ਾਨੇ ਨੂੰ ਹੀ ਨਹੀਂ ਭਰ ਰਹੇ , ਸਗੋਂ ਪੰਜਾਬ ਵਾਸੀਆਂ ਨੂੰ ਬਹੁਪੱਖੀ ਵਿਕਾਸ, ਰੁਜਗਾਰ ਤੇ ਲੋਕ ਭਲਾਈ ਸਕੀਮਾਂ ਦੀਆਂ ਸੁੱਖ ਸਹੂਲਤਾਂ ਨਾਲ ਲਬਰੇਜ ਕਰ ਰਹੇ ਹਨ। ਉਨ੍ਹਾਂ ਨੇ ਸਾਬਕਾ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੂੰ ਵੀ ਨਿੰਦਾ ਦੇ ਕਟਹਿਰੇ 'ਚ ਖੜਾ ਕਰਦਿਆਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹੀ ਪੰਜਾਬ, ਪੰਜਾਬੀ , ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਕਰਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਮਜ਼ਬੂਤੀ ਲਈ ਵਚਣਬੱਧ ਹੈ। ਧਾਲੀਵਾਲ ਨੇ ਜਨਤਾ ਦਰਬਾਰ ਦੌਰਾਨ ਦਰਜਨਾਂ ਲੋਕਾਂ ਦੀਆਂ ਦਿੱਕਤਾਂ ਸੁਣ ਕੇ ਮੌਕੇ ਤੇ ਮੌਜੂਦ ਪ੍ਰਸ਼ਾਸ਼ਨਿਕ ਅਧਿਕਾਰੀਆਂ ਕੋਲੋਂ ਹੱਲ ਕਰਵਾ ਕੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਈ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਡੀਐਸਪੀ ਗੁਰਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਸੋਹੀ, ਚਰਨਜੀਤ ਸਿੰਘ ਸਿੱਧੂ, ਪੀਏ ਮੁਖਤਾਰ ਸਿੰਘ ਬਲੜਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ , ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ,ਬਲਦੇਵ ਸਿੰਘ ਬੱਬੂ ਚੇਤਨਪੁਰਾ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਾਰਟੀ ਦੇ ਪ੍ਰਮੁੱਖ ਆਹੁਦੇਦਾਰ ਮੌਜੂਦ ਸਨ।

## ਮੁੰਬਈ ਪੁਲਿਸ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਏ.ਆਈ. ਦੁਆਰਾ ਅਪਮਾਨ 'ਤੇ ਐਫ.ਆਈ.ਆਰ. ਦਰਜ, ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਭਰੋਸਾ

ਅੰਮ੍ਰਿਤਸਰ, 23 ਅਗਸਤ (ਗੁਰਦਿਆਲ ਸਿੰਘ): ਸਿੱਖ ਕੌਮ ਦੇ ਅਧਿਆਤਮਿਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨਾਲ ਖਿਲਵਾੜ ਕਰਦੇ ਹੋਏ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦਾ ਦੁਰਉਪਯੋਗ ਕਰਕੇ ਉਸ ਨੂੰ ਢਹਿ ਢੇਰੀ ਅਤੇ ਪਾਣੀ ਵਿੱਚ ਵਹਿੰਦਾ ਦਿਖਾਉਣ ਵਾਲੀ ਮਨਘੜਤ ਵੀਡੀਓ ਨੇ ਸਿੱਖ ਸੰਗਤ ਦੇ ਦਿਲਾਂ ਨੂੰ ਗੰਭੀਰ ਤੌਰ 'ਤੇ ਆਹਤ ਕੀਤਾ ਹੈ। ਇਸ ਗੰਭੀਰ ਅਤੇ ਅਪਮਾਨਜਨਕ ਕਰਤੂਤ ਖ਼ਿਲਾਫ਼ ਮੁੰਬਈ ਪੁਲੀਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਭਾਰਤੀ ਦੰਡ ਸੰਹਿਤਾ ਦੀ ਧਾਰਾ 299 ਆਰ/ਡਬਲਯੂ ਅਤੇ ਆਈ.ਟੀ. ਐਕਟ 67 ਹੇਠ ਐਫ.ਆਈ.ਆਰ. ਨੰਬਰ 30/25 ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਹਾਰਾਸ਼ਟਰ ਸਾਈਬਰ ਵਿਭਾਗ ਦੇ ਵਿਸ਼ੇਸ਼ ਆਈ.ਜੀ. ਯਸ਼ਵੀ ਯਾਦਵ ਨੇ ਮਹਾਰਾਸ਼ਟਰ ਸਿੱਖ ਸਮਾਜ ਦੇ ਪ੍ਰਮੁੱਖ ਭਾਈ ਜਸਪਾਲ ਸਿੰਘ ਸਿੱਧੂ ਅਤੇ ਰਾਜ ਘਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਨੂੰ ਮੁਲਾਕਾਤ ਦੌਰਾਨ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਸਥਾਨਕ ਨਿਵਾਸੀ ਗੁਰਸੇਵ ਸਿੰਘ ਦੀ ਸ਼ਿਕਾਇਤ 'ਤੇ ਮਾਡਲ ਸਾਈਬਰ ਥਾਣਾ, ਮੁੰਬਈ ਵਿੱਚ ਦਰਜ ਕੀਤਾ ਗਿਆ ਹੈ। ਸਿੱਖ ਨੇਤਾਵਾਂ ਨੂੰ ਪੂਰਾ ਭਰੋਸਾ ਦਿਵਾਇਆ ਗਿਆ ਕਿ ਜਾਂਚ ਨਿਰਪੱਖ ਢੰਗ ਨਾਲ ਕੀਤੀ ਜਾਵੇਗੀ ਅਤੇ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਕਰਨ ਦੀ ਘ੍ਰਿਣਿਤ ਹਰਕਤ ਕੀਤੀ ਹੈ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿੱਤੀ ਜਾਵੇਗੀ।




ਇਸ ਮੌਕੇ ਮਹਾਰਾਸ਼ਟਰ ਸਿੱਖ ਸਮਾਜ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਫੈਲ ਰਹੀ ਏ.ਆਈ. ਜਨਰੇਟ ਕੀਤੀ ਗੁਮਰਾਹਕੁਨ ਡਿਜ਼ੀਟਲ ਸਮੱਗਰੀ ਦੀ ਵਧ ਰਹੀ ਗਿਣਤੀ 'ਤੇ ਗਹਿਰੀ ਚਿੰਤਾ ਅਤੇ ਦੁੱਖ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇਸ ਘ੍ਰਿਣਿਤ ਵੀਡੀਓ ਨੂੰ ਵੇਖ ਕੇ ਉਹ ਮਾਨਸਿਕ ਤੌਰ 'ਤੇ ਬਹੁਤ ਆਹਤ ਹੋਏ ਹਨ। ਇਹ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਰੌਂਦਣ ਵਾਲੀ, ਸਿੱਖ ਧਰਮ ਦਾ ਅਪਮਾਨ ਅਤੇ ਨਫ਼ਰਤ ਫੈਲਾਉਣ ਦੀ ਨਿੰਦਣਯੋਗ ਸਾਜ਼ਿਸ਼ ਹੈ।

ਭਾਈ ਸਿੱਧੂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਿਰਫ਼ ਇੱਕ ਇਮਾਰਤ ਨਹੀਂ, ਬਲਕਿ ਸਿੱਖੀ ਦਾ ਅਧਿਆਤਮਿਕ ਕੇਂਦਰ ਅਤੇ ਦਿਲ ਹੈ। ਇਸ ਨੂੰ ਕਲਪਿਤ ਤਬਾਹੀ ਵਿੱਚ ਦਿਖਾਉਣਾ ਧਾਰਮਿਕ ਹਿੰਸਾ ਤੋਂ ਘੱਟ ਨਹੀਂ। ਇਸ ਤੋਂ ਇਲਾਵਾ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਾਲੀਵੁੱਡ ਹਸਤੀਆਂ ਦੇ ਲੰਗਰ ਛਕਣ ਵਾਲੀਆਂ ਏ.ਆਈ. ਜਨਰੇਟ ਕੀਤੀਆਂ ਪੂਰੀ ਤਰ੍ਹਾਂ ਮਨਘੜਤ ਵੀਡੀਓਜ਼, ਜਿਨ੍ਹਾਂ ਨੂੰ 'ਰਚਨਾਤਮਿਕ ਸਮੱਗਰੀ' ਦੀ ਆੜ ਹੇਠ ਸਾਂਝਾ ਕੀਤਾ ਜਾ ਰਿਹਾ ਹੈ, ਸੇਵਾ, ਲੰਗਰ ਦੀ ਪਵਿੱਤਰਤਾ ਅਤੇ ਸਾਡੀਆਂ ਪਰੰਪਰਾਵਾਂ ਦਾ ਸਿੱਧਾ ਮਜ਼ਾਕ ਅਤੇ ਅਪਮਾਨ ਹੈ। ਇਹ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਅਤੇ ਕਈ ਮਾਮਲਿਆਂ ਵਿੱਚ ਸਾਈਬਰ ਅਪਰਾਧ, ਘ੍ਰਿਣਾ ਫੈਲਾਉਣ ਵਾਲੇ ਭਾਸ਼ਣ ਅਤੇ ਕੌਮੀ ਏਕਤਾ-ਸਦਭਾਵਨਾ ਨਾਲ ਜੁੜੇ ਮੌਜੂਦਾ ਕਾਨੂੰਨਾਂ ਹੇਠ ਦੰਡਯੋਗ ਹੈ।

ਜਸਪਾਲ ਸਿੰਘ ਸਿੱਧੂ ਨੇ ਤੁਰੰਤ ਸਮੀਖਿਆ ਅਤੇ ਕਾਰਵਾਈ ਲਈ ਇਹਨਾਂ ਇਤਰਾਜ਼ਯੋਗ ਵੀਡੀਓਜ਼ ਦੇ ਲਿੰਕ ਅਤੇ ਹਵਾਲੇ ਪੇਸ਼ ਕਰਦਿਆਂ ਮਹਾਰਾਸ਼ਟਰ ਸਾਈਬਰ ਵਿਭਾਗ ਨੂੰ ਇਨ੍ਹਾਂ ਵੀਡੀਓਜ਼ ਦੀ ਉਤਪਤੀ ਅਤੇ ਫੈਲਾਅ ਦੀ ਜਾਂਚ ਕਰਨ ਲਈ ਕਿਹਾ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੋਂ ਅਜਿਹੀ ਸਮਗਰੀ ਨੂੰ ਤੁਰੰਤ ਹਟਾਉਣ ਲਈ ਕਦਮ ਚੁੱਕਣ, ਕਾਨੂੰਨੀ ਕਾਰਵਾਈ ਕਰਨ, ਧਾਰਮਿਕ ਚਿੰਨ੍ਹਾਂ ਅਤੇ ਸਥਾਨਾਂ ਨਾਲ ਸਬੰਧਿਤ ਏ ਆਈ-ਜਨਰੇਟ ਸਮਗਰੀ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਸੰਬੰਧੀ ਇੱਕ ਜਨਤਕ ਸਲਾਹਕਾਰੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਵੀ ਕਿਹਾ।

## ਲੌਰੈਂਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਭਾਸ਼ਾ ਵਿਭਾਗ ਮੁਕਾਬਲਿਆਂ ਵਿੱਚ ਸ਼ਾਨਦਾਰ ਪੇਸ਼ਕਾਰੀ



ਕਲਾਨੌਰ, 23 ਅਗਸਤ (ਕਮਲਜੀਤ ਸਿੰਘ/ਇਕਬਾਲ ਵਾਲੀਆ): ਲੌਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ) ਬਟਾਲਾ ਦੇ ਵਿਦਿਆਰਥੀ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿੱਚ ਬਹੁਤ ਵਧੀਆ ਪੇਸ਼ਕਾਰੀ ਕੀਤੀਆਂ। ਇਹ ਮੁਕਾਬਲੇ ਭਾਸ਼ਾ ਵਿਭਾਗ ਵੱਲੋਂ ਧੰਨ ਦੇਵੀ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਵਿਖੇ ਕਰਵਾਏ ਗਏ। ਇਹ ਮੁਕਾਬਲੇ ਲੇਖ ਰਚਨਾ, ਕਹਾਣੀ ਰਚਨਾ, ਕਵਿਤਾ ਰਚਨਾ ਅਤੇ ਕਵਿਤਾ ਗਾਇਨ ਵਿਸ਼ਿਆਂ ਨਾਲ ਸੰਬੰਧਿਤ ਸਨ। ਇਹਨਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਕਈ ਸਕੂਲਾਂ ਵੱਲੋਂ ਭਾਗ ਲਿਆ ਗਿਆ।ਇਹਨਾਂ ਮੁਕਾਬਲਿਆਂ 'ਚ ਆਪਣੀ ਵਧੀਆ ਕਾਰਗੁਜ਼ਾਰੀ ਪੇਸ਼ ਕਰਦਿਆਂ ਹੋਇਆ ਗੁਰਲੀਨ ਕੌਰ ਨੇ ਕਹਾਣੀ ਰਚਨਾ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਸੱਤਵੀਂ ਜਮਾਤ ਦੇ ਜੁਗਜੋਤ ਸਿੰਘ ਨੇ ਕਵਿਤਾ ਗਾਇਨ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾਕਟਰ ਉਪਮਾ ਮਹਾਜਨ ਜੀ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕ ਦਿੱਤੀਆਂ ਗਈਆਂ ਅਤੇ ਇਸ ਖੁਸ਼ੀ ਨੂੰ ਸਕੂਲ ਦੇ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮਲਿਆਵਾਲ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ: ਉਪਮਾ ਮਹਾਜਨ ਤੇ ਸਮੂਹ ਅਧਿਆਪਕ ਵਰਗ ਵੱਲੋਂ ਵਿਦਿਆਰਥੀਆਂ ਨੂੰ ਉਹਨਾਂ ਦੀ ਕਾਮਯਾਬੀ ਲਈ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਉਹਨਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ ਗਈ

## ਲਾਇਨ ਕਲੱਬਾ ਨੂੰ ਮੈਬਰਸ਼ਿਪ ਤੇ ਐਮ.ਜੀ.ਐਫ. ਬਣਾਉਣ : ਗਵਰਨਰ ਗੋਇਲ, ਚੇਅਰਮੈਨ ਬੱਚਾਜੀਵੀ

ਨਵਾਂਸ਼ਹਿਰ 23 ਅਗਸਤ (ਸੁਖਦੇਵ ਸਿੰਘ ਉੜਾਪੜ): ਲਾਇਨ ਇੰਟਰਨੈਸ਼ਨਲ ਨਵਾਂਸ਼ਹਿਰ ਐਕਟਿਵ 321ਡੀ ਵਲੋਂ ਜੋਨ 9 ਰਿਜਨ ਸਟਾਫ ਬੰਗਾ ਅਤੇ ਨਵਾਂਸਹਿਰ ਦੀ ਵਿਸ਼ੇਸ ਮੀਟਿੰਗ ਰਿਜਨ ਚੇਅਰਮੈਨ ਕੁਲਦੀਪ ਭੁਸਨ ਖੰਨਾ ਦੀ ਪ੍ਰਧਾਨਗੀ ਅਤੇ ਲਾਇਨ ਕਲੱਬ ਐਕਟਿਵ ਨਵਾਂਸ਼ਹਿਰ 321ਡੀ ਦੇ ਡਿਪਟੀ ਗਵਰਨਰ ਦੀ ਅਗਵਾਈ ਹੇਠ ਇੱਕ ਨਿੱਜੀ ਹੋਟਲ ਨਵਾਂਸ਼ਹਿਰ ਵਿਖੇ ਹੋਈ। ਜਿਸ ਵਿੱਚ ਮੁੱਖ ਮਹਿਮਾਨ ਵੀ ਐਮ ਗੋਇਲ ਡਿਸਟੇਕ ਗਵਰਨਰ, ਰਛਪਾਲ ਸਿੰਘ ਬੱਚਾਜੀਵੀ ਪਾਸਟ ਗਵਰਨਰ ਤੇ ਵਾਈਸ ਚੇਅਰਮੈਨ,ਅਤੇ ਸੰਜੀਵ ਕੁਮਾਰ ਸੂਰੀ ਜੋਨ ਚੇਅਰਮੈਨ,ਜੀਐਸ ਭਾਟੀਆ ਵਾਈਸ ਗਵਰਨਰ,ਰਜੀਵ ਖੋਸਲਾ ਵਾਈਸ ਗਵਰਨਰ -2, ਜੇ ਵੀ ਸਿੰਘ ਚਾਵਲਾ, ਐਡਵੋਕੇਟ ਕਮਲਜੀਤ ਸਿੰਘ ਜੋਨ ਚੇਅਰਮੈਨ, ਧਰਮਿੰਦਰ ਸਿੰਘ ਜੋਨ ਚੇਅਰਮੈਨ, ਅਤੇ ਗਗਨਦੀਪ ਸਿੰਘ ਡਿਸਟੇਕ ਪੀਆਰਓ ਨੇ ਵਿਸੇਸ ਮਹਿਮਾਨ ਵਜੋ ਸਮੂਲੀਅਤ ਕੀਤੀ।ਕੁਲਦੀਪ ਭੂਸਨ ਖੰਨਾ ਨੇ ਬਾਹਰੋ ਆਏ ਲਾਇਨ ਮਹਿਮਾਨਾਂ ਤੇ ਕਲੱਬ ਪ੍ਰਧਾਨ ਅਤੇ ਲਾਇਨ ਮੈਬਰ ਸਾਹਿਬਾਨਾਂ ਨੂੰ ਜੀ ਆਇਆ ਆਖਿਆ ਗਿਆ।

ਰਿਜਨ ਸਟਾਫ ਮੈਬਰਾਂ ਦੀ ਭਰਵੀ ਮੀਟਿੰਗ ਤੋ ਪ੍ਰਭਾਵਿਤ ਹੁੰਦਿਆਂ ਰਸ਼ਪਾਲ ਸਿੰਘ ਬੱਚਾਜੀਬੀ ਪਾਸਟ ਗਵਰਨਰ ਅਤੇ ਵਾਈਸ ਚੇਅਰਮੈਨ ਨੇ ਕਿਹਾ ਕਿ





ਲਾਇਨ ਕਲੱਬ ਦੇ ਡਿਪਟੀ ਗਵਰਨਰ ਗੁਰਚਰਨ ਸਿੰਘ ਵਿਰਦੀ ਵਾਲੀ ਲਾਇਨ ਕਲੱਬ ਐਕਟਿਵ ਮਾਨਵਤਾ ਦੀ ਭਲਾਈ ਕੰਮਾਂ ਵਿੱਚ ਮੋਹਰੀ ਹੋਣ ਕਰਕੇ ਬੇਗੋਵਾਲ ਦੇ ਸੁਕਰਾਨਾ ਐਵਾਰਡ ਸਮਾਰੋਹ ਵਿੱਚ ਜਿਲ੍ਹਾ ਪੱਧਰ ਤੇ ਵੱਖ ਵੱਖ ਐਵਾਰਡਾ ਅਤੇ ਮੈਡਲਾ ਨਾਲ ਸਨਮਾਨਿਤ ਕਰਨ ਤੇ ਮਾਣ ਮਹਿਸੂਸ ਕੀਤਾ ਗਿਆ।ਇਸ ਕਲੱਬ ਨੇ ਪਿਛਲੇ ਅਰਸੇ ਵਿੱਚ ਵੀ ਵਧੀਆ ਸਮਾਜ ਵਿੱਚ ਕੰਮ ਕਰਕੇ ਜਿਲੇ ਦੀ ਕਲੱਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨਾ ਸਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਹਰ ਕਲੱਬ ਘੱਟੋ ਘੱਟ ਪੰਜ ਮੈਂਬਰ ਨਵੇਂ ਜਰੂਰ ਬਣਾਉਣ। ਇਸ ਤੋਂ ਇਲਾਵਾ ਐਮਜੀਐਫ ਬਣਾਉਣ ਲਈ ਸੱਦਾ ਦਿੱਤਾ।ਕਲੱਬਾਂ ਵਿੱਚ ਚੰਗੀ ਭੂਮਿਕਾ ਨਿਭਾਉਣ ਵਾਲੇ ਪ੍ਰਧਾਨ, ਸੈਕਟਰੀ, ਖਜਾਨਚੀ, ਪੀਆਰ ਓ ਅਤੇ ਮੈਬਰਾ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।ਐਕਟਿਵ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਦੀ ਨੇ ਬਾਹਰੋਂ ਆਏ ਲਾਇਨ ਦੇ ਉਚ ਅਹੁਦੇਦਾਰ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆ ਕਲੱਬ ਦੀਆ ਪ੍ਰਾਪਤੀਆ ਤੇ ਚਾਨਣਾ ਪਾਇਆ। ਹਰ ਸੰਗਰਾਂਦ ਤੇ ਗੁਰਦੁਆਰਾ ਟਾਹਲੀ ਸਾਹਿਬ ਨਵਾਂਸਹਿਰ ਵਿੱਚ ਮੁਫਤ ਮੈਡੀਕਲ ਅਤੇ ਅੱਖਾਂ ਦਾ ਚੈਕ ਕੈਂਪ ਲਗਾਇਆ ਜਾਂਦਾ ਹੈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਅਤੇ ਸੰਗਤਾਂ ਕੈਂਪ ਵਿੱਚ ਚੈਕ ਅਪ ਕਰਾਵਾ ਮੁਕਤ ਦਵਾਈ ਲੈ ਕੇ ਲਾਭ ਉਠਾਉਂਦੇ ਹਨ।ਉਹਨਾਂ ਕਿਹਾ ਕਿ 1 ਸਤੰਬਰ ਨੂੰ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਕਲੱਬ ਵੱਲੋਂ ਖੂਨਦਾਨ ਕੈਂਪ ਲਾਇਆ ਜਾਵੇਗਾ ਜਿਸ ਵਿੱਚ ਖੂਨਦਾਨੀਆ ਨੂੰ ਖੂਨਦਾਨ ਕਰਨ ਦੀ ਅਪੀਲ ਕੀਤੀ। ਖੂਨਦਾਨੀ ਪ੍ਰੇਮੀਆਂ ਨੂੰ ਕੱਲਬ ਵਲੋਂ ਸਨਮਾਨ ਵੀ ਕੀਤਾ ਜਾਵੇਗਾ। ਇਸ ਮੌਕੇ ਤੇ ਪ੍ਰਧਾਨ ਜਸਵਿੰਦਰ ਕੌਰ ਐਕਟਿਵ ਕਲੱਬ, ਸੈਕਟਰੀ ਮੈਡਮ ਪੁਨਮ ਸੂਰੀ, ਰਾਜਵਿੰਦਰ ਕੌਰ,ਸੰਜੀਵ ਕੈਥ ਖਜਾਨਚੀ, ਚੇਤ ਰਾਮ ਰਤਨ ਪੀਆਰਓ, ਸਰਵਜੀਤ ਸਿੰਘ,(ਡਾ ਦੀਪਕ ਪਾਡੇ, ਐਡਵੋਕੇਟ ਵਿਸਾਲ ਸਰਮਾ ਨੂੰ ਮੈਬਰ ਬਨਣ ਤੇ ਸਨਮਾਨਿਤ ਕੀਤਾ ਗਿਆ। ਇਸ ਤੋ ਇਲਾਵਾ ਪ੍ਰਿੰਸੀਪਲ ਜਤਿੰਦਰ ਮੋਹਨ ਬੰਗਾ, ਜਸਪਾਲ ਸਿੰਘ ਗਿੱਧਾ ਵਾਈਸ ਪ੍ਰਧਾਨ ਮਨਜਿੰਦਰ ਸਿੰਘ ਬੰਗਾ,ਚਰਨਜੀਤ ਸਿੰਘ ਮੁਕੰਦਪੁਰ ਐਕਟਿਵ ਸੈਕਟਰੀ, ਸੁੱਖਜਿੰਦਰ ਸਿੰਘ ਬਖਲੌਰ,ਬਲਵੀਰ ਸਿੰਘ ਰਾਏ ਫਾਉਡਰ ਪ੍ਰਧਾਨ, ਧਰਮਵੀਰਪਾਲ, ਪੀਆਰਓ, ਜਤਿੰਦਰ ਗਿੰਨੀ ਚੇਅਰਮੈਨ, ਦੇਵਾਂਸ ਸੂਰੀ ਅਤੇ ਆਂਯਨ ਸੂਰੀ ਆਦਿ ਹਾਜਰ ਸਨ।ਲਾਇਨ ਮਹਿਮਾਨਾ ਅਤੇ ਕਲੱਬਾ ਨੂੰ ਵਿਸੇਸ, ਤੌਰ ਤੇ ਸਨਮਾਨਿਤ ਕੀਤਾ ਗਿਆ। ਰਿਜਨ ਸਟਾਫ ਮੀਟਿੰਗ ਵਿੱਚ 11 ਕਲੱਬਾ ਵਿਚੋਂ 9 ਕਲੱਬਾ ਨੇ ਭਾਗ ਲਿਆ।

## ਐਸ.ਪੀ.ਵਾਈ.ਐਮ. ਨੇ ਇੱਕ ਰੋਜ਼ਾ ਨਸ਼ਾ ਮੁਕਤ ਭਾਰਤ ਅਭਿਆਨ ਵਰਕਸ਼ਾਪ ਕਰਵਾਈ



ਤਰਸਿੱਕਾ, 23 ਅਗਸਤ (ਦਵਿੰਦਰ ਸਿੰਘ ਤਰਸਿੱਕਾ): ਐਸ ਪੀ ਵਾਈ ਐਮ ਨਵੀਂ ਦਿੱਲੀ ਵੱਲੋਂ ਸੀਐਚਸੀ ਹਸਪਤਾਲ ਤਰਸਿੱਕਾ ਵਿਖੇ ਇਕ ਦਿਨਾਂ ਨਸ਼ਾ ਮੁਕਤ ਅਭਿਆਨ ਅਤੇ ਚੇਤਨਾ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਨੁੱਕੜ ਨਾਟਕ ਅਤੇ ਵਰਕਸ਼ਾਪ ਦਾ ਅਯੋਜਨ ਕੀਤਾ ਗਿਆ।ਜਿਸ ਵਿੱਚ ਕਰੀਬ 80 ਵਿਅਕਤੀਆਂ ਵੱਲੋਂ ਭਾਗ ਲਿਆ ਗਿਆ। ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਰਾਜਨ ਚਾਵਲਾ ਨੇ ਕਿਹਾ ਕਿ ਨਸ਼ਿਆਂ ਦੀ ਭੈੜੀ ਲੱਤ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋਣਾ ਪਵੇਗਾ ਅਤੇ ਨਸ਼ਿਆਂ ਵਿੱਚ ਗਲਤਾਨ ਵਿਅਕਤੀਆਂ ਨੂੰ ਬਿਨਾਂ ਨਿਕਾਰੇ ਉਹਨਾਂ ਨਾਲ ਹਮਦਰਦੀ ਨਾਲ ਪੇਸ਼ ਆਉਣਾ ਚਾਹੀਦਾ ਹੈ ਤੇ ਉਹਨਾਂ ਨੂੰ ਇਸ ਨਸ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਉਹਨਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਛੁਡਾਊ ਕੈਂਪ ਬਣਾਏ ਗਏ ਹਨ ਜਿਨਾਂ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਲੈ ਕੇ ਜਾਣਾ ਚਾਹੀਦਾ ਹੈ। ਇਸ ਮੌਕੇ ਐਸਐਮਓ ਤਰਸਿੱਕਾ ਡਾਕਟਰ ਮੋਨਾ ਤੁਲੀ, ਮੈਡੀਕਲ ਆਫਸਰ ਡਾਕਟਰ ਸਿਮਰਜੀਤ ਸਿੰਘ, ਡਾਕਟਰ ਅਸਲੀਨ ਕੌਰ, ਗੁਰਮੁਖ ਸਿੰਘ ਬੀ.ਈ. ਸਰਪੰਚ ਜਗਦੀਪ ਸਿੰਘ ਤਰਸਿੱਕਾ, ਸਰਪੰਚ ਜਰਮਨਜੀਤ ਸਿੰਘ ਪੁੱਲ ਨਹਿਰ ਤਰਸਿੱਕਾ, ਮੁਕੇਸ਼ ਕੁਮਾਰ ਪ੍ਰੋਗਰਾਮ ਆਫਿਸਰ ਐਸ ਪੀ ਵਾਈ ਐਮ, ਰਾਜਨ ਚਾਵਲਾ ਜਿਲਾ ਰਿਸੋਰਸ ਆਫਿਸਰ, ਦੀਪਤੀ ਸ਼ਰਮਾ, ਨੰਬਰਦਾਰ ਸੰਤੋਖ ਸਿੰਘ ਸਮੇਤ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜਰ ਸਨ।

## ਰਾਸ਼ਨ ਡੀਪੂ ਦੀ ਦੁਰਵਰਤੋਂ ਦਾ ਮਾਮਲਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਕੋਲ ਪੁੱਜਾ

ਬਾਬਾ ਬਕਾਲਾ, 23 ਅਗਸਤ (ਬਲਰਾਜ ਸਿੰਘ ਰਾਜਾ): ਮ੍ਰਿਤਕ ਮਹਿਲਾ ਦੇ ਨਾ ਤੇ ਜਾਰੀ ਹੋਏ ਰਾਸ਼ਨ ਡੀਪੂ ਦੀ ਹੋ ਰਹੀ ਦੁਰਵਰਤੋਂ ਦੇ ਮਾਮਲੇ 'ਚ ਸਿੱਟਾ ਰਿਪੋਰਟ ਮਿਲਣ 'ਚ ਹੋ ਰਹੀ ਦੇਰੀ ਨੂੰ ਲੈਕੇ ਮੁਦਈ ਧਿਰ ਨੇ ਖਦਸ਼ਾ ਪ੍ਰਗਟਾਇਆ ਹੈ। ਅਨੁਸੂਚਿਤ ਜਾਤੀ ਨਾਲ ਸਬੰਧਿਤ ਬੀਬਾ ਰੁਪਿੰਦਰ ਕੌਰ ਪਤਨੀ ਬਲਦੇਬ ਸਿੰਘ ਵਾਸੀ ਫੌਕਲ ਪੁਆਇੰਟ ਲੁਦਿਆਣਾ ਹਾਲ ਵਾਸੀ ਪਿੰਡ ਬੁਤਾਲਾ ਪੱਤੀ ਰੰਧਾਵਾ ਕਲੋਨੀ ਜ਼ਿਲ੍ਹਾ ਅੰਮ੍ਰਿਤਸਰ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਦੀ ਅਗਵਾਈ ਮੌਜੂਦਗੀ 'ਚ ਸੱਦੇ ਪੱਤਰਕਾਰ ਸੰਮੇਲਨ 'ਚ ਖੁਲਾਸਾ ਕੀਤਾ ਹੈ ਕਿ ਮੇਰੀ ਸੱਸ ਸੁਰਜੀਤ ਕੌਰ ਪਤਨੀ ਸਵ. ਬਲਵੰਤ ਸਿੰਘ ਵਾਸੀ ਜਮਾਲਪੁਰ ਫੌਕਲ ਪੁਆਇੰਟ ਲੁਧਿਆਣਾ ਜਿਸ ਦੇ ਨਾ ਤੇ ਰਾਸ਼ਨ ਡੀਪੂ ਦੀ ਅਲਾਟਮੈਂਟ ਸੀ।

ਅੁਨਾ ਨੇ ਦੱਸਿਆ ਕਿ ਸੁਰਜੀਤ ਕੌਰ ਦੀ ਮੌਤ ਸਾਲ 2020 'ਚ ਹੋ ਚੁੱਕੀ ਹੈ।ਉਨਾਨੇ ਦੱਸਿਆ ਕਿ 2020 ਤੋਂ ਸਾਡੇ ਰਾਸ਼ਨ ਡੀਪੂ ਦੀ ਦੁਰਵਤੋਂ ਕਰਕੇ ਸੰਗੀਨ ਅਪਰਾਧ ਕਰ ਰਿਹਾ ਹੈ।ਜਦੋਂ ਕਿ ਸਾਨੂੰ ਇਸ ਤੇ ਇਤਰਾਜ ਹੈ।ਬੀਬਾ



ਰੁਪਿੰਦਰ ਕੌਰ 'ਬੁਤਾਲਾ' ਨੇ ਦੱਸਿਆ ਕਿ ਅਸੀਂ ਮਾਮਲਾ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੌਲਰ ਲੁਧਿਆਣਾ ਦੇ ਧਿਆਨ 'ਚ ਵੀ ਲਿਆਂਦਾ ਸੀ, ਪਰ ਉਨ੍ਹਾ ਨੇ ਰਾਸ਼ਨ ਡੀਪੂ ਦੀ ਦੁਰਵਰਤੋਂ ਦੇ ਮਾਮਲੇ 'ਚ ਕੋਈ ਨਤੀਜਾ ਦਿਓ ਭੂਮਿਕਾ ਨਹੀਂ ਨਿਭਾਈ ਸੀ ਜਿਸ ਤੋਂ ਬਾਅਦ ਸਾਡੀ ਜਥੇਬੰਦੀ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ 7/09/2024 ਨੂੰ ਪੱਤਰ ਲਿਖਕੇ ਸਾਰਾ ਮਾਮਲਾ ਪੰਜਾਬ ਰਾਜ ਫੂਡ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਸੀ।ਘਗਲਭਸ ਦੇ ਪੱਤਰ ਤੇ ਗੌਰ ਕਰਦਿਆਂ ਇੰਦਰਾ ਗੁਪਤਾ ਮੈਂਬਰ ਪੰਜਾਬ ਰਾਜ ਫੂਡ ਕਮਿਸ਼ਨ ਨੇ 13/12/2024 ਨੂੰ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਕੇਸ ਦੀ ਪੜਤਾਲ ਕਰ ਦੀ ਜ਼ਿੰਮੇਵਾਰੀ ਡਾਇਰੈਕਟਰ ਖੁਰਾਕ,ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਨੂੰ ਸ਼ੌਂਪੀ ਦਿੱਤੀ ਸੀ, ਪਰ 12 ਮਹੀਨਿਆਂ ਤੋਂ ਜ਼ਿਆਦਾ ਸਮਾਂ ਲੰਘ ਗਿਆ ਹੈ।

ਉਕਤ ਅਪਰਾਧਿਕ ਮਾਮਲੇ 'ਚ ਪੰਜਾਬ ਸਟੇਟ ਫੂਡ ਕਮਿਸ਼ਨ ਨੇ ਸਿਧਾ ਦਖਲ ਦਿੰਦੇ ਹੋਏ ਕੇਸ ਅਗਲੇਰੀ ਕਾਰਵਾਈ ਲਈ ਖੁਰਾਕ ਵਿਭਾਗ ਨੂੰ ਭੇਜ ਦਿੱਤਾ ਸੀ।ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਹੁਣ ਇਹ ਮਾਮਲਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦੇ ਧਿਆਨ 'ਚ ਲਿਆਕੇ ਰਾਸ਼ਨ ਡੀਪੂ ਨੂੰ ਲੈਕੇ ਘਪਲੇ ਕਰਨ ਵਾਲੀ ਟੀਮ 'ਚ ਸ਼ਾਮਲ ਲੋਕਾਂ ਖਿਲਾਫ ਧੋਖਾਧੜੀ ਅਤੇ ਐਸਸੀ/ਐਸਟੀਨ ਦੀਆਂ ਧਰਾਵਾਂ ਤਹਿਤ ਮੁਕੱਦਮਾ ਦਰਜ ਕਰਵਾਉਣ ਲਈ ਇਸੇ ਹਫਤੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਪਾਸੋਂ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਮਿਲਣ ਲਈ ਵਫਦ ਦੇ ਰੂਪ 'ਚ ਜਾ ਰਹੇ ਹਾਂ। ਇਸ ਮੌਕੇ ਚੇਅਰਮੈਨ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦੇ ਚੇਅਰਮੈਂ ਸੰਦੀਪ ਸਿੰਘ ਰਾਜ, ਸੰਸਥਾ ਦੇ ਟਰੱਸਟੀ ਮੈਂਬਰ ਸੰਨੀ ਕਲੇਰ ਛੇਹਰਟਾ, ਮੈਂਬਰ ਟਰੱਸਟੀ ਹਰਚਰਨ ਸਿੰਘ ਸੋਨੂੰ, ਲੋਕ ਸੰਪਰਕ ਅਫਸਰ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਪੀਏ ਖਾਲਸਾ ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ ਜੋਧੇ, ਮਹਿਕਦੀਪ ਸਿੰਘ ਜੋਧੇ ਤੇ ਮਿਲਣ ਸਿੰਘ ਗਿੱਲ ਆਦਿ ਹਾਜਰ ਸਨ।

## ਜਥੇ. ਧਿਆਨ ਸਿੰਘ ਮੰਡ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਰਚ ਕੱਢਣ ਦਾ ਐਲਾਨ

ਅੰਮ੍ਰਿਤਸਰ, 23 ਅਗਸਤ (ਬਬਲੂ ਮਹਾਜਨ): ਸਾਡੇ ਜਿਹੜੇ ਬੰਦੀ ਸਿੰਘ 32^32 ਤੋ 35^35 ਸਾਲਾਂ ਤੋ ਜੇਲ੍ਹਾਂ ਵਿਚ ਬੰਦ ਹਨ, ਇਹ ਸਿੰਘ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ।ਸੈਂਟਰ ਜਾਣ ਬੁੱਝ ਕੇ ਸਾਡੇ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਿਹਾ। ਕੌਮ ਦੇ ਵਿੱਚ ਇਸ ਗੱਲ ਦਾ ਬੜਾ ਵੱਡਾ ਰੋਸ ਹੈ, ਜਥੇਦਾਰ ਮੰਡ ਨੇ ਕਿਹਾ ਕਿ ਅਸੀ ਮਾਰਚ ਕੱਢ ਕੇ ਵੀ ਵੇਖੇ, ਮੈਮੋਰੰਡਮ ਦੇ ਕੇ ਵੀ ਵੇਖੇ, ਮੋਰਚੇ ਵੀ ਲਾਏ ਪਰ ਸਰਕਾਰ ਦੇ ਕੰਨਾਂ ਦੇ ਉੱਤੇ ਜੂ ਨਹੀਂ ਸਰਕੀ। ਆਪਣੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਅਸੀਂ ਇੱਕ ਮਾਰਚ ਆਰੰਭ ਕਰਨ ਜਾ ਰਹੇ ਹਾਂ। ਉਨਾਂ ਕਿਹਾ ਕਿ ਜਦੋਂ ਸਾਡੀ ਕੋਈ ਸੁਣਵਾਈ ਨਹੀਂ ਹੁੰਦੀ ਜਦੋਂ ਦਲੀਲ ਅਪੀਲ ਤੇ ਵਕੀਲ ਦੀ ਗੱਲ ਨਹੀਂ ਸੁਣੀ ਜਾਂਦੀ ਫਿਰ ਸਾਨੂੰ ਅੱਜ ਸੜਕਾਂ ਤੇ ਆਉਣਾ ਬਹੁਤ ਜਰੂਰੀ ਹੈ। ਜਥੇਦਾਰ ਮੰਡ ਨੇ ਕਿਹਾ ਕਿ ਮਾਰਚ ਦਾ ਸਿਰਫ ਇੱਕੋ ਹੀ ਏਜੰਡਾ ਹੈ ਕਿ ਖਾਲਸਾ ਪੰਥ ਨੇ ਹਰ ਹਾਲਤ ਦੇ ਵਿੱਚ ਆਪਣੇ ਸਿੰਘਾਂ ਨੂੰ ਰਿਹਾਅ ਕਰਾਉਣਾ ਹੈ।ਸਾਡਾ ਮਕਸਦ ਸੈਂਟਰ ਦੇ ਕੰਨ ਖੋਲਣੇ ਤੇ ਸੈਂਟਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਮਜਬੂਰ ਕਰਨਾ ਹੈ।ਬੰਦੀ ਸਿੰਘ ਘਰਾਂ ਵਿੱਚ ਲਿਆਉਣਾ ਸਾਡਾ ਫਰਜ਼ ਹੈ। ਢੂਨਾਂ ਉੱਠੋ ਸੰਗਤਾਂ ਵਿੱਚ ਜਾਓ ਔਰ ਪੰਥ ਤੇ ਕੌਮ ਬੰਦੀ ਸਿੰਘਾਂ ਦੀ ਰਿਹਾਈ ਦਾ ਫੈਸਲਾ ਪੰਜਾਬ ਦੀ ਸਰਕਾਰ ਨਹੀਂ ਕਰ ਸਕਦੀ ਸਾਡਾ ਨਿਸ਼ਾਨਾ ਸੈਂਟਰ ਦੀ ਸਰਕਾਰ ਹੈ। ਜਥੇਦਾਰ ਮੰਡ ਨੇ ਕਿਹਾ ਕਿ ਮੈਂ ਸਿੱਖ ਨੌਜਵਾਨਾਂ ਸੱਦਾ ਦਿੰਦੇ ਕਿਹਾ ਕਿ ਹੁਣ ਤੁਹਾਡੀ ਚਾਲ ਤੇ ਢਾਲ ਸੈਂਟਰ ਨੂੰ ਦਿਖਾਈ ਜਾਵੇ ਸਾਰੇ ਦੇ ਸਾਰੇ



ਕਿਹਾ ਕਿ ਅਸੀਂ ਸਮੁੱਚੇ ਪੰਜਾਬ ਹਰਿਆਣਾ ਰਾਜਸਥਾਨ ਜੰਮੂ ਕਸ਼ਮੀਰ ਹਰ ਸਟੇਟ ਦੇ ਸਿੱਖਾਂ, ਟਕਸਾਲਾਂ,ਸੰਪਰਦਾਵਾਂ, ਡੇਰੇ ਹਨ ਲੂੰ ਸੱਦਾ ਦਿੰਦੇ ਹਾਂ ਕਿਮ ਦਿਇਸ ਮਾਰਚ ਵਿਚ ਸ਼ਾਮਲ ਹੋਵੋ। ਇਹ ਮਾਰਚ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਸਿੰਘ ਸਾਹਿਬ ਜਥੇਦਾਰ ਹਵਾਰਾ ਨੇ ਮੈਨੂੰ ਕਿਹਾ ਸੀ ਕਿ ਜਥੇਦਾਰ ਜੀ ਘਰੇ ਨਾ ਬੈਠੋ ਦੀ ਗੱਲ ਕਰੋ।ਉਨਾਂ ਕਿਹਾ ਕਿ ਅਸੀਂ ਬੜੀ ਨਿਮਰਤਾ ਸਹਿਤ ਪੰਥ ਦਾ ਵਾਸਤਾ ਪਾ ਕੇ, ਕੌਮ ਦਾ ਵਾਸਤਾ ਪਾ ਕੇ, ਬੰਦੀ ਸਿੰਘਾਂ ਦੀ ਰਿਹਾਈ ਦਾ ਵਾਸਤਾ ਪਾ ਕੇ, ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਅੱਜ ਸਾਡੇ ਪੱਲੇ ਕੁਛ ਨਹੀਂ ਹੈ। ਸਾਨੂੰ ਨਿਆ ਨਹੀ ਮਿਲ ਰਿਹਾ ਤੇ ਨਾ ਹੀ ਮਿਲਣ ਦੀ ਕੋਈ ਆਸ ਹੈ। ਇਹ ਫੈਸਲਾ ਸੈਂਟਰ ਨੇ ਕਰਨਾ ਹੈ। ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੌਮੀ ਮਸਲਾ ਸਮਝ ਕੇ ਆਪਾਂ ਸੜਕ 'ਤੇ ਉਤਰ ਆਈਏ। ਇਸ ਮੌਕੇ ਤੇ ਭਾਈ ਮੋਹਕਮ ਸਿੰਘ, ਭਾਈ ਜਰਨੈਲ ਸਿੰਘ ਸਖੀਰਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਸੰਤ ਚਮਕੌਰ ਸਿੰਘ ਭਾਈ ਰੂਪਾ, ਭਾਈ ਤੇਜਬੀਰ ਸਿੰਘ ਦਮਦਮੀ ਟਕਸਾਲ, ਭਾਈ ਰਣਜੀਤ ਸਿੰਘ ਵਾਂਦਰ, ਭਾਈ ਸਤਨਾਮ ਸਿੰਘ ਮਨਾਵਾਂ ਅਤੇ ਭਾਈ ਬੇਅੰਤ ਸਿੰਘ ਖਿਆਲਾ ਆਦਿ ਹਾਜਰ ਸਨ।

# ਭਾਜਪਾ ਨੇ ਸ਼ਹਿਰ 'ਚ ਪੰਜਾਬ ਸਰਕਾਰ ਦੇ ਪੁਤਲੇ ਫੂਕੇ

ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਪੰਜਾਬ ਸਰਕਾਰ ਵੱਲੋਂ ਭਾਜਪਾ ਆਗੂਆਂ ਨੂੰ ਕੀਤੇ ਜਾ ਰਹੇ ਤੰਗ-ਪ੍ਰੇਸ਼ਾਨ ਦੇ ਵਿਰੋਧ ਵਿੱਚ, ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੇ ਨਿਰਦੇਸ਼ਾਂ 'ਤੇ ਅੱਜ ਲੁਧਿਆਣਾ ਦੇ 6 ਵਿਧਾਨ ਸਭਾ ਹਲਕਿਆਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਲੁਧਿਆਣਾ ਉੱਤਰੀ ਵਿਧਾਨ ਸਭਾ ਵਿੱਚ, ਭਗਵਾਨ ਮਹਾਂਵੀਰ ਚੌਕ ਹੈਬੋਵਾਲ ਵਿਖੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਬਾਂਸਲ ਅਤੇ ਭਾਜਪਾ ਦਫ਼ਤਰ ਸਕੱਤਰ ਪ੍ਰਵੀਨ ਸ਼ਰਮਾ ਦੀ ਮੌਜੂਦਗੀ ਵਿੱਚ, ਘੁਮਾਰ ਮੰਡੀ ਵਿਖੇ ਪੱਛਮੀ ਵਿਧਾਨ ਸਭਾ ਵਿੱਚ ਸੂਬਾ ਕੋਰ ਗਰੁੱਪ ਮੈਂਬਰ ਜੀਵਨ ਗੁਪਤਾ ਅਤੇ ਜ਼ਿਲ੍ਹਾ ਉਪ ਪ੍ਰਧਾਨ ਲੱਕੀ ਚੋਪੜਾ ਦੀ ਮੌਜੂਦਗੀ ਵਿੱਚ, ਆਤਮ ਨਗਰ ਵਿਧਾਨ ਸਭਾ ਵਿੱਚ ਦੁੱਗਰੀ ਚੌਕ ਵਿਖੇ ਸਾਬਕਾ ਵਿਧਾਇਕ ਪ੍ਰੇਮ ਮਿੱਤਲ ਅਤੇ ਜ਼ਿਲ੍ਹਾ ਬੁਲਾਰੇ ਸੁਰੇਂਦਰ ਕੌਸ਼ਲ ਦੀ ਮੌਜੂਦਗੀ ਵਿੱਚ, ਦੱਖਣੀ ਵਿਧਾਨ ਸਭਾ ਵਿੱਚ ਗਿਆਸਪੁਰਾ ਚੌਕ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਅਤੇ ਡਾ. ਨਿਰਮਲ ਨਈਅਰ ਦੀ ਮੌਜੂਦਗੀ ਵਿੱਚ, ਪੂਰਬੀ ਵਿਧਾਨ ਸਭਾ ਵਿੱਚ ਜੋਧੇਵਾਲ ਬਸਤੀ ਚੌਕ ਵਿਖੇ ਸੂਬਾ ਉਪ ਪ੍ਰਧਾਨ ਜਤਿੰਦਰ ਮਿੱਤਲ ਅਤੇ ਜ਼ਿਲ੍ਹਾ ਉਪ ਪ੍ਰਧਾਨ ਲੱਕੀ ਸ਼ਰਮਾ ਦੀ ਮੌਜੂਦਗੀ ਵਿੱਚ, ਕੇਂਦਰੀ ਵਿਧਾਨ ਸਭਾ ਵਿੱਚ ਪੰਜਾਬ ਭਾਜਪਾ ਦੇ ਖਜ਼ਾਨਚੀ ਅਤੇ ਕੇਂਦਰੀ ਹਲਕਾ ਇੰਚਾਰਜ ਗੁਰਦੇਵ ਸ਼ਰਮਾ ਦੇਵੀ ਅਤੇ ਜ਼ਿਲ੍ਹਾ ਸਕੱਤਰ ਅੰਕਿਤ ਬੱਤਰਾ ਦੀ ਮੌਜੂਦਗੀ ਵਿੱਚ, ਗੁਰਦੇਵ ਸ਼ਰਮਾ ਦੇਵੀ ਦੇ ਦਫ਼ਤਰ ਦੇ ਬਾਹਰ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਰਜਨੀਸ਼ ਧੀਮਾਨ ਨੇ ਕਿਹਾ ਕਿ ਆਮ ਲੋਕਾਂ ਨੂੰ ਮੋਦੀ ਸਰਕਾਰ ਦੀਆਂ ਸਹੂਲਤਾਂ ਤੋਂ ਦੂਰ ਰੱਖਿਆ ਜਾ ਰਿਹਾ ਹੈ।

ਭਾਜਪਾ ਨੇ ਗਰੀਬਾਂ, ਔਰਤਾਂ ਅਤੇ ਕਿਸਾਨਾਂ ਸਮੇਤ ਵੱਖ-ਵੱਖ ਵਰਗਾਂ ਨੂੰ ਕੇਂਦਰੀ ਯੋਜਨਾਵਾਂ ਨਾਲ ਜੋੜਨ ਲਈ ਪੰਜਾਬ ਦੇ 1500 ਪਿੰਡਾਂ ਵਿੱਚ 1444 ਕੈਂਪ ਲਗਾਉਣ ਦੀ ਯੋਜਨਾ ਬਣਾਈ ਸੀ, ਪਰ 'ਆਪ' ਸਰਕਾਰ ਨੇ ਜ਼ਬਰਦਸਤੀ 39 ਕੈਂਪ ਬੰਦ ਕਰ ਦਿੱਤੇ ਅਤੇ ਵਰਕਰਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਮੌਕੇ ਭਾਜਪਾ ਦੇ ਸੂਬਾ ਵਪਾਰ ਸੈੱਲ ਦੇ ਪ੍ਰਧਾਨ ਦਿਨੇਸ਼ ਸਰਪਾਲ, ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਹਰਕੇਸ਼ ਮਿੱਤਲ, ਕੌਂਸਲਰ ਪਾਰਟੀ ਆਗੂ ਪੂਨਮ ਰਤੜਾ, ਉਪ ਆਗੂ ਰੋਹਿਤ ਸਿੱਕਾ, ਕੌਂਸਲਰ ਰਾਜੇਸ਼ ਮਿਸ਼ਰਾ, ਹੈਪੀ ਸ਼ੇਰਪੁਰੀਆ, ਸਾਬਕਾ ਕੌਂਸਲਰ ਗੁਰਦੀਪ ਸਿੰਘ ਨੀਟੂ, ਨਿਰਮਲ ਸਿੰਘ ਐਸਐਸ, ਬਲਇੰਦਰ ਜੈਸ਼, ਬਲਬੀਰ ਸਿੰਘ, ਐੱਸ. ਵਰਮਾ, ਹਿਮਾਂਸ਼ੂ ਕਾਲੜਾ, ਗੁਰਨਾਮ ਸਿੰਘ, ਮੰਗਾ ਸਿੰਘ, ਸਰਦਾਰ ਤਰਨਜੀਤ ਸਿੰਘ, ਵਿਜੇ ਸੂਰੀ, ਵਿੱਕੀ ਸਹੋਤਾ, ਅਮਨ ਕੁਮਰਾ, ਕਪਿਲ ਕਤਿਆਲ ਆਦਿ ਸੈਂਕੜੇ ਭਾਜਪਾ ਵਰਕਰਾਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।

# ਸਪਰਿੰਗ ਡੇਲ ਪਬਲਿਕ ਸਕੂਲ ਦੀ ਕ੍ਰਿਕਟ ਟੀਮ ਦੀ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੋਣ




ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੀ ਅੰਡਰ 19 ਦੀ ਕ੍ਰਿਕਟ ਟੀਮ ਨੇ 69ਵੀਂ ਪੰਜਾਬ ਸਕੂਲ ਗੇਮਸ ਦੇ ਜ਼ੋਨਲ ਪੱਧਰੀ ਮੁਕਾਬਲੇ ਨੂੰ ਜਿੱਤਦੇ ਹੋਏ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਆਪਣਾ ਨਾਂ ਅੰਕਿਤ ਕਰਵਾਇਆ। ਮੁਕਾਬਲਾ ਬਹੁਤ ਹੀ ਰੋਮਾਂਚਕ ਰਿਹਾ। ਫਾਈਨਲ ਦੇ ਵਿੱਚ ਸਪਰਿੰਗ ਡੇਲ ਸਕੂਲ ਦੀ ਟੀਮ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੋਰਾਹਾ ਦੀ ਟੀਮ ਨੂੰ ਕੜੀ ਟੱਕਰ ਦਿੰਦੇ ਹੋਏ ਵਿਨਰ ਦਾ ਖ਼ਿਤਾਬ ਜਿੱਤਿਆ। ਸਕੂਲ ਦੇ ਮਾਣਯੋਗ ਚੇਅਰਪਰਸਨ ਮੈਡਮ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਜੀ ਨੇ ਟੀਮ ਦੇ ਸਾਰੇ ਖਿਡਾਰੀਆਂ ਨੂੰ ਉਹਨਾਂ ਦੀ ਸ਼ਾਨਦਾਰ ਜਿੱਤ ਤੇ ਬਹੁਤ-ਬਹੁਤ ਵਧਾਈ ਦਿੱਤੀ ਅਤੇ ਨਾਲ ਹੀ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਲਈ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਸ ਦੇ ਨਾਲ ਹੀ ਡਾਇਰੈਕਟਰਜ਼ ਸ਼੍ਰੀ ਮਨਦੀਪ ਵਾਲੀਆ ਜੀ, ਸ਼੍ਰੀਮਤੀ ਕਮਲਪ੍ਰੀਤ ਕੌਰ ਜੀ, ਡਿਪਟੀ ਡਾਇਰੈਕਟਰ ਸ਼੍ਰੀਮਤੀ ਸੋਨੀਆ ਵਰਮਾ ਜੀ ਅਤੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਸ਼ਰਮਾ ਜੀ ਨੇ ਵੀ ਸਾਰੇ ਖਿਡਾਰੀਆਂ ਦੀ ਖ਼ੂਬ ਪਿੱਠ ਥਾਪੜੀ ਅਤੇ ਜਿੱਤਾਂ ਦੇ ਇਸ ਸਿਲਸਿਲੇ ਨੂੰ ਇੰਝ ਹੀ ਬਰਕਰਾਰ ਰੱਖਣ ਦੇ ਲਈ ਵੀ ਪ੍ਰੇਰਿਆ।

# ਐਸ.ਸੀ.ਡੀ. ਕਾਲਜ ਨੇ ਸਾਬਕਾ ਵਿਦਿਆਰਥੀ ਜਸਵਿੰਦਰ ਭੱਲਾ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ



ਲੁਧਿਆਣਾ, 23 ਅਗਸਤ (ਵਿਸ਼ਾਲ ਸ਼ਰਮਾ) : ਐਸਸੀਡੀ ਸਰਕਾਰੀ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਨੇ ਪੰਜਾਬੀ ਕਾਮੇਡੀਅਨ ਜਸਵਿੰਦਰ ਭੱਲਾ ਦੀ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ, ਜੋ 1970 ਦੇ ਦਹਾਕੇ ਦੇ ਅੰਤ ਵਿੱਚ ਇੱਥੇ ਦੇ ਸਾਬਕਾ ਵਿਦਿਆਰਥੀ ਸਨ ਅਤੇ ਫਿਰ ਅੱਗੇ ਦੀ ਪੜ੍ਹਾਈ ਲਈ ਪੀਏਯੂ, ਲੁਧਿਆਣਾ ਗਏ। ਉਨ੍ਹਾਂ ਦੀ ਮੌਤ 'ਤੇ ਸੋਗ ਪ੍ਰਗਟ ਕਰਨ ਵਾਲਿਆਂ ਵਿੱਚ ਗੁਰਭਜਨ ਸਿੰਘ ਗਿੱਲ, ਇੱਕ ਉੱਘੇ ਪੰਜਾਬ ਕਵੀ ਜੋ ਕਾਲਜ ਦੇ ਦਿਨਾਂ ਤੋਂ ਉਨ੍ਹਾਂ ਦੇ ਦੋਸਤ ਰਹੇ, ਮਨਜੀਤ ਸਿੰਘ ਸੰਧੂ, ਪ੍ਰੋਫੈਸਰ ਪੀਕੇ ਸ਼ਰਮਾ, ਨਰਿੰਦਰ ਮੈਸਨ, ਪ੍ਰੋਫੈਸਰ ਪੀਡੀ ਗੁਪਤਾ, ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਦੇ ਸਵਰਨਜੀਤ ਸਾਵੀ, ਕਾਲਜ ਪ੍ਰਿੰਸੀਪਲ ਗੁਰਸ਼ਰਨ ਸਿੰਘ ਸੰਧੂ ਅਤੇ ਬ੍ਰਿਜ ਭੂਸ਼ਣ ਗੋਇਲ, ਸਾਬਕਾ ਵਿਦਿਆਰਥੀ ਸੰਗਠਨ ਸਕੱਤਰ ਸ਼ਾਮਲ ਹਨ। ਸਵਰਨਜੀਤ ਸਾਵੀ ਨੇ 1988 ਦੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਜਦੋਂ ਉਸਨੇ ਆਪਣੀ ਪਹਿਲੀ ਵਿਅੰਗ ਆਡੀਓ ਕੈਸੇਟ ਛੇਕਟਾ 88 ਦੀ ਰਿਲੀਜ਼ ਲਈ ਪਿਕਟੋਗ੍ਰਾਫੀ ਡਿਜ਼ਾਈਨ ਕੀਤੀ ਸੀ ਜੋ ਬਹੁਤ ਮਸ਼ਹੂਰ ਹੋਈ ਸੀ। ਬਾਅਦ ਵਿੱਚ ਅਤੇ ਫਿਰ ਸਾਲਾਂ ਦੌਰਾਨ ਕਈ ਐਡੀਸ਼ਨਾਂ ਵਿੱਚ ਆਡੀਓ ਕੈਸੇਟ ਅਤੇ ਫਿਰ ਵੀਡੀਓ ਆਈਆਂ। ਪ੍ਰੋਫੈਸਰ ਪੀਕੇ ਸ਼ਰਮਾ ਨੇ ਕਿਹਾ ਨੇ ਇਸ ਮੌਕੇ ਕਿਹਾ ਕਿ ਅੱਜ ਦੇ ਹੜਬੜ-ਦਵੜੀ, ਡਰ ਅਤੇ ਤਣਾਅ ਦੇ ਸੰਸਾਰ ਵਿੱਚ ਕਾਮੇਡੀ ਅਤੇ ਹਾਸੇ ਦਾ ਇੱਕ ਚਮਕਦਾ ਸਿਤਾਰਾ ਬਹੁਤ ਘੱਟ ਮਿਲਦਾ ਹੈ, ਉਸਦੀ ਕਾਮੇਡੀ ਦੀ ਕਲਾ ਸਾਡੇ ਦੁਆਰਾ ਹਮੇਸ਼ਾ ਯਾਦ ਰੱਖੀ ਜਾਵੇਗੀ, ਬ੍ਰਿਜ ਭੂਸ਼ਣ ਗੋਇਲ, ਆਰਗੇਨਾਈਜ਼ਿੰਗ ਸਕੱਤਰ, ਅੱਲੂਮਨੀ ਐਸੋਸੀਏਸ਼ਨ ਐਸਸੀਡੀ ਸਰਕਾਰੀ ਕਾਲਜ, ਲੁਧਿਆਣਾ ਨੇ ਵੀ ਇਸ ਮੌਕੇ ਅਫਸੋਸ ਦਾ ਇਜਹਾਰ ਕੀਤਾ।

# ਅੱਜ ਦੀ ਮਹਾਂ ਪੰਚਾਇਤ ਰੈਲੀ 'ਚ ਪੰਜਾਬ ਭਰ ਤੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ-ਮਜ਼ਦੂਰ ਸ਼ਾਮਲ ਹੋਣਗੇ



ਸਮਰਾਲਾ, 23 ਅਗਸਤ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਅੱਜ ਸਮਰਾਲਾ ਦੀ ਅਨਾਜ ਮੰਡੀ ਵਿੱਚ ਵਿਸ਼ਾਲ ਜੇਤੂ ਰੈਲੀ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ, ਪੰਜਾਬ ਭਰ ਤੋਂ ਆਉਣ ਵਾਲੇ ਕਿਸਾਨਾਂ ਲਈ ਲੰਗਰ, ਪਾਣੀ ਆਦਿ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਸਿੰਘ ਪਾਲ ਮਾਜਰਾ ਅਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਇਸ ਜੇਤੂ ਰੈਲੀ ਵਿੱਚ ਪੰਜਾਬ ਭਰ ਦੇ ਕਿਸਾਨਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ, ਕਿਉਂਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਮੁੱਚੀ ਏਕਤਾ ਨੇ ਪੰਜਾਬ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ, ਕਿਉਂਕਿ ਇਸ ਲੈਂਡ ਪੂਲਿੰਗ ਪਾਲਿਸੀ ਰਾਹੀਂ ਸਰਕਾਰ ਨੇ ਕਿਸਾਨਾਂ ਦੀ ਸਲਾਹ ਲਏ ਬਿਨਾਂ ਹੀ ਪੰਜਾਬ ਦੀ ਉਪਜਾਊ ਜ਼ਮੀਨ ਕਾਰਪੋਰੇਟਾਂ ਨੂੰ ਸੌਂਪਣ ਲਈ ਮੋਦੀ ਸਰਕਾਰ ਵਾਲਾ ਰਾਹ ਅਪਣਾਇਆ ਸੀ। ਉਨ੍ਹਾਂ ਸਰਕਾਰ ਨੂੰ ਮੁੜ ਚਿਤਾਵਨੀ ਦਿੱਤੀ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਇਸ ਲਈ ਭਵਿੱਖ ਵਿੱਚ ਪੰਜਾਬ ਅੰਦਰ ਜਿਹੜੀ ਮਰਜੀ ਪਾਰਟੀ ਦੀ ਸਰਕਾਰ ਹੋਵੇ ਉਹ ਕਿਸਾਨ ਮਾਰੂ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੁੜ ਗਲਤੀ ਨਾ ਕਰੇ, ਨਹੀਂ ਤਾਂ ਉਸਨੂੰ ਮੁੜ ਮੂੰਹ ਦੀ ਖਾਣੀ ਪਵੇਗੀ। ਆਗੂਆਂ ਨੇ ਅੱਗੇ ਕਿਹਾ ਕਿ ਸੰਯੁਕਤ ਮੋਰਚੇ ਵੱਲੋਂ ਰੈਲੀ ਵਿੱਚ ਆਉਣ ਵਾਲੇ ਕਿਸਾਨਾਂ ਲਈ ਲੰਗਰ ਪਾਣੀ, ਗੱਡੀਆਂ, ਟਰੈਕਟਰ ਟਰਾਲੀਆਂ ਦੀ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਦੂਰੋਂ ਨੇੜੇ ਤੋਂ ਆਏ ਕਿਸਾਨਾਂ ਨੂੰ ਕੋਈ ਤਕਲੀਫ ਨਾ ਆਵੇ।

# ਗਡਵਾਸੂ ਵੈਟਨਰੀ ਸਟੂਡੈਂਟ ਯੂਨੀਅਨ ਨੇ ਕਾਲਜ ਡੀਨ ਨੂੰ ਇੰਟਰਨਸ਼ਿਪ ਭੱਤੇ 'ਚ ਵਾਧੇ ਲਈ ਮੰਗ ਪੱਤਰ ਦਿੱਤਾ



ਲੁਧਿਆਣਾ, 23 ਅਗਸਤ (ਵਿਸ਼ਾਲ ਸ਼ਰਮਾ) : ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨਿਮਲ ਸਾਇੰਸਜ਼ ਯੂਨੀਵਰਸਿਟੀ (GADVASU) ਦੇ ਵੈਟਨਰੀ ਸਟੂਡੈਂਟ ਯੂਨੀਅਨ ਨੇ ਕਾਲਜ ਆਫ਼ ਵੈਟਨਰੀ ਸਾਇੰਸ ਦੇ ਡੀਨ, ਲੁਧਿਆਣਾ ਨੂੰ ਇੱਕ ਅਧਿਕਾਰਕ ਪੱਤਰ ਸੌਂਪਿਆ ਹੈ, ਜਿਸ ਵਿੱਚ 25 ਅਗਸਤ 2025 ਨੂੰ ਇੰਟਰਨਸ਼ਿਪ ਦੌਰਾਨ ਦਿੱਤੇ ਜਾਣ ਵਾਲੇ ਭੱਤੇ ਵਿੱਚ ਵਾਧੇ ਦੀ ਮੰਗ ਲਈ ਪ੍ਰਦਰਸ਼ਨ ਕਰਨ ਦੀ ਸੂਚਨਾ ਦਿੱਤੀ ਗਈ ਹੈ। ਯੂਨੀਅਨ ਮੈਂਬਰਾਂ ਦੀ ਅੱਜ ਹੋਈ ਮੀਟਿੰਗ ਤੋਂ ਬਾਅਦ, ਇਹ ਐਲਾਨ ਕੀਤਾ ਗਿਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸਰਕਾਰੀ ਅਧਿਕਾਰੀਆਂ ਨੂੰ ਕਈ ਵਾਰ ਅਪੀਲਾਂ ਕਰਨ ਦੇ ਬਾਵਜੂਦ ਕੋਈ ਹੱਲ ਨਾ ਨਿਕਲਣ ਕਰਕੇ ਹੁਣ ਉਹਨਾਂ ਕੋਲ ਪ੍ਰਦਰਸ਼ਨ ਕਰਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਨਹੀਂ ਬਚਿਆ। ਵੈਟਨਰੀ ਸਟੂਡੈਂਟ ਯੂਨੀਅਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਮੌਜੂਦਾ ਭੱਤਾ ਬਹੁਤ ਘੱਟ ਹੈ ਜੋ ਨਾ ਤਾਂ ਮਹਿੰਗਾਈ ਦੇ ਅਨੁਸਾਰ ਹੈ ਅਤੇ ਨਾ ਹੀ ਪੰਜਾਬ ਦੇ MBBS/BDS ਇੰਟਰਨਜ਼ ਨੂੰ ਮਿਲਦੇ ਭੱਤੇ ਦੇ ਬਰਾਬਰ ਹੈ। ਵਿਦਿਆਰਥੀਆਂ ਨੇ ਇਹ ਵੀ ਦਰਸਾਇਆ ਕਿ ਗੁਆਂਢੀ ਰਾਜਾਂ ਦੀਆਂ ਵੈਟਨਰੀ ਯੂਨੀਵਰਸਿਟੀਆਂ, ਜਿਵੇਂ ਕਿ LUVAS (ਹਰਿਆਣਾ), RAJUVAS (ਰਾਜਸਥਾਨ), ਅਤੇ BHU (ਵਾਰਾਣਸੀ) ਵਿੱਚ ਇੰਟਰਨ ਡਾਕਟਰਾਂ ਨੂੰ ਕਾਫ਼ੀ ਵੱਧ ਮਹੀਨਾਵਾਰ ਭੱਤਾ ਮਿਲਦਾ ਹੈ।

ਯੂਨੀਅਨ ਨੇ ਆਪਣੇ ਹਾਲੀਆ ਯਤਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 3 ਅਗਸਤ 2025 ਨੂੰ ਉਸਦੇ ਨੁਮਾਇੰਦਿਆਂ ਨੇ ਪੰਜਾਬ ਦੇ ਵਿੱਤ ਮੰਤਰੀ ਨਾਲ ਮੁਲਾਕਾਤ ਕੀਤੀ ਸੀ। ਉਸ ਵੇਲੇ ਮੰਤਰੀ ਨੇ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਵਿਦਿਆਰਥੀ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਬੁਲਾਉਣ ਦੇ ਨਿਰਦੇਸ਼ ਦਿੱਤੇ ਸਨ। 13 ਅਗਸਤ 2025 ਨੂੰ ਮੰਤਰੀ ਦੇ ਦਫ਼ਤਰ ਨਾਲ ਟੈਲੀਫ਼ੋਨ 'ਤੇ ਗੱਲਬਾਤ ਦੌਰਾਨ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਮੀਟਿੰਗ 4 ਸਤੰਬਰ 2025 ਨੂੰ ਹੋਵੇਗੀ।

# ਨਾਰੀ ਏਕਤਾ ਆਸਰਾ ਸੰਸਥਾ ਮੇਲਾ ਅੱਜ : ਗੋਗਾ



ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਨਾਰੀ ਏਕਤਾ ਆਸਰਾ ਸੰਸਥਾ ਦੇ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ ਹਰ ਸਾਲ ਦੀ ਤਰ੍ਹਾਂ ਇਲਾਕਾ ਨਿਵਾਸੀਆਂ ਸਹਿਰ ਨਿਵਾਸੀਆਂ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਮੁੱਖ ਸੇਵਾਦਾਰ ਸੋਹਨ ਸਿੰਘ ਗੋਗਾ ਨੇ ਦੱਸਿਆ ਕਿ ਤ੍ਰਿੰਝਣ ਖ਼ਿਤਾਬ ਜਿੱਤਣ ਲਈ ਸਭਿਆਚਾਰਕ ਸੰਸਥਾਵਾਂ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ । ਐਤਵਾਰ 24 ਅਗਸਤ ਨੂੰ ਸ਼ਾਮ 3 ਵਜੇ ਤੋਂ ਸ਼ਾਮ ਤੱਕ ਮੇਲਾ ਆਯੋਜਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਗੋਗਾ ਅਤੇ ਕਰਮਦੀਪ ਬਿਰਦੀ ਤੋ ਇਲਾਵਾ ਬੀਬੀ ਕਮਲੇਸ਼ ਜਾਗੜਾ ਚੇਅਰਮੈਨ ਹਰਜੀ ਕੌਰ, ਹਰਜੀਤ ਕੌਰ ਭੱਟੀ ਵਲਵਿੰਦਰ ਕੌਰ ਬਲਜੀਤ ਕੌਰ ਬਿਰਦੀ ਜਨਕ ਮਹਾਜਨ ਅਮਰਜੀਤ ਕੌਰ , ਸੁਖਵਿੰਦਰ ਸਿੰਘ ਦਹੇਲਾ ਰਾਜ ਕੁਮਾਰ ਸਰਮਾ ਅਕਾਸ਼ ਵਰਮਾ ਸਵਿਤਾ ਰਾਣੀ ਅਵਨੀਤ ਕੌਰ ਆਦਿ ਹਾਜ਼ਰ ਸਨ ਲੰਬੀ ਗੁੱਤ ਗਿੱਧਾ ਭੰਗੜਾ ਬੋਲੀਆਂ ਪੰਜਾਬੀ ਸੱਭਿਆਚਾਰ ਸਬੰਧੀ ਜਾਣਕਾਰੀ ਆਦਿ ਮੁਕਾਬਲਿਆਂ ਦੀ ਗੂੰਜ ਦੇਸ਼ ਵਿਦੇਸ਼ ਵਿੱਚ ਹਰ ਸਾਲ ਪੈਂਦੀ ਹੈ। ਕਈ ਪਾਰਟੀਆਂ ਦੇ ਲੀਡਰ ਵੀ ਪਹੁੰਚ ਰਹੇ ਹਨ।

# ਜਸਵਿੰਦਰ ਭੱਲਾ ਨੂੰ ਸਮਰਪਿਤ ਹੋਵੇਗਾ ਇਸ ਵਾਰ ਦਾ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ



ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਵੱਲੋਂ ਅਕਤੂਬਰ ਮਹੀਨੇ ਵਿੱਚ ਲਗਾਇਆ ਜਾਣ ਵਾਲਾ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ ਇਸ ਵਾਰ ਸਵ. ਪ੍ਰੋ. ਜਸਵਿੰਦਰ ਸਿੰਘ ਭੱਲਾ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਜਸਵਿੰਦਰ ਭੱਲਾ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ, ਕਿਹਾ ਕਿ ਮੇਹਰ ਮਿੱਤਲ ਦੇ ਜਾਣ ਤੋਂ ਬਾਅਦ ਪੰਜਾਬੀ ਫਿਲਮ ਇੰਡਸਟਰੀ ਵਿੱਚ ਇੱਕ ਕਮੇਡੀ ਕਲਾਕਾਰ ਦੀ ਘਾਟ ਨੂੰ ਜਸਵਿੰਦਰ ਭੱਲਾ ਨੇ ਪੂਰਾ ਕੀਤਾ ਸੀ। ਇਸ ਤੋਂ ਇਲਾਵਾ, ਦੂਰਦਰਸ਼ਨ 'ਤੇ ਆਉਣ ਵਾਲੇ ਛਣਕਾਟਾ ਪ੍ਰੋਗਰਾਮ ਵਿਚ ਸਵ. ਸ. ਜਗਦੇਵ ਸਿੰਘ ਜੱਸੋਵਾਲ ਨੇ ਜਸਵਿੰਦਰ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਦੀ ਸ਼ਮੂਲੀਅਤ ਕਰਵਾਈ ਸੀ। ਇਸ ਮੌਕੇ ਪ੍ਰਗਟ ਸਿੰਘ ਗਰੇਵਾਲ, ਪ੍ਰਿਥੀਪਾਲ ਸਿੰਘ ਬਟਾਲਾ, ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ, ਅਮਰਿੰਦਰ ਸਿੰਘ ਜੱਸੋਵਾਲ, ਗੁਰਭਜਨ ਸਿੰਘ ਗਿੱਲ, ਮਲਕੀਤ ਸਿੰਘ ਦਾਖਾ, ਕੇ ਕੇ ਬਾਵਾ, ਡਾ. ਨਿਰਮਲ ਜੌੜਾ, ਤਨਿਸ਼ ਕਨੋਜੀਆ ਦੇ ਵੱਲੋਂ ਵੀ ਜਸਵਿੰਦਰ ਭੱਲਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਅੱਜ ਮਨਾਇਆ ਜਾਵੇਗਾ





ਲੁਧਿਆਣਾ, 23 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 421ਵਾਂ ਪਹਿਲਾ ਪ੍ਰਕਾਸ਼ ਪੁਰਬ 24 ਅਗਸਤ ਦਿਨ ਐਤਵਾਰ ਨੂੰ ਬੜੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਗੁਰਮੀਤ ਸਿੰਘ ਅਤੇ ਖ਼ਜ਼ਾਨਚੀ ਸ੍ਰ: ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਸਵੇਰੇ 8 ਵਜੇ ਸ੍ਰੀ ਅਖੰਡ-ਪਾਠ ਸਾਹਿਬ ਜੀ ਦੀ ਸਮਾਪਤੀ ਹੋਵੇਗੀ । ਇਸੇ ਦਿਹਾੜੇ ਸ਼ਾਮ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਸੁੱਖਾਂ ਦੀ ਮਨੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਵੇਗਾ । ਸੋਦਰੁ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਭਾਈ ਅਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਕੀਰਤਨ ਕਰਨਗੇ । ਉਪਰੰਤ ਭਾਈ ਗੁਰਵਿੰਦਰ ਸਿੰਘ ਜੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਵਾਲੇ ਅੰਮ੍ਰਿਤਮਈ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

## ਪਰਮਜੀਤ ਧੰਜਲ ਬਣੀ ਲੋਕ ਗਾਇਕ ਕਲਾ ਮੰਚ ਦੀ ਕੋਰ ਕਮੇਟੀ ਮੈਂਬਰ



ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ): ਲੋਕ ਗਾਇਕ ਕਲਾ ਮੰਚ ਦੀ ਇੱਕ ਮੀਟਿੰਗ ਮੰਚ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੰਜਾਬੀ ਗਾਇਕੀ ਵਿੱਚ ਔਰਤਾਂ ਦੇ ਯੋਗਦਾਨ 'ਤੇ ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਹਾਕਮ ਬਖਤੜੀ ਵਾਲਾ ਨੇ ਆਖਿਆ ਕਿ ਬੇਸ਼ੱਕ ਪੰਜਾਬੀ ਗਾਇਕੀ ਵਿੱਚ ਔਰਤਾਂ ਨੂੰ ਉਹ ਸਥਾਨ ਨਹੀਂ ਮਿਲ ਸਕਿਆ ਜਿਹੜਾ ਕਿ ਮਿਲਣਾ ਚਾਹੀਦਾ ਸੀ ਫਿਰ ਵੀ ਬਹੁਤ ਸਾਰੀਆਂ ਔਰਤਾਂ ਆਪਣੀ ਆਵਾਜ਼ ਦੇ ਬਲਬੂਤੇ 'ਤੇ ਆਕਾਸ਼ ਦੀਆਂ ਬੁਲੰਦੀਆਂ ਛੂਹਣ ਵਿੱਚ ਕਾਮਯਾਬ ਹੋਈਆਂ ਹਨ। ਉਹਨਾਂ ਕਿਹਾ ਕਿ ਲੋਕ ਗਾਇਕ ਕਲਾ ਮੰਚ ਵਿੱਚ ਔਰਤਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਕਿਸੇ ਕੜੀ ਅਧੀਨ ਗਾਇਕਾ ਪਰਮਜੀਤ ਧੰਜਲ ਨੂੰ ਮੰਚ ਦੀ ਕੋਰ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਧੰਜਲ ਨੇ ਇਸ ਮੌਕੇ ਹਾਕਮ ਅਤੇ ਹੋਰ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਆਖਿਆ ਕਿ ਉਹ ਮੰਚ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ ਕੀਰਤਨ ਸਮਾਗਮ : ਬੈਨੀਪਾਲ



ਲੁਧਿਆਣਾ, 23 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਹਫ਼ਤਾਵਾਰੀ ਵਿਸ਼ੇਸ਼ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ , ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ । ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਗਗਨਦੀਪ ਸਿੰਘ, ਅਮਨਦੀਪ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਮਹਿੰਦਰ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ । ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਰਹਿਰਾਸ ਸੋਦਰ ਦੀ ਚੌਂਕੀ ਤੋਂ ਬਾਅਦ ਪਰਮਿੰਦਰ ਸਿੰਘ ਬਾਬਾ ਬਕਾਲੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਜਗਮੋਹਨ ਸਿੰਘ, ਤਰਲੋਕ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਪਰਮਿੰਦਰ ਸਿੰਘ ਬਾਬਾ ਬਕਾਲੇ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ । ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸਪਾਲ ਸਿੰਘ ਆਦਿ ਹਾਜ਼ਰ ਸਨ।

# ਇਕਬਾਲ ਸਿੰਘ ਭਮਰਾ ਦੀ 31 ਰਾਗਾਂ 'ਤੇ ਪੁਸਤਕ 'ਗੁਰਬਾਣੀ ਗਾਇਨ' ਲੋਕਅਰਪਣ



ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਉੱਘੇ ਸੰਗੀਤ ਉਸਤਾਦ ਅਤੇ ਸੰਗੀਤ ਭਾਸਕਰ ਇੰਨ ਮਿਊਜ਼ਿਕ ਵੋਕਲ .ਇਕਬਾਲ ਸਿੰਘ ਭੰਮਰਾਂ ਵੱਲੋਂ 31 ਰਾਗਾਂ ਦੇ ਉਪਰ ਲਿਖਤ ਪੁਸਤਕ 'ਗੁਰਬਾਣੀ ਗਾਇਨ' ਭਾਗ ਪਹਿਲਾ ਨੂੰ ਸੰਗਤ ਅਰਪਿਤ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ . ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਨਿਰਧਾਰਤ ਰਾਗਾਂ ਵਿੱਚ ਉੱਚਰੀ ਇਲਾਹੀ ਬਾਣੀ ਜਿੱਥੇ ਸਾਨੂੰ ਅਧਿਆਤਮਕ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ, ਉੱਥੇ ਗੁਰਬਾਣੀ ਨੂੰ ਗਾਇਨ ਕਰਨ ਦੀ ਕੀਰਤਨ ਸ਼ੈਲੀ ਸਾਨੂੰ ਪ੍ਰਮੇਸ਼ਵਰ ਦੀ ਬੰਦਗੀ (ਪ੍ਰੇਮਾ ਭਗਤੀ) ਨਾਲ ਜੁੜ ਕੇ ਆਪਣੇ ਅੰਦਰ ਰੂਹਾਨੀ ਪ੍ਰੇਮ ਪੈਦਾ ਕਰਨ ਦਾ ਰਸਤਾ ਵੀ ਦਰਸਾਉਂਦੀ ਹੈ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ, ਬੱਚਿਆਂ ਤੇ ਗੁਰਮਤਿ ਸੰਗੀਤ ਪ੍ਰੇਮੀਆਂ ਨੂੰ ਨਿਰਧਾਰਤ ਰਾਗਾਂ ਦੇ ਗਾਇਨ ਦੀ ਪੁਖਤਾ ਢੰਗ ਨਾਲ ਜਾਣਕਾਰੀ ਦੇਣ ਦੇ ਮਨੋਰਥ ਨੂੰ ਲੈ ਕੇ ਉੱਘੇ ਸੰਗੀਤ ਉਸਤਾਦ ਅਤੇ ਸੰਗੀਤ ਭਾਸਕਰ ਇੰਨ ਮਿਊਜ਼ਿਕ ਵੋਕਲ ਸ.ਇਕਬਾਲ ਸਿੰਘ ਭੰਮਰਾ ਵੱਲੋਂ ਲਿਖਤ ਪਲੇਠੀ ਪੁਸਤਕ 'ਗੁਰਬਾਣੀ ਗਾਇਨ' ਕੇਵਲ ਇੱਕ ਪੁਸਤਕ ਨਹੀਂ, ਬਲਕਿ ਇੱਕ ਖੋਜ ਭਰਪੂਰ ਗਿਆਨ ਵਰਧਕ ਦਸਤਾਵੇਜ਼ ਹੈ, ਜੋ ਕਿ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਸਿਖਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ ਸ. ਮੱਕੜ ਨੇ ਕਿਹਾ ਕਿ ਅੱਖਾਂ ਦੀ ਰੋਸ਼ਨੀ ਨਾਹ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਗੁਰਬਾਣੀ ਗਾਇਨ ਦੇ ਵਿਸ਼ੇ ਉਪਰ ਪੁਸਤਕ ਲਿਖਣਾ ਇੱਕ ਮਿਸਾਲੀ ਕਾਰਜ ਹੈ। ਇਸ ਮੌਕੇ ਸ. ਭੰਮਰਾ ਨੇ ਸ੍ਰ. ਮੱਕੜ ਤੇ ਪ੍ਰਮੁੱਖ ਸਖਸ਼ੀਅਤਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਹੋਇਆਂ ਕਿਹਾ ਕਿ ਜੋ ਸਤਿਕਾਰ ਤੇ ਸਨਮਾਨ ਅੱਜ ਦਾਸ ਨੂੰ ਆਪ ਜੀ ਵੱਲੋਂ ਬਖਸ਼ਿਆ ਗਿਆ ਹੈ। ਉਹ ਮੇਰੇ ਲਈ ਪਿਆਰ ਭਰੀ ਵੱਡੀ ਆਸੀਸ ਹੈ, ਜਿਸ ਤੋਂ ਸੇਧ ਲੈ ਕੇ ਮੈਂ ਗੁਰਮਤਿ ਸੰਗੀਤ ਦੇ ਪ੍ਰਚਾਰ ਨੂੰ ਸਮਾਜ ਦੇ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਹੋਰ ਚੰਗੇ ਢੰਗ ਨਾਲ ਕਰਾਂਗਾ। ਇਸ ਮੌਕੇ ਉਨ੍ਹਾਂ ਦੇ ਨਾਲ ਮਹਿੰਦਰ ਸਿੰਘ ਡੰਗ, ਰਜਿੰਦਰ ਸਿੰਘ ਡੰਗ, ਰਣਜੀਤ ਸਿੰਘ ਖਾਲਸਾ, ਹਰਮਿੰਦਰ ਸਿੰਘ ਕੋਹਲੀ, ਗੁਰਪ੍ਰੀਤ ਸਿੰਘ ਗੁਲਾਮ, ਸੰਚਾਰੀ ਭੰਮਰਾ, ਸੁਰਮਨੀ ਭੰਮਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਲੁਧਿਆਣਾ ਫਸਟ ਕਲੱਬ ਨੇ ਮਨਾਇਆ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਡੇਅ



ਲੁਧਿਆਣਾ, 23 ਅਗਸਤ (ਰਵਿੰਦਰ ਸਿੰਘ ਨਿੱਝਰ) : ਅੱਜ ਸਤਲੁਜ ਕਲੱਬ ਲੁਧਿਆਣਾ ਵਿਖੇ ਲੁਧਿਆਣਾ ਫਸਟ ਕਲੱਬ ਵੱਲੋਂ ਆਯੋਜਿਤ ਸਮਾਗਮ ਦੌਰਾਨ ਸਾਬਕਾ ਚੇਅਰਮੈਨ ਪੀ.ਐਸ.ਆਈ.ਡੀ.ਸੀ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਬੰਧਕ ਸਕੱਤਰ ਅਸ਼ਵਨੀ ਅਰੋੜਾ ਨੇ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਡੇਅ 'ਤੇ ਸਤਲੁਜ ਕਲੱਬ ਦੇ ਜਨਰਲ ਸੈਕਟਰੀ ਡਾ. ਅਸ਼ੀਸ਼ ਆਹੂਜਾ, 89 ਸਾਲ ਦੀ ਉਮਰ ਵਿੱਚ ਤੰਦਰੁਸਤ ਮੇਜਰ ਡੋਭ, ਵੀਰ ਚੱਕਰ ਵਿਜੇਤਾ ਕਰਨਲ ਐਚ.ਐਸ ਕਾਹਲੋਂ, ਪ੍ਰਿੰਸੀਪਲ ਸੁਰਿੰਦਰ ਸ਼ਰਮਾ, ਮਹਿੰਦਰ ਸਿੰਘ ਇਰੰਕ, ਕਰਨਲ ਆਈ.ਐਸ ਸੰਧੂ, ਕਰਨਲ ਸਿੱਧੂ, ਰਿਟਾ. ਚੀਫ ਇੰਜੀਨੀਅਰ ਅਤੇ ਜੱਜ ਆਰ. ਐਸ ਖੋਖਰ, ਬਾਰ ਸੈਕਟਰੀ ਭੁਪਿੰਦਰ ਦੇਵ, ਐਸ ਐਸ ਬੇਦੀ, ਚੀਫ ਇੰਜੀ. ਮਨਪ੍ਰੀਤ ਚਾਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਸਾਬਕਾ ਜਨਰਲ ਸਕੱਤਰ ਗੁਰਿੰਦਰ ਕੌਰ ਨੇ ਸ੍ਰੀ ਬਾਵਾ ਅਤੇ ਮੁਕੇਸ਼ ਸੂਦ ਦਾ ਵਿਸ਼ੇਸ਼ ਸਨਮਾਨ ਕੀਤਾ। ਸ੍ਰੀ ਬਾਵਾ ਨੇ ਕਿਹਾ ਕਿ ਅਸੀਂ ਆਪਣੇ ਗੌਰਵਮਈ ਸੱਭਿਆਚਾਰ, ਸੰਸਕ੍ਰਿਤੀ ਅਤੇ ਨੈਤਿਕਤਾ ਨੂੰ ਭੁੱਲ ਰਹੇ ਹਾਂ ਜੋ ਸਾਡੇ ਅਮੀਰ ਵਿਰਸੇ ਨੂੰ ਕਲੰਕਿਤ ਕਰਦਾ ਹੈ। ਉਹਨਾਂ ਕਿਹਾ ਕਿ ਵੈਸਟਰਨ ਸੱਭਿਅਤਾ ਦਾ ਅਸਰ ਸਾਨੂੰ ਮਾਡਰਨ ਨਹੀਂ ਬਣਾ ਰਿਹਾ। ਲੋੜ ਹੈ ਵੈਸਟਰਨ ਸੱਭਿਅਤਾ ਦੀਆਂ ਚੰਗੀਆਂ ਚੀਜ਼ਾਂ ਜੀਵਨ ਅੰਦਰ ਗ੍ਰਹਿਣ ਕਰੀਏ ਅਤੇ ਆਪਣੀ ਸਭਿਅਤਾ ਦਾ ਸਤਿਕਾਰ ਕਰਦੇ ਹੋਏ ਸੋਹਣੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਈਏ। ਸਾਡਾ ਅੱਜ ਦੀ ਪੀੜ੍ਹੀ ਨੂੰ ਇਹੀ ਸੰਦੇਸ਼ ਹੈ। ਇਸ ਸਮੇਂ ਜੋਗਾ ਸਿੰਘ, ਡੀ.ਐਸ ਮਲਹੋਤਰਾ, ਰਿਟਾ. ਚੀਫ ਇੰਜੀਨੀਅਰ ਮਨਪ੍ਰੀਤ ਸਿੰਘ ਚਾਹਲ, ਉੱਘੇ ਸਮਾਜਸੇਵੀ ਵਿਨੋਦ ਤਲਵਾੜ, ਸੀ. ਐਸ ਮਾਨ, ਵਰਿੰਦਰ ਭਾਟੀਆ ਵੀ ਹਾਜ਼ਰ ਸਨ।

# ਮਿਲਰਗੰਜ ਸਮਾਲ ਸਕੇਲ ਇੰਡਸਟਰੀਜ਼ ਐਸੋਸੀਏਸ਼ਨ ਨੇ ਯੂਨਾਈਟਿਡ ਅਲਾਇੰਸ ਗਰੁੱਪ ਦਾ ਸਮਰਥਨ ਕੀਤਾ




ਲੁਧਿਆਣਾ, 23 ਅਗਸਤ (ਵਿਸ਼ਾਲ ਸ਼ਰਮਾ) : ਗੁਰਮੀਤ ਸਿੰਘ ਕੁਲਾਰ ਦੀ ਅਗਵਾਈ ਹੇਠ ਯੂਨਾਈਟਿਡ ਅਲਾਇੰਸ ਗਰੁੱਪ ਦੀ ਟੀਮ ਨੇ ਮਿਲਰਗੰਜ ਸਮਾਲ ਸਕੇਲ ਇੰਡਸਟਰੀਜ਼ ਐਸੋਸੀਏਸ਼ਨ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਮੁਰਾਦਪੁਰਾ, ਲਛਮਣ ਨਗਰ, ਨਾਨਕ ਪੁਰੀ, ਮੂੰਗਫਲੀ ਮੰਡੀ ਸ਼ਾਮਲ ਹਨ। ਉਨ੍ਹਾਂ ਨੇ ਯੂਸੀਪੀਐਮਏ ਦੀਆਂ ਆਉਣ ਵਾਲੀਆਂ ਚੋਣਾਂ ਲਈ ਪ੍ਰਧਾਨ ਦੇ ਉਮੀਦਵਾਰ ਹਰਸਿਮਰਜੀਤ ਸਿੰਘ ਲੱਕੀ ਅਤੇ ਪੂਰੀ ਟੀਮ ਦਾ ਪੂਰਾ ਸਮਰਥਨ ਕੀਤਾ। ਇਹ ਮੀਟਿੰਗ ਮਿੱਲਰ ਗੰਜ ਦੇ ਸਾਬਕਾ ਕੌਂਸਲਰ ਸਰਬਜੀਤ ਸਿੰਘ ਕਾਕਾ ਦੁਆਰਾ ਆਯੋਜਿਤ ਕੀਤੀ ਗਈ ਸੀ। ਮਿਲਰ ਗੰਜ ਸਮਾਲ ਸਕੇਲ ਇੰਡਸਟਰੀਜ਼ ਐਸੋਸੀਏਸ਼ਨ ਨੇ ਕਿਹਾ ਕਿ ਹਰਸਿਮਰਜੀਤ ਸਿੰਘ ਲੱਕੀ ਅਤੇ ਟੀਮ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ। ਟੀਮ ਲੱਕੀ ਵਿੱਚ ਸ਼ਾਮਲ ਹਨ ਹਰਸਿਮਰਜੀਤ ਸਿੰਘ ਲੱਕੀ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਅਵਤਾਰ ਸਿੰਘ ਭੋਗਲ ਸੀਨੀਅਰ ਉਪ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਇੰਦਰਜੀਤ ਸਿੰਘ ਨਵਯੁਗ ਉਪ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਰਾਜੀਵ ਜੈਨ ਜਨਰਲ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਰਜਿੰਦਰ ਸਿੰਘ ਸਰਹਾਲੀ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਸੁਰਿੰਦਰ ਪਾਲ ਸਿੰਘ ਸੋਨੂੰ ਨਾਜ਼ ਸੰਯੁਕਤ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਮਨੋਜ ਦੁਆ ਪ੍ਰਚਾਰ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ ਸਤਨਾਮ ਸਿੰਘ ਮੱਕੜ ਵਿੱਤ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ।

ਇਸ ਮੌਕੇ ਗੁਰਮੀਤ ਸਿੰਘ ਕੁਲਾਰ, ਯੁਵਰਾਜ ਸਿੰਘ, ਰਜਿੰਦਰ ਕੁਮਾਰ ਨਾਰੰਗ, ਜਸਪਾਲ ਸਿੰਘ, ਵਿਨੋਦ ਕੁਮਾਰ ਪ੍ਰਤਾਪ ਸਿੰਘ ਰਵਿੰਦਰ ਸਿੰਘ, ਰਾਜ ਕੁਮਾਰ, ਅਜਾਇਬ ਸਿੰਘ, ਸਤਨਾਮ ਸਿੰਘ, ਕਪਿਲ ਕੁਮਾਰ, ਕਮਲ ਕੁਮਾਰ,ਪ੍ਰਭਜੋਤ ਸਿੰਘ ਜੇ.ਜੇ.,ਜਗਬੀਰ ਸਿੰਘ, ਨਰਿੰਦਰ ਅਰੋੜਾ ਹਰਵਿੰਦਰ ਸਿੰਘ ਛਾਬੜਾ ਗੁਰਦੀਪ ਸਿੰਘ ਨਾਗਪਾਲ,ਗੋਗੀ ਬਾਂਸਲ, ਅਜੀਤ ਕੁਮਾਰ, ਮਨੋਜ ਬਾਂਸਲ, ਜਸਵੰਤ ਸਿੰਘ ਰਾਜਾ,ਗੁਰਪ੍ਰੀਤ ਸਿੰਘ ਮੌਜੂਦ ਸਨ।

# ਡੀ.ਸੀ. ਵੱਲੋਂ ਅਣ-ਅਧਿਕਾਰਤ ਪੋਸਟਰ, ਬੈਨਰ, ਕੰਧ ਲਿਖਤਾਂ ਆਦਿ ਨੂੰ ਰੋਕਣ ਲਈ ਹੁਕਮ ਜਾਰੀ




ਲੁਧਿਆਣਾ, 23 ਅਗਸਤ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਲੁਧਿਆਣਾ ਭਰ ਵਿੱਚ ਅਨਅਧਿਕਾਰਤ ਪੋਸਟਰ, ਗ੍ਰੈਫਿਟੀ, ਬੈਨਰ ਅਤੇ ਕੰਧ ਲਿਖਤਾਂ ਆਦਿ ਨੂੰ ਹੱਲ ਕਰਨ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਜੋ ਕਿ ਪੰਜਾਬ ਪ੍ਰਾਪਰਟੀ ਰੋਕਥਾਮ ਐਕਟ, 1997 ਦੀ ਉਲੰਘਣਾ ਹੈ। ਉਨ੍ਹਾਂ ਨੇ ਸ਼ਹਿਰ ਦੇ ਸੁਹਜ ਨੂੰ ਬਹਾਲ ਕਰਨ ਅਤੇ ਜਨਤਕ ਵਿਵਸਥਾ ਨੂੰ ਬਣਾਈ ਰੱਖਣ ਲਈ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ। ਇਹ ਹੁਕਮ ਦਫਤਰ ਨਗਰ ਨਿਗਮ ਨੂੰ ਅਨਅਧਿਕਾਰਤ ਪੋਸਟਰ, ਗ੍ਰੈਫਿਟੀ, ਬੈਨਰ ਅਤੇ ਕੰਧ ਲਿਖਤਾਂ ਆਦਿ ਨੂੰ ਤੁਰੰਤ ਹਟਾਉਣ ਨੂੰ ਯਕੀਨੀ ਬਣਾਉਣ ਦਾ ਆਦੇਸ਼ ਦਿੱਤਾ ਹੈ। ਵਾਰਡ ਵਾਰ ਨਿਗਰਾਨੀ ਅਤੇ ਸਫਾਈ ਕਾਰਜ ਕਰਨ ਲਈ 48 ਘੰਟਿਆਂ ਦੇ ਅੰਦਰ ਇੱਕ ਨੋਡਲ ਅਧਿਕਾਰੀ ਦੀ ਅਗਵਾਈ ਵਿੱਚ ਇੱਕ ਸਮਰਪਿਤ ਟੀਮ ਬਣਾਈ ਜਾਵੇਗੀ। ਸਾਫ਼ ਕੀਤੇ ਸਥਾਨਾਂ, ਪਛਾਣੇ ਗਏ ਨਵੇਂ ਮਾਮਲਿਆਂ ਅਤੇ ਕੀਤੀਆਂ ਗਈਆਂ ਕਾਰਵਾਈਆਂ ਦਾ ਵੇਰਵਾ ਦੇਣ ਵਾਲੀਆਂ ਹਫਤਾਵਾਰੀ ਸਥਿਤੀ ਰਿਪੋਰਟਾਂ ਹਰ ਸੋਮਵਾਰ ਨੂੰ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪਾਲਣਾ ਕਰਨ ਵਿੱਚ ਕੋਈ ਵੀ ਅਸਫਲਤਾ ਨੋਡਲ ਅਧਿਕਾਰੀ ਵਿਰੁੱਧ ਕਾਰਵਾਈ ਨੂੰ ਆਕਰਸ਼ਿਤ ਕਰੇਗੀ। ਪੁਲਿਸ ਨੂੰ ਪੰਜਾਬ ਪ੍ਰਾਪਰਟੀ ਰੋਕਥਾਮ ਐਕਟ, 1997 ਨੂੰ ਲਾਗੂ ਕਰਨ ਅਤੇ ਸਬੰਧਤ ਧਾਰਾਵਾਂ ਤਹਿਤ ਅਪਰਾਧੀਆਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਜਿਹੇ ਅਨਅਧਿਕਾਰਤ ਪੋਸਟਰ, ਗ੍ਰੈਫਿਟੀ, ਬੈਨਰ ਅਤੇ ਕੰਧ ਲਿਖਤਾਂ ਆਦਿ ਲਈ ਜ਼ਿੰਮੇਵਾਰ ਵਿਅਕਤੀਆਂ ਜਾਂ ਸੰਗਠਨਾਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀਆਂ ਜਾਣਗੀਆਂ। ਖਾਸ ਕਰਕੇ ਜਨਤਕ ਬੁਨਿਆਦੀ ਢਾਂਚੇ, ਸਰਕਾਰੀ ਦਫ਼ਤਰਾਂ, ਫਲਾਈਓਵਰਾਂ ਅਤੇ ਉੱਚ-ਦ੍ਰਿਸ਼ਟੀ ਵਾਲੇ ਖੇਤਰਾਂ ਦੇ ਨੇੜੇ, ਢੁਕਵੀਂ ਗਸ਼ਤ ਅਤੇ ਨਿਗਰਾਨੀ ਉਪਾਅ ਤੇਜ਼ ਕੀਤੇ ਜਾਣੇ ਚਾਹੀਦੇ ਹਨ। ਪੁਲਿਸ ਸਟੇਸ਼ਨਾਂ ਨੂੰ ਵਿਗਾੜ ਦੇ ਮਾਮਲਿਆਂ ਦਾ ਰਿਕਾਰਡ ਰੱਖਣਗੇ ਅਤੇ ਹਫਤਾਵਾਰੀ ਪਾਲਣਾ ਰਿਪੋਰਟਾਂ ਜਮ ?ਹਾਂ ਕਰਾਉਣੀਆਂ ਹੋਣਗੀਆਂ। ਸਕੂਲਾਂ, ਕਾਲਜਾਂ, ਬਾਜ਼ਾਰਾਂ ਅਤੇ ਹੋਰ ਜਨਤਕ ਖੇਤਰਾਂ ਵਿੱਚ ਭਾਈਚਾਰਕ ਸ਼ਮੂਲੀਅਤ ਅਤੇ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ ਜਾਣਗੀਆਂ।

ਹਿਮਾਂਸ਼ੂ ਜੈਨ ਨੇ ਇਹ ਵੀ ਕਿਹਾ ਕਿ ਅਜਿਹੇ ਅਨਅਧਿਕਾਰਤ ਪੋਸਟਰ, ਗ੍ਰੈਫਿਟੀ, ਬੈਨਰ ਅਤੇ ਕੰਧ ਲਿਖਤਾਂ ਆਦਿ ਸ਼ਹਿਰ ਦੀ ਸੁੰਦਰਤਾ ਨੂੰ ਖਰਾਬ ਕਰਦੇ ਹਨ ਅਤੇ ਜਨਤਕ ਵਿਵਸਥਾ ਨੂੰ ਵਿਗਾੜਦੇ ਹਨ। ਉਨ੍ਹਾਂ ਨਾਗਰਿਕਾਂ ਨੂੰ ਸਹਿਯੋਗ ਕਰਨ ਅਤੇ ਉਲੰਘਣਾਵਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਨੇ ਅਨਾਜ ਮੰਡੀ ਮਜ਼ਦੂਰਾਂ ਦਾ ਮੇਹਨਤਾਨਾਂ ਵਧਾ ਕੇ ਸੂਬੇ ਦੇ ਮਜ਼ਦੂਰਾਂ ਦਾ ਦਿਲ ਲੁੱਟ ਲਿਆ : ਬੰਗੜ



ਸਮਰਾਲਾ, 23 ਅਗਸਤ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਨੇ ਬੀਤੇ ਦਿਨੀਂ ਅਨਾਜ ਮੰਡੀ ਮਜ਼ਦੂਰਾਂ ਦੀ ਲੇਬਰ ਵਿੱਚ ਵਾਧਾ ਕਰਕੇ ਪੰਜਾਬ ਭਰ ਦੇ ਮਜ਼ਦੂਰਾਂ ਦਾ ਦਿਲ ਜਿੱਤ ਲਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਨਾਜ ਮੰਡੀ ਮਜ਼ਦੂਰ ਯੂਨੀਅਨ ਸਮਰਾਲਾ ਦੇ ਪ੍ਰਧਾਨ ਮਹਿੰਦਰ ਸਿੰਘ ਅਤੇ ਸੂਬੇ ਦੇ ਜੁਆਇੰਟ ਸਕੱਤਰ ਕਲਮਜੀਤ ਸਿੰਘ ਬੰਗੜ ਨੇ ਅਨਾਜ ਮੰਡੀ ਵਿੱਚ ਇਕੱਤਰ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀ ਪੁਰਾਣੀ ਅਤੇ ਮੁੱਢਲੀ ਮੰਗ ਨੂੰ ਮੰਨਦਿਆਂ ਉਨ੍ਹਾਂ ਦੀ ਲੇਬਰ ਜੋ 17.50 ਰੁਪਏ ਤੋਂ ਵਧਾ ਕੇ 18.96 ਰੁਪਏ (ਪ੍ਰਤੀ ਬੈਗ 37.5 ਕਿੱਲੋਗ੍ਰਾਮ) ਇਸ ਤਹਿਤ 1.46 ਰੁਪਏ ਦਾ ਵਾਧਾ ਕਰਕੇ ਪੰਜਾਬ ਦੇ ਮਜ਼ਦੂਰਾਂ ਨੂੰ ਬਹੁਤ ਵੱਡੀ ਦਿੱਤੀ ਹੈ। ਬੀਤੇ ਦਿਨੀਂ ਪੰਜਾਬ ਮੰਡੀਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਪ੍ਰਧਾਨਗੀ ਹੇਠ ਬੋਰਡ ਆਫ ਡਾਇਰੈਕਟਰ ਦੀ ਜੋ ਮੀਟਿੰਗ ਹੋਈ ਸੀ, ਜਿਸ ਵਿੱਚ ਮੰਡੀ ਬੋਰਡ ਦੇ ਸੈਕਟਰੀ ਰਘਵੀਰ ਸਿੰਘ, ਜੀ. ਐਮ. ਸਵਰਨ ਸਿੰਘ ਅਤੇ ਅਨਾਜ ਮੰਡੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਕੇਸ਼ ਕੁਮਾਰ ਤੁਲੀ, ਗੁਰਦਿਆਲ ਸਿੰਘ, ਦਰਸ਼ਨ ਲਾਲ ਖੰਨਾ ਆਦਿ ਸ਼ਾਮਲ ਸਨ, ਜਿਸ ਵਿੱਚ ਸਰਕਾਰ ਦੁਆਰਾ ਉਨ੍ਹਾਂ ਦੀ ਮਜ਼ਦੂਰੀ ਵਿੱਚ ਵਾਧੇ ਨੂੰ ਪ੍ਰਵਾਨਗੀ ਦਿੱਤੀ ਗਈ। ਆਗੂਆਂ ਨੇ ਅੱਗੇ ਕਿਹਾ ਕਿ ਇਸ ਨਾਲ ਪੰਜਾਬ ਭਰ ਦੇ ਮਜ਼ਦੂਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਅਤੇ ਸਮਰਾਲਾ ਅਨਾਜ ਮੰਡੀ ਦੇ ਸਮੂਹ ਮਜ਼ਦੂਰਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਭਵਿੱਖ ਵਿੱਚ ਪੰਜਾਬ ਸਰਕਾਰ ਮਜ਼ਦੂਰਾਂ ਦੇ ਹੱਕਾਂ ਨੂੰ ਅੱਗੇ ਰੱਖਕੇ ਹੋਰ ਵਧੀਆ ਫੈਸਲੇ ਲਵੇਗੀ। ਇਸ ਮੌਕੇ ਅਨਾਜ ਮੰਡੀ ਦੇ ਸਮੂਹ ਆੜ੍ਹਤੀਆਂ ਨੇ ਕਿਹਾ ਕਿ ਸਰਕਾਰ ਨੇ ਅਨਾਜ ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕਰਕੇ ਸ਼ਲਾਘਾਯੋਗ ਕਦਮ ਪੁੱਟਿਆ ਹੈ, ਜਿਸ ਦਾ ਸਮੂਹ ਆੜ੍ਹਤੀਏ ਧੰਨਵਾਦ ਕਰਦੇ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਭਗਵੰਤ ਸਿੰਘ, ਚਰਨਜੀਤ ਸਿੰਘ, ਗੁਰਦੀਪ ਸਿੰਘ ਰਿੰਪਾ, ਮੇਜਰ ਸਿੰਘ, ਮਨਜੀਤ ਸਿੰਘ ਲਾਡੀ, ਗੁਰਪ੍ਰੀਤ ਸਿੰਘ ਗੁਰੀ, ਮਲਕੀਤ ਸਿੰਘ, ਅਮੋਲਕ ਸਿੰਘ, ਜਗਦੀਪ ਜੱਗੀ, ਤਰਸੇਮ ਸਿੰਘ, ਕਾਕਾ ਭਜਨ ਸਿੰਘ, ਰਾਮ ਸਿੰਘ, ਗੁਰਪ੍ਰੀਤ ਗੋਪੀ, ਹੈਪੀ, ਮੋਹਣ ਸਿੰਘ, ਚਰਨ ਸਿੰਘ, ਗੱਡੂ, ਮੋਹਣ ਸਿੰਘ, ਗੱਗੂ, ਬੱਗਾ, ਬਚਨ ਸਿੰਘ, ਪੱਪੂ, ਛਿੰਦਰ ਸਿੰਘ, ਜਿੰਦੂ ਆਦਿ ਤੋਂ ਇਲਾਵਾ ਹੋਰ ਅਨਾਜ ਮੰਡੀ ਮਜ਼ਦੂਰ ਵੀ ਹਾਜਰ ਸਨ। ਅਖੀਰ ਸਿੰਘ ਸੂਬਾ ਜੁਆਇੰਟ ਸੈਕਟਰੀ ਕਮਲਜੀਤ ਸਿੰਘ ਬੰਗੜ ਨੇ ਮੀਟਿੰਗ ਵਿੱਚ ਸ਼ਾਮਲ ਮਜ਼ਦੂਰਾਂ ਦਾ ਧੰਨਵਾਦ ਕੀਤਾ।

# ਵਿਧਾਇਕ ਛੀਨਾ ਵੱਲੋਂ ਸੜਕ ਨਿਰਮਾਣ ਕਾਰਜ ਦਾ ਉਦਘਾਟਨ



ਲੁਧਿਆਣਾ, 23 ਅਗਸਤ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 35 ਅਤੇ 43 ਨੂੰ ਜੋੜਨ ਵਾਲੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਦੱਸਿਆ ਕਿ ਵਾਰਡ ਨੰਬਰ 35 ਅਤੇ 43 ਨੂੰ ਜੋੜਨ ਵਾਲੀ ਮੇਨ ਸੜਕ ਦਾ ਨਿਰਮਾਣ 10 ਇੰਚ ਆਰ ਐਮ ਸੀ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 89 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਇਲਾਕੇ ਦੀ ਸੜਕਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਅਤੇ ਹੁਣ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਇਸ ਮੇਨ ਗੱਲੀ ਦੇ ਨਿਰਮਾਣ ਨਾਲ ਆਵਾਜਾਈ ਸੁਖਾਲੀ ਹੋਵੇਗੀ ਅਤੇ ਬਰਸਾਤੀ ਮੌਸਮ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲੇਗਾ। ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚਲਾਈ ਜਾ ਰਹੀ ਤਾਂ ਜੋ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਨਾ ਰਹਿਣ। ਇਸ ਮੌਕੇ ਵੀ ਸੀ ਵਿੰਗ ਪ੍ਰਧਾਨ ਜਗਦੇਵ ਧੁੰਨਾ, ਕੌਂਸਲਰ ਪ੍ਰਭਪ੍ਰੀਤ ਕੌਰ ਧੁੰਨਾ 'ਯੁੱਧ ਨਸ਼ਿਆਂ ਵਿਰੁੱਧ' ਹਲਕਾ ਕੋਰਡੀਨੇਟਰ ਲਖਵਿੰਦਰ ਜ਼ੋਰਾ. ਵਾਰਡ ਪ੍ਰਧਾਨ ਰਣਜੀਤ ਗਰੇਵਾਲ. ਸੁਖਦੇਵ ਗਰਚਾ, ਰੇਨੂੰ ਮਸੀਹ ਵੀ ਮੌਜੂਦ ਸਨ।

# ਵਿਦਿਆਰਥੀ ਟੀਚੇ ਨਿਰਧਾਰਤ ਕਰਨ ਤੇ ਆਪਣੇ ਖੇਤਰਾਂ 'ਚ ਮੁਹਾਰਤ ਹਾਸਲ ਕਰਨ: ਡਾ. ਜੁਨੇਜਾ

☛ ਦੇਸ਼ ਭਗਤ ਯੂਨੀਵਰਸਿਟੀ ਵਿਖੇ ਦੀਕਸ਼ਾਰੰਭ ਦੇ ਤੀਜੇ ਦਿਨ ਮਾਹਿਰਾਂ ਨੇ ਕੀਤਾ ਮਾਰਗ ਦਰਸ਼ਨ



ਮੰਡੀ ਗੋਬਿੰਦਗੜ੍ਹ, 23 ਅਗਸਤ (ਅੰਮ੍ਰਿਤਪਾਲ ਸਿੰਘ/ਸੂਦ):ਦੇਸ਼ ਭਗਤ ਯੂਨੀਵਰਸਿਟੀ ਵਿਖੇ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਦੀਕਸ਼ਾਰੰਭ ਦੇ ਤੀਜੇ ਦਿਨ 'ਇਗਨਾਈਟਿੰਗ ਮਾਈਂਡਸ ਵਿਦ ਆਰਟੀਫੀਸ਼ੀਅਲ ਇੰਟੈਲੀਜੈਂਸ' ਵਿਸ਼ੇ 'ਤੇ ਪ੍ਰੇਰਨਾਦਾਇਕ ਪੇਸ਼ੇਵਰ ਭਾਸ਼ਣ ਕਰਵਾਇਆ ਗਿਆ, ਜਿਸ ਦਾ ਉਦੇਸ਼ ਨਵੇਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਤੇ ਅੱਜ ਦੀ ਦੁਨੀਆ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਪਰਿਵਰਤਨਸ਼ੀਲ ਭੂਮਿਕਾ ਬਾਰੇ ਡੂੰਘੀ ਸਮਝ ਦੇਣਾ ਸੀ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਸਵਾਗਤ ਕਰਦੇ ਹੋਏ ਵਿਦਿਆਰਥੀਆਂ ਨੂੰ ਉਤਸੁਕਤਾ ਤੇ ਦ੍ਰਿੜਤਾ ਨਾਲ ਨਵੇਂ ਯੁੱਗ ਦੀਆਂ ਤਕਨਾਲੋਜੀਆਂ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਗੈਸਟ ਆਫ ਆਨਰ ਤੇ ਸਰੋਤ ਵਿਅਕਤੀ ਡਾ. ਰੋਮੀ ਜੁਨੇਜਾ ਸੰਸਥਾਪਕ, ਪਾਰਟਨਰ ਤੇ ਬੋਰਡ ਮੈਂਬਰ, ਰਿਫੈਕਸ ਏਅਰਪੋਰਟਸ ਐਂਡ ਟਰਾਂਸਪੋਰਟੇਸ਼ਨ ਪ੍ਰਾਈਵੇਟ ਲਿਮਟਿਡ ਨੇ ਅਪਡੇਟ ਰਹਿਣ, ਸਪੱਸ਼ਟ ਟੀਚੇ ਨਿਰਧਾਰਤ ਕਰਨ ਤੇ ਜਨੂੰਨ ਨਾਲ ਕੰਮ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ 'ਆਪਣਾ ਟੀਚਾ ਨਿਰਧਾਰਤ ਕਰੋ ਤੇ ਸਖ਼ਤ ਮਿਹਨਤ ਕਰੋ, ਜਦੋਂ ਤੱਕ ਤੁਸੀਂ ਆਪਣੇ ਖੇਤਰ ਵਿੱਚ ਮੁਹਾਰਤ ਹਾਸਲ ਨਹੀਂ ਕਰ ਲੈਂਦੇ।' ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਅਕਾਦਮਿਕ ਯਾਤਰਾ ਵਿੱਚ ਧਿਆਨ ਕੇਂਦਰਿਤ 'ਤੇ ਨਿਰੰਤਰ ਰਹਿਣ ਦੀ ਤਾਕੀਦ ਕੀਤੀ। ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਤੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ ਤੇ ਨਿਰੰਤਰ ਨਵੀਨਤਾ, ਜੀਵਨ ਭਰ ਸਿੱਖਣ ਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਤਕਨੀਕੀ ਦ੍ਰਿਸ਼ ਦੇ ਅਨੁਕੂਲ ਹੋਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਇਸ ਮੌਕੇ ਵਿਦਿਆਰਥੀ ਅਤੇ ਫ਼ੈਕਲਟੀ ਨੇ ਸਵਾਲ ਪੁੱਛੇ ਜਿਨ੍ਹਾਂ ਦਾ ਮੌਕੇ 'ਤੇ ਜਵਾਬ ਦਿੱਤਾ ਗਿਆ। ਇਸ ਮੌਕੇ ਵਿਚਾਰਾਂ ਦੇ ਆਦਾਨ-ਪ੍ਰਦਾਨ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ, ਸਗੋਂ ਆਧੁਨਿਕ ਜੀਵਨ ਨੂੰ ਆਕਾਰ ਦੇਣ ਵਿੱਚ ਏਆਈ ਦੀ ਸੰਭਾਵਨਾ ਬਾਰੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵੀ ਵਿਸ਼ਾਲ ਕੀਤਾ।

# ਕੌਣ ਸਨ ਲਾਰਡ ਸਵਰਾਜ ਪਾਲ? ਕਿੰਨੀ ਜਾਇਦਾਦ ਦੇ ਸਨ ਮਾਲਕ

ਨਵੀਂ ਦਿੱਲੀ, 23 ਅਗਸਤ (ਚ.ਨ.ਸ): ਯੂਕੇ ਦੇ ਬਜ਼ੁਰਗ ਉਦਯੋਗਪਤੀ ਤੇ ਸਮਾਜ ਸੇਵਕ ਲਾਰਡ ਸਵਰਾਜ ਪਾਲ ਦਾ ਵੀਰਵਾਰ ਸ਼ਾਮ ਨੂੰ 94 ਸਾਲ ਦੀ ਉਮਰ ਵਿੱਚ ਲੰਡਨ ਵਿੱਚ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਇਸ ਦੀ ਪੁਸ਼ਟੀ ਕੀਤੀ। ਯੂਕੇ ਸਥਿਤ ਕਾਪਾਰੋ ਇੰਡਸਟਰੀਜ਼ ਗਰੁੱਪ ਦੇ ਸੰਸਥਾਪਕ ਬਿਮਾਰ ਸਨ। ਉਹ 94 ਸਾਲ ਦੇ ਸਨ। ਹਾਲ ਹੀ ਵਿੱਚ ਉਨ੍ਹਾਂ ਦੀ ਸਿਹਤ ਵਿਗੜਨ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।



ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦਾ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਐਨਆਰਆਈ ਉਦਯੋਗਪਤੀ ਲਾਰਡ ਸਵਰਾਜ ਪਾਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਬਹੁਤ ਦੁਖੀ ਹਨ ਤੇ ਭਾਰਤ ਨਾਲ ਨੇੜਲੇ ਸਬੰਧਾਂ ਲਈ ਆਪਣੇ ਅਟੁੱਟ ਸਮਰਥਨ ਨੂੰ ਰੇਖਾਂਕਿਤ ਕਰਦੇ ਹਨ। ਦੇਹਾਂਤ 'ਤੇ ਸੋਗ ਪ੍ਰਗਟ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਲਿਖਿਆ- ਸਵਰਾਜ ਪਾਲ ਜੀ ਦੇ ਦੇਹਾਂਤ 'ਤੇ ਬਹੁਤ ਦੁੱਖ ਹੋਇਆ। ਯੂਕੇ ਵਿੱਚ ਉਦਯੋਗ, ਪਰਉਪਕਾਰ ਤੇ ਜਨਤਕ ਸੇਵਾ ਵਿੱਚ ਉਨ੍ਹਾਂ ਦਾ ਯੋਗਦਾਨ ਅਤੇ ਭਾਰਤ ਨਾਲ ਨੇੜਲੇ ਸਬੰਧਾਂ ਲਈ ਉਨ੍ਹਾਂ ਦਾ ਅਟੁੱਟ ਸਮਰਥਨ ਹਮੇਸ਼ਾ ਯਾਦ ਰੱਖਿਆ ਜਾਵੇਗਾ। ਮੈਨੂੰ ਸਾਡੀਆਂ ਬਹੁਤ ਸਾਰੀਆਂ ਮੁਲਾਕਾਤਾਂ ਦੀ ਯਾਦ ਆਉਂਦੀ ਹੈ। ਉਨ੍ਹਾਂ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਪ੍ਰਤੀ ਸੰਵੇਦਨਾ। ਓਮ ਸ਼ਾਂਤੀ।

**ਭਾਰਤ ਦੇ ਇਸ ਸ਼ਹਿਰ ਨਾਲ ਉਨ੍ਹਾਂ ਦਾ ਸੀ ਖਾਸ ਰਿਸ਼ਤਾ:** ਲਾਰਡ ਸਵਰਾਜ ਪਾਲ ਦਾ ਭਾਰਤ ਨਾਲ ਡੂੰਘਾ ਰਿਸ਼ਤਾ ਰਿਹਾ ਹੈ। ਉਨ੍ਹਾਂ ਦਾ ਜਨਮ 1931 ਵਿੱਚ ਅਣਵੰਡੇ ਪੰਜਾਬ ਦੇ ਜਲੰਧਰ ਵਿੱਚ ਹੋਇਆ ਸੀ। ਉਨ੍ਹਾਂ ਦਾ ਪਰਿਵਾਰ ਇੱਕ ਫਾਊਂਡਰੀ ਚਲਾਉਂਦਾ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਭਾਰਤ ਵਿੱਚ ਪੂਰੀ ਕੀਤੀ ਤੇ ਫਿਰ ਅਮਰੀਕਾ ਅਤੇ ਬਾਅਦ ਵਿੱਚ ਬ੍ਰਿਟੇਨ ਚਲੇ ਗਏ ਤੇ ਇੱਕ ਸਫਲ ਉਦਯੋਗਪਤੀ ਬਣੇ। ਉਨ੍ਹਾਂ ਨੇ ਬ੍ਰਿਟੇਨ ਵਿੱਚ ਕਾਪਾਰੋ ਗਰੁੱਪ ਦੀ ਸਥਾਪਨਾ ਕੀਤੀ ਤੇ ਭਾਰਤ ਨਾਲ ਮਜ਼ਬੂਤ ਵਪਾਰਕ ਸਬੰਧ ਬਣਾਏ ਰੱਖੇ, ਨਿਵੇਸ਼ ਤੇ ਤਕਨਾਲੋਜੀ ਲਿਆਂਦੀ ਤੇ ਭਾਰਤੀ ਪ੍ਰਵਾਸੀਆਂ ਵਿੱਚ ਇੱਕ ਪ੍ਰਮੁੱਖ ਸ਼ਖ਼ਸੀਅਤ ਵੀ ਸਨ। **ਕਿੰਨੀ ਜਾਇਦਾਦ ਦੇ ਮਾਲਕ ਸਨ ਲਾਰਡ ਸਵਰਾਜ ਪਾਲ?**

ਹਾਊਸ ਆਫ਼ ਲਾਰਡਜ਼ ਦੇ ਮੈਂਬਰ, ਲਾਰਡ ਪਾਲ ਨਿਯਮਿਤ ਤੌਰ 'ਤੇ ਸੰਡੇ ਟਾਈਮਜ਼ ਦੀ ਅਮੀਰ ਸੂਚੀ ਵਿੱਚ ਸ਼ਾਮਲ ਹੁੰਦੇ ਸਨ। ਇਸ ਸਾਲ ਉਹ 2 ਬਿਲੀਅਨ ਪੌਂਡ ਦੀ ਅਨੁਮਾਨਤ ਦੌਲਤ ਦੇ ਨਾਲ 81ਵੇਂ ਸਥਾਨ 'ਤੇ ਸਨ। ਉਨ੍ਹਾਂ ਦਾ ਸਟੀਲ ਅਤੇ ਇੰਜੀਨੀਅਰਿੰਗ ਬਹੁ-ਰਾਸ਼ਟਰੀ, ਕਾਪਾਰੋ ਗਰੁੱਪ, ਦੁਨੀਆ ਭਰ ਦੇ 40 ਤੋਂ ਵੱਧ ਦੇਸ਼ਾਂ ਵਿੱਚ ਕੰਮ ਕਰਦਾ ਹੈ, ਜਿਸ ਵਿੱਚ ਯੂਕੇ, ਭਾਰਤ, ਉੱਤਰੀ ਅਮਰੀਕਾ ਅਤੇ ਮੱਧ ਪੂਰਬ ਸ਼ਾਮਲ ਹਨ। ਉਨ੍ਹਾਂ ਦਾ ਪੁੱਤਰ, ਆਕਾਸ਼ ਪਾਲ, ਵਰਤਮਾਨ ਵਿੱਚ ਕਾਪਾਰੋ ਇੰਡੀਆ ਦਾ ਚੇਅਰਮੈਨ ਤੇ ਸਮੂਹ ਦਾ ਨਿਰਦੇਸ਼ਕ ਹੈ। ਉਨ੍ਹਾਂ ਨੇ 2015 ਵਿੱਚ ਆਪਣੇ ਪੁੱਤਰ ਅੰਗਦ ਤੇ 2022 ਵਿੱਚ ਆਪਣੀ ਪਤਨੀ ਅਰੁਣਾ ਨੂੰ ਗੁਆ ਦਿੱਤਾ, ਪਰ ਉਨ੍ਹਾਂ ਨੇ ਉਨ੍ਹਾਂ ਦੀ ਯਾਦ ਵਿੱਚ ਆਪਣਾ ਪਰਉਪਕਾਰੀ ਕੰਮ ਜਾਰੀ ਰੱਖਿਆ। ਲਾਰਡ ਪਾਲ ਨੂੰ 1996 ਵਿੱਚ ਹਾਊਸ ਆਫ਼ ਲਾਰਡਜ਼ ਵਿੱਚ ਜੀਵਨ ਸਾਥੀ ਬਣਾਇਆ ਗਿਆ ਸੀ ਤੇ ਉਨ੍ਹਾਂ ਨੇ ਕਾਰੋਬਾਰ, ਸਿੱਖਿਆ ਤੇ ਉਦਮਤਾ ਨਾਲ ਸਬੰਧਤ ਕਮੇਟੀਆਂ ਵਿੱਚ ਯੋਗਦਾਨ ਪਾ ਕੇ ਸਰਗਰਮੀ ਨਾਲ ਸੇਵਾ ਕੀਤੀ ਹੈ।

# ਮੁਆਵਜ਼ਾ ਦੇਰੀ: ਪੀਐਸਪੀਸੀਐਲ ਅਧਿਕਾਰੀ ਮੁਅੱਤਲ

ਲੁਧਿਆਣਾ, 23 ਅਗਸਤ (ਚ.ਨ.ਸ): ਮੁਅੱਤਲ ਕੀਤੇ ਗਏ ਕਰਮਚਾਰੀਆਂ ਦੀ ਪਛਾਣ ਯੋਗੇਸ਼ ਕੁਮਾਰ ਮੰਡਲ, ਇੱਕ ਸੁਪਰਡੈਂਟ ਅਤੇ ਪ੍ਰਭਜੋਤ ਕੌਰ, ਡਿਪਟੀ ਅਕਾਊਂਟਸ ਅਫਸਰ ਵਜੋਂ ਹੋਈ ਹੈ, ਦੋਵੇਂ ਸੁੰਦਰ ਨਗਰ ਵਿੱਚ ਤਾਇਨਾਤ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਸ਼ੁੱਕਰਵਾਰ ਨੂੰ ਸੁੰਦਰ ਨਗਰ ਡਵੀਜ਼ਨ ਦੇ ਦੋ ਕਰਮਚਾਰੀਆਂ ਨੂੰ ਇੱਕ ਮ੍ਰਿਤਕ ਕਰਮਚਾਰੀ, ਅਮਨਪ੍ਰੀਤ ਸਿੰਘ ਦੇ ਰਿਸ਼ਤੇਦਾਰਾਂ ਨੂੰ ਮੁਆਵਜ਼ਾ ਜਾਰੀ ਕਰਨ ਵਿੱਚ 'ਲਾਪਰਵਾਹੀ' ਕਰਨ ਲਈ ਮੁਅੱਤਲ ਕਰ ਦਿੱਤਾ। ਉਹ ਬੁੱਧਵਾਰ ਨੂੰ ਬਿਜਲੀ ਦੇ ਖੰਭੇ ਤੋਂ ਡਿੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ। ਮੁਅੱਤਲ ਕੀਤੇ ਗਏ ਕਰਮਚਾਰੀਆਂ ਦੀ ਪਛਾਣ ਯੋਗੇਸ਼ ਕੁਮਾਰ ਮੰਡਲ, ਇੱਕ ਸੁਪਰਡੈਂਟ, ਅਤੇ ਪ੍ਰਭਜੋਤ ਕੌਰ, ਡਿਪਟੀ ਅਕਾਊਂਟਸ ਅਫਸਰ ਵਜੋਂ ਹੋਈ ਹੈ, ਦੋਵੇਂ ਸੁੰਦਰ ਨਗਰ ਵਿੱਚ ਤਾਇਨਾਤ ਹਨ। ਪੀਐਸਪੀਸੀਐਲ ਨੇ ਕਿਹਾ ਕਿ ਮੁਅੱਤਲੀਆਂ ਕਰਮਚਾਰੀ (ਅਨੁਸ਼ਾਸਨ ਅਤੇ ਅਪੀਲ) ਨਿਯਮ, 1971 ਦੇ ਨਿਯਮ 4(1) ਦੇ ਤਹਿਤ ਜਾਰੀ ਕੀਤੀਆਂ ਗਈਆਂ ਹਨ। ਰਿਪੋਰਟ ਅਨੁਸਾਰ ਦੋਵਾਂ ਕਰਮਚਾਰੀਆਂ ਨੂੰ ਪ੍ਰਭਾਵਿਤ ਪਰਿਵਾਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਚੈੱਕ ਜਾਰੀ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇੱਕ ਅਧਿਕਾਰੀ ਨੇ ਕਿਹਾ ਕਿ ਲਿਖਤੀ ਪ੍ਰਵਾਨਗੀ ਦੇਣੀ ਪੈਂਦੀ ਸੀ ਜੋ ਨਹੀਂ ਕੀਤੀ ਗਈ, ਇਸ ਲਈ ਚੈੱਕ ਜਾਰੀ ਨਹੀਂ ਕੀਤਾ ਜਾ ਸਕਿਆ, ਉਨ੍ਹਾਂ ਕਿਹਾ ਕਿ ਇਸ 'ਲਾਪਰਵਾਹੀ' ਕਾਰਨ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ। ਇਸ ਦੌਰਾਨ, ਕਰਮਚਾਰੀ ਯੂਨੀਅਨਾਂ ਨੇ ਸੋਮਵਾਰ ਤੋਂ ਵਿਰੋਧ ਪ੍ਰਦਰਸ਼ਨ ਦੀ ਚੇਤਾਵਨੀ ਦਿੱਤੀ। ਤਕਨੀਕੀ ਸੇਵਾ ਯੂਨੀਅਨ ਦੇ ਰਘੁਵੀਰ ਸਿੰਘ ਰਾਮਗੜ੍ਹ ਅਤੇ ਪੀਐਸਈਬੀ ਕਰਮਚਾਰੀ ਫੈਡਰੇਸ਼ਨ ਦੇ ਰਛਪਾਲ ਸਿੰਘ ਪਾਲੀ ਸਮੇਤ ਹੋਰਨਾਂ ਨੇ ਮੁਅੱਤਲੀ ਦੇ ਆਦੇਸ਼ਾਂ ਨੂੰ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਮੁਅੱਤਲੀ ਰੱਦ ਨਹੀਂ ਕੀਤੀ ਜਾਂਦੀ, ਤਾਂ ਇੱਕ ਮੀਟਿੰਗ ਕੀਤੀ ਜਾਵੇਗੀ ਅਤੇ ਸੋਮਵਾਰ ਤੋਂ ਸਾਂਝੇ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ ਜਾਣਗੇ।

# ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕੀਤੀ

ਫਾਜ਼ਿਲਕਾ, 23 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ):ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ



ਵਾਲੀ ਪੰਜਾਬ ਸਰਕਾਰ ਸੂਬੇ ਦੇ ਹੜ੍ਹ ਪੀੜ੍ਹਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਇਹ ਪ੍ਰਗਟਾਵਾ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਹਲਕੇ ਦੇ ਪਿੰਡ ਦੋਨਾ ਨਾਨਕਾ ਵਿਖੇ ਪਹੁੰਚ ਕੇ ਹੜ੍ਹ ਪੀੜਤ ਲੋਕਾਂ ਦਾ ਹਾਲ ਚਾਲ ਜਾਣਨ ਤੇ ਰਾਸ਼ਨ ਕਿੱਟਾਂ ਉਪਲਬਧ ਕਰਵਾਉਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਤੇ ਉਨ੍ਹਾਂ ਦੀ ਟੀਮ ਇਸ ਮੁਸੀਬਤ ਦੀ ਘੜੀ ਵਿੱਚ ਪੀੜਤਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਰਹੱਦੀ ਇਲਾਕਿਆਂ ਵਿੱਚ ਹੜ੍ਹ ਨੇ ਲੋਕਾਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਘਰ ਪਾਣੀ ਨਾਲ ਘਿਰ ਗਏ ਹਨ, ਕਿਸਾਨਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀਆਂ ਹਨ ਤੇ ਆਮ ਲੋਕਾਂ ਨੂੰ ਰੋਜ਼ਾਨਾ ਜ਼ਰੂਰਤ ਦੀਆਂ ਵਸਤਾਂ ਜਿਵੇਂ ਖਾਣ-ਪੀਣ ਦਾ ਸਮਾਨ, ਪੀਣ ਵਾਲਾ ਪਾਣੀ ਤੇ ਹੋਰ ਜ਼ਰੂਰੀ ਚੀਜ਼ਾਂ ਤੱਕ ਪਹੁੰਚਣ ਵਿੱਚ ਸਖ਼ਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਉਹ ਆਪਣੀ ਟੀਮ ਸਮੇਤ ਪਿੰਡ ਕਾਵਾਂਵਾਲੀ ਪੱਤਣ ਤੇ ਹੋਰ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚੇ, ਜਿਥੇ ਉਨ੍ਹਾਂ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਸ਼ਨ ਤੇ ਹੋਰ ਜ਼ਰੂਰੀ ਸਮਾਨ ਵੰਡਿਆ।

# ਹਰ ਸਾਲ 5700 ਤੋਂ ਵੱਧ ਮੌਤਾਂ ਹੁੰਦੀਆਂ ਨੇ 'ਰੇਬੀਜ਼' ਕਾਰਨ

ਰਾਮਪੁਰਾ ਫੂਲ, 23 ਅਗਸਤ (ਚ.ਨ.ਸ): ਭਾਰਤ ਵਿਚ 'ਰੇਬੀਜ਼' ਕਾਰਨ ਹਰ ਸਾਲ ਲਗਭਗ 5700 ਤੋਂ ਵੱਧ ਮੌਤਾਂ ਹੁੰਦੀਆਂ ਹਨ, ਜਿਨ੍ਹਾਂ 'ਚ ਜ਼ਿਆਦਾਤਰ ਮਾਮਲੇ ਲਾਵਾਰਸ ਕੁੱਤਿਆਂ ਦੇ ਵੱਢਣ ਨਾਲ ਹੁੰਦੇ ਹਨ। ਇਕ ਰਿਪੋਰਟ ਅਨੁਸਾਰ ਦੇਸ਼ ਅੰਦਰ ਲਾਵਾਰਸ ਕੁੱਤਿਆਂ ਨੇ ਕਹਿਰ ਵਰਤਾਇਆ ਹੋਇਆ ਹੈ ਅਤੇ ਹਰ ਸਾਲ ਲਗਭਗ 37 ਲੱਖ ਲੋਕਾਂ ਨੂੰ ਕੁੱਤੇ ਵੱਢਦੇ ਹਨ। ਅਜਿਹੇ ਹਾਲਾਤ ਵਿਚ ਭਾਰਤ 2030 ਤੱਕ 'ਰੇਬੀਜ਼' ਮੁਕਤ ਦੇਸ਼ ਬਣਨ ਦੇ ਟੀਚੇ ਤੋਂ ਕਾਫ਼ੀ ਦੂਰ ਹੈ। ਲੋਕ ਸਭਾ ਅੰਦਰ ਇਕ ਸਵਾਲ ਦੇ ਜਵਾਬ ਵਿਚ ਪਸ਼ੂ ਪਾਲਣ ਰਾਜ ਮੰਤਰੀ ਨੇ 22 ਜੁਲਾਈ, 2025 ਨੂੰ ਜਵਾਬ ਦਿੰਦਿਆਂ ਖ਼ੁਲਾਸਾ ਕੀਤਾ ਹੈ ਕਿ ਸਾਲ 'ਲਾਵਾਰਸ ਕੁੱਤਿਆਂ ਨੇ 37 ਲੱਖ ਤੋਂ ਵੱਧ ਲੋਕਾਂ ਮਾਮਲੇ ਆਏ ਹਨ ਅਤੇ 'ਰੇਬੀਜ਼' ਨਾਲ ਸ਼ੱਕੀ ਹਾਲਾਤ ਵਿਚ ਮੌਤ ਹੋਣ ਦੀ ਵੀ ਜਾਣਕਾਰੀ ਪ੍ਰਾਪਤ ਹੋਈ ਹੈ। ਇਹ ਵੀ ਕਿ ਸਾਲ 2024 ਦੌਰਾਨ 15 ਸਾਲ ਤੋਂ ਘੱਟ ਉਮਰ ਦੇ ਲਗਭਗ 5 ਲੱਖ 20 ਹਜ਼ਾਰ ਬੱਚਿਆਂ ਨੂੰ ਕੁੱਤਿਆਂ ਨੇ ਆਪਣਾ ਸ਼ਿਕਾਰ ਬਣਾਇਆ। ਲਾਵਾਰਸ ਕੁੱਤਿਆਂ ਦੇ ਵੱਧ ਰਹੇ ਖ਼ਤਰੇ ਅਤੇ ਕੁੱਤਿਆਂ ਦੀ ਆਬਾਦੀ 'ਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਤੇ ਰਾਜ ਸਰਕਾਰਾਂ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨ ਵਿਚ ਅਸਫ਼ਲ ਰਹੀਆਂ ਹਨ। ਜਾਣਕਾਰੀ ਅਨੁਸਾਰ ਸਾਲ 2023 ਦੌਰਾਨ ਲਗਭਗ 30 ਲੱਖ ਲੋਕਾਂ ਨੂੰ ਪਾਲਤੂ ਅਤੇ ਲਾਵਾਰਸ ਕੁੱਤਿਆਂ ਨੇ ਆਪਣਾ ਸ਼ਿਕਾਰ ਬਣਾਇਆ। ਸ਼ਿਕਾਰ ਹੋਣ ਵਾਲਿਆਂ ਵਿਚ 20 ਫ਼ੀਸਦੀ ਬੱਚੇ ਪਾਏ ਗਏ ਹਨ, ਜਦਕਿ ਸਾਲ 2022 ਵਿਚ, ਲਗਭਗ 22 ਲੱਖ ਵਿਅਕਤੀਆਂ ਨੂੰ ਪਾਲਤੂ ਅਤੇ ਪਾਲਤੂ ਕੁੱਤਿਆਂ ਨੇ ਨੋਚ ਖਾਧਾ। ਜੇਕਰ ਗੱਲ ਪੰਜਾਬ ਦੀ ਕਰੀਏ ਤਾਂ ਪੰਜਾਬ ਅੰਦਰ ਸਾਲ 2020 ਵਿਚ 33,934 ਵਿਅਕਤੀਆਂ, 2021 ਵਿਚ 9245 ਅਤੇ 2022 ਵਿਚ 15,517 ਵਿਅਕਤੀਆਂ 'ਤੇ ਹਮਲਾ ਕੀਤਾ ਗਿਆ। ਇਸੇ ਤਰ੍ਹਾਂ ਬਿਹਾਰ 'ਚ ਲਗਭਗ 2,64,000, ਮਹਾਰਾਸ਼ਟਰ 'ਚ ਲਗਭਗ 4,85,000, ਤਾਮਿਲਨਾਡੂ 'ਚ 4, 80, 000, ਗੁਜਰਾਤ 'ਚ 3,90,837, ਕਰਨਾਟਕਾ 'ਚ 2 3, 61, 500, ਕੇਰਲਾ 'ਚ ਲਗਭਗ 1,15,000, ਦਿੱਲੀ 'ਚ 25,200, ਪੱਛਮੀ ਬੰਗਾਲ, ਰਾਜਸਥਾਨਲ ਆਦਿ ਵਿਚ ਵੀ ਇਨ੍ਹਾਂ ਸਾਲਾਂ ਅੰਦਰ ਲੱਖਾਂ ਲੋਕ ਹਮਲਿਆਂ ਦਾ ਸ਼ਿਕਾਰ ਹੋਏ। ਦੇਸ਼ 'ਚ ਨੀਤੀ ਅਯੋਗ ਦੇ ਸਹਿਯੋਗ ਨਾਲ 2030 ਤੱਕ ਭਾਰਤ ਤੋਂ ਕੁੱਤਿਆਂ ਦੁਆਰਾ ਸੰਚਾਰਿਤ 'ਰੇਬੀਜ਼' ਦੇ ਖ਼ਾਤਮੇ ਲਈ ਰਾਸ਼ਟਰੀ ਤੇ ਕਾਰਜ ਯੋਜਨਾ ਸ਼ੁਰੂ ਕੀਤੀ ਗਈ ਹੈ। 2019 ਦੀ ਗਣਨਾ ਅਨੁਸਾਰ ਦੇਸ਼ ਵਿਚ ਲਗਭਗ 1.53 ਕਰੋੜ ਲਾਵਾਰਸ ਕੁੱਤੇ ਸਨ। ਕੁਝ ਹੋਰ ਰਿਪੋਰਟਾਂ ਅਨੁਸਾਰ ਇਹ ਗਿਣਤੀ 2 ਕਰੋੜ ਤੋਂ ਵੱਧ ਦੱਸੀ ਗਈ ਹੈ ਪਰ ਜੇਕਰ ਤਾਜ਼ਾ ਅਨੁਮਾਨਾਂ ਦੀ ਗੱਲ ਕਰੀਏ ਤਾਂ ਇਹ ਗਿਣਤੀ ਦੁੱਗਣੀ ਤੋਂ ਵੀ ਵੱਧ ਸਕਦੀ ਹੈ। ਦੂਜੇ ਪਾਸੇ ਮਾਣਯੋਗ ਅਦਾਲਤ ਨੇ ਵੀ ਅੱਜ ਕਿਹਾ ਹੈ ਕਿ ਫੜੇ ਗਏ ਕੁੱਤਿਆਂ ਨੂੰ ਨਸਬੰਦੀ ਤੇ ਟੀਕਾਕਰਨ ਤੋਂ ਬਾਅਦ ਹੀ ਛੱਡਿਆ ਜਾਣਾ ਚਾਹੀਦਾ ਹੈ, ਸਿਵਾਏ ਉਨ੍ਹਾਂ ਕੁੱਤਿਆਂ ਦੇ ਜੋ 'ਰੇਬੀਜ਼' ਨਾਲ ਸੰਕ੍ਰਮਿਤ ਹਨ ਜਾਂ ਜਿਨ੍ਹਾਂ ਦਾ ਵਿਹਾਰ ਹਮਲਾਵਰ ਹੈ। ਇਸ ਦੇ ਨਾਲ ਹੀ ਕੋਰਟ ਨੇ ਇਹ ਵੀ ਹੁਕਮ ਜਾਰੀ ਕੀਤੇ ਗਏ ਹਨ ਕਿ ਜਨਤਕ ਥਾਵਾਂ 'ਤੇ ਕੁੱਤਿਆਂ ਨੂੰ ਖਾਣਾ ਖਵਾਉਣ 'ਤੇ ਪਾਬੰਦੀ ਹੋਵੇ।

# ਬਿਆਸ-ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈਡ ਵਰਕਸ 'ਚ ਵੀ ਪਾਣੀ ਲਗਾਤਾਰ ਵੱਧ ਰਿਹੈ

ਹਰੀਕੇ ਪੱਤਣ, 23 ਅਗਸਤ (ਚ.ਨ.ਸ): ਬਿਆਸ-ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ 'ਚ ਵੀ ਪਾਣੀ ਦਾ ਪੱਧਰ ਪਿਛਲੇ 3 ਦਿਨਾਂ ਤੋਂ ਲਗਾਤਾਰ ਵੱਧ ਰਿਹਾ ਹੈ, ਜਿਸ ਕਾਰਨ ਹਰੀਕੇ ਹੈੱਡ ਵਰਕਸ ਤੋਂ ਡਾਊਨ ਸਟਰੀਮ ਨੂੰ ਛੱਡੇ ਪਾਣੀ ਕਾਰਨ ਹਰੀਕੇ ਹਥਾੜ ਖੇਤਰ ਜਲ-ਥਲ ਹੋਇਆ ਪਿਆ ਹੈ। ਹਰੀਕੇ ਹੈੱਡ ਵਰਕਸ ਦੇ ਰੈਗੂਲੇਸ਼ਨ ਵਿਭਾਗ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ 9 ਵਜੇ ਹਰੀਕੇ ਹੈੱਡ ਵਰਕਸ ਦੇ ਅੱਪ ਸਟਰੀਮ ਵਿਚ 1 ਲੱਖ 44 ਹਜ਼ਾਰ ਕਿਊਸਿਕ ਪਾਣੀ ਦੀ ਆਮਦ ਸੀ, ਜਿਸ ਵਿਚੋਂ ਡਾਊਨ ਸਟਰੀਮ ਨੂੰ 1 ਲੱਖ 44 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਸੀ, ਜੋ ਸ਼ਾਮ 4 ਵਜੇ ਵੱਧ ਕੇ 1 ਲੱਖ 51 ਹਜ਼ਾਰ 955 ਕਿਊਸਿਕ ਹੋ ਗਿਆ, ਜਿਸ ਕਾਰਨ ਡਾਊਨ ਸਟਰੀਮ ਨੂੰ ਪਾਣੀ ਦੀ ਮਾਤਰਾ ਵਧਾ ਕੇ 1 ਲੱਖ 29 ਹਜ਼ਾਰ ਕਿਊਸਿਕ ਕਰ ਦਿੱਤੀ ਗਈ, ਜਦਕਿ ਫ਼ਿਰੋਜ਼ਪੁਰ ਫੀਡਰ ਨਹਿਰ ਨੂੰ 8500 ਕਿਊਸਿਕ ਫੀਡਰ ਨਹਿਰ ਨੂੰ 13,500 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਬੀਤੇ ਕੱਲ੍ਹ ਹਰੀਕੇ ਹੈੱਡ ਵਰਕਸ ਵਿਚ ਬਿਆਸ ਦਰਿਆ ਦੇ ਰਸਤੇ 65 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਸੀ, ਜਦਕਿ ਸਤਲੁਜ ਦਰਿਆ ਦੇ ਰਸਤੇ 24 ਹਜ਼ਾਰ ਕਿਊਸਿਕ ਪਾਣੀ ਹਰੀਕੇ ਹੈੱਡ ਵਿਚ ਆ ਰਿਹਾ ਸੀ, ਜੋ ਅੱਜ ਸਤਲੁਜ ਦਰਿਆ ਵਿਚ ਵੱਧ ਕੇ 37 ਹਜ਼ਾਰ ਕਿਊਸਿਕ ਹੋ ਗਿਆ, ਜਦਕਿ ਬਿਆਸ ਦਰਿਆ ਵਿਚ 70,816 ਕਿਊਸਿਕ ਪਾਣੀ ਆ ਰਿਹਾ ਹੈ ਅਤੇ ਬਾਕੀ ਪੰਜਾਬ ਵਿਚ ਪੈ ਰਹੇ ਮੀਹਾਂ ਦਾ ਪਾਣੀ ਹਰੀਕੇ ਹੈੱਡ ਵਰਕਸ ਵਿਚ ਪਹੁੰਚ ਰਿਹਾ ਹੈ। ਜ਼ਿਕਰਯੋਗ ਹੈ ਕਿ ਡਾਊਨ ਸਟਰੀਮ ਨੂੰ ਛੱਡੇ ਪਾਣੀ ਨੇ ਜਿੱਥੇ ਹਰੀਕੇ ਹਥਾੜ ਖੇਤਰ ਦੇ ਕਈ ਪਿੰਡਾਂ ਦੀ ਹਜ਼ਾਰਾਂ ਏਕੜ ਫਸਲ ਡੋਬ ਕੇ ਰੱਖ ਦਿੱਤੀ ਹੈ, ਉੱਥੇ ਸਤਲੁਜ ਦਰਿਆ ਕਿਨਾਰੇ ਪਿੰਡ ਸਭਰਾ ਕੋਲ ਧੁੱਸੀ ਬੰਨ੍ਹ ਨੂੰ ਢਾਹ ਲਗਾ ਦਿੱਤੀ ਹੈ, ਜਿਸ ਨੂੰ ਬਚਾਉਣ ਲਈ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਅਨੇਕਾਂ ਸੇਵਾਦਾਰ, ਪਿੰਡ ਸਭਰਾ ਵਾਸੀ ਅਤੇ ਵੱਡੀ ਗਿਣਤੀ ਵਿਚ ਇਲਾਕਾ ਵਾਸੀ ਦਿਨ-ਰਾਤ ਡਟੇ ਹੋਏ ਹਨ। ਪੁੱਜੂ ਲਗਾਤਾਰ ਵੱਧ ਰਿਹਾ ਪਾਣੀ ਦਾ ਪੱਧਰ ਹਰੀਕੇ ਹਥਾੜ ਖੇਤਰ ਲਈ ਇਕ ਵੱਡਾ ਖ਼ਤਰਾ ਸਾਬਤ ਹੋਵੇਗਾ। **1955 'ਚ ਛੱਡਿਆ ਗਿਆ ਸੀ 9 ਲੱਖ 74 ਹਜ਼ਾਰ ਕਿਊਸਿਕ ਪਾਣੀ:** ਜ਼ਿਕਰਯੋਗ ਹੈ ਕਿ ਹਰੀਕੇ ਹੈੱਡ ਵਰਕਸ 1955, 1988, 2023 ਆਏ ਹੜ੍ਹਾਂ ਨੇ ਹਰੀਕੇ ਹਥਾੜ ਖੇਤਰ ਵਿਚ ਭਾਰੀ ਨੁਕਸਾਨ ਕੀਤਾ ਸੀ। ਹਰੀਕੇ ਹੈੱਡ ਵਰਕਸ ਦੇ ਰੈਗੂਲੇਸ਼ਨ ਵਿਭਾਗ ਦਫ਼ਤਰ ਤੋਂ ਹਰੀਕੇ ਹੈੱਡ ਵਰਕਸ ਤੋਂ 9 ਲੱਖ 74 ਹਜ਼ਾਰ ਮਿਲੀ ਜਾਣਕਾਰੀ ਅਨੁਸਾਰ ਸੰਨ 1955 ਵਿਚ ਕਿਊਸਿਕ, ਸੰਨ 1988 ਵਿਚ 5 ਲੱਖ 74 ਹਜ਼ਾਰ ਅਤੇ ਸੰਨ 2023 ਵਿਚ 2 ਲੱਖ 84 ਹਜ਼ਾਰ ਕਿਊਸਿਕ ਪਾਣੀ ਡਾਊਨ ਸਟਰੀਮ ਨੂੰ ਛੱਡਿਆ ਗਿਆ ਸੀ, ਜੋ ਕਿ ਬਹੁਤ ਵੱਡੀ ਬਰਬਾਦੀ ਦਾ ਕਾਰਨ ਬਣਿਆ ਸੀ।

# ਵਿਧਾਇਕ ਭੁੱਲਰ ਨੇ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ 'ਚ ਪਹੁੰਚ ਕੇ ਬੰਨ੍ਹਾਂ ਦਾ ਕੀਤਾ ਨਿਰੀਖਣ



ਫ਼ਿਰੋਜ਼ਪੁਰ, 23 ਅਗਸਤ (ਤਿਵਾੜੀ): ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡ ਧੀਰਾ ਘਾਰਾ, ਨਿਹਾਲਾ ਲਵੇਰਾ, ਮੁੱਠਿਆਂ ਵਾਲਾ ਤੇ ਬਸਤੀ ਰਾਮ ਲਾਲਦਾ ਦੌਰਾ ਕੀਤਾ ਤੇ ਹੜ੍ਹਾਂ ਦੇ ਮੱਦੇਨਜ਼ਰ ਦਰਿਆ ਦੇ ਬੰਨ੍ਹਾਂ 'ਤੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਬੰਨ੍ਹਾਂ ਦਾ ਨਿਰੀਖਣ ਕਰਨ ਉਪਰੰਤ ਡਰੇਨਜ਼ ਤੇ ਹੋਰ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਤਲੁਜ ਦਰਿਆ ਦੇ ਬੰਨ੍ਹਾਂ 'ਤੇ ਹਰ ਵੇਲੇ ਨਜ਼ਰ ਰੱਖੀ ਜਾਵੇ ਤੇ ਜਿੱਥੇ ਕਿਤੇ ਵੀ ਕੋਈ ਕਮੀ ਨਜ਼ਰ ਆਵੇ ਤਾਂਉੱਥੇ ਮਿੱਟੀ ਦੀਆਂ ਬੋਰੀਆਂ ਲਾ ਕੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਪਾਣੀ ਦਾ ਪੱਧਰ ਵੱਧਣ 'ਤੇ ਬੰਨ੍ਹ ਟੁੱਟਣ ਦਾ ਖ਼ਤਰਾ ਨਾ ਰਹੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹਲਕੇ ਅੰਦਰ ਪੈਂਦੇ ਸੰਭਾਵੀ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਿੰਡਾਂ ਵਿੱਚ ਮਨੁੱਖਾਂ ਤੇ ਪਸ਼ੂਆਂ ਲਈ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ 'ਤੇ ਮੁੱਢਲੀ ਸਹਾਇਤਾ ਮੌਕੇ 'ਤੇ ਦਿੱਤੀ ਜਾ ਸਕੇ। ਇਸ ਮੌਕੇ ਅਮਰਿੰਦਰ ਸਿੰਘ ਬਰਾੜ, ਹਿਮਾਂਸ਼ੂ ਠੱਕਰ, ਦਵਿੰਦਰ ਸਿੰਘ ਉੱਪਲ, ਜਗਤਾਰ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਜਰਮਲ ਸਿੰਘ ਸਰਪੰਚ ਆਦਿ ਵੀ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 'ਚ ਐਸ.ਕੇ.ਬੀ ਡੀ.ਏ.ਵੀ ਸਕੂਲ ਦੀ ਵਿਦਿਆਰਥਣ ਮੇਘਾ ਸੱਚਦੇਵਾ ਦਾ ਸ਼ਾਨਦਾਰ ਪ੍ਰਦਰਸ਼ਨ

ਫਾਜ਼ਿਲਕਾ, 23 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਆਤਮ ਵੱਲਭ ਪਬਲਿਕ ਸਕੂਲ ਫ਼ਾਜ਼ਿਲਕਾ ਵਿੱਚ ਪੰਜਾਬ ਰਾਜ ਸਕੂਲ ਖੇਡਾਂ ਤਹਿਤ ਜ਼ਿਲ੍ਹਾ ਪੱਧਰੀ ਅੰਡਰ-17 ਬੈਡਮਿੰਟਨ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਕੁੱਲ 10 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲੇ ਵਿੱਚ ਨੂੰਕੇਰੀਆ ਜ਼ੋਨ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖ਼ਿਤਾਬ ਆਪਣੇ ਨਾਮ ਕੀਤਾ। ਇਸ ਜਿੱਤਣ ਵਾਲੀ ਟੀਮ ਵਿੱਚ ਐਸ.ਕੇ.ਬੀ ਡੀ.ਏ.ਵੀ ਸਕੂਲ ਦੀ ਮੇਘਾ ਸਚਦੇਵਾ, ਗ੍ਰਿਥਾ, ਮਾਨਿਆ ਡੋਡਾ, ਈਵਾ, ਆਰਮੀ ਪਬਲਿਕ ਸਕੂਲ ਫ਼ਾਜ਼ਿਲਕਾ ਦੀ ਐਲੀਨ ਸ਼ਾਮਲ ਸਨ। ਆਰਮੀ ਪਬਲਿਕ ਸਕੂਲ ਫ਼ਾਜ਼ਿਲਕਾ ਦੀ ਮੈਡਮ ਅੰਜੂ ਅੰਗੀ (ਟੀਮ



ਇੰਚਾਰਜ) ਦੀ ਰਹਿਨੁਮਾਈ ਹੇਠ ਟੀਮ ਨੇ ਮਹੱਤਵਪੂਰਨ ਜਿੱਤ ਹਾਸਲ ਕੀਤੀ। ਇਸ ਮੁਕਾਬਲੇ ਦੌਰਾਨ ਐਸ.ਕੇ.ਬੀ. ਡੀ.ਏ.ਵੀ. ਸਕੂਲ ਫ਼ਾਜ਼ਿਲਕਾ ਦੀ ਵਿਦਿਆਰਥਣ ਮੇਘਾ ਸੱਚਦੇਵਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਟੀਮ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਮੇਘਾ ਇਸ ਤੋਂ ਪਹਿਲਾਂ ਵੀਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਤਗਮੇ ਜਿੱਤ ਕੇ ਨਾ ਸਿਰਫ਼ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰ ਚੁੱਕੀ ਹੈ, ਸਗੋਂ ਫ਼ਾਜ਼ਿਲਕਾ ਸ਼ਹਿਰ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਵੀ ਬਣੀ ਹੈ ਮੇਘਾ ਦੀ ਇਸ ਉਪਲਬਧੀ 'ਤੇ ਉਸ ਦੀ ਮਾਤਾ ਕੌਂਸਲਰ ਪੂਜਾ ਲੂਥਰਾ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ "ਮੇਘਾ ਨੇ ਬਹੁਤ ਛੋਟੀ ਉਮਰ ਵਿੱਚ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਇਰਾਦੇ ਮਜ਼ਬੂਤ ਹੋਣ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਰਹਿੰਦੀ। ਅੱਜ ਉਹ ਸਾਡੇ ਪਰਿਵਾਰ ਹੀ ਨਹੀਂ ਸਗੋਂ ਪੂਰੇ ਸ਼ਹਿਰ ਲਈ ਮਾਣ ਦਾ ਕਾਰਨ ਹੈ। ਮੈਂ ਉਸ ਦੇ ਭਵਿੱਖ ਲਈ ਉਸਨੂੰ ਦਿਲੋਂ ਸ਼ੁਭਕਾਮਨਾਵਾਂ ਦਿੰਦੀ ਹਾਂ।

# ਕੌਮੀ ਲੋਕ ਅਦਾਲਤ 13 ਸਤੰਬਰ ਨੂੰ

ਫਿਰੋਜ਼ਪੁਰ, 23 ਅਗਸਤ (ਤਿਵਾੜੀ): ਮਾਨਯੋਗ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ (ਮੋਹਾਲੀ) ਜੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਜੀਆਂ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਕਚਹਿਰੀਆਂ, ਫਿਰੋਜ਼ਪੁਰ ਦੇ ਨਾਲ-ਨਾਲ ਸਬ-ਤਹਿਸੀਲਾਂ ਜ਼ੀਰਾ ਤੇ ਗੁਰੂਹਰਸਹਾਏ ਵਿੱਚ ਮਿਤੀ 13 ਸਤੰਬਰ 2025 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਜੱਜ ਸਾਹਿਬ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਪ੍ਰੀ ਲੋਕ ਅਦਾਲਤ ਲਗਾਈ ਜਾ ਰਹੀ ਹੈ ਤਾਂ ਜੋ ਕੌਮੀ ਲੋਕ ਅਦਾਲਤ ਵਿੱਚ ਰੱਖੇ ਗਏ ਕੇਸ ਨੂੰ ਅਲੱਗ-ਅਲੱਗ ਤਾਰੀਕਾਂ 'ਤੇ ਸੁਣ ਕੇ ਨਿਪਟਾਰਾ ਕੀਤਾ ਜਾ ਸਕੇ। ਜੱਜ ਸਾਹਿਬ ਵੱਲੋਂ ਦੱਸਿਆ ਗਿਆ ਕਿ ਇਸ ਲੋਕ ਅਦਾਲਤ ਵਿੱਚ ਸਿਵਲ ਕੇਸ, ਸਿਵਲ ਐਗੀਕਿਊਸ਼ਨ, ਪਰਿਵਾਰਿਕ ਝਗੜੇ, ਬੈਂਕ ਰਿਕਵਰੀ ਕੇਸ, ਅਰਧ ਸਿਵਲ ਕੇਸ ਤੇ ਫੁਟਕਲ ਸਿਵਲ ਮਾਮਲੇ ਆਦਿ ਦਾ ਨਿਪਟਾਰਾ ਕੀਤਾ ਜਾਣਾ ਹੈ। ਇਸ ਦੇ ਨਾਲ ਹੀ ਸੰਗੀਨ ਫੌਜਦਾਰੀ ਕੇਸਾਂ ਨੂੰ ਛੱਡ ਕੇ, ਜਿਵੇਂ ਕਿ ਹਰ ਕਿਸਮ ਦੇ ਦੀਵਾਨੀ ਕੇਸ, ਪ੍ਰੀਵਾਰਿਕ ਝਗੜੇ, ਰੈਵਿਨਿਊ ਕੇਸ, ਚੈੱਕ ਬਾਊਂਸ, ਕਰਿਮਨਲ ਐਗਜ਼ੀਕਿਊਸ਼ਨ ਤੇ ਟਰੈਫਿਕ ਚਲਾਨ ਆਦਿ ਕੇਸਾਂ ਦੀ ਇਸ ਲੋਕ ਅਦਾਲਤ ਵਿੱਚ ਸੁਣਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬੈਂਕ ਲੋਨ ਕੇਸ, ਇਨਸ਼ੋਰੈਂਸ ਰਿਕਵਰੀ ਕੇਸਾਂ ਦੀ ਵੀ ਸੁਣਵਾਈ ਹੋਵੇਗੀ।



# ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ 'ਚ ਹੋਇਆ ਧਾਰਮਿਕ ਸਮਾਗਮ



ਅਮਲੋਹ, 23 ਅਗਸਤ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਵੱਲੋਂ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਆਯੂਸ਼ ਜਿੰਦਲ, ਰਾਧਾ ਰਾਣੀ ਸੰਕੀਰਤਨ ਮੰਡਲੀ ਪਟਿਆਲਾ ਦੀ ਟੀਮ ਨੇ ਭੇਟਾਂ ਦਾ ਗੁਣਗਾਣ ਕੀਤਾ। ਇਸ ਮੌਕੇ ਸ਼ਾਮ ਪ੍ਰੀਵਾਰ ਦੇ ਅਹੁੱਦੇਦਾਰ ਤੇ ਮੈਂਬਰ ਹਾਜ਼ਰ ਸਨ। ਦੋ ਘੰਟੇ ਦੇ ਕਰੀਬ ਚੱਲੇ ਪ੍ਰੋਗਰਾਮ ਦੌਰਾਨ ਮੰਡਲੀ ਵਲੋਂ ਸ਼ਾਨਦਾਰ ਭੇਟਾਂ ਦਾ ਗੁਣਗਾਣ ਕੀਤਾ ਗਿਆ ਤੇ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ, ਜਨਰਲ ਸਕੱਤਰ ਮਾਸਟਰ ਰਾਜੇਸ਼ ਕੁਮਾਰ ਤੇ ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ ਨੇ ਟੀਮ ਦਾ ਸਨਮਾਨ ਕੀਤਾ। ਸਮਾਗਮ ਵਿਚ ਸ਼ਹਿਰ ਦੇ ਵੱਡੀ ਗਿਣਤੀ ਵਿਚ ਪਤਵੰਤਿਆਂ ਤੋਂ ਇਲਾਵਾ ਪੱਤਰਕਾਰਾਂ ਦੀ ਟੀਮ ਵਿਚੋਂ ਗੁਰਪ੍ਰੀਤ ਸਿੰਘ, ਡਾ. ਅਨਿਲ ਲੁਟਾਵਾ, ਬ੍ਰਿਜ ਭੂਸ਼ਨ ਗਰਗ, ਗੁਰਚਰਨ ਸਿੰਘ ਜੰਜੂਆਂ, ਜਸਵੰਤ ਸਿੰਘ ਗੋਲਡ, ਰਣਜੀਤ ਸਿੰਘ ਘੁੰਮਣ, ਰਜਨੀਸ਼ ਡੱਲਾ, ਸਵਰਨਜੀਤ ਸਿੰਘ ਸੇਠੀ, ਅਜੇ ਕੁਮਾਰ, ਨਾਹਰ ਸਿੰਘ ਰੰਗੀਲਾ, ਜਗਦੀਪ ਸਿੰਘ ਮਾਨਗੜ੍ਹ ਤੇ ਲਖਵੀਰ ਸਿੰਘ ਆਦਿ ਸ਼ਾਮਲ ਸਨ।

# ਖੇਡਾਂ ਵਤਨ ਪੰਜਾਬ ਦੀਆਂ 2025 ਤਹਿਤ ਮਸ਼ਾਲ ਮਾਰਚ ਦਾ ਫਿਰੋਜ਼ਪੁਰ ਜ਼ਿਲ੍ਹੇ 'ਚ ਪਹੁੰਚਣ 'ਤੇ ਕੀਤਾ ਸਵਾਗਤ

ਫਿਰੋਜ਼ਪੁਰ, 23 ਅਗਸਤ (ਤਿਵਾੜੀ): ਪੰਜਾਬ ਸਰਕਾਰ ਦੇ ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਹਾਕੀ ਦੇ ਮਹਾਨ ਜਾਦੂਗਰ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਵਸ ਮੌਕੇ ਰਾਸ਼ਟਰੀ ਖੇਡ ਦਿਵਸ ਦੇ ਮੱਦੇਨਜ਼ਰ ਖੇਡਾਂ ਵਤਨ ਪੰਜਾਬ ਦੀਆਂ 2025 ਤਹਿਤ ਪੂਰੇ ਪੰਜਾਬ



ਵਿਚ ਮਸ਼ਾਲ ਮਾਰਚ ਕੱਢਿਆ ਜਾ ਰਿਹਾ ਹੈ। ਜਿਸ ਤਹਿਤ ਇਸ ਮਸ਼ਾਲ ਮਾਰਚ ਦਾ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਪਹੁੰਚਣ 'ਤੇ ਸਮੂਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵਾਗਤ ਕੀਤਾ ਗਿਆ। ਇਸ ਮਸ਼ਾਲ ਮਾਰਚ ਦੌਰਾਨ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਸਿੰਘ ਬਰਾੜ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਉਹਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2025 ਕਰਵਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਖੇਡ ਖੇਤਰ ਵਿੱਚ ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮਸ਼ਾਲ ਮਾਰਚ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਬਾਰੇ ਜਾਗਰੂਕ ਕਰਨਾ ਹੈ ਤੇ ਪੂਰੇ ਪੰਜਾਬ ਵਿੱਚ ਮਸ਼ਾਲ ਮਾਰਚ ਸਫਲਤਾ ਪੂਰਵਕ ਸੰਪੰਨ ਹੋਣ 'ਤੇ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਖੇਡਾਂ ਦੇ ਆਗਾਜ਼ ਹੋਣਗੇ। ਇਸ ਦੌਰਾਨ ਇਸ ਮਸ਼ਾਲ ਮਾਰਚ ਨੂੰ ਜ਼ਿਲ੍ਹਾ ਤਰਨਤਾਰਨ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਰਾਜ ਕਟੋਰਾ, ਖੇਡ ਵਿਭਾਗ ਦੇ ਕੋਚ ਤੇ ਦਫਤਰੀ ਸਟਾਫ ਮੌਕੇ 'ਤੇ ਹਾਜ਼ਰ ਸਨ।

# ਐਮਬਰੋਜ਼ੀਅਲ ਪਬਲਿਕ ਸਕੂਲ ਦੇ ਚੇਅਰਮੈਨ ਸਤਨਾਮ ਸਿੰਘ ਬੁੱਟਰ ਨੂੰ ਨੈਸ਼ਨਲ ਐਜੂਕੇਸ਼ਨ ਕਾਨਕਲੇਵ 'ਚ 'ਐਜੂਕੇਸ਼ਨ ਆਈਕਨ ਆਫ ਦ ਈਅਰ 2025' ਦੇ ਸਨਮਾਨ ਨਾਲ ਨਿਵਾਜਿਆ

ਜ਼ੀਰਾ, 23 ਅਗਸਤ (ਦੀਪਕ ਭਾਰਗੋ): ਐਮਬਰੋਜ਼ੀਅਲ ਪਬਲਿਕ



ਸਕੂਲ ਜ਼ੀਰਾ ਦੇ ਮਾਣਯੋਗ ਚੇਅਰਮੈਨ ਸਤਨਾਮ ਸਿੰਘ ਬੁੱਟਰ ਨੂੰ ਬੀਤੇ ਦਿਨਾਂ ਤਿਆਗਰਾਜ ਸਪੋਰਟਸ ਕੰਪਲੈਕਸ, ਨਵੀਂ ਦਿੱਲੀ ਵਿੱਚ ਆਯੋਜਿਤ ਨੈਸ਼ਨਲ ਐਜੂਕੇਸ਼ਨ ਕਾਨਲੇਵ ਦੌਰਾਨ ਪ੍ਰਸਿੱਧ 'ਐਜੂਕੇਸ਼ਨ ਆਈਕਨ ਆਫ ਦ ਈਅਰ 2025' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਸਮਾਰੋਹ "ਦ ਫਾਇਨੇਸਟ ਈਰਲੀ ਐਜੂਕੇਸ਼ਨ ਕਾਂਕਲੇਵ ਆਫ ਇੰਡੀਆ" ਦਾ ਹਿੱਸਾ ਸੀ, ਜਿਸਨੂੰ ਮਿਨਿਸਟਰੀ ਆਫ ਸਕਿਲ ਡਿਵੈਲਪਮੈਂਟ ਐਂਡ ਇੰਟਰਪ੍ਰੀਨਿਊਰਸ਼ਿਪ, , NCVET, NSDC ਅਤੇ ਸਕਿਲ ਇੰਡੀਆ - ਕੌਸ਼ਲ ਭਾਰਤ, ਕੁਸ਼ਲ ਭਾਰਤ ਵੱਲੋਂ ਸਹਿਯੋਗ ਪ੍ਰਾਪਤ ਸੀ। ਇਸ ਦਾ ਆਯੋਜਨ ਪਲੱਸ ਨਾਈਨ ਵਨ ਮੀਡੀਆ ਵੱਲੋਂ ਕੀਤਾ ਗਿਆ ਸੀ ਜਿਸਦੇ ਟਾਈਟਲ ਪਾਰਟਨਰ ਆਈ ਬੀ ਐਮ ਅਤੇ ਪ੍ਰਿਜ਼ੈਂਟਿੰਗ ਪਾਰਟਨਰ ਟੈਕਨ ਮੈਨ ਸਨ। ਇਸ ਨੇਸ਼ਨਲ ਐਜੂਕੇਸ਼ਨ ਕਾਂਕਲੇਵ ਨੇ ਦੇਸ਼ ਭਰ ਦੇ ਸਿੱਖਿਆ ਖੇਤਰ ਦੇ ਵਿਜ਼ਨਰੀਆਂ ਅਤੇ ਲੀਡਰਾਂ ਨੂੰ ਇਕੱਠਾ ਕੀਤਾ, ਜਿੱਥੇ ਸਿੱਖਿਆ ਦੇ ਭਵਿੱਖ ਨੂੰ ਸੰਵਾਰਨ ਵਾਲੇ ਮਹੱਤਵਪੂਰਨ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸਤਨਾਮ ਸਿੰਘ ਬੁੱਟਰ ਨੂੰ ਮਿਲਿਆ ਇਹ ਸਨਮਾਨ ਉਨ੍ਹਾਂ ਦੀ ਸ਼ਾਨਦਾਰ ਲੀਡਰਸ਼ਿਪ, ਅਟੱਲ ਸਮਰਪਣ ਅਤੇ ਸਿੱਖਿਆ ਖੇਤਰ ਲਈ ਕੀਤੇ ਮਹੱਤਵਪੂਰਨ ਯੋਗਦਾਨ ਦਾ ਪ੍ਰਮਾਣ ਹੈ। ਇਹ ਐਵਾਰਡ ਉਨ੍ਹਾਂ ਦੀ ਉਸ ਵਚਨਬੱਧਤਾ ਦਾ ਜਸ਼ਨ ਮਨਾਉਂਦਾ ਹੈ, ਜਿਸ ਨਾਲ ਉਨ੍ਹਾਂ ਨੇ ਐਮਬਰੋਜ਼ੀਅਲ ਪਬਲਿਕ ਸਕੂਲ ਵਿੱਚ ਅਕਾਦਮਿਕ ਸ਼੍ਰੇਸ਼ਠਤਾ ਅਤੇ ਨਵੀਨਤਾ ਵਾਲਾ ਵਾਤਾਵਰਣ ਸਿਰਜਿਆ ਹੈ। ਉਨ੍ਹਾਂ ਦੇ ਅਣਥੱਕ ਯਤਨਾਂ ਨੇ ਨਾ ਸਿਰਫ ਸਕੂਲ ਦੀ ਸਾਖ ਨੂੰ ਉੱਚਾਈਆਂ ਤੱਕ ਪਹੁੰਚਾਇਆ ਹੈ, ਸਗੋਂ ਵੱਡੇ ਪੱਧਰ 'ਤੇ ਸਿੱਖਿਆ ਜਗਤ 'ਤੇ ਵੀ ਡੂੰਘਾ ਅਸਰ ਪਾਇਆ ਹੈ।

# ਰਿਮਟ ਯੂਨੀਵਰਸਿਟੀ ਨੇ ਫੋਟੋਗ੍ਰਾਫੀ 'ਤੇ ਵਰਕਸ਼ਾਪ ਕਰਵਾ ਕੇ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ



ਮੰਡੀ ਗੋਬਿੰਦਗੜ੍ਹ, 23 ਅਗਸਤ (ਸੂਦ): ਵਿਸ਼ਵ ਫੋਟੋਗ੍ਰਾਫੀ ਦਿਵਸ ਦੇ ਮੌਕੇ 'ਤੇ ਰਿਮਟ ਯੂਨੀਵਰਸਿਟੀ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਨੇ 'ਇਹ ਕੈਮਰਾ ਨਹੀਂ ਹੈ-ਇਹ ਤੁਹਾਡਾ ਦ੍ਰਿਸ਼ਟੀਕੋਣ ਹੈ' ਵਿਸ਼ੇ 'ਤੇ ਸੂਝਵਾਨ ਫੋਟੋਗ੍ਰਾਫੀ ਵਰਕਸ਼ਾਪ ਕਰਵਾਈ, ਜਿਸ ਦਾ ਸੰਚਾਲਨ ਕ੍ਰੇਏਟਿਕ ਪਿਕਸਲ ਦੇ ਸੰਸਥਾਪਕ ਪਰਵ ਕਾਲੀਆ ਨੇ ਕੀਤਾ, ਜਿਨ੍ਹਾਂ ਨੇ ਆਪਣੀ ਪੇਸ਼ੇਵਰ ਯਾਤਰਾ ਤੇ ਇੱਕ ਰਚਨਾਤਮਕ ਕਲਾ ਦੇ ਰੂਪ ਵਜੋਂ ਫੋਟੋਗ੍ਰਾਫੀ ਦੀ ਡੂੰਘੀ ਸਮਝ ਸਾਂਝੀ ਕੀਤੀ। ਲਾਈਵ ਪ੍ਰਦਰਸ਼ਨਾਂ ਤੇ ਦਿਲਚਸਪ ਵਿਚਾਰ-ਵਟਾਂਦਰੇ ਰਾਹੀਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਫੋਟੋਗ੍ਰਾਫਰ ਦੀ ਕਲਪਨਾ, ਦ੍ਰਿਸ਼ਟੀਕੋਣ ਤੇ ਕਹਾਣੀ ਸੁਣਾਉਣ ਦੀ ਯੋਗਤਾ ਹੈ ਜੋ ਸੱਚਮੁੱਚ ਇੱਕ ਤਸਵੀਰ ਨੂੰ ਪਰਿਭਾਸ਼ਿਤ ਕਰਦੀ ਹੈ-ਨਾ ਕਿ ਸਿਰਫ਼ ਕੈਮਰੇ ਦੀ ਸੂਝ-ਬੂਝ। ਉਨ੍ਹਾਂ ਟਿੱਪਣੀ ਕੀਤੀ ਕਿ ਫੋਟੋਗ੍ਰਾਫੀ ਉਸ ਗੈਜੇਟ ਬਾਰੇ ਨਹੀਂ ਜੋ ਤੁਸੀਂ ਆਪਣੇ ਹੱਥ ਵਿੱਚ ਫੜਦੇ ਹੋ ਸਗੋਂ ਉਸ ਕਹਾਣੀ ਬਾਰੇ ਹੈ ਜੋ ਤੁਸੀਂ ਆਪਣੇ ਫਰੇਮ ਰਾਹੀਂ ਦੱਸਣ ਲਈ ਚੁਣਦੇ ਹੋ। ਹਰ ਕਲਿੱਕ ਦ੍ਰਿਸ਼ਟੀ, ਭਾਵਨਾ ਤੇ ਰਚਨਾਤਮਕਤਾ ਦਾ ਪ੍ਰਗਟਾਵਾ ਹੈ ਤੇ ਇਹੀ ਇੱਕ ਚਿੱਤਰ ਨੂੰ ਸਦੀਵੀ ਬਣਾਉਂਦਾ ਹੈ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਰਚਨਾ, ਫਰੇਮਿੰਗ ਤੇ ਵਿਲੱਖਣ ਕੋਣਾਂ ਤੋਂ ਪਲਾਂ ਨੂੰ ਕੈਪਚਰ ਕਰਨ ਦੀ ਕਲਾ ਬਾਰੇ ਕੀਮਤੀ ਸੂਝ ਦਿੱਤੀ। ਵਿਦਿਆਰਥੀਆਂ ਨੇ ਸ੍ਰੀ ਕਾਲੀਆ ਦੀ ਅਗਵਾਈ ਹੇਠ ਇੰਟਰਐਕਟਿਵ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਸਵਾਲ ਪੁੱਛੇ 'ਤੇ ਵਿਹਾਰਕ ਅਭਿਆਸਾਂ ਦੇ ਨਾਲ ਪ੍ਰਯੋਗ ਕੀਤੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੇ ਮੁਖੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਸਰੋਤ ਵਿਅਕਤੀ ਦਾ ਧੰਨਵਾਦ ਕੀਤਾ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੀਆਂ ਵਰਕਸ਼ਾਪਾਂ ਉਭਰਦੇ ਪੱਤਰਕਾਰਾਂ ਤੇ ਮੀਡੀਆ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਰਚਨਾਤਮਕ ਤੇ ਪੇਸ਼ੇਵਰ ਹੁਨਰਾਂ ਨੂੰ ਵਧਾਉਣ ਵਿੱਚ ਮਦਦ ਕਰਦੀਆਂ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਦੇ ਉਤਸ਼ਾਹੀ ਫੀਡਬੈਕ ਨਾਲ ਸਮਾਪਤ ਹੋਇਆ, ਜਿਨ੍ਹਾਂ ਵਿੱਚੋਂ ਜ਼ਿਆਦਾ ਵਿਦਿਆਰਥੀਆਂ ਨੇ ਫੋਟੋਗ੍ਰਾਫੀ ਨੂੰ ਸਿਰਫ਼ ਇੱਕ ਹੁਨਰ ਵਜੋਂ ਹੀ ਨਹੀਂ ਸਗੋਂ ਸਵੈ-ਪ੍ਰਗਟਾਵੇ ਦੇ ਇੱਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਖੋਜਣ ਲਈ ਪ੍ਰੇਰਿਤ ਮਹਿਸੂਸ ਕੀਤਾ।

# ਡੀ.ਸੀ. ਆਸ਼ਿਕਾ ਜੈਨ ਦੀ ਮੌਜੂਦਗੀ 'ਚ ਐਸ.ਪੀ.ਐਨ. ਕਾਲਜ ਵਿਖੇ ਕਰਵਾਇਆ ਤੀਜ ਦੇ ਤਿਉਹਾਰ ਦਾ ਰੰਗਾਰੰਗ ਪ੍ਰੋਗਰਾਮ

ਮੁਕੇਰੀਆਂ, 23 ਅਗਸਤ (ਧਰਮ ਚੰਦ): ਸਵਾਮੀ ਪ੍ਰੇਮਾਨੰਦ ਮਹਾਵਿਦਿਆਲਾ ਮੁਕੇਰੀਆਂ ਵਿਖੇ ਹਰਿਆਲੀ ਤੀਜ ਦਾ ਤਿਉਹਾਰ ਬਹੁਤ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ (ਆਈ.ਏ.ਐਸ) ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸਦੇ ਨਾਲ ਹੀ ਐਸ.ਡੀ.ਐਮ ਮੁਕੇਰੀਆਂ ਅੰਕੁਰ ਮੋਹਿੰਦਰੂ (ਪੀ.ਸੀ.ਐਸ) ਦੇ ਨਾਲ ਕਾਲਜ ਪ੍ਰਬੰਧਨ ਕਮੇਟੀ ਦੇ ਮੈਂਬਰ-ਸੀਨੀਅਰ ਉਪ ਪ੍ਰਧਾਨ ਅਜੀਤ ਨਾਰੰਗ ਤੇ ਚੰਚਲ ਨਾਰੰਗ, ਜਨਰਲ ਸਕੱਤਰ ਵਿਨੋਦ ਸਵਰਾਜ ਤੇ ਵਰਸ਼ਾ ਸਵਰਾਜ, ਸਕੱਤਰ ਸੰਜੀਵ ਆਨੰਦ ਤੇ ਮੀਨਾਕਸ਼ੀ ਆਨੰਦ, ਆਡੀਟਰ ਡਾ. ਰਾਜੇਸ਼ ਲਖਨਪਾਲ, ਸੁਰਜੀਤ ਸਿੰਘ ਭੱਟੀਆਂ ਤੇ ਜੋਗਿੰਦਰ ਕੌਰ, ਸ਼ਾਕਰ, ਉਮੇਸ਼ ਨਾਰੰਗ, ਰੇਨੂ ਅਗਰਵਾਲ ਤੇ ਅਰਜੁਨ ਨਾਰੰਗ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਕਾਲਜ ਵਿੱਚ ਪਹੁੰਚਣ 'ਤੇ ਕਾਲਜ ਦੇ ਪ੍ਰਿੰਸੀਪਲ ਡਾ.



ਸਮੀਰ ਸ਼ਰਮਾ ਤੇ ਸਮੁੱਚੇ ਕਾਲਜ ਸਟਾਫ ਨੇ ਮੁੱਖ ਮਹਿਮਾਨਾਂ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਕਰਵਾਏ ਗਏ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਡਾ. ਕਿਰਨਜੀਤ ਕੌਰ ਤੇ ਡਾ. ਸੋਨੀਆ ਸ਼ਰਮਾ ਨੇ ਕੀਤਾ। ਆਪਣੇ ਸਵਾਗਤੀ ਭਾਸ਼ਣ ਵਿੱਚ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਨੇ ਕਿਹਾ ਕਿ ਤੀਜ ਵਰਗੇ ਤਿਉਹਾਰ ਸਾਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਦੇ ਤੇ ਵਿਦਿਆਰਥੀਆਂ ਵਿੱਚ ਭਾਰਤੀਅਤਾ ਦੀ ਭਾਵਨਾ ਨੂੰ ਜਗਾਉਂਦੇ ਹਨ। ਮੁੱਖ ਮਹਿਮਾਨ ਡੀ.ਸੀ. ਆਸ਼ਿਕਾ ਜੈਨ ਨੇ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ ਤੇ ਕਿਹਾ ਕਿ ਸਮਾਜ ਲਈ ਸਿੱਖਿਆ ਤੇ ਸੱਭਿਆਚਾਰ ਦੋਵਾਂ ਦਾ ਸੰਤੁਲਿਤ ਵਿਕਾਸ ਜ਼ਰੂਰੀ ਹੈ। ਸੀਨੀਅਰ ਉਪ ਪ੍ਰਧਾਨ ਅਜੀਤ ਨਾਰੰਗ ਨੇ ਕਿਹਾ ਕਿ ਤੀਜ ਵਰਗੇ ਤਿਉਹਾਰ ਨਾਰੀ ਸ਼ਕਤੀ ਤੇ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਹਨ, ਜੋ ਸਮਾਜ ਨੂੰ ਜੋੜਨ ਦਾ ਕੰਮ ਕਰਦੇ ਹਨ। ਸਕੱਤਰ ਸੰਜੀਵ ਆਨੰਦ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਸਮੀ ਸਿੱਖਿਆ ਦੇ ਨਾਲ-ਨਾਲ, ਵਿਦਿਆਰਥੀਆਂ ਨੂੰ ਆਪਣੀਆਂ ਪਰੰਪਰਾਵਾਂ ਤੇ ਸੱਭਿਆਚਾਰਕ ਸਮਾਗਮਾਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ, ਕਿਉਂਕਿ ਇਹ ਭਾਰਤੀ ਜੀਵਨ ਦ੍ਰਿਸ਼ਟੀ ਦਾ ਆਧਾਰ ਹਨ।

# ਸ੍ਰੀ ਹੇਮਕੁੰਟ ਸਕੂਲ ਵਿਖੇ ਲਗਾਇਆ 'ਅਡਵੈਂਚਰ ਫ਼ਨ ਕੈਂਪ'



ਜ਼ੀਰਾ, 23 ਅਗਸਤ (ਦੀਪਕ ਭਾਰਗੋ): ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀ. ਸਕੈ. ਸਕੂਲ ਕੋਟ-ਈਸੇ-ਖਾਂ ਜੋ ਇੰਟਰਨੈਸ਼ਨਲ ਲੈਵਲ ਦੀ ਪੜ੍ਹਾਈ ਕਰਾਉਂਦਾ ਹੈ, ਜੋ ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ ਹੋਣ ਦੇ ਨਾਲ ਨਾਲ ਕੈਂਬਰਿਜ਼ ਇੰਟਰਨੈਸ਼ਨਲ ਯੂਨੀਵਰਸਿਟੀ ਇੰਗਲੈਂਡ ਤੋਂ ਵੀ ਮਾਨਤਾ ਪ੍ਰਾਪਤ ਹੈ। ਇੱਥੇ ਪੜ੍ਹਾਈ ਦੇ ਨਾਲ ਨਾਲ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਬੱਚਿਆਂ ਦੇ ਮਨੋਰੰਜਨ ਲਈ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐਮ.ਡੀ. ਰਣਜੀਤ ਕੌਰ ਸੰਧੂ ਦੀ ਦੇਖ-ਰੇਖ ਹੇਠ "ਅਡਵੈਂਚਰ ਫ਼ਨ ਕੈਂਪ ਲਗਾਇਆ ਗਿਆ। ਜਿਸ ਵਿੱਚ ਨਰਸਰੀ ਤੋਂ ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਤੋਂ ਬਿਨ੍ਹਾਂ ਰੱਸੀ 'ਤੇ ਚੱਲਣਾ, ਮੈਰੀ ਗਰਾਊਂਡ, ਕੁੱਦਣ ਵਾਲੇ ਝੂਲੇ, ਰੇਲ ਗੱਡੀ, ਕਮਾਂਡੋ ਸੈੱਟ, ਐਡਵੈਂਚਰ ਸੈੱਟ, ਰੇਨ ਡਾਂਸ, ਬੋਟਿੰਗ, ਸਲਾਈਡ ਤੋਂ ਬਿਨ੍ਹਾਂ ਹੋਰ ਵੀ ਕਈ ਪ੍ਰਕਾਰ ਦੇ ਝੂਲੇ ਲਗਾਏ ਗਏ। ਇਸ ਸਮੇਂ ਬੱਚਿਆਂ ਲਈ ਡੀ.ਜੇ ਪਾਰਟੀ ਦਾ ਆਯੋਜਨ ਵੀ ਕੀਤਾ ਗਿਆ, ਬੱਚਿਆਂ ਨੇ ਖ਼ੂਬ ਡਾਂਸ ਕੀਤਾ। ਬੱਚਿਆਂ ਨੇ ਇਸ "ਅਡਵੈਂਚਰ ਫ਼ਨ ਕੈਂਪ" ਵਿੱਚ ਬਹੁਤ ਉਤਸ਼ਾਹਪੂਰਵਕ ਭਾਗ ਲਿਆ। ਪ੍ਰਿੰਸੀਪਲ ਰਮਨਜੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਇਹੋ ਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਨਾਲ ਬੱਚਿਆਂ ਦਾ ਮਨੋਰੰਜਨ ਹੁੰਦਾ ਹੈ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਨੈਤਿਕ ਪ੍ਰੀਖਿਆ ਕਰਵਾਈ



ਭਗਤਾ ਭਾਈ ਕਾ, 23 ਅਗਸਤ (ਸਵਰਨ ਸਿੰਘ ਭਗਤਾ): ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫਰੀਦਕੋਟ ਬਠਿੰਡਾ ਮੁਕਤਸਰ ਜ਼ੋਨ ਵੱਲੋਂ ਮਿਤੀ 22 ਅਗਸਤ ਦਿਨ ਸ਼ੁੱਕਰਵਾਰ ਨੂੰ ਪੂਰੇ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਨੈਤਿਕ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ। ਜਿਸ ਦੇ ਅਧੀਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਭਗਤਾ ਭਾਈਕਾ ਵੱਲੋਂ ਖੇਤਰ ਭਗਤਾਂ ਦੇ ਲੱਗਭੱਗ 18 ਸਕੂਲਾਂ ਦੇ ਵਿੱਚ ਨੈਤਿਕ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਵੱਖ ਵੱਖ ਸਕੂਲਾਂ ਦੇ 1000 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਟੱਡੀ ਸਰਕਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਫੌਜੀ ਵੱਲੋਂ ਦੱਸਿਆ ਗਿਆ ਕਿ ਇਹ ਨੈਤਿਕ ਪ੍ਰੀਖਿਆ ਇੰਦਰਜੀਤ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਸਟੱਡੀ ਸਰਕਲ ਦੇ ਵਲੰਟੀਅਰਾਂ ਵੱਲੋਂ ਸੰਪੰਨ ਕਰਵਾਈ ਗਈ। ਸਟੱਡੀ ਸਰਕਲ ਦੇ ਵਲੰਟੀਅਰਾਂ ਦੁਆਰਾ ਵੱਖ ਵੱਖ ਸਕੂਲਾਂ ਵਿੱਚ ਜਾ ਕੇ ਸਕੂਲ ਮੁਖੀਆਂ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਇਸ ਪ੍ਰੀਖਿਆ ਦੇ ਕਾਰਜ ਨੂੰ ਪੂਰਾ ਕੀਤਾ। ਇਸ ਨੈਤਿਕ ਪ੍ਰੀਖਿਆ ਦਾ ਮਕਸਦ ਵਿਦਿਆਰਥੀਆਂ ਅੰਦਰ ਨੈਤਿਕ ਕਦਰਾਂ ਕੀਮਤਾਂ ਅਤੇ ਸ਼ਖਸ਼ੀਅਤ ਦਾ ਸਰਬਪੱਖੀ ਵਿਕਾਸ ਕਰਨਾ ਹੈ। ਇਸ ਮਨੋਰਥ ਦੀ ਪੂਰਤੀ ਲਈ ਹਰ ਸਾਲ ਅਗਸਤ ਮਹੀਨੇ ਵਿੱਚ ਨੈਤਿਕ ਪ੍ਰੀਖਿਆ ਕਰਵਾਈ ਜਾਂਦੀ ਹੈ। ਇਸ ਪ੍ਰੀਖਿਆ ਲਈ ਬਾਬਾ ਸੁਖਜੰਟ ਸਿੰਘ ਦਬੜੀਖਾਨਾ ਜਸਵਿੰਦਰ ਸਿੰਘ ਕੋਠੇ ਭਾਈਆਣਾ ,ਹਰਮਨਦੀਪ ਸਿੰਘ ਬੰਟੀ ,ਨਰਵੀਨ ਸਿੰਘ ,ਹਰਦੇਵ ਸਿੰਘ ਵਿਰਦੀ ,ਜਸਪ੍ਰੀਤ ਸਿੰਘ ਬੂਟਾ, ਗੁਰਮੀਤ ਸਿੰਘ , ਸੁਖਦੇਵ ਸਿੰਘ ਸੀ ਆਈ ਡੀ, ਮਨਪ੍ਰੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਛੇਵੀਂ ਤੇ ਦਸਵੀਂ ਗੁਰਪ੍ਰੀਤ ਸਿੰਘ ਖਾਲਸਾ, ਕੁਲਦੀਪ ਸਿੰਘ ਖਾਲਸਾ, ਗੋਪਾਲ ਸਿੰਘ ਆਕਲੀਆ ਹਰਜਿੰਦਰ ਸਿੰਘ ਸਿਰੀਏਵਾਲਾ , ਕੁਲਵੰਤ ਸਿੰਘ ਡੋਡ ਡਾਕਟਰ ਭਿੰਦਰ ਸਿੰਘ ਗੁਰੂਸਰ ਡਾਕਟਰ ਸੁਖਜਿੰਦਰ ਸਿੰਘ ਕੋਠਾ ਗੁਰੂ ਕਾ ਆਦਿ ਦਾ ਅਹਿਮ ਯੋਗਦਾਨ ਰਿਹਾ।

# ਭਗਤਾ ਬਲਾਕ ਨੂੰ ਖ਼ਤਮ ਕਰਨ ਦੇ ਫ਼ੈਸਲੇ ਵਿਰੁੱਧ ਲੋਕਾਂ ਦਾ ਫੁੱਟਿਆ ਗੁੱਸਾ, ਧਰਨਾ ਪ੍ਰਦਰਸ਼ਨ

## ਆਵਾਜਾਈ ਦੇ ਪੂਰਨ ਠੱਪ ਹੋਣ ਮਗਰੋਂ ਹਰਕਤ 'ਚ ਆਏ ਪ੍ਰਸ਼ਾਸਨ ਨੇ ਲਿਆ ਮੰਗ ਪੱਤਰ



ਭਗਤਾ ਭਾਈ ਕਾ, 23 ਅਗਸਤ (ਸਵਰਨ ਸਿੰਘ ਭਗਤਾ):ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੁਆਰਾ ਸੂਬੇ ਅੰਦਰ ਕੁਝ ਬਲਾਕਾਂ ਨੂੰ ਭੰਗ ਕੀਤਾ ਗਿਆ ਹੈ, ਜਿਹਨਾਂ ਵਿੱਚ ਭਗਤਾ ਬਲਾਕ ਵੀ ਸ਼ਾਮਲ ਹੈ। ਇਸ ਦੌਰਾਨ ਭਗਤਾ ਬਲਾਕ ਦੀ ਮੁੜ ਬਹਾਲੀ ਕਰਾਉਣ ਲਈ ਪਿਛਲੇ ਸਮੇਂ ਦੌਰਾਨ ਵੱਖ ਵੱਖ ਕਿਸਾਨ ਜਥੇਬੰਦੀਆਂ ਸਮੇਤ ਰਾਜਸੀ ਪਾਰਟੀਆਂ ਵੱਲੋਂ ਵੀ ਧਰਨੇ ਪ੍ਰਦਰਸ਼ਨ ਕੀਤੇ ਗਏ ਹਨ। ਪਰ ਇਸਦੇ ਬਾਵਜੂਦ ਵੀ ਸਰਕਾਰ ਦਾ ਇਸ ਵਿਸ਼ੇ ਵੱਲ ਧਿਆਨ ਨਾ ਦੇਣ ਦੀ ਸੂਰਤ ਵਿਚ ਭਗਤਾ ਬਲਾਕ ਅਧੀਨ ਪੈਂਦੇ ਕਰੀਬ 29 ਪਿੰਡਾਂ ਵੱਲੋਂ ਸਾਂਝੇ ਤੌਰ 'ਤੇ 21 ਮੈਂਬਰੀ ਬਲਾਕ ਬਚਾਓ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਕਿਸਾਨ ਜਥੇਬੰਦੀਆਂ, ਜਨਤਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਗਏ ਸਨ। ਇਸ ਮੌਕੇ ਉਕਤ ਐਕਸ਼ਨ ਕਮੇਟੀ ਵੱਲੋਂ ਸ਼ੁੱਕਰਵਾਰ ਨੂੰ ਸ਼ਹਿਰ ਦੇ ਮੁੱਖ ਚੌਂਕ ਵਿੱਚ ਧਰਨਾ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਸੀ। ਇਸ ਦੌਰਾਨ ਆਵਾਜਾਈ ਨੂੰ ਬਿਨਾਂ ਪ੍ਰਭਾਵਿਤ ਕੀਤੇ ਧਰਨਾਕਾਰੀਆਂ ਵੱਲੋਂ ਸੜਕ ਦਾ ਇੱਕ ਪਾਸਾ ਰੋਕ ਭਗਤਾ ਬਲਾਕ ਦੀ ਮੁੜ ਬਹਾਲੀ ਲਈ ਆਵਾਜ਼ ਬੁਲੰਦ ਕੀਤੀ ਗਈ। ਇਸ ਦੌਰਾਨ ਐਕਸ਼ਨ ਕਮੇਟੀ ਵੱਲੋਂ ਕਰਮਜੀਤ ਸਿੰਘ ਜੇਈ ਭਾਕਿਯੂ ਕ੍ਰਾਂਤੀਕਾਰੀ ਤੇ ਅਵਤਾਰ ਸਿੰਘ ਤਾਰੀ ਭਾਕਿਯੂ ਏਕਤਾ ਉਗਰਾਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਦਾ ਕੰਮ ਹੁੰਦਾ ਹੈ ਆਪਣੇ ਇਲਾਕੇ ਦੇ ਲੋਕਾਂ ਲਈ ਵੱਖ ਵੱਖ ਸਹੂਲਤਾਂ ਦੇਣ ਵਾਲੇ ਅਦਾਰਿਆਂ ਨੂੰ ਵਿਕਸਤ ਕਰਨਾ, ਪਰ ਸੂਬੇ ਦੀ ਭਗਵੰਤ ਮਾਨ ਸਰਕਾਰ ਦੁਆਰਾ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਜੋ ਪਹਿਲਾਂ ਹੀ ਬੁਨਿਆਦੀ ਸਹੂਲਤਾਂ ਵਾਲੇ ਅਦਾਰੇ ਹਨ, ਉਹਨਾਂ ਨੂੰ ਖਤਮ ਕਰਕੇ ਲੋਕ ਵਿਰੋਧੀ ਸਰਕਾਰ ਹੋਣ ਦਾ ਸਬੂਤ ਦਿੱਤਾ ਹੈ, ਜਿਸਨੂੰ ਲੋਕ ਕਿਸੇ ਵੀ ਕੀਮਤ ਉੱਪਰ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਬਲਾਕ ਬਚਾਓ ਐਕਸ਼ਨ ਕਮੇਟੀ ਦੁਆਰਾ ਧਰਨੇ ਦੌਰਾਨ ਇਹ ਵੀ ਐਲਾਨ ਕੀਤਾ ਗਿਆ ਕਿ ਜਿੰਨੀ ਦੇਰ ਤੱਕ ਭਗਤਾ ਬਲਾਕ ਮੁੜ ਬਹਾਲ ਨਹੀਂ ਹੁੰਦਾ ਉਨੀਂ ਦੇਰ ਤੱਕ ਭਗਤੇ ਬਲਾਕ ਦੇ ਪਿੰਡਾਂ ਅੰਦਰ ਸਰਕਾਰ ਅਤੇ ਹਲਕਾ ਵਿਧਾਇਕ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਧਰਨਾਕਾਰੀਆਂ ਵੱਲੋਂ ਸੜਕ ਨੂੰ ਮੁਕੰਮਲ ਜਾਮ ਕਰ ਦਿੱਤਾ ਗਿਆ। ਹਾਲਾਂਕਿ ਸਕੂਲੀ ਵੈਨਾਂ ਜਾਂ ਐਮਰਜੈਂਸੀ ਵਾਹਨਾਂ ਨੂੰ ਹੀ ਰਸਤਾ ਦਿੱਤਾ ਗਿਆ ਸੀ। ਇਸ ਉਪਰੰਤ ਸੜਕ ਦੇ ਮੁਕੰਮਲ ਜਾਮ ਹੋਣ ਮਗਰੋਂ ਧਰਨੇ ਦੇ ਕਰੀਬ ਅੱਧੇ ਘੰਟੇ ਮਗਰੋਂ ਪ੍ਰਸ਼ਾਸਨ ਤਰਫੋਂ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਲੈਣ ਲਈ ਭੇਜਿਆ ਗਿਆ, ਜਿਸ ਮਗਰੋਂ ਧਰਨਾਕਾਰੀਆਂ ਨੇ ਆਪਣਾ ਧਰਨਾ ਸਮਾਪਤ ਹੋਣ ਉਪਰੰਤ ਸਰਕਾਰ ਅਤੇ ਹਲਕਾ ਵਿਧਾਇਕ ਦੀ ਅਰਥੀ ਫੂਕਕੇ ਜ਼ੋਰਦਾਰ ਨਾਅਰੇਬਾਜੀ ਕੀਤੀ ਗਈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਇਆ



ਭਗਤਾ ਭਾਈ ਕਾ, 23 ਅਗਸਤ (ਸਵਰਨ ਸਿੰਘ ਭਗਤਾ):ਸੀ.ਐਮ.ਐਸ.ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਾਜ਼ਰੀ ਵਿੱਚ ਸਕੂਲੀ ਵਿਦਿਆਰਥੀਆਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ,ਉਪ੍ਰੰਤ ਕਥਾ ਵਿਚਾਰ ਅਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ।ਸਕੂਲ ਦੇ ਐਮ.ਡੀ ਜੈ ਸਿੰਘ ਨੇ ਆਪਣੇ ਸੰਦੇਸ਼ ਵਿੱਚ ਸਮੁੱਚੇ ਵਿਦਿਆਰਥੀਆਂ ਅਤੇ ਸਟਾਫ ਨੂੰ ਇਸ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਵੱਲੋਂ ਦਿੱਤੇ ਉਪਦੇਸ਼ 'ਤੇ ਚੱਲਣ ਦੀ ਅਪੀਲ ਕੀਤੀ।ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਸਭ ਧਰਮਾਂ ਦੇ ਸਾਂਝੇ ਗੁਰੂ ਹਨ ਇਹਨਾਂ ਤੋਂ ਕੋਈ ਵੀ ਧਰਮ,ਜਾਤ,ਨਸਲ ਦਾ ਵਿਅਕਤੀ ਗਿਆਨ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਨੇ ਸਾਨੂੰ ਵਹਿਮਾਂ ਭਰਮਾਂ ਊਚ ਨੀਚ ਅਤੇ ਜਾਤ ਪਾਤ ਦੇ ਭੇਦ ਖਤਮ ਕਰਕੇ ਆਪਸ ਵਿੱਚ ਰਲ ਮਿਲ ਕੇ ਰਹਿਣ ਦੀ ਸਿੱਖਿਆ ਦਿੱਤੀ ਹੈ, ਜੋ ਕਿ ਅੱਜ ਦੇ ਅਜੋਕੇ ਸਮੇਂ ਵਿੱਚ ਬਹੁਤ ਹੀ ਜਰੂਰੀ ਹੈ।ਇਸ ਸਮੇਂ ਸਕੂਲ ਦੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਸ਼ਰਧਾ ਭੇਂਟ ਕਰਦਿਆਂ ਸੀਸ ਨਿਵਾਇਆ ਗਿਆ ਅਤੇ ਸਮਾਪਤੀ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਅਤੁੱਟ ਵਰਤਾਈ ਗਈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬੱਚੇ ਲਈ ਬਣੀ ਵਰਦਾਨ




ਕੌਹਰੀਆਂ/ 23 ਅਗਸਤ ( ਅਵਤਾਰ ਸਿੰਘ ਜਟਾਣਾ)ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ 'ਚ ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲੋਕਾਂ ਲਈ ਬੇਹੱਦ ਲਾਹੇਵੰਦ ਸਾਬਤ ਹੋ ਰਹੀ ਹੈ। ਇਸੇ ਲੜੀ ਤਹਿਤ ਸਿਵਲ ਸਰਜਨ ਡਾ. ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਪੀ.ਐੱਚ.ਸੀ. ਕੌਹਰੀਆਂ ਡਾ. ਗਗਨ ਖਿਪਲਾ ਦੀ ਅਗਵਾਈ ਵਿੱਚ ਨਿਰੰਤਰ ਕਾਰਜਸ਼ੀਲ ਆਰ.ਬੀ.ਐੱਸ.ਕੇ. ਟੀਮ ਵੱਲੋਂ ਇੱਕ ਬੱਚੇ ਦੇ ਦਿਲ ਦੀ ਬਿਮਾਰੀ ਦਾ ਮੁਫ਼ਤ ਇਲਾਜ ਕਰਵਾਇਆ ਹੈ। ਜਾਣਕਾਰੀ ਦਿੰਦਿਆਂ ਡਾ.ਗਗਨ ਖਿਪਲਾ ਨੇ ਦੱਸਿਆ ਕਿ ਆਰ.ਬੀ.ਐੱਸ.ਕੇ. ਇੱਕ ਵਿਸ਼ੇਸ਼ ਪ੍ਰੋਗਰਾਮ ਹੈ ਜੋ ਬੱਚਿਆਂ ਦੇ ਜਨਮ ਤੋਂ ਲੈ ਕੇ 18 ਸਾਲ ਦੀ ਉਮਰ ਤੱਕ ਦੀਆਂ ਬਿਮਾਰੀਆਂ ਦੀ ਜਾਂਚ ਅਤੇ ਮੁਫਤ ਇਲਾਜ ਤੇ ਧਿਆਨ ਕੇਂਦਰਿਤ ਕਰਦਾ ਹੈ। ਇਸ ਪ੍ਰੋਗਰਾਮ ਤਹਿਤ ਬੱਚਿਆਂ ਦੀਆਂ 31 ਤੋਂ ਵੱਧ ਸਥਿਤੀਆਂ ਜਿਵੇਂ ਕਿ ਜਨਮ ਦੇ ਨੁਕਸ, ਬਿਮਾਰੀਆਂ, ਕਮੀਆਂ ਅਤੇ ਵਿਕਾਸ ਸੰਬੰਧੀ ਦੇਰੀ ਦਾ ਇਲਾਜ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਰਾਹੀਂ ਸਿਹਤ ਵਿਭਾਗ ਦੀਆਂ ਟੀਮਾਂ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਬੱਚਿਆਂ ਦੀ ਸਿਹਤ ਜਾਂਚ ਕਰਦੀਆਂ ਹਨ।ਡਾ. ਵਰਿੰਦਰ ਕੁਮਾਰ ਤੇ ਡਾ. ਕਨਿਕਾ ਬੱਗਾ ਨੇ ਦੱਸਿਆ ਕਿ ਪਿੰਡ ਰੋਗਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਅਜੀਤ ਸਿੰਘ ਨੂੰ ਜਨਮ ਤੋਂ ਹੀ ਦਿਲ ਦੀ ਗੰਭੀਰ ਬਿਮਾਰੀ ਸੀ। ਇਸ ਦਾ ਪਤਾ ਟੀਮ ਵੱਲੋਂ ਕੀਤੇ ਸਾਲਾਨਾ ਮੈਡੀਕਲ ਚੈੱਕਅੱਪ ਦੌਰਾਨ ਲੱਗਾ ਤੇ ਬੱਚੇ ਦੇ ਪਰਿਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਬਿਮਾਰੀ ਦਾ ਇਲਾਜ ਬਹੁਤ ਮਹਿੰਗਾ ਸੀ। ਪਰਿਵਾਰ ਨੂੰ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਬਾਰੇ ਜਾਣਕਾਰੀ ਦਿੱਤੀ ਗਈ ਤੇ ਦੱਸਿਆ ਗਿਆ ਕਿ ਇਸ ਤਹਿਤ ਮੁਫ਼ਤ ਇਲਾਜ ਸੰਭਵ ਹੈ। ਬੱਚੇ ਨੂੰ ਪੀ.ਜੀ.ਆਈ. ਚੰਡੀਗੜ੍ਹ ਭੇਜਿਆ ਗਿਆ , ਜਿੱਥੇ ਮਾਹਿਰ ਡਾਕਟਰ ਨੇ ਉਸ ਦਾ ਇਲਾਜ ਕੀਤਾ। ਇਹ ਪੂਰੀ ਪ੍ਰਕਿਰਿਆ ਨਾ ਸਿਰਫ ਮੁਫਤ ਸੀ, ਬਲਕਿ ਬਹੁਤ ਤੇਜ਼ੀ ਨਾਲ ਵੀ ਹੋਈ। ਇਲਾਜ ਤੋਂ ਬਾਅਦ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਹੈ ਅਤੇ ਉਸਦੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ। ਪਰਿਵਾਰ ਨੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸ ਯੋਜਨਾ ਨੂੰ ਲੋੜਵੰਦਾਂ ਲਈ ਜੀਵਨ ਰੇਖਾ ਦੱਸਿਆ। **ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲੋੜਵੰਦਾਂ ਲਈ ਬੇਹੱਦ ਲਾਹੇਵੰਦ - ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ**ਨਰਿੰਦਰ ਪਾਲ ਸਿੰਘ ਬਲਾਕ ਐਕਸਟੈਂਸ਼ਨ ਐਜੂਕੇਟਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ, ਪੰਜਾਬ ਦੇ ਲੱਖਾਂ ਯੋਗ ਪਰਿਵਾਰਾਂ ਨੂੰ ਹਰ ਸਾਲ 5 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਮਿਲਦਾ ਹੈ। ਇਸ ਯੋਜਨਾ ਵਿੱਚ ਸਿਰਫ ਵੱਡੇ ਆਪਰੇਸ਼ਨ ਹੀ ਨਹੀਂ, ਬਲਕਿ ਦਵਾਈਆਂ, ਟੈਸਟ ਅਤੇ ਹੋਰ ਸਿਹਤ ਸੇਵਾਵਾਂ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਇਸ ਯੋਜਨਾ ਤਹਿਤ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਜਿਵੇਂ ਕੈਂਸਰ, ਦਿਲ ਦੀਆਂ ਬਿਮਾਰੀਆਂ ਅਤੇ ਹੋਰ ਅਪਰੇਸ਼ਨਾਂ ਦਾ ਇਲਾਜ ਵੀ ਕਵਰ ਕੀਤਾ ਜਾਂਦਾ ਹੈ। ਇਹ ਯੋਜਨਾ ਪੰਜਾਬ ਸਰਕਾਰ ਦੀ ਇੱਕ ਸਿਹਤਮੰਦ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹਨਾਂ ਯੋਜਨਾਵਾਂ ਨੇ ਪੰਜਾਬ ਦੇ ਲੋਕਾਂ, ਖਾਸ ਕਰਕੇ ਗਰੀਬ ਅਤੇ ਪਿਛੜੇ ਵਰਗਾਂ ਲਈ ਸਿਹਤ ਸਹੂਲਤਾਂ ਦੀ ਪਹੁੰਚ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਸਰਕਾਰ ਇਸ ਤਰ੍ਹਾਂ ਦੀਆਂ ਜਨਤਕ ਭਲਾਈ ਯੋਜਨਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

# ਭਾਜਪਾ ਵਰਕਰਾਂ ਨੇ ਧਰਨਾ ਲਗਾ ਕੇ ਸੂਬਾ ਸਰਕਾਰ ਦਾ ਪੁਤਲਾ ਫੂਕਿਆ



ਭੁੱਚੋ ਮੰਡੀ ਨਥਾਣਾ, 23 ਅਗਸਤ (ਹਰਬੰਸ ਸਿੰਘ ਭੋਲਾ): ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਲੈਂ ਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੱਦੇ 'ਤੇ ਵੀਰਵਾਰ ਨੂੰ ਵੱਖ -ਵੱਖ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਆਯੋਜਿਤ ਕੀਤੇ ਗਏ ਇਸ ਵਿੱਚ ਭਾਜਪਾ ਦੇ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਸਨ। ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਫੁਰਮਾਨ 'ਤੇ ਜਿੱਥੇ ਪੁਲਿਸ ਨੇ ਉਕਤ ਕੈਂਪ ਬੰਦ ਕਰਵਾ ਦਿੱਤੇ, ਉਥੇ ਭਾਜਪਾ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਜਿਸ ਦਾ ਭਾਜਪਾ ਆਗੂਆਂ ਤੇ ਵਰਕਰਾਂ ਨੇ ਸਖ਼ਤ ਵਿਰੋਧ ਕੀਤਾ ਤੇ ਸੂਬਾ ਸਰਕਾਰ ਦੇ ਪੁਤਲੇ ਸਾੜੇ ਗਏ ਤੇ ਵਿਰੋਧ ਵਿੱਚ ਜੰਮਕੇ ਨਾਹਰੇ ਬਾਜ਼ੀ ਕੀਤੀ ਗਈ। ਦੀ ਜਾਣਕਾਰੀ ਦਿੰਦੇ ਹੋਏ, ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੇ ਬੀਜੇਪੀ ਦੇ ਹਲਕਾ ਇੰਚਾਰਜ ਤੇ ਐਸ ਸੀ ਦੇ ਮੋਰਚਾ ਦੇ ਜ਼ਿਲ੍ਹਾ ਬਲਦੇਵ ਸਿੰਘ ਆਕਲੀਆ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਨੋਦ ਬਿੰਟਾ , ਜ਼ਿਲ੍ਹਾ ਮੀਤ ਪ੍ਰਧਾਨ ਜਤਿੰਦਰ ਗੋਗੀ, ਮੀਤ ਪ੍ਰਧਾਨ ਰਾਜੀਵ ਟੀਨੂੰ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ ਜੀ ਦੇ ਦਿਸ਼ਾ -ਨਿਰਦੇਸ ਅਨੁਸਾਰ ਤੇ ਮੰਡਲ ਪ੍ਰਧਾਨ ਵਿਸ਼ਾਲ ਮਹੇਸ਼ਵਰੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀਆਂ ਬੀਜੇਪੀ ਦੇ ਵਰਕਰਾਂ ਵੱਲੋਂ ਪਾਰਟੀ ਵਿਰੁੱਧ ਗਲਤ ਕਾਰਵਾਈਆਂ ਦਾ ਵਿਰੋਧ ਕਰਦੇ ਹੋਏ ਹਲਕਾ ਭੁੱਚੋ ਦੇ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਹਲਕਾ ਪੱਧਰੀ ਰੋਸ ਪ੍ਰਦਰਸ਼ਨ ਵਿੱਚ ਪਹੁੰਚ ਕੇ ਸੂਬਾ ਸਰਕਾਰ ਦਾ ਪੁਤਲਾ ਫੂਕਿਆ ਅਤੇ ਵਿਰੋਧ ਵਿੱਚ ਜੰਮਕੇ ਨਾਹਰੇ ਬਾਜ਼ੀ ਕੀਤੀ ਗਈ।ਇਸ ਮੌਕੇ ਕਿਸਾਨ ਮੋਰਚਾ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਬੰਸ ਸਿੰਘ ਭੋਲਾ, ਸਨਦੀਪ ਮਹੇਸ਼ਵਰੀ,ਬੀ ਦੇ ਪੀ ਆਗੂਆਂ ਤੇ ਵਰਕਰਾਂ ਨੇ ਆਪਣੀ ਹਾਜ਼ਰੀ ਲਵਾਈ।

# ਬਿਜਲੀ ਦੀ ਚੈਕਿੰਗ ਕਰਨ ਆਏ ਅਧਿਕਾਰੀਆਂ ਦਾ ਕਿਸਾਨਾਂ ਨੇ ਕੀਤਾ ਘਿਰਾਓ



ਦਿੜ੍ਹਬਾ ਮੰਡੀ 23 ਅਗਸਤ (ਸੁਖਵਿੰਦਰ ਸਿੰਘ ਵਿਰਕ) ਭਾਰਤੀ ਕਿਸਾਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੇ ਪਿੰਡ ਇਕਾਈ ਮਹਿਲਾਂ ਚੌਂਕ ਵਿਖੇ ਇਕਾਈ ਪ੍ਰਧਾਨ ਜਗਜੀਤ ਸਿੰਘ ਸੇਖੋਂ ਦੀ ਅਗਵਾਈ ਹੇਠ ਬਿਜਲੀ ਅਧਿਕਾਰੀਆਂ ਦਾ ਘਿਰਾਓ ਕੀਤਾ ਗਿਆ। ਕਿਸਾਨ ਜਥੇਬੰਦੀ ਦੇ ਆਗੂਆ ਦਾ ਦੋਸ਼ ਹੈ ਕਿ ਬਿਜਲੀ ਮੁਲਾਜ਼ਮ ਘਰਾਂ ਵਿੱਚ ਦਾਖਲ ਹੋ ਕੇ ਧੱਕੇ ਨਾਲ ਲੋਡ ਚੈੱਕ ਕਰ ਰਹੇ ਸਨ।ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਅਤੇ ਅਮਨਦੀਪ ਸਿੰਘ ਮਹਿਲਾਂ ਨੇ ਦੱਸਿਆ ਕਿ ਅੱਜ ਸਵੇਰੇ ਲਗਭਗ 6 ਵਜੇ ਮਹਿਲਾਂ ਚੌਂਕ ਦੇ ਐਸ ਡੀ ਓ ਸਮੇਤ ਮੁਲਾਜ਼ਮਾਂ ਨੇ ਕਿਸਾਨ ਬਲਦੇਵ ਸਿੰਘ ਦੇ ਘਰ ਅੰਦਰ ਦਾਖਲ ਹੋ ਕੇ ਬਿਜਲੀ ਦਾ ਲੋਡ ਚੈੱਕ ਕਰਨ ਸਬੰਧੀ ਦਬਕੇ ਮਾਰੇ ਅਤੇ ਕਿਹਾ ਕਿ ਤੁਸੀਂ ਕੁੰਡੀ ਲਗਾਉਂਦੇ ਹੋ ਜਦੋਂ ਕਿ ਕਿਸਾਨ ਦਾ ਮੀਟਰ ਪਹਿਲਾਂ ਤੋਂ ਹੀ ਖਰਾਬ ਹੈ,ਕਿਸਾਨ ਐਵਰੇਜ ਬਿੱਲ ਹਰ ਮਹੀਨੇ ਭਰਦਾ ਹੈ,ਕਿਸਾਨ ਨੇ ਚਿੱਪ ਵਾਲਾ ਮੀਟਰ ਲਗਵਾਉਣ ਤੋਂ ਮਨਾ ਕੀਤਾ ਹੋਇਆ ਹੈ,ਇਸ ਲਈ ਕੁੰਡੀ ਦਾ ਮਸਲਾ ਬਣਾ ਕੇ ਲੋਕਾਂ ਨੂੰ ਡਰਾ ਧਮਕਾ ਕੇ ਚਿੱਪ ਵਾਲੇ ਮੀਟਰ ਲਗਾਏ ਜਾ ਰਹੇ ਹਨ,ਜਦੋਂ ਇਸ ਗੱਲ ਦਾ ਪਤਾ ਸਾਡੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੂੰ ਲੱਗਿਆ ਤਾਂ ਅਸੀ ਲੋਡ ਚੈੱਕ ਕਰਨ ਆਏ ਅਧਿਕਾਰੀਆਂ ਦਾ ਘਿਰਾਓ ਕਰ ਲਿਆ ਅਤੇ ਕਿਹਾ ਕਿ ਇਸ ਤਰ੍ਹਾਂ ਦਾ ਧੱਕਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ,ਇਸ ਤੋਂ ਬਾਅਦ ਪੁਲਸ ਮਹਿਲਾਂ ਚੌਂਕੀ ਦੇ ਇੰਚਾਰਜ ਕਰਮਜੀਤ ਸਿੰਘ ਮੌਕੇ ਤੇ ਪਹੁੰਚੇ ਗਏ ਅਤੇ ਐਸਡੀਓ ਨੇ ਸਟੇਜ ਤੇ ਆ ਕੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਅੱਗੇ ਤੋਂ ਕਿਸੇ ਵੀ ਕਿਸਾਨ ਮਜ਼ਦੂਰ ਨੂੰ ਇਸ ਤਰ੍ਹਾਂ ਪਰੇਸ਼ਾਨ ਨਹੀਂ ਕੀਤਾ ਜਾਵੇਗਾ ਇਸ ਤੋਂ ਬਾਅਦ ਘਿਰਾਓ ਸਮਾਪਤ ਕਰ ਦਿੱਤਾ ਗਿਆ ,ਇਸ ਮੌਕੇ ਦਰਸ਼ਨ ਸਿੰਘ ਮਾਨ,ਗੁਰਜੰਟ ਸਿੰਘ ਖਰਾ,ਕੁਲਦੀਪ ਸਿੰਘ ਮਾਨ,ਚਮਕੌਰ ਸਿੰਘ ਘੁਮਾਣ,ਜਗਦੀਪ ਸਿੰਘ ਘੁਮਾਣ,ਕਰਨੈਲ ਦਾਸ,ਰਾਮ ਸਿੰਘ,ਅਜੈਬ ਸਿੰਘ,ਬਹਾਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।ਇਸ ਮੌਕੇ ਦਰਸ਼ਨ ਸਿੰਘ ਮਾਨ,ਗੁਰਜੰਟ ਸਿੰਘ ਖਰਾ,ਕੁਲਦੀਪ ਸਿੰਘ ਮਾਨ,ਚਮਕੌਰ ਸਿੰਘ ਘੁਮਾਣ,ਜਗਦੀਪ ਸਿੰਘ ਘੁਮਾਣ,ਕਰਨੈਲ ਦਾਸ,ਰਾਮ ਸਿੰਘ,ਅਜੈਬ ਸਿੰਘ,ਬਹਾਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਭਾਜਪਾ ਨੂੰ ਲੋਕ ਸੇਵਾ ਕੈਂਪ ਲਗਾਉਣ ਤੋਂ ਰੋਕਣਾ ਆਪ ਸਰਕਾਰ ਦੀ ਬੁਖਲਾਹਟ ਦਾ ਨਤੀਜਾ :ਆਕਲੀਆ



ਭੁੱਚੋ ਮੰਡੀ ਨਥਾਣਾ 23ਅਗਸਤ (ਹਰਬੰਸ ਸਿੰਘ ਭੋਲਾ) ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਐਸ ਸੀ ਮੋਰਚੇ ਦੇ ਪ੍ਰਧਾਨ ਅਤੇ ਹਲਕਾ ਭੁੱਚੋ ਦੇ ਇੰਚਾਰਜ ਬਲਦੇਵ ਸਿੰਘ ਆਕਲੀਆ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਦੁਆਰਾ ਪਿੰਡਾਂ ਵਿੱਚ ਸੀ ਐਸ ਸੀ ਕੇਂਦਰਾਂ ਰਾਹੀਂ ਲੋਕ ਸੇਵਾ ਕੈਂਪ ਲਗਾਏ ਜਾ ਰਹੇ ਸਨ,ਜਿਨਾਂ ਕੈਂਪਾਂ ਵਿੱਚ ਲੋਕਾਂ ਨੂੰ ਆਯੁਸ਼ਮਾਨ ਕਾਰਡ ਤੇ ਹੋਰ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਸੀ ਪਰੰਤੂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੂੰ ਇਹ ਗੱਲ ਹਜਮ ਨਹੀਂ ਹੋ ਰਹੀ। ਇਸ ਕਰਕੇ ਭਗਵੰਤ ਮਾਨ ਸਰਕਾਰ ਬੁਖਲਾਹਟ ਵਿੱਚ ਆ ਕੇ ਜਨਤਾ ਪਾਰਟੀ ਦੇ ਵਰਕਰ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਪੁਲਿਸ ਤੰਤਰ ਰਾਹੀਂ ਜਬਰੀ ਫੜ ਕੇ ਥਾਣਿਆਂ ਵਿੱਚ ਬੰਦ ਕਰ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਮਜ਼ਦੂਰਾਂ,ਕਿਸਾਨਾਂ ਔਰਤਾਂ ਤੇ ਨੌਜਵਾਨਾਂ ਨੂੰ ਕੇਂਦਰ ਸਰਕਾਰ ਦੀਆਂ ਚੱਲ ਰਹੀਆਂ ਸਕੀਮਾਂ ਦਾ ਲਾਭ ਲੈਣ ਲਈ ਪਿੰਡਾਂ ਵਿੱਚ ਜਾ ਕੇ ਪ੍ਰੇਰਿਤ ਕਰ ਰਹੀ ਹੈ ਪਰੰਤੂ ਆਪ ਸਰਕਾਰ ਇਹਨਾਂ ਸਕੀਮਾਂ ਦੇ ਲਾਭ ਲੈਣ ਤੋਂ ਵਾਂਝੇ ਕਰਕੇ ਲੋਕਾਂ ਦੇ ਹੱਕਾਂ ਤੇ ਡਾਕਾ ਮਾਰ ਰਹੀ ਹੈ ਉਹਨਾਂ ਅੱਗੇ ਕਿਹਾ ਕਿ ਸਰਕਾਰ ਦੀ ਤਾਨਾਸ਼ਾਹੀ ਵਿਰੁੱਧ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਲੋਕਾਂ ਦੀ ਕਚਹਿਰੀ ਵਿੱਚ ਜਾਵੇਗੀ ਅਤੇ ਲੋਕਾਂ ਨੂੰ ਨਾਲ ਲੈ ਕੇ ਇਸ ਧੱਕੇਸ਼ਾਹੀ ਦਾ ਵਿਰੋਧ ਕੀਤਾ ਜਾਵੇਗਾ।

# ਸਿੱਕੀ ਨੂੰ ਅਰੋੜਾ ਵੈੱਲ.ਫੇਅਰ ਬੋਰਡ ਦਾ ਚੇਅਰਮੈਨ ਲਗਾਉਣ ਦੀ ਮੰਗ





ਮੌੜ ਮੰਡੀ 23 ਅਗਸਤ ( ਭੋਲਾ ਸਿੰਘ ਮਾਨ) ਚਰਨਜੀਤ ਸਿੰਘ ਸਿੱਕੀ ਜੀਰਾ ਨੂੰ ਖੱਤਰੀ ਅਰੋੜਾ ਵੈਲ.ਫ਼ੇਅਰ ਬੋਰਡ ਪੰਜਾਬ ਦੇ ਚੇਅਰਮੈਨ ਨਿਯੁਕਤ ਕਰਨ ਲਈ ਪੰਜਾਬ ਸਰਕਾਰ ਤੋਂ ਮੰਗ ਕਰਦੇ ਹੋਏ ਅਰੋੜਾ ਵੰਸ਼ ਮਹਾ ਸਭਾ ਪੰਜਾਬ ਦੇ ਮੀਤ ਪ੍ਰਧਾਨ ਤੇ ਸਾਬਕਾ ਕੌਸਲਰ ਸੰਦੀਪ ਕੁਮਾਰ ਅਰੋੜਾ ਨੇ ਕਿਹਾ ਕਿ ਚਰਨਜੀਤ ਸਿੰਘ ਪੰਜਾਬ ਸਰਕਾਰ ਵਿੱਚ ਮੇਂਬਰ ਰਹਿ ਚੁੱਕੇ ਹਨ ਅਤੇ ਹੁਣ ਪੰਜਾਬ ਭਾਰਤ ਦੇ ਮੌਜੂਦਾ ਪ੍ਰਧਾਨ ਵਜੋਂ ਵੀ ਸੇਵਾਵਾਂ ਦੇ ਰਹੇ ਹਨ, ਉਹਨਾਂ ਵੱਲੋਂ ਸਮਾਜਿਕ ਅਤੇ ਧਾਰਮਿਕ ਕੰਮਾਂ ਦੇ ਵਿੱਚ ਵੀ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ । ਸਮੁੱਚੀ ਪੰਜਾਬ ਦੀ ਟੀਮ ਵੱਲੋ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੀ ਸਿਰਮੌਰ ਸੰਸਥਾ ਅਰੋੜ ਵੰਸ਼ ਮਹਾਂ ਸਭਾ ਦਾ ਪੰਜਾਬ ਵਿੱਚ ਬਹੁਤ ਵੱਡਾ ਰੁਤਬਾ ਹੈ ਅਤੇ ਚਰਨਜੀਤ ਸਿੰਘ ਪਹਿਲਾ ਵੀ ਖੱਤਰੀ ਅਰੋੜਾ ਵੈਲ.ਫ਼ੇਅਰ ਬੋਰਡ ਦੇ ਪੰਜਾਬ ਸਰਕਾਰ ਵਿੱਚ ਮੈਂਬਰ ਰਹਿ ਚੁੱਕੇ ਹਨ , ਹੋਰ ਤਾਂ ਹੋਰ ਇਹ ਸਾਰਿਆਂ ਤੋਂ ਪੁਰਾਣੀ ਸੰਸਥਾ ਅਤੇ ਇਹ ਸੰਸਥਾ ਚਰਨਜੀਤ ਸਿੰਘ ਸਿੱਕੀ ਜ਼ੀਰਾ ਦੀ ਅਗਵਾਈ ਵਿੱਚ ਸਮਾਜਿਕ ਅਤੇ ਧਾਰਮਿਕ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਚਰਨਜੀਤ ਸਿੰਘ ਸਿੱਕੀ ਜੀਰਾ ਦੀ ਮਿਹਨਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਖੱਤਰੀ ਅਰੋੜਾ ਵੈਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਜਾਵੇ,

# ਮਾਈ ਭਾਗੋ ਡਿਗਰੀ ਕਾਲਜ ਰੱਲਾ ਵਿਖੇ ਰਾਜਨੀਤੀ ਸ਼ਾਸਤਰ ਵਿਭਾਗ ਨੇ ਵਾਦ-ਵਿਵਾਦ ਸ਼ੈਸ਼ਨ ਕਰਵਾਇਆ



ਜੋਗਾ 23 ਅਗਸਤ (ਵਿਰੋਦਰਪਾਲ ਮੰਤਰੋ) ਮਾਈ ਭਾਗੋ ਡਿਗਰੀ ਕਾਲਜ ਰੱਲਾ ਵਿਖੇ ਪ੍ਰਿੰਸੀਪਲ ਡਾ. ਪਰਮਿੰਦਰ ਕੁਮਾਰੀ ਦੀ ਰਹਿਨੁਮਾਈ ਹੇਠ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਸ਼ਮਸੇਰ ਸਿੰਘ ਦੀ ਅਗਵਾਈ ਵਿੱਚ ਅਜ਼ਾਦੀ ਤੋਂ ਬਾਅਦ ਭਾਰਤ ਦੀ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਸਥਿਤੀ ਵਿਸ਼ੇ ਤੇ ਵਾਦ-ਵਿਵਾਦ ਸੈਸ਼ਨ ਦਾ ਸਫਲ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਤੇ ਐਜੂਕੇਸ਼ਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਸ਼ਰਨਜੀਤ ਸਿੰਘ, ਸਹਾਇਕ ਪ੍ਰੋਫੈਸਰ ਹੈਪੀ ਸਿੰਘ, ਲਖਬੀਰ ਕੌਰ ਅਤੇ ਡਿਗਰੀ ਕਾਲਜ ਵੱਲੋਂ ਸਹਾਇਕ ਧੀਰਾ ਸਿੰਘ, ਰਜਨੀ ਕੌਰ ਅਤੇ ਪ੍ਰਗਟ ਸਿੰਘ ਨੇ ਪ੍ਰਧਾਨਗੀ ਮੰਡਲ ਵਜੋਂ ਹਿੱਸਾ ਲਿਆ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੱਖਾਂ ਤੇ ਆਪਣੇ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਦੀ ਪਹਿਲੀ ਟੀਮ ਨੇ ਭਾਰਤ ਦੀ ਪ੍ਰਗਤੀਸ਼ੀਲ ਰਾਜਨੀਤਕ ਪ੍ਰਣਾਲੀ, ਲੋਕਤੰਤਰਕ ਮੁੱਲਾਂ, ਵਿਦਿਆਰਥੀਆਂ ਲਈ ਸਿੱਖਿਆ ਦੇ ਮੌਕਿਆਂ ਅਤੇ ਸਮਾਜਿਕ ਨਿਆਂ ਦੀਆਂ ਪ੍ਰਾਪਤੀਆਂ ਤੇ ਚਰਚਾ ਕੀਤੀ, ਜਦਕਿ ਦੂਜੇ ਪਾਸੇ ਵਿਦਿਆਰਥੀਆਂ ਨੇ ਭ੍ਰਿਸ਼ਟਾਚਾਰ, ਗਰੀਬੀ, ਬੇਰੁਜ਼ਗਾਰੀ, ਅਸਮਾਨਤਾ ਅਤੇ ਸੱਭਿਆਚਾਰਕ ਸੰਕਟਾਂ ਵਰਗੀਆਂ ਚੁਣੌਤੀਆਂ ਬਾਰੇ ਵਿਚਾਰ ਰੱਖੇ। ਵਿਦਿਆਰਥੀਆਂ ਨੇ ਇਤਿਹਾਸਕ ਉਦਾਹਰਣਾਂ ਅਤੇ ਆਧੁਨਿਕ ਹਾਲਾਤਾਂ ਨੂੰ ਜੋੜਦਿਆਂ ਆਪਣੇ ਤਰਕ ਪੇਸ਼ ਕੀਤੇ, ਜਿਸ ਨਾਲ ਇਸ ਸੈਸ਼ਨ ਦੌਰਾਨ ਉੱਚ ਕੋਟੀ ਸੰਵਾਦ ਸਦਕਾ ਮਹੱਤਵਪੂਰਨ ਸਵਾਲਾਂ ਉੱਪਰ ਵਿਚਾਰ ਪ੍ਰਗਟ ਕੀਤੇ ਗਏ। ਇਸ ਵਾਦ-ਵਿਵਾਦ ਨੇ ਵਿਦਿਆਰਥੀਆਂ ਨੂੰ ਨਾ ਸਿਰਫ਼ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ, ਸਗੋਂ ਉਨ੍ਹਾਂ ਦੀ ਬੋਲਚਾਲ ਅਤੇ ਆਤਮ-ਵਿਸ਼ਵਾਸ ਨੂੰ ਵੀ ਮਜ਼ਬੂਤ ਕੀਤਾ। ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਤੀਭਾ ਨੂੰ ਨਿਖਾਰਨ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਦਰਜ ਕੀਤਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸਹਾਇਕ ਪ੍ਰੋਫੈਸਰ ਸ਼ਮਸੇਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜਨੀਤਕ ਅਤੇ ਸਮਾਜਿਕ ਵਿਸ਼ਿਆਂ ਤੇ ਖੁੱਲ੍ਹੀ ਚਰਚਾ ਹੀ ਲੋਕਤੰਤਰ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ।

# ਪਾਵਰਕਾਮ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਧਰਨਾ ਪ੍ਰਦਰਸ਼ਨ

ਮਲੋਟ 23 ਅਗਸਤ (ਅਮਨਦੀਪ ਸਿੰਘ ਮਹਿਰਾ) ਪਾਵਰਕਮ ਸੀ ਐਚ ਬੀ ਲਾਈਨਮੈਨ ਠੇਕਾ ਮੁਲਾਜਮ ਯੂਨੀਅਨ ਪੰਜਾਬ ਵਲੋ ਅੱਜ ਸੂਬਾ ਪੱਧਰੀ ਧਰਨਾ ਕੈਬਨਟ ਮੰਤਰੀ ਬਲਜੀਤ ਕੌਰ ਦੇ ਹਲਕੇ ਮਲੋਟ ਵਿਖੇ ਪਰਿਵਾਰਾਂ ਸਮੇਤ ਕੀਤਾ ਗਿਆ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਅੰਗਰੇਜ ਸਿੰਘ ਸੂਬਾ ਜਰਨਲ ਸਕੱਤਰ ਰਾਕੇਸ਼ ਕੁਮਾਰ ਲੰਬੀ, ਸੂਬਾ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਬੁੱਟਰ ਸੂਬਾ ਕਾਨੂੰਨੀ ਸਲਾਹਕਾਰ ਬਲਰਾਮ ਜੀ ਸੂਥਾ ਸਹਿ ਸਕੱਤਰ ਮਨਜੀਤ ਸਿੰਘ ਜ਼ੀਰਾ ਸੂਬਾ ਕਮੇਟੀ ਮੈਂਬਰ ਕੁਲਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਹੈ ਕਿ ਸੀ ਐਚ ਬੀ ਅਤੇ ਸੀ ਐਚ ਡਬਲਯੂ ਮੁਲਾਜ਼ਮਾਂ ਜੋ ਪਿਛਲੇ 2012 ਤੋ ਠੇਕੇਦਾਰੀ ਸਿਸਟਮ ਰਾਹੀਂ ਬਿਜਲੀ ਬੋਰਡ ਦੇ ਆਦਰੇ ਵਿਚ ਕੰਮ ਕਰ ਰਹੇ ਹਨ ਇਨ੍ਹਾਂ ਕਾਮਿਆ ਤੋਂ ਘੱਟ ਤਨਖਾਹ ਤੇ ਵਾਧੂ ਕੰਮ ਲਿਆ ਜਾਂਦਾ ਹੈ ਅਤੇ ਨਾ ਤਾਂ ਕੋਈ ਸੇਫਟੀ ਦਾ ਪ੍ਰਬੰਧ ਅਤੇ ਨਾ ਹੀ ਕੋਈ ਜਾਣ ਬਚਾਉਣ ਦਾ ਕੋਈ ਸਹੀ ਕਿੱਟਾ ਦਾ ਪ੍ਰਬੰਧ ਕੀਤਾ ਜਾਦਾ ਲਗਾਤਾਰ ਕਾਮਿਆ ਨਾਲ ਤਨਖਾਹ ਵਿਚ ਸੋਸਨ ਹੁੰਦਾ ਆਹ ਰਿਹਾ ਹੈ ਬਹੁਤ ਸਾਰੇ ਕਾਮੇ ਮੌਤ ਦੇ ਮੂੰਹ ਵਿਚ ਚਲੇ ਗਏ ਨੇ ਅਤੇ ਬਹੁਤ ਸਾਰੇ ਕਾਮੇ ਅਪੰਗ ਹੋ ਗਏ ਨੇ ਜਿਨ੍ਹਾਂ ਦਾ ਇਲਾਜ ਲਈ ਵੀ ਕੋਈ ਪ੍ਰਬੰਧ ਨਹੀਂ ਕੀਤੇ ਗਏ ਅਨੇਕਾ ਮੀਟਿੰਗਾ ਲਗਾਤਾਰ ਹੁੰਦੀਆ ਆਹ ਰਹੀਆ ਹਨ ਪਰ ਮੰਗਾ ਮੰਨ ਕੇ ਉਸ ਮੰਗ ਨੂੰ ਜਾਣ ਬੁੱਝ ਕੇ ਲਟਕਾਇਆ ਜਾ ਰਿਹਾ ਹੈ ਪਟਿਆਲਾ ਮੈਨੇਜਮੈਂਟ ਵਲੋਂ ਜਥੇਬੰਦੀ ਨਾਲ 30 ਜੁਲਾਈ ਨੂੰ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਓਨਾ ਵਲੋਂ 29 ਜੁਲਾਈ ਦੀ ਦੀ ਮੀਟਿੰਗ ਕਰਕੇ ਸੀ ਐੱਚ ਬੀ ਮੁਲਾਜਮਾ ਨੂੰ ਵਿਭਾਗ ਵਿੱਚ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਉਸ ਫੈਸਲੇ ਦੀ ਕਾਪੀ ਨੂੰ ਪੰਜਾਬ ਸਰਕਾਰ ਦੀ ਸਬ ਕਮੇਟੀ ਨੂੰ ਸਪੋਣ ਲਈ ਕਿਹਾ ਗਿਆ ਹੈ ਸਰਕਾਰ ਵੱਲੋ ਹਜੇ ਤੱਕ ਕਿਸੇ ਵੀ ਤਰਾਂ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ ਇਸ ਕਰਕੇ ਜਥੇਬੰਦੀ ਆਪਣੀਆਂ ਮੰਗਾ ਨੂੰ ਲਏ ਕੇ ਕੈਬਨਟ ਮੰਤਰੀ ਬਲਜੀਤ ਕੌਰ ਦੇ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ ਸੀ ਐਚ ਬੀ ਅਤੇ ਡਬਲਿਊ ਮੁਲਾਜਮਾਂ ਦੀਆ ਮੰਗਾ ਕਾਫੀ ਲਮੇ ਸਮੇਂ ਤੋਂ ਲਟਕਿਆ ਹੋਇਆ ਹਨ ਅੱਜ ਦੇ ਧਰਨੇ ਤੇ ਅਸੀ ਮੰਗ ਕਰਦੇ ਹਾਂ ਕਿ ਸਬ ਕਮੇਟੀ ਪੰਜਾਬ ਸਰਕਾਰ ਨਾਲ ਮੀਟਿੰਗ ਪ੍ਰਦਾਨ ਕਾਰਵਾਈ ਜਾਵੇ ਅਤੇ ਮੋਗਾ ਦਾ ਹੱਲ ਕਰਵਾਇਆ ਜਾਵੇ ਹਾਦਸਾ ਪੀੜਤ ਸਾਥੀ ਵਿਕੀ ਅਬੇਹਰ ਅਤੇ ਮਹਿਮਾ ਸਿੰਘ ਗਿੱਦੜ ਬਾਹਾ ਨੂੰ ਸਪੈਸ਼ਲ ਕਿਸ ਰਾਹੀ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਜੀ ਨੂੰ ਨੌਕਰੀ ਦਿੱਤੀ ਜਾਵੇ ਜਦੋਂ ਤੱਕ ਕੋਈ ਹੱਲ ਨਹੀਂ ਹੋ ਜਾਂਦਾ ਉਦੋਂ ਤੱਕ ਧਰਨਾ ਜਾਰੀ ਰਹੇਗਾ ਜਿਸ ਦੀ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਸਰਕਾਰ ਬਣਾਉਣ ਲਈ ਲੋਕ ਜਨਸ਼ਕਤੀ ਪਾਰਟੀ ਅਤੇ ਭਾਜਪਾ ਦਾ ਆਪਸੀ ਗਠਜੋੜ ਹੋਣਾ ਜ਼ਰੂਰੀ : ਗਹਿਰੀਵਾਲਾ



ਜਲੰਧਰ/ਬਠਿੰਡਾ 23 ਅਗਸਤ (ਚ.ਨ.ਸ.) ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਦੇ ਪੰਜਾਬ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਜੇਸ਼ ਕੁਮਾਰ ਗਹਿਰੀ ਵਾਲਾ ਉਪ ਪ੍ਰਧਾਨ ਆਲ ਇੰਡੀਆ ਗ੍ਰਾਮ ਸਭਾ ਵਿਕਾਸ ਕਮੇਟੀ ਪੰਜਾਬ ਨੇ ਅੱਜ ਪਾਰਟੀ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਟ ਮੰਤਰੀ ਚਿਰਾਗ ਪਾਸਵਾਨ ਅਤੇ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਜਲੰਧਰ ਵਿਖੇ ਪਾਰਟੀ ਦੇ ਵਰਕਰਾਂ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਨਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਗਈਆਂ ਲੋਕ ਜਨਸ਼ਕਤੀ ਪਾਰਟੀ ਰਾਮ ਬਿਲਾਸ ਦੇ ਪੰਜਾਬ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਅੰਦਰ ਲੋਕ ਜਨ ਸ਼ਕਤੀ ਪਾਰਟੀ ਵੱਡੇ ਪੱਧਰ ਤੇ ਪੰਜਾਬ ਵਿਧਾਨ ਸਭਾ ਦੀਆਂ ਸੀਟਾਂ ਤੇ ਆਪਣੇ ਉਮੀਦਵਾਰ ਖੜੇ ਕਰਨ ਜਾ ਰਹੀ ਹੈ ਤਾਂ ਜੋ ਪੰਜਾਬ ਅੰਦਰ ਅਮਰ ਬੇਲ ਵਾਂਗ ਵਧ ਰਹੇ ਮਾੜੇ ਹਾਲਾਤਾਂ ਵਿੱਚ ਵੱਡੇ ਪੱਧਰ ਤੇ ਸੁਧਾਰ ਲਿਆਂਦਾ ਜਾ ਸਕੇ ਚੌਧਰੀ ਰਾਜੇਸ਼ ਕੁਮਾਰ ਗਹਿਰੀ ਵਾਲਾ ਨੇ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਰਟੀ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਟ ਮੰਤਰੀ ਚਿਰਾਗ ਪਾਸਵਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਵੱਲੋਂ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਦੀ ਯੋਗ ਅਗਵਾਈ ਹੇਠ ਪੰਜਾਬ ਅੰਦਰ ਬਲਾਕ ਪੱਧਰ ਤੇ ਲੋਕਾਂ ਨਾਲ ਤਾਲਮੇਲ ਸ਼ੁਰੂ ਕੀਤਾ ਗਿਆ ਹੈ ਕਿ ਲੋਕਾਂ ਨੂੰ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਇਸ ਵਿਸ਼ੇਸ਼ ਮੀਟਿੰਗ ਵਿੱਚ ਲੇਬਰ ਯੂਨੀਅਨ ਦਾ ਇੱਕ ਵਿਸ਼ੇਸ਼ ਬਾਫਦ ਚੌਧਰੀ ਰਜੇਸ਼ ਕੁਮਾਰ ਗਹਿਰੀ ਵਾਲਾ ਨੂੰ ਉਚੇਤੇ ਤੌਰ ਤੇ ਮਿਲਦੇ ਹੋਏ ਜਾਣੂ ਕਰਵਾਇਆ ਕੀ ਪੰਜਾਬ ਅੰਦਰ ਲੱਖਾਂ ਦੀ ਗਿਣਤੀ ਵਿੱਚ ਲੇਬਰ ਭਾਈਚਾਰਾ ਫਸਲਾਂ ਦੇ ਸੀਜ਼ਨ ਦੌਰਾਨ ਉਹ ਦਾਨਾ ਮੰਡੀ ਵਿੱਚ ਆਪਣੀ ਰੋਜ਼ੀ ਰੋਟੀ ਲਈ ਕਾਰੋਬਾਰ ਕਰਦੇ ਹਨ ਪ੍ਰੰਤੂ ਆਊਟ ਆਫ ਸੀਜਨ ਦੌਰਾਨ ਉਹ ਪੂਰੇ ਛੇ ਮਹੀਨੇ ਵਿਹਲੇ ਰਹਿੰਦੇ ਹਨ ਜਿਸ ਕਰਕੇ ਉਹਨਾਂ ਦੇ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਹੈ ਤੇ ਉਹਨਾਂ ਨੂੰ ਆਪਣੇ ਆੜ੍ਹਤੀਆਂ ਕੋਲੋਂ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਲਈ ਉਧਾਰੀ ਮੰਗਣੀ ਪੈਂਦੀ ਹੈ ਇਸ ਕਰਕੇ ਉਹਨਾਂ ਦੀ ਵਿਸ਼ੇਸ਼ ਤੌਰ ਤੇ ਮੰਗ ਹੈ ਕਿ ਫਸਲਾਂ ਦੇ ਆਊਟ ਆਫ ਸੀਜ਼ਨ ਦੌਰਾਨ ਵੀ ਪੰਜਾਬ ਪੱਧਰ ਤੇ ਲੇਬਰ ਭਾਈਚਾਰੇ ਲਈ ਸਰਕਾਰ ਵੱਲੋਂ ਪੈਨਸ਼ਨ ਲਗਾਈ ਜਾਵੇ ਇਸੇ ਤਰ੍ਹਾਂ ਹੀ ਵਪਾਰੀ ਭਾਈਚਾਰੇ ਨੇ ਜਾਣੂ ਕਰਵਾਇਆ ਕਿ ਪੰਜਾਬ ਅੰਦਰ ਲਾ ਇਨ ਆਰਡਰ ਦੇ ਹਾਲਾਤ ਬਹੁਤ ਜਿਆਦਾ ਖਰਾਬ ਹੋ ਚੁੱਕੇ ਹਨ ਤੇ ਉੱਪਰੋਂ ਆਨਲਾਈਨ ਸ਼ੋਪਿੰਗ ਦੇ ਵੱਧਦੇ ਜਾ ਰਹੇ ਕਾਰੋਬਾਰ ਚੱਲਣ ਕਰਕੇ ਵਪਾਰੀਆਂ ਦਾ ਕਾਰੋਬਾਰ ਵੀ ਬੁਰੀ ਤਰ੍ਹਾਂ ਠੱਪ ਹੋਣ ਦੇ ਕੰਡਿਆਂ ਦੇ ਪਹੁੰਚ ਚੁੱਕਿਆ ਹੈ। ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਖੁਲਾਸਾ ਕੀਤਾ ਕਿ ਪੰਜਾਬ ਦੇ ਲੋਕ ਪੰਜਾਬ ਨੂੰ ਮੁੜ ਇੱਕ ਖੁਸ਼ਹਾਲ ਸੂਬਾ ਬਣਾਉਣ ਲਈ ਪੰਜਾਬ ਅੰਦਰ ਲੋਕ ਜਨ ਸ਼ਕਤੀ ਪਾਰਟੀ ਦੀ ਸਰਕਾਰ ਬਣਾਉਣ ਲਈ ਤਰਲੋ ਮੱਛੀ ਹੋ ਰਹੇ ਹਨ ਇਸ ਕਰਕੇ ਭਾਜਪਾ ਨੂੰ ਸਾਡੀ ਦੋ ਟੁੱਕ ਸਲਾਹ ਹੈ ਕਿ ਉਹ ਪੰਜਾਬ ਅੰਦਰ ਇਕੱਲੇ ਵਿਧਾਨ ਸਭਾ ਚੋਣਾਂ ਲੜਨ ਦੇ ਸਪਨੇ ਲੈਣਾ ਛੱਡ ਦੇਵੇ ਕਿਉਂਕਿ ਲੋਕ ਜਨ ਸ਼ਕਤੀ ਪਾਰਟੀ ਦੇ ਸਹਿਯੋਗ ਤੋਂ ਬਿਨਾਂ ਭਾਜਪਾ ਲਈ ਪੰਜਾਬ ਵਿਧਾਨ ਸਭਾ ਦੀਆਂ ਪੌੜੀਆਂ ਚੜਨਾ ਆਸਮਾਨ ਚ ਲਟੱਕਦੇ ਤਾਰਿਆਂ ਨੂੰ ਹੱਥ ਲਾਉਣ ਦੇ ਬਰਾਬਰ ਹੈ

# ਪੁਲਿਸ ਵੱਲੋ 14 ਗ੍ਰਾਮ ਹੈਰੋਇਨ, 40 ਨਸ਼ੀਲੀਆਂ ਗੋਲੀਆਂ,30 ਸਿਗਨੇਚਰ ਕੈਪਸੂਲ,48 ਬੋਤਲਾਂ ਸ਼ਰਾਬ ਠੇਕਾ ਹਰਿਆਣਾ ਬ੍ਰਾਮਦ

ਮਾਨਸਾ 23 ਅਗਸਤ (ਵਿਰੋਦਰਪਾਲ ਮੰਤਰੋ) ਸ੍ਰੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਮਾਨਸਾ ਜੀ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਤਹਿਤ ਸਖਤ ਨੀਤੀ ਅਪਣਾਈ ਗਈ ਹੈ।ਜਿਸਦੀ ਲੜੀ ਵਿੱਚ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ੍ਰੀ ਗੌਰਵ ਯਾਦਵ ਆਈ.ਪੀ.ਐਸ ਜੀ ਦੇ ਅਦੇਸਾਂ ਅਨੁਸਾਰ ਅਤੇ ਸ੍ਰੀ ਹਰਜੀਤ ਸਿੰਘ ਆਈ.ਪੀ.ਐਸ. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਠਿੰਡਾ ਰੇਂਜ ਜੀ ਦੀ ਅਗਵਾਈ ਹੇਠ ਮਾਨਸਾ ਪੁਲਿਸ ਵੱਲੋਂ ਯੁੱਧ ਨਸ਼ਿਆ ਵਿਰੁੱਧ ਨਸ਼ਿਆਂ ਵਿਰੁੱਧ ਕਾਰਵਾਈ ਕਰਦੇ ਹੋਏ ਵੱਖ ਵੱਖ ਥਾਣਿਆ ਵਿੱਚ 10 ਮੁਕਦੱਮੇ ਦਰਜ ਕਰਕੇ 14 ਵਿਅਕਤੀਆ ਨੂੰ ਕਾਬੂ ਕਰਕੇ ਉਨ੍ਹਾ ਪਾਸੋ 14 ਗ੍ਰਾਮ ਹੈਰੋਇਨ, 40 ਨਸ਼ੀਲੀਆਂ ਗੋਲੀਆਂ,30 ਸਿਗਨੇਚਰ ਕੈਪਸ਼ਲ,48 ਬੋਤਲਾ ਸਰਾਬ ਠੇਕਾ ਹਰਿਆਣਾ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।ਸੀਨੀਅਰ ਕਪਤਾਨ ਪੁਲਿਸ ਮਾਨਸਾ ਜੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ:-1. ਥਾਣਾ ਜੌੜਕੀਆਂ ਵਿੱਚ ਸੀ.ਆਈ.ਏ ਦੀ ਪੁਲਿਸ ਟੀਮ ਨੇ ਅਮ੍ਰਿੰਤਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਰਾਏਪੁਰ ਪਾਸੋ ਦੌਰਾਨੇ ਗਸਤ 07 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਮੁਕਦੱਮਾ ਨੰਬਰ 66 ਮਿਤੀ 22.08.2025 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਜੌੜਕੀਆਂ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ।2. ਥਾਣਾ ਝੁਨੀਰ ਵਿੱਚ ਸੀ.ਆਈ.ਏ ਦੀ ਪੁਲਿਸ ਟੀਮ ਨੇ ਨਿਰਮਲ ਸਿਮਘ ਪੁੱਤਰ ਅਮਰੀਕ ਸਿੰਘ ਵਾਸੀ ਫੱਤਾ ਮਾਲੋਕਾ ਪਾਸੋ ਦੌਰਾਨੇ ਗਸਤ 07 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਮੁਕਦੱਮਾ ਨੰਬਰ 109 ਮਿਤੀ 22.08.2025 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਝੁਨੀਰ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ।3. ਥਾਣਾ ਸਦਰ ਮਾਨਸਾ ਦੀ ਪੁਲਿਸ ਟੀਮ ਨੇ ਦੌਰਾਨੇ ਗਸਤ ਸਰਪਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਕਰਮਜੀਤ ਸਿੰਘ ਪੁੱਤਰ ਜੱਗਾ ਸਿੰਘ ਵਾਸੀਆਨ ਭੈਣੀਬਾਘਾ ਪਾਸੋ ਦੌਰਾਨੇ ਗਸਤ 48 ਬੋਤਲਾਂ ਸਰਾਬ ਠੇਕਾ ਹਰਿਆਣਾ ਬ੍ਰਾਮਦ ਕਰਕੇ ਮੁਕਦੱਮਾ ਨੰ. 246 ਮਿਤੀ 22.08.25 ਅ/ਧ 61 ਐਕਸਾਇਜ ਐਕਟ ਥਾਣਾ ਸਦਰ ਮਾਨਸਾ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ,ਅਤੇ ਦੌਰਾਨੇ ਗਸਤ ਥਾਣਾ ਦੀ ਪੁਲਿਸ ਟੀਮ ਨੇ ਰਫੂ ਸਿੰਘ ਪੁੱਤਰ ਕਾਕ ਸਿੰਘ,ਅਮਨਦੀਪ ਸਿੰਘ ਪੁੱਤਰ ਮੱਘਰ ਸਿੰਘ ਵਾਸੀਆਨ ਰਮਦਿੱਤੇਵਾਲਾ ਦਾ ਸਿਵਲ ਹਸਪਤਾਲ ਮਾਨਸਾ ਵਿੱਚ ਡੋਪ ਟੈਸਟ ਪੋਜਟਿਵ ਆਉਣ ਤੇ ਮੁਕਦੱਮਾ ਨੰ. 247 ਮਿਤੀ 22.08.25 ਅ/ਧ 27 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਮਾਨਸਾ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ,ਅਤੇ ਦੌਰਾਨੇ ਗਸਤ ਪੁਲਿਸ ਟੀਮ ਨੇ ਹਰਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਨੰਗਲ ਕਲਾਂ ਦਾ ਸਿਵਲ ਹਸਪਤਾਲ ਮਾਨਸਾ ਵਿੱਚ ਡੋਪ ਟੈਸਟ ਪੋਜਟਿਵ ਆਉਣ ਤੇ ਮੁਕਦੱਮਾ ਨੰ. 248 ਮਿਤੀ 22.08.25 ਅ/ਧ 27 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਮਾਨਸਾ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ। 4. ਥਾਣਾ ਸਿਟੀ 2 ਮਾਨਸਾ ਦੀ ਪੁਲਿਸ ਟੀਮ ਨੇ ਨਵੀਨ ਕੁਮਾਰ ਪੁੱਤਰ ਬਲਵੰਤ ਸਿੰਘ ਵਾਸੀ ਵਾ.ਨੰ. 15 ਭੱਠਾ ਬਸਤੀ ਮਾਨਸਾ ਪਾਸੋ ਦੌਰਾਨੇ ਗਸਤ 48 ਨਸ਼ੀਲੀਆਂ ਗੋਲੀਆ ਬ੍ਰਾਮਦ ਕਰਕੇ ਮੁਕਦੱਮਾ ਨੰ. 167 ਮਿਤੀ 21.08.25 ਅ/ਧ 22 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ 2 ਮਾਨਸਾ ਤਹਿਤ ਦਰਜ ਕਰਕੇ ਤਫਤੀਸ ਅਮਲ ਵਿੱਚ ਲਿਆਦੀ 5. ਥਾਣਾ ਜੋਗਾ ਦੀ ਪੁਲਿਸ ਟੀਮ ਨੇ ਕੁਲਦੀਪ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਬੁਰਜ ਢਿੱਲਵਾਂ, ਜਸਪਰੀਤ ਸਿੰਘ ਪੁੱਤਰ ਜੀਤ ਸਿੰਘ ਵਾਸੀ ਭੁਪਾਲ ਖੁਰਦ, ਅਜੈਬ ਸਿੰਘ ਪੁੱਤਰ ਮੀਤ ਸਿੰਘ ਵਾਸੀ ਅਲੀਸੇਰ ਖੁਰਦ ਦਾ ਦੌਰਾਨੇ ਗਸਤ ਸਿਵਲ ਹਸਪਤਾਲ ਮਾਨਸਾ ਵਿੱਚ ਡੋਪ ਟੈਸਟ ਪੋਜਟਿਵ ਆਉਣ ਤੇ ਤਫਤੀਸ ਅਮਲ ਵਿੱਚ ਲਿਆਦੀ,

# ਬਠਿੰਡਾ 'ਚ ਪੁਲਿਸ ਤੇ ਲੁਟੇਰਿਆਂ ਵਿਚਾਲੇ ਮੁਠਭੇੜ, ਗੋਲੀ ਲੱਗਣ ਨਾਲ ਇਕ ਜ਼ਖ਼ਮੀ, ਦੋ ਗ੍ਰਿਫ਼ਤਾਰ

ਬਠਿੰਡਾ, 23 ਅਗਸਤ (ਦੀਪਕ ਸ਼ਰਮਾ): ਬਠਿੰਡਾ ਸ਼ਹਿਰ ਵਿੱਚ ਕਈ ਦਿਨਾਂ ਤੋਂ ਲੁੱਟ ਖੋਹ ਕਰਕੇ ਖੌਫ਼ ਫੈਲਾਉਣ ਵਾਲੇ ਲੁਟੇਰਿਆਂ ਨੂੰ ਪੁਲਿਸ ਨੇ ਇੱਕ ਮੁੱਠਭੇੜ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਹੈ। ਸੰਤਪੁਰਾ ਰੋਡ ਨੇੜੇ ਹੋਈ ਮੁਠਭੇੜ 'ਚ ਪੁਲਿਸ ਨੇ ਦੋ ਲੁਟੇਰਿਆਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਵਿੱਚੋਂ ਇੱਕ ਪੁਲਿਸ ਦੀ ਗੋਲੀ ਨਾਲ ਜ਼ਖ਼ਮੀ ਹੋ ਗਿਆ।ਕਥਿਤ ਦੋਸ਼ੀਆਂ ਦੀ ਪਛਾਣ ਅਮਨਦੀਪ ਸਿੰਘ (ਉਮਰ 21 ਸਾਲ, ਵਾਸੀ ਊਧਮ ਸਿੰਘ ਨਗਰ) ਅਤੇ ਅਮਨਪ੍ਰੀਤ ਸਿੰਘ (ਉਮਰ 27 ਸਾਲ, ਵਾਸੀ ਪਿੰਡ ਫੁੱਲੋ ਮਿੱਠੀ) ਵਜੋਂ ਹੋਈ ਹੈ। ਦੱਸ ਦਈਏ ਕਿ ਉਕਤ ਨੌਜਵਾਨ ਪਿਛਲੇ ਕੁਝ ਦਿਨਾਂ ਤੋਂ ਸਕੂਟੀ ਸਵਾਰ ਔਰਤਾਂ ਤੇ ਰਾਹਗੀਰਾਂ ਨੂੰ ਨਿਸ਼ਾਨਾ ਬਣਾਕੇ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ। ਕਥਿਤ ਦੋਸ਼ੀਆਂ ਕੋਲ ਨਾਜਾਇਜ਼ ਅਸਲਾ ਵੀ ਸੀ, ਜਿਸ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਪੁਲਿਸ ਵੱਲੋਂ ਪਿੱਛਾ ਕਰਨ 'ਤੇ ਮੁਲਜ਼ਮਾਂ ਨੇ ਫ਼ਾਇਰ ਕਰਨਾ ਸ਼ੁਰੂ ਕੀਤਾ, ਜਿਸ ਤੋਂ ਬਾਅਦ ਪੁਲਿਸ ਨੇ ਜਵਾਬੀ ਕਾਰਵਾਈ ਵਿੱਚ ਇੱਕ ਲੁਟੇਰੇ ਨੂੰ ਗੋਲੀ ਮਾਰ ਕੇ ਕਾਬੂ ਕੀਤਾ।



ਜ਼ਿਕਰਯੋਗ ਹੈ ਕਿ ਕਥਿਤ ਦੋਸ਼ੀਆਂ ਨੇ ਪਿਛਲੇ ਦਿਨੀਂ ਸਬਜ਼ੀ ਮੰਡੀ ਤੋਂ ਘਰ ਆ ਰਹੀਆਂ ਮਹਿਲਾਵਾਂ ਨੂੰ ਲੁੱਟ ਦਾ ਸ਼ਿਕਾਰ ਬਣਾਇਆ ਸੀ। ਇਸ ਦੌਰਾਨ ਇੱਕ ਔਰਤ ਕਿਰਨ ਬਾਂਸਲ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਸੀ, ਜਿਸ ਤੋਂ ਬਾਅਦ ਪੁਲਿਸ ਕਥਿਤ ਦੋਸ਼ੀਆਂ ਦੀ ਭਾਲ ਵਿੱਚ ਲਗਾਤਾਰ ਲੱਗੀ ਹੋਈ ਸੀ। ਪੁਲਿਸ ਨੇ ਸੀਸੀਟੀਵ ਕੈਮਰਿਆਂ ਦੀ ਫੁਟੇਜ ਅਤੇ ਮਨੁੱਖੀ ਸੂਤਰਾਂ ਦੀ ਮਦਦ ਨਾਲ ਮੁਲਜ਼ਮਾਂ ਦੀ ਪਛਾਣ ਕੀਤੀ। ਇਸ ਤੋਂ ਬਾਅਦ ਥਾਣਾ ਕੋਤਵਾਲੀ ਦੇ ਇੰਸਪੈਕਟਰ ਪਰਵਿੰਦਰ ਸਿੰਘ ਦੀ ਅਗਵਾਈ 'ਚ ਨਾਕਾਬੰਦੀ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ । ਇਸ ਦੌਰਾਨ ਪੁਲਿਸ ਨੂੰ ਦੇਖ ਕੇ ਮੁਲਜ਼ਮ ਬਹਿਮਣ ਪੁਲ ਵੱਲ ਭੱਜਣ ਲੱਗੇ ਤਾਂ ਉਨ੍ਹਾਂ ਨੇ ਪੁਲਿਸ 'ਤੇ ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ ਵਿੱਚ ਪੁਲਿਸ ਦੀ ਗੋਲੀ ਅਮਨਪ੍ਰੀਤ ਸਿੰਘ ਦੇ ਪੈਰ ਵਿੱਚ ਲੱਗੀ, ਜਦਕਿ ਅਮਨਦੀਪ ਸਿੰਘ ਨੂੰ ਕੁਝ ਦੂਰੀ ਤੇ ਦਬੋਚ ਲਿਆ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸਐਸਪੀ ਅਮਨੀਤ ਕੌਂਡਲ ਵੱਲੋਂ ਮੌਕੇ 'ਤੇ ਪਹੁੰਚ ਕੇ ਮੁਠਭੇੜ ਵਾਲੀ ਥਾਂ ਦਾ ਨਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀਆਂ ਦੇ ਖ਼ਿਲਾਫ਼ ਪਹਿਲਾਂ ਤੋਂ ਵੀ ਫੌਜਦਾਰੀ ਕੇਸ ਦਰਜ ਹਨ।

# ਬੀ. ਵੀ. ਐਮ. ਇੰਟਰਨੈਸ਼ਨਲ ਸਕੂਲ ਵਿੱਚ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ




ਬਰਨਾਲਾ, 23 ਅਗਸਤ (ਅਮਨਦੀਪ ਸਿੰਘ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਪਹਿਲੀ ਅਤੇ ਦੂਜੀ ਕਲਾਸ ਦੇ ਨੰਨ੍ਹੇ ਵਿਦਿਆਰਥੀਆਂ ਲਈ ਪ੍ਰਸ਼ਨੋਤਰੀ ਪ੍ਰਤੀਯੋਗਿਤਾ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਇਹ ਪ੍ਰਤੀਯੋਗਿਤਾ ਵਿਦਿਆਰਥੀਆਂ ਦੇ ਗਿਆਨ ਵਧਾਉਣ ਅਤੇ ਆਤਮਵਿਸ਼ਵਾਸ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ। ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੇ ਕੰਮ ਵਜੋਂ ਆਮ ਗਿਆਨ ਅਤੇ ਅੰਗਰੇਜ਼ੀ ਵਿਆਕਰਣ ਅਧਾਰਿਤ ਸਵਾਲਾਂ ਦੀ ਸੂਚੀ ਪਹਿਲਾਂ ਹੀ ਮੁਹੱਈਆ ਕਰਵਾਈ ਗਈ ਸੀ। ਇਸਦਾ ਮਕਸਦ ਇਹ ਸੀ ਕਿ ਉਹ ਛੁੱਟੀਆਂ ਦਾ ਸਦਪਯੋਗ ਕਰਦੇ ਹੋਏ ਪੜ੍ਹਾਈ ਨੂੰ ਦਿਲਚਸਪ ਅਤੇ ਮਨੋਰੰਜਕ ਢੰਗ ਨਾਲ ਸਿੱਖ ਸਕਣ। ਪ੍ਰਸ਼ਨੋਤਰੀ ਵਿੱਚ ਦਿਲਚਸਪ ਅਤੇ ਆਸਾਨ ਸਵਾਲ ਸ਼ਾਮਲ ਕੀਤੇ ਗਏ, ਜਿਨ੍ਹਾਂ ਦੇ ਨੰਨ੍ਹੇ ਬੱਚਿਆਂ ਨੇ ਉਤਸ਼ਾਹ ਨਾਲ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਪ੍ਰਤੀਯੋਗਿਤਾ ਵਿੱਚ ਬੱਚਿਆਂ ਦਾ ਆਤਮਵਿਸ਼ਵਾਸ, ਉਹਨਾਂ ਦੀ ਤਿਆਰੀ ਅਤੇ ਉਤਸ਼ਾਹ ਦੇਖਣ ਯੋਗ ਸੀ। ਇਸ ਪ੍ਰਤੀਯੋਗਿਤਾ ਦਾ ਮੁੱਖ ਉਦੇਸ਼ ਬੱਚਿਆਂ ਨੂੰ ਰਟਨ ਦੀ ਖੇਡ-ਖੇਡ ਵਿੱਚ ਸਿੱਖਣ ਦਾ ਮੌਕਾ ਦੇਣਾ ਸੀ। ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ ਜੀ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ ਜੀ, ਸ੍ਰੀ ਨਿਖਿਲ ਅਰੋੜਾ ਜੀ ਅਤੇ ਸ੍ਰੀਮਤੀ ਨੇਹੁਲ ਅਰੋੜਾ ਜੀ ਦਾ ਕਹਿਣਾ ਹੈ ਕਿ ਐਸੀਆਂ ਗਤੀਵਿਧੀਆਂ ਬੱਚਿਆਂ ਦੀ ਸਿੱਖਣ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਮਨੋਹਰ ਬਣਾਉਂਦੀਆਂ ਹਨ। ਪ੍ਰਬੰਧਨ ਨੇ ਇਹ ਵੀ ਕਿਹਾ ਕਿ ਛੁੱਟੀਆਂ ਦੌਰਾਨ ਬੱਚਿਆਂ 'ਤੇ ਪੜ੍ਹਾਈ ਦਾ ਭਾਰ ਨਾ ਪਾਇਆ ਜਾਵੇ, ਬਲਕਿ ਅਜਿਹੇ ਕੰਮ ਦਿੱਤੇ ਜਾਣ ਜੋ ਉਹਨਾਂ ਦੀ ਰੁਚੀ ਅਤੇ ਲਗਨ ਨੂੰ ਬਣਾਈ ਰੱਖਣ।

# ਪ੍ਰਾਪਰਟੀ ਟੈਕਸ ਭਰਨ ਲਈ ਵਨ ਟਾਈਮ ਸੈਟਲਮੈਂਟ ਸਕੀਮ 31 ਅਗਸਤ ਤੱਕ



ਬਰਨਾਲਾ, 23 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਨਗਰ ਕੌਂਸਲ ਬਰਨਾਲਾ ਦੇ ਕਾਰਜ ਸਾਧਕ ਅਫਸਰ ਵਿਸ਼ਾਲਦੀਪ ਬਾਂਸਲ ਅਤੇ ਪ੍ਰਾਪਰਟੀ ਟੈਕਸ ਸ਼ਾਖਾ ਦੇ ਇੰਚਾਰਜ ਗੁਰਕ੍ਰਿਪਾਲ ਸਿੰਘ ਵੱਲੋਂ ਮਿਤੀ 21 ਅਗਸਤ ਅਤੇ ਮਿਤੀ 22-08-2025 ਨੂੰ ਵਨ ਟਾਈਮ ਸੈਟਲਮੈਂਟ ਸਕੀਮ ਬਾਰੇ ਪ੍ਰਾਪਰਟੀ ਟੈਕਸ ਭਰਨ ਦੇ ਸੁਨਿਹਰੀ ਮੌਕੇ ਬਾਰੇ ਬਰਨਾਲਾ ਨਿਵਾਸੀਆਂ ਜਿਹਨਾਂ ਦਾ ਪ੍ਰਾਪਰਟੀ ਟੈਕਸ ਬਕਾਇਆ ਰਹਿੰਦਾ ਹੈ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਸੂਚਿਤ ਕੀਤਾ ਗਿਆ ਕਿ ਜਿਹਨਾਂ ਵੱਲੋਂ ਪਿਛਲੇ 12 ਸਾਲਾਂ ਦਾ ਜਾਂ ਹੋਰ ਕਿਸੇ ਵੀ ਸਾਲ ਦਾ ਪ੍ਰਾਪਰਟੀ ਟੈਕਸ ਨਹੀਂ ਭਰਿਆ, ਉਹਨਾਂ ਵੱਲੋਂ ਸਬੰਧਿਤ ਬਿਲਡਿੰਗ ਦਾ ਮਿਤੀ 31-08-2025 ਤੋਂ ਪਹਿਲਾਂ-ਪਹਿਲਾਂ ਬਿਨਾਂ ਵਿਆਜ ਅਤੇ ਜੁਰਮਾਨੇ ਤੋਂ ਪ੍ਰਾਪਰਟੀ ਟੈਕਸ ਨਗਰ ਕੌਂਸਲ ਬਰਨਾਲਾ ਵਿਖੇ ਜਮ੍ਹਾਂ ਕਰਵਾਇਆ ਜਾਵੇ। ਸਰਕਾਰ ਵੱਲੋਂ ਨੋਟੀਫਿਕੇਸ਼ਨ ਰਾਹੀਂ ਸੀਮਤ ਸਮੇਂ ਲਈ ਦਿੱਤੀ ਗਈ ਇਸ ਸਕੀਮ ਦਾ ਰੂਲਾਂ/ਨਿਯਮਾਂ ਮੁਤਾਬਿਕ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ। ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਬਰਨਾਲਾ ਵੱਲੋਂ ਉਕਤ ਮੀਟਿੰਗਾਂ ਵਿੱਚ ਕਿਹਾ ਗਿਆ ਕਿ ਨਿਸ਼ਚਿਤ ਸਮੇਂ ਤੱਕ ਬਕਾਇਆ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਸਬੰਧਤ ਫਰਮ/ਵਿਅਕਤੀ ਵਿਰੁੱਧ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਬੰਧਿਤ ਨੋਟੀਫਿਕਸ਼ਨ/ਰੂਲਾਂ/ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੋਬਿੰਦ ਸਕੂਲ ਭਦੌੜ ਦੇ ਵਿਦਿਆਰਥੀਆਂ ਨੇ ਸਕੇਟਿੰਗ ਮੁਕਾਬਲਿਆਂ ਵਿੱਚ ਮਾਰੀਆਂ ਮੱਲਾਂ




ਭਦੌੜ, 23 ਅਗਸਤ ( ਸੁਖਵਿੰਦਰ ਪਲਾਹਾ): ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਏ ਖੇਤਰੀ ਪੱਧਰ ਦੇ ਸਕੇਟਿੰਗ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਵਰਗਾਂ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ। ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਨੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੁਕਾਬਲੇ ਦੇ ਅੰਤਰ-19 ਵਰਗ ਵਿੱਚ ਏਕਨੂਰ ਕੌਰ ਨੇ ਇਨਲਾਈਨ ਰੋਡ ਰੇਸ 3000-ਵਨ ਲੈਪ ਵਿੱਚ ਸੋਨ ਤਗ਼ਮਾ, ਅੰਸ਼ਪ੍ਰੀਤ ਕੌਰ ਨੇ ਕਵਾਡ ਰੇਸ 3000 ਵਿੱਚ ਸੋਨ ਤਗ਼ਮਾ ਤੇ ਕਵਾਡ ਰਿੰਕ 1000 ਮੀਟਰ ਵਿੱਚ ਚਾਂਦੀ ਦਾ ਤਗ਼ਮਾ, ਹਰਬਾਨੀ ਕੌਰ ਨੇ ਕਵਾਡ ਰੇਸ 3000 ਅਤੇ ਕਵਾਡ ਰਿੰਕ 500 ਵਿੱਚ ਕਾਂਸੀ ਦਾ ਤਗ਼ਮਾ, ਪ੍ਰਿੰਸ ਸਿੰਘ ਨੇ ਇਨਲਾਈਨ ਰੋਡ ਰੇਸ 3000 ਵਿੱਚ ਸੋਨ ਤਗ਼ਮਾ, ਇਨਲਾਈਮ ਰੋਡ ਵਨ ਲੈਪ ਵਿੱਚ ਕਾਂਸੀ ਤਗ਼ਮਾ। ਲਵਲੀਨ ਕੁਮਾਰ ਨੇ ਕੁਆਡ ਰੋਡ ਰੇਸ ਤੇ ਕੁਆਡ ਰਿੰਕ-500 ਵਿੱਚ ਕਾਂਸੀ ਤਗ਼ਮਾ ਪ੍ਰਾਪਤ ਕੀਤਾ। ਅੰਡਰ-17 ਵਰਗ ਵਿੱਚ ਅੰਜਲੀ ਨੇ ਕੁਆਡ ਰੋਡ ਰੇਸ 3000 ਮੀਟਰ ਵਿੱਚ ਕਾਂਸੀ ਤਗ਼ਮਾ ਜਿੱਤਿਆ। ਅੰਤਰ-14 ਵਰਗ ਵਿੱਚ ਏਕਮਦੀਪ ਕੌਰ ਨੇ ਇਨਲਾਈਨ ਰੋਡ-ਵਨ ਲੈਪ ਵਿੱਚ ਕਾਂਸੀ ਦਾ ਤਗ਼ਮਾ ਪ੍ਰਾਪਤ ਕੀਤਾ।ਅੰਤਰ-11 ਵਰਗ ਵਿੱਚ ਰਾਜਦੀਪ ਸਿੰਘ ਨੇ ਇਨਲਾਈਨ ਰੋਡ ਵਨ ਲੈਪ ਵਿੱਚ ਕਾਂਸੀ ਦਾ ਤਗ਼ਮਾ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਡਾ. ਦਰਸ਼ਨ ਸਿੰਘ ਗਿੱਲ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ, ਐਮ ਡੀ ਰਿਚਾ ਪਨੇਸਰ ਗਿੱਲ ਨੇ ਵਿਦਿਆਰਥੀਆਂ ਅਤੇ ਸਕੇਟਿੰਗ ਕੋਚ ਰਾਜ ਕੁਮਾਰ ਗੁਪਤਾ ਦਾ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਅਤੇ ਉਹਨਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਇਹਨਾਂ ਜੇਤੂ ਖਿਡਾਰੀਆਂ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ ਤੇ ਹੌਂਸਲਾ ਵਧਾਇਆ।

# ਮੀਰੀ ਪੀਰੀ ਖਾਲਸਾ ਕਾਲਜ ਭਦੌੜ ਸਮੈਸਟਰ ਛੇਵੇਂ ਦਾ ਨਤੀਜਾ ਸ਼ਾਨਦਾਰ ਰਿਹਾ

ਭਦੌੜ, 23 ਅਗਸਤ (ਸੁਖਵਿੰਦਰ ਪਲਾਹਾ): ਮੀਰੀ ਪੀਰੀ ਖ਼ਾਲਸਾ ਕਾਲਜ ਭਦੌੜ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਕਾਰਜ ਕਰ ਰਿਹਾ ਹੈ,ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਆਲ ਇੰਡੀਆ ਕਾਊਂਸਲ ਫ਼ਾਰ ਟੈਕਨੀਕਲ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਹੈ। ਇਹ ਕਾਲਜ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ ਦੇ ਵਿੱਦਿਆ ਸਕੱਤਰ ਇੰਜੀਨੀਅਰ ਸ. ਸੁਖਮਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਹਰੇਕ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।ਸੰਸਥਾ ਜਿੱਥੇ ਵਿਦਿਆਰਥੀਆਂ ਨੂੰ ਸੱਭਿਆਚਾਰਕ ,ਧਾਰਮਿਕ ਅਤੇ ਖੇਡਾਂ ਸਬੰਧੀ ਜਾਣਕਾਰੀ ਪ੍ਰਦਾਨ ਕਰਦੀ ਹੈ, ਉੱਥੇ ਹੀ ਵਿਦਿਆਰਥੀਆਂ ਦੀ ਸਮੁੱਚੀ ਸ਼ਖਸ਼ੀਅਤ ਦੇ ਵਿਕਾਸ ਲਈ ਵੀ ਵਚਨਬੱਧ ਹੈ। ਜੇਕਰ ਅਕਾਦਮਿਕ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਇਸ ਖੇਤਰ ਵਿੱਚ ਵੀ ਵਿਦਿਆਰਥੀ ਅਹਿਮ ਪ੍ਰਾਪਤੀਆਂ ਕਰ ਰਹੇ ਹਨ। ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ. ਸੀ. ਏ. ਭਾਗ ਤੀਜਾ ਦੇ ਛੇਵੇਂ ਸਮੈਸਟਰ ਦਾ ਨਤੀਜੇ ਐਲਾਨੇ ਗਏ। ਇਸ ਸਬੰਧ ਵਿੱਚ ਪ੍ਰੋ. ਸੰਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਨਤੀਜਿਆਂ ਵਿੱਚ ਵਿਦਿਆਰਥਣ ਹਰਪ੍ਰੀਤ ਕੌਰ ਨੇ ਪਹਿਲਾ, ਚਰਨਜੀਤ ਕੌਰ ਨੇ ਦੂਸਰਾ ਅਤੇ ਵਿਦਿਆਰਥਣ ਕ੍ਰਿਸ਼ਨਾ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਮਲਵਿੰਦਰ ਸਿੰਘ ਨੇ ਇਸ ਮੌਕੇ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਮਾਣ ਮਹਿਸੂਸ ਕਰਦੇ ਹੋਏ ਕਿਹਾ ਕਿ ਇਹ ਸਮੁੱਚੇ ਕਾਲਜ ਦੀ ਪ੍ਰਾਪਤੀ ਹੈ ਅਤੇ ਵਿਦਿਆਰਥਣਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ, ਜਿਸ ਦਾ ਸਿਹਰਾ ਸਮੁੱਚੇ ਵਿਭਾਗ ਅਤੇ ਇਨ੍ਹਾਂ ਵਿਦਿਆਰਥਣਾਂ ਨੂੰ ਜਾਂਦਾ ਹੈ। ਇਸ ਲਈ ਸਮੁੱਚਾ ਵਿਭਾਗ ਵੀ ਵਧਾਈ ਦਾ ਪਾਤਰ ਹੈ। ਇਸ ਤੋਂ ਇਲਾਵਾ ਉਹਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਵਿੱਚ ਬੀ.ਏ, ਬੀ.ਸੀ.ਏ, ਬੀ.ਕਾਮ, ਐੱਮ.ਏ. ਪੰਜਾਬੀ ਐਮ.ਐਸ.ਸੀ. (IT) ਅਤੇ ਪੀ.ਜੀ.ਡੀ.ਸੀ.ਏ ਦੇ ਕੋਰਸਾਂ ਲਈ ਦਾਖਲੇ ਸ਼ੁਰੂ ਹਨ। ਵਿਦਿਆਰਥੀ ਇਹਨਾਂ ਕੋਰਸਾਂ ਵਿੱਚ ਦਾਖਲਾ ਲੈ ਸਕਦੇ ਹਨ। ਇਸ ਮੌਕੇ ਪ੍ਰੋ ਸੰਦੀਪ ਕੌਰ, ਪ੍ਰੋ. ਜਸਪ੍ਰੀਤ ਸਿੰਘ, ਪ੍ਰੋ. ਸਰਬਜੀਤ ਕੌਰ ਅਤੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਸ਼ਿਵਮ ਕਾਲਜ ਆਫ਼ ਐਜੂਕੇਸ਼ਨ, ਖੋਖਰ ਕਲਾਂ ਦਾ ਬੀ .ਐਡ.ਨਤੀਜਾ 100 .ਫ਼ੀਸਦੀ ਰਿਹਾ

ਲਹਿਰਾਗਾਗਾ, 23 ਅਗਸਤ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ):ਸ਼ਿਵਮ ਕਾਲਜ ਆਫ਼ ਐਜੂਕੇਸ਼ਨ, ਖੋਖਰ ਕਲਾਂ ਦੇ ਬੀ.ਐਡ. ਸ਼ੈਸ਼ਨ 2023-25 ਸਮੈਸਟਰ ਚੌਥਾ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ। ਕਾਲਜ ਦੇ ਚੇਅਰਮੈਨ ਅਨਿਲ ਗਰਗ ਅਤੇ ਪ੍ਰਧਾਨ ਰਾਹੁਲ ਗਰਗ ਨੇ ਕਿ ਕਿਹਾ ਕਿ ਇਹ ਕਾਲਜ ਅਤੇ ਵਿਦਿਆਰਥੀਆਂ ਦੇ ਮਾਪਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਸਾਲ ਵੀ ਸਾਰੇ ਵਿਦਿਆਰਥੀ ਬਹੁਤ ਵਧੀਆਂ ਅੰਕ ਪ੍ਰਾਪਤ ਕਰਕੇ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ।ਪਹਿਲੇ ਦਰਜੇ 'ਤੇ ਵੰਸ਼ਿਤਾ ਸਿੰਗਲਾ ਪੁੱਤਰੀ ਸ਼ਤੀਸ਼ ਕੁਮਾਰ ਨੇ 1541 ਅੰਕ, ਦੂਜੇ ਦਰਜੇ 'ਤੇ ਆਸ਼ੂ ਕੁਮਾਰ ਪੁੱਤਰ ਸ਼ਤੀਸ਼ ਕੁਮਾਰ ਨੇ 1516 ਅੰਕ ਅਤੇ ਤੀਜੇ ਦਰਜੇ 'ਤੇ ਨਵਦੀਪ ਕੌਰ ਪੁੱਤਰੀ ਅਮਰੀਕ ਸਿੰਘ ਨੇ 1490 ਅੰਕ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਰਮਨਦੀਪ ਕੌਰ ਅਤੇ ਸਮੂਹ ਸਟਾਫ਼ ਦੁਆਰਾ ਵਿਦਿਆਰਥੀਆਂ ਨੂੰ ਸੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਆਉਣ ਵਾਲੇ ਸਮੇ ਵਿੱਚ ਵਿਦਿਆਰਥੀਆਂ ਲਈ ਉਚੇਰੀ ਸਿੱਖਿਆ ਦਾ ਪ੍ਰਬੰਧ ਕਰਦੇ ਰਹਾਂਗੇ। ਆਖਰ ਵਿੱਚ ਉਨਾ ਨੇ ਕਿਹਾ ਕਿ ਇਹ ਸ਼ਾਨਦਾਰ ਨਤੀਜਾ ਸ਼ਿਵਮ ਕਾਲਜ ਦੇ ਮਿਹਨਤੀ ਸਟਾਫ਼ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਸਦਕਾ ਪ੍ਰਾਪਤ ਹੋਇਆ।

# ਡਾ. ਬਲਬੀਰ ਸਿੰਘ ਦੇ ਹੁਕਮਾਂ ਅਨੁਸਾਰ ਗ੍ਰਾਮ ਸਿਹਤ ਸੈਨੀਟੇਸ਼ਨ ਕਮੇਟੀ ਦੀ ਮੀਟਿੰਗ



ਮੂਨਕ, 23 ਅਗਸਤ (ਸ਼ਮਸ਼ੇਰ ਸਿੰਘ ਭੁਟਾਲ): ਸਿਹਤ ਸੰਭਾਲ ਸੇਵਾਵਾਂ ਨੂੰ ਲੋਕਾਂ ਦੇ ਸਹਿਯੋਗ ਨਾਲ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੀ ਦਿਸ਼ਾ ਚ ਮੱਹਤਵਪੂਰਨ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬੇ ਭਰ ਵਿੱਚ ਗ੍ਰਾਮ ਸਿਹਤ ਸੈਨੀਟੇਸ਼ਨ ਅਤੇ ਪੋਸ਼ਣ ਕਮੇਟੀਆਂ ਗਠਿਤ ਕੀਤੀਆਂ ਹਨ, ਜਿਸ ਦੀ ਲਗਾਤਾਰਤਾ ਵਿੱਚ ਆਂਗਣਵਾੜੀ ਸੈਂਟਰ ਤਲਵਾੜਾ ਰੋਡ ਗੁਰੂ ਨਾਨਕ ਨਗਰ ਚੂੜਲ ਵਿਖੇ ਸਰਪੰਚ ਰਾਮਫਲ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਅਤੇ ਸਿਹਤ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵੀ ਜਾਣੂੰ ਕਰਵਾਇਆ ਗਿਆ।ਇਸ ਮੌਕੇ ਸਿਧਾਰਥ ਕੁਮਾਰ ਸੈਣੀ ਮਲਟੀਪਰਪਜ਼ ਹੈਲਥ ਵਰਕਰ ( ਮੇਲ) ਸਬ ਸੈਂਟਰ ਚੂੜਲ ਕਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਮੀਟਿੰਗ ਵਿੱਚ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ 'ਹਰੇਕ ਸ਼ੁੱਕਰਵਾਰ -ਡੇਂਗੂ 'ਤੇ ਵਾਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਆਪਣੇ ਘਰਾਂ ਦੇ ਅੰਦਰ ਅਤੇ ਆਲੇ ਦੁਆਲੇ ਕਿਸੇ ਵੀ ਥਾਂ 'ਤੇ ਪਾਣੀ ਇੱਕਠਾ ਨਾ ਹੋਣ ਦਿੱਤਾ ਜਾਵੇ ਅਤੇ ਹਰੇਕ ਸ਼ੁੱਕਰਵਾਰ ਪਾਣੀ ਵਾਲੇ ਕੰਟੇਨਰਾਂ ਦੀ ਸਾਫ਼ ਸਫ਼ਾਈ ਕਰਕੇ ਚੰਗੀ ਤਰ੍ਹਾਂ ਸੁਕਾਇਆ ਜਾਵੇ, ਤਾਂ ਜੋ ਡੇਂਗੂ ਦਾ ਲਾਰਵਾ ਪੈਦਾ ਨਾ ਹੋ ਸਕੇ।ਇਸ ਮੌਕੇ ਸਰਪੰਚ ਰਾਮਫਲ ਸਿੰਘ ਸੈਣੀ, ਸ਼ਿੰਦਰਪਾਲ ਕੌਰ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ), ਜਸਵੰਤ ਕੌਰ,ਸੰਦੀਪ ਸਿੰਘ ਮੈਂਬਰ ਪੰਚਾਇਤ, ਬਲਵਿੰਦਰ ਸਿੰਘ ਮੈਂਬਰ ਪੰਚਾਇਤ, ਗੁਰਜੀਤ ਕੌਰ ਮੈਂਬਰ ਪੰਚਾਇਤ, ਬਲਜੀਤ ਕੌਰ ਆਂਗਣਵਾੜੀ ਵਰਕਰ, ਗੁਰਮੇਲ ਸਿੰਘ ਰਿਟਾਇਰਡ ਰੇਲਵੇ, ਅਮਨਦੀਪ ਕੌਰ ਆਸ਼ਾ ਫੈਸੀਲੇਟਰ, ਜਸਵਿੰਦਰ ਕੌਰ ਆਸ਼ਾ ਵਰਕਰ ਅਤੇ ਹੋਰ ਹਾਜ਼ਰ ਸਨ।

# ਕਮਲਜੋਤ ਸਿੰਘ ਨੇ 'ਖੇਡਾਂ ਵਤਨ ਪੰਜਾਬ' ਵਿੱਚ ਪਾਵਰ ਲਿਫ਼ਟਿੰਗ 'ਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ



ਧਨੌਲਾ, 23 ਅਗਸਤ (ਚਮਕੌਰ ਸਿੰਘ ਗੱਗੀ): 69ਵੀਆਂ ਖੇਡਾਂ ਵਤਨ ਪੰਜਾਬ ਵਿੱਚ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਅੰਡਰ 19 -53ਕਿੱਲੋ ਪਾਵਰ ਲਿਫਟਿੰਗ ਖੇਡ ਮੁਕਾਬਲਿਆਂ ਵਿੱਚ ਪੰਜਾਬ ਪਬਲਿਕ ਸਕੂਲ ਮਾਨਾ ਪਿੰਡੀ ਬਰਨਾਲਾ ਦੇ ਵਿਦਿਆਰਥੀ ਕਮਲਜੋਤ ਸਿੰਘ ਨੇ ਕਾਲਾ ਮਹਿਰ ਸਟੇਡੀਅਮ ਬਰਨਾਲਾ ਵਿਖੇ ਹੋਏ ਮੁਕਾਬਲਿਆਂ ਵਿੱਚ ਜਿਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਸਟੇਟ ਲਈ ਸਲੈਕਟ ਹੋਇਆ। ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ ਚੀਮਾਂ, ਮੈਨੇਜਰ ਸੁਖਦੀਪ ਸਿੰਘ ਚੀਮਾਂ, ਪਿੰਸੀਪਲ ਸਿਮਰਨ ਕੌਰ ਨੇ ਬੱਚੇ ਦੀ ਇਸ ਪ੍ਰਾਪਤੀ ਤੇ ਸਕੂਲ ਦੇ ਸਾਰੇ ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਦੇ ਵਿਦਿਆਰਥੀ ਦੀ ਇਹ ਜਿੱਤ ਸਕੂਲ ਦੇ ਫਿਜ਼ੀਕਲ ਅਧਿਆਪਕ ਗੁਰਵੀਰ ਸਿੰਘ ਅਤੇ ਕਰਨਦੀਪ ਦੇ ਉਪਰਾਲੇ ਅਤੇ ਵਿਦਿਆਰਥੀ ਦੀ ਅਣਥੱਕ ਮਿਹਨਤ ਸਦਕਾ ਹੀ ਸੰਭਵ ਹੋਈ ਹੈ।

# ਟੀ. ਬੀ. ਮਰੀਜ਼ਾਂ ਨੂੰ ਰਾਮ ਬਾਗ ਕਮੇਟੀ ਦੇ ਸਹਿਯੋਗ ਵੰਡੀਆਂ ਰਾਸ਼ਨ ਕਿੱਟਾਂ



ਬਰਨਾਲਾ, 23 ਅਗਸਤ (ਬਘੇਲ ਸਿੰਘ ਧਾਲੀਵਾਲ) : ਸਿਹਤ ਵਿਭਾਗ ਬਰਨਾਲਾ ਵੱਲੋਂ ਟੀ.ਬੀ ਮੁਕਤ ਅਭਿਆਨ ਤਹਿਤ ਮਰੀਜ਼ਾਂ ਦੀ ਚੰਗੀ ਸਿਹਤ ਲਈ ਨਿਕਸ਼ੇ ਮਿੱਤਰ ਅਧੀਨ (ਟੀ.ਬੀ ਦੇ ਮਰੀਜ਼ਾਂ ਦੇ ਮਿੱਤਰ) ਮੋਹਣ ਲਾਲ ਸੇਵਾ ਸੰਮਤੀ ਰਾਮ ਬਾਗ ਕਮੇਟੀ ਬਰਨਾਲਾ ਦੇ ਸਹਿਯੋਗ ਨਾਲ 35 ਮਰੀਜ਼ਾਂ ਨੂੰ ਦੂਜੀ ਵਾਰ ਖ਼ੁਰਾਕ ਕਿੱਟਾਂ ਵੰਡੀਆਂ ਗਈਆਂ। ਇਸ ਸਮੇਂ ਡਾ. ਪ੍ਰਵੇਸ਼ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਬਰਨਾਲਾ ਨੇ ਦੱਸਿਆ ਕਿ ਲੋਕਾਂ ਦੀ ਭਲਾਈ ਲਈ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵਿੱਚ ਸਮਾਜ ਸੇਵੀ/ ਦਾਨੀ ਸੱਜਣਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਡਾ.ਪ੍ਰਵੇਸ਼ ਕੁਮਾਰ ਨੇ ਦੱਸਿਆ ਕਿ ਟੀ.ਬੀ ਦੀ ਬਿਮਾਰੀ ਦੇ ਕਾਰਨ ਮਰੀਜ਼ 'ਚ ਬਿਮਾਰੀ ਵਿਰੁੱਧ ਲੜਨ ਦੀ ਸਮਰੱਥਾ ਘਟ ਜਾਂਦੀ ਹੈ ਇਸ ਲਈ ਉਸ ਨੂੰ ਦਵਾਈ ਦੇ ਨਾਲ-ਨਾਲ ਚੰਗੀ ਖ਼ੁਰਾਕ ਦੀ ਜ਼ਰੂਰਤ ਹੁੰਦੀ ਹੈ, ਸਰਕਾਰ ਵੱਲੋਂ ਹਰੇਕ ਮਰੀਜ਼ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ ਅਤੇ ਨਕਸ਼ੇ ਮਿੱਤਰ ਯੋਜਨਾ ਤਹਿਤ ਮਰੀਜ਼ ਲਈ ਹੋਰ ਚੰਗੀ ਖ਼ੁਰਾਕ ਲਈ ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ ਦੀ ਸਹਾਇਤਾ ਲਈ ਜਾ ਰਹੀ ਹੈ। ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਦਾ ਇਲਾਜ ਚੱਲ ਰਿਹਾ ਹੈ ਉਨ੍ਹਾਂ ਲਈ 16 ਸਮਾਜ ਸੇਵੀ ਸੰਸਥਾਵਾਂ/ ਦਾਨੀ ਸੱਜਣਾਂ ਵੱਲੋਂ ਨਿਊਟਰੀਸ਼ਨ ਸਹਾਇਤਾ ਲਈ ਸੰਪਰਕ ਕੀਤਾ ਗਿਆ ਹੈ, ਜੋ ਹਰ ਮਹੀਨੇ 1000 ਰੁਪਏ ਕੀਮਤ ਦੀ ਖ਼ੁਰਾਕ ਕਿੱਟ (ਜ਼ਰੂਰੀ ਖਾਣ ਵਾਲੇ ਪਦਾਰਥ) ਦਿੱਤੀ ਜਾਵੇਗੀ।ਇਸ ਲੜੀ ਤਹਿਤ ਬਾਕੀ ਮਰੀਜ਼ਾਂ ਨੂੰ ਨਕਸ਼ੇ ਮਿੱਤਰਾ ਦੇ ਸਹਿਯੋਗ ਨਾਲ ਖ਼ੁਰਾਕ ਕਿੱਟਾਂ ਵੰਡੀਆਂ ਜਾਣਗੀਆਂ। ਇਸ ਸਮੇਂ ਰਾਮ ਬਾਗ ਕਮੇਟੀ ਬਰਨਾਲਾ ਦੇ ਸਮੂਹ ਮੈਂਬਰ ਹਾਜ਼ਰ ਸਨ।

# ਤਪਾ 'ਚ ਅਗਰਵਾਲ ਸੰਮੇਲਨ ਵੱਲੋਂ 22 ਸਤੰਬਰ ਨੂੰ ਧੂਮਧਾਮ ਨਾਲ ਮਨਾਈ ਜਾਵੇਗੀ ਅਗਰਸੈਨ ਜੈਯੰਤੀ



ਤਪਾ ਮੰਡੀ, 23 ਅਗਸਤ (ਭੂਸ਼ਨ ਘੜੈਲਾ) :ਅਗਰਵਾਲ ਸੰਮੇਲਨ (ਰਜਿ.) ਤਪਾ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਦੀਪਕ ਗਰਗ (ਦੀਪੂ ਭੈਣੀ) ਦੀ ਅਗਵਾਈ ਹੇਠ ਅਗਰਵਾਲ ਧਰਮਸ਼ਾਲਾ ਵਿੱਚ ਹੋਈ। ਇਹ ਮੀਟਿੰਗ ਮਹਾਰਾਜਾ ਅਗਰਸੈਨ ਜਯੰਤੀ ਮਨਾਉਣ ਸਬੰਧੀ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਅਗਰਵਾਲ ਸੰਮੇਲਨ ਦੇ ਬਹੁ ਗਿਣਤੀ ਵਿਚ ਮੈਂਬਰ ਹਾਜ਼ਰ ਹੋਏ ਤੇ ਆਪਣੇ ਵਿਚਾਰ ਰੱਖੇ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਮੇਲਨ ਦੇ ਅਹੁਦੇਦਾਰਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਵਿਚਾਰਾਂ 'ਤੇ ਸਹਿਮਤੀ ਕਰਦਿਆਂ ਸਮੂਹ ਹਾਜ਼ਰ ਮੈਂਬਰਾਂ ਨੇ ਦੇਸੀ ਮਹੀਨੇ ਅੱਛੂ ਦੇ ਪਹਿਲੇ ਨਵਰਾਤੇ 22 ਸਤੰਬਰ ਦਿਨ ਸੋਮਵਾਰ ਨੂੰ ਮਹਾਰਾਜਾ ਅਗਰਸੈਨ ਜਯੰਤੀ ਮਨਾਉਣ ਦਾ ਫੈਸਲਾ ਲਿਆ ਗਿਆ। ਇਸ ਮੀਟਿੰਗ ਵਾਲੇ ਜਾਣਕਾਰੀ ਦਿੰਦਿਆਂ ਸੰਮੇਲਨ ਦੇ ਸਰਪ੍ਰਸਤ ਭੂਸ਼ਨ ਘੜੈਲਾ ਤੇ ਪ੍ਰਧਾਨ ਦੀਪਕ ਭੈਣੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮਹਾਰਾਜਾ ਅਗਰਸੈਨ ਜਯੰਤੀ 22 ਸਤੰਬਰ ਨੂੰ ਦਿਨ ਸੋਮਵਾਰ ਨੂੰ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਈ ਜਾਵੇਗੀ। ਮਹਾਰਾਜਾ ਅਗਰਸੈਨ ਜਯੰਤੀ ਤੇ ਤਪਾ ਸ਼ਹਿਰ ਦੇ ਬਜ਼ਾਰਾਂ ਵਿੱਚੋਂ ਧਵੰਜਾ ਸ਼ੋਭਾ ਯਾਤਰਾ ਕੱਢੀ ਜਾਵੇਗੀ। ਸ਼ੋਭਾ ਯਾਤਰਾ ਨਿਕਲਣ ਤੋਂ ਬਾਅਦ ਅੰਤ ਵਿੱਚ ਡੇਢ-ਦੋ ਵਜੇ ਦੁਪਹਿਰ ਸੰਗਤ ਨੂੰ ਲੰਗਰ ਛਕਾਇਆ ਜਾਵੇਗਾ। ਇਸ ਮੌਕੇ ਅੱਗਰਵਾਲ ਸੰਮੇਲਨ ਦੇ ਸਰਪ੍ਰਸਤ ਭੂਸ਼ਨ ਘੜੈਲਾ, ਚੇਅਰਮੈਨ ਸੁਰਿੰਦਰ ਗੋਇਲ ਐ.ਲ.ਆਈ.ਸੀ ਵਾਲਾ, ਮੀਤ ਪ੍ਰਧਾਨ ਅਸ਼ੋਕ ਗੋਇਲ, ਸਕੱਤਰ ਸੁਭਾਸ਼ ਕਾਂਸਲ, ਕੈਸ਼ੀਅਰ ਲੱਕੀ ਭੈਣੀ, ਵਿਜੇ ਕੁਮਾਰ ਧੂਰਕੋਟੀਆ, ਰਿਕੂ ਮੌੜ, ਰਾਜਿੰਦਰ ਲਵਲੀ, ਰਿਸ਼ੀ ਪੱਖੋ, ਤਰਸੇਮ ਲਾਲ ਖਿੱਲੂ,ਅਜੇ ਕੁਮਾਰ ਬੋਬੀ, ਰੂਬੀ ਗਰਗ, ਵਿਜੇ ਕੁਮਾਰ ਜਿੰਦਲ,ਭੁਵਨੇਸ਼ ਕੁਮਾਰ ਭਿੰਦੀ ਸੁਨਾਮੀਆਂ,ਰਾਜੀਵ ਕੁਮਾਰ ਰਿੰਕੂ, ਕ੍ਰਿਸ਼ਨ ਕੁਮਾਰ ਘੁੰਨਸ, ਰਾਕੇਸ਼ ਸਿੰਗਲਾ,ਭਾਰਤ ਭੂਸ਼ਨ, ਸਤਪਾਲ ਗਰਗ, ਹਰਮੇਸ਼ ਗੱਟੂ, ਭੂਸ਼ਨ ਕੁਮਾਰ ਲਾਡੀ, ਦਰਸ਼ਨ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

# ਆਰ. ਐਮ. ਪੀ. ਡਾਕਟਰ ਅਤੇ ਇਕ ਮੋਬਾਈਲ ਵਿਕਰੇਤਾ ਪੰਜ ਕਿੱਲੋ ਅਫੀਮ ਸਮੇਤ ਗ੍ਰਿਫ਼ਤਾਰ

ਬਰਨਾਲਾ,23 ਅਗਸਤ (ਚਮਕੌਰ ਸਿੰਘ ਗੱਗੀ/ਹਿਮਾਂਸ਼ੂ ਗਰਗ): ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਬਰਨਾਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਇੱਕ ਆਰ ਐਮ ਪੀ ਡਾਕਟਰ ਅਤੇ ਮੋਬਾਇਲ ਅਸੇਸਰੀ ਦਾ ਕੰਮ ਕਰਨ ਵਾਲੇ ਨੂੰ ਪੰਜ ਕਿੱਲੋ ਅਫੀਮ ਸਮੇਤ ਗਿਰਫ਼ਤਾਰ ਕੀਤਾ, ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਬਰਨਾਲਾ ਸ਼੍ਰੀ ਮੁਹੰਮਦ ਸਰਫਰਾਜ ਆਲਮ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਬਰਨਾਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਹਾਸਲ ਹੋਈ ਜਦੋਂ ਸ੍ਰੀ ਅਸ਼ੋਕ ਕੁਮਾਰ, ਕਪ ਤਾਨ ਪੁਲਿਸ (ਇੰਨ.) ਬਰਨਾਲਾ, ਸ੍ਰੀ ਰਾਜਿੰਦਰਪਾਲ ਸਿੰਘ ਉਪ ਕਪਤਾਨ ਪੁਲਿਸ (ਇੰਨ.) ਬਰਨਾਲਾ ਦੀ ਯੋਗ ਅਗਵਾਈ ਹੇਠ ਮਿਤੀ 21/08/2025 ਨੂੰ ਇੰਸ: ਬਲਜੀਤ ਸਿੰਘ, ਇੰਚਾਰਜ ਸੀ.ਆਈ.ਏ. ਸਟਾਫ਼ ਬਰਨਾਲਾ ਪਾਸ ਇਤਲਾਹ ਮਿਲੀ ਕਿ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਜਗਤਾਰ ਸਿੰਘ ਵਾਸੀ ਕੱਟੂ ਰੋਡ, ਉੱਪਲੀ ਅਤੇ ਸੁਮਿਤ ਕੁਮਾਰ ਪੁੱਤਰ ਵਿਪਨ ਕੁਮਾਰ ਵਾਸੀ ਕੇ.ਵੀ. ਕੰਪਲੈਕਸ ਦੀ ਬੈਕ ਸਾਈਡ, ਬਰਨਾਲਾ ਦੋਵੇਂ ਜਾਣੇ ਬਾਹਰਲੀ ਸਟੇਟ ਵਿੱਚੋ ਅਫ਼ੀਮ ਲਿਆਕੇ ਬਰਨਾਲਾ ਅਤੇ ਇਸਦੇ ਆਸ-ਪਾਸ ਦੇ ਪਿੰਡਾਂ ਵਿੱਚ ਵੇਚਣ ਦਾ ਧੰਦਾ ਕਰਦੇ ਹਨ, ਜੋ ਅੱਜ ਵੀ ਦੋਵੇਂ ਜਾਣੇ ਆਪਣੀ ਸਵਿਫਟ ਕਾਰ ਨੰਬਰੀ HR-ABV-1116 ਰੰਗ ਗਰੇਅ ਵਿੱਚ ਅਫੀਮ ਰੱਖਕੇ ਬਰਨਾਲਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਵੇਚਣ ਦੀ ਫਿਰਾਕ ਵਿੱਚ ਹਨ। ਜੇਕਰ ਇਨ੍ਹਾਂ ਨੂੰ ਮੌਕੇ 'ਤੇ ਦਬੋਚ ਲਿਆ ਜਾਵੇ ਤਾਂ ਵੱਡੀ ਮਾਤਰਾ ਵਿੱਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਜਾ ਸਕਦਾ, ਜਿਸ 'ਤੇ ਕਾਰਵਾਈ ਕਰਦੇ ਹੋਏ ਜਦੋਂ ਰੇਡ ਕੀਤਾ ਤਾਂ ਦੋ ਕਿੱਲੋ ਅਫੀਮ ਬਰਾਮਦ ਕੀਤੀ ਗਈ,ਦੌਰਾਨ ਤਫਤੀਸ਼ ਇੰਸਪੈਕਟਰ ਕੁਲਦੀਪ ਸਿੰਘ ਸੀ.ਆਈ.ਏ. ਸਟਾਫ਼ ਬਰਨਾਲਾ ਵੱਲੋਂ ਸਮੇਤ ਪੁਲਿਸ ਪਾਰਟੀ ਦੇ ਦੋਸ਼ੀ ਗਗਨਦੀਪ ਸਿੰਘ ਉਰਫ਼ ਗਗਨ ਅਤੇ ਸੁਮਿਤ ਕੁਮਾਰ ਨੂੰ ਲਿੰਕ ਰੋਡ, ਫਰਵਾਹੀ ਤੋਂ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ ਕੁੱਲ 02 ਕਿੱਲੋਗ੍ਰਾਮ ਅਫ਼ੀਮ ਬ੍ਰਾਮਦ ਕਰਵਾਈ ਗਈ। ਸੁਮਿਤ ਕੁਮਾਰ ਦੀ ਨਿਸ਼ਾਨਦੇਹੀ ਪਰ 03 ਕਿੱਲੋਗ੍ਰਾਮ ਅਫ਼ੀਮ ਹੋਰ ਬ੍ਰਾਮਦ ਕੀਤੀ ਗਈ, ਜਿਨ੍ਹਾਂ ਖਿਲਾਫ ਮੁਕੱਦਮਾ ਦਰਜ ਕਰਕੇ ਤਫਤੀਸ਼ ਆਰੰਭ ਦਿੱਤੀ। ਦੱਸਣਯੋਗ ਹੈ ਕਿ ਗਗਨਦੀਪ ਸਿੰਘ ਪੁੱਤਰ ਜਗਤਾਰ ਸਿੰਘ ਖਿਲਾਫ ਪਹਿਲਾਂ ਵੀ ਨਸ਼ੇ ਅਤੇ ਠੱਗੀ ਦੇ ਮੁਕਦਮੇ ਦਰਜ ਹਨ। ਪੁਲਿਸ ਵੱਲੋਂ ਅੱਗੇ ਅਤੇ ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ।



# ਵਾਟਰ ਸਪਲਾਈ ਅਤੇ ਸੀਵਰੇਜ਼ ਕਾਮਿਆਂ ਦੀ 23 ਅਗਸਤ ਵਾਲੀ ਮੀਟਿੰਗ ਕਰਨ ਤੋਂ ਭੱਜੀ ਸਰਕਾਰ ਭਲਕੇ ਤੋਂ ਕਰਨਗੇ ਸੀਵਰੇਜ਼ ਦੀਆਂ ਮੋਟਰਾਂ ਬੰਦ

ਬਰਨਾਲਾ, 23 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੇ ਉਲੀਕੇ ਪ੍ਰੋਗਰਾਮ ਤਹਿਤ ਪੰਜਾਬ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਦੀ ਅਗਵਾਈ ਹੇਠ ਪੰਜਾਬ ਪੱਧਰੀ ਅਣਮਿੱਥੇ ਸਮੇਂ ਦੀ ਹੜਤਾਲ ਅੱਜ 20ਵੇਂ ਦਿਨ 'ਚ ਸ਼ਾਮਲ ਹੋ ਗਈ ਹੈ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ ਨੇ ਕਿਹਾ ਕਿ ਲਗਭਗ ਸੱਤ ਅੱਠ ਮਹੀਨਿਆਂ ਤੋਂ ਪੰਜਾਬ ਸਰਕਾਰ ਵਾਟਰ ਸਪਲਾਈ ਅਤੇ ਸੀਵਰੇਜ ਕਾਮਿਆਂ ਦੀਆਂ ਮੰਗਾਂ ਸਬੰਧੀ ਲਾਰੇ ਲੱਪੇ ਲਾ ਰਹੀ ਹੈ। ਅੱਜ 23 ਅਗਸਤ ਨੂੰ ਜਥੇਬੰਦੀ ਦੀ ਮੀਟਿੰਗ ਵਿਤ ਮੰਤਰੀ ਹਰਪਾਲ ਸਿੰਘ ਚੀਮਾ ਸਬ ਕਮੇਟੀ ਦੇ ਨਾਲ ਪੰਜਾਬ ਭਵਨ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਹੋਣੀ ਸੀ, ਪਰ ਉਹ ਵੀ ਸਰਕਾਰ ਵੱਲੋਂ ਇਕ ਫ਼ੋਨ ਕਾਲ ਰਾਹੀਂ ਮੀਟਿੰਗ ਅੱਗੇ ਪਾ ਦਿੱਤੀ ਗਈ । ਐਕਸੀਅਨ ਵ/ਸ ਅਤੇ ਸੀਵਰੇਜ਼ ਸਤਵਿੰਦਰ ਸਿੰਘ ਢਿੱਲੋਂ ਵੱਲੋਂ ਹੜਤਾਲ 'ਤੇ ਬੈਠੇ ਆਊਟਸੋਰਸ ਵਰਕਰਾਂ ਉੱਪਰ ਲਗਾਏ ਬੇਬੁਨਿਆਦ ਦੋਸ਼ਾਂ ਸੰਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਅਮਰੀਕ ਸਿੰਘ ਜਲੂਰ ਨੇ ਕਿਹਾ ਕਿ ਅਸੀਂ ਪਿਛਲੇ ਸਮੇਂ ਵੀ ਹੜਤਾਲ ਐਕਸੀਅਨ ਰਾਹੁਲ ਕੌਸ਼ਲ ਅਤੇ ਡਿਪਟੀ ਕਮਿਸਨਰ ਬਰਨਾਲਾ ਨਾਲ ਮੀਟਿੰਗਾਂ ਕਰਕੇ ਆਪਸੀ ਸਹਿਮਤੀ ਨਾਲ ਲੋਕਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਜ਼ਰੂਰੀ ਕੰਪਲੇਂਟਾਂ ਦਾ ਨਿਪਟਾਰਾ ਕਰ ਰਹੇ ਹਾਂ, ਪਰ ਪਿਛਲੇ ਦਿਨਾਂ ਵਿੱਚ ਬਦਲ ਕੇ ਆਏ ਨਵੇਂ ਐਕਸੀਅਨ ਦਾ ਰਵੱਈਆ ਆਊਟਸੋਰਸ ਵਰਕਰਾਂ ਪ$ਤੀ ਅੜੀਅਲ ਅਤੇ ਬੇਵਿਸ਼ਵਾਸੀ ਵਾਲਾ ਰਿਹਾ, ਪਰ ਫਿਰ ਵੀ ਹੜਤਾਲ ਤੇ ਬੈਠੇ ਆਊਟਸੋਰਸ ਵਰਕਰਾਂ ਨੇ ਐਸ.ਡੀ.ਓ ਦੇ ਕਹਿਣ ਤੇ ਲਗਾਤਾਰ ਆਵਾ ਬਸਤੀ,ਰਾਮ ਬਾਗ਼ ਰੋਡ ਅਤੇ ਹਨੂੰਮਾਨ ਮੰਦਿਰ ਨੇੜੇ ਰੇਲਵੇ ਸਟੇਸਨ ਇਹ ਤਿੰਨੇ ਕੰਪਲੇਟਾਂ ਲੋਕਾਂ ਦਾ ਧਿਆਨ ਰੱਖਦੇ ਹੋਏ ਆਪਸੀ ਸਹਿਮਤੀ ਨਿਪਟਾਰਾ ਕਰਵਾਇਆ ਗਿਆ। ਇਸ ਐਕਸੀਅਨ ਨੇ ਸਾਂਤੀਪੂਰਨ ਹੜਤਾਲ ਤੇ ਬੈਠੇ ਆਊਟਸੋਰਸ ਵਰਕਰਾਂ ਨਾਲ ਗੱਲਬਾਤ ਕਰਨ ਦੀ ਬਜਾਏ ਉਹਨਾਂ ਦੀ ਪੁਲਿਸ ਵੱਲੋਂ ਕੁੱਟਮਾਰ ਕਰਵਾਈ ਗਈ ਅਤੇ ਪਰਚੇ ਪਾਉਣ ਦੀ ਧਮਕੀ ਦਿੱਤੀ ਗਈ, ਜਿਸ ਕਾਰਨ ਆਊਟਸੋਰਸ ਵਰਕਰਾਂ ਚ ਭਾਰੀ ਰੋਸ ਹੈ। ਇਸ ਮੌਕੇ ਸਰਕਾਰ ਦੀਆਂ ਕੁੱਝ ਚਾਪਲੂਸ ਅਤੇ ਗ਼ਦਾਰ ਜਥੇਬੰਦੀਆਂ ਸਰਕਾਰ ਨਾਲ ਮਿਲ ਕੇ ਝੂਠੀਆਂ ਖ਼ਬਰਾਂ ਲਵਾ ਕੇ ਪੰਜਾਬ ਦੇ ਕਿਰਤੀ ਲੋਕਾਂ ਦਾ ਘਾਣ ਕਰਵਾ ਰਹੀਆਂ ਹਨ ਜਿਵੇਂ ਕਿ ਪੰਜਾਬ ਦੇ ਵਾਟਰ ਸਪਲਾਈ ਅਤੇ ਸੀਵਰੇਜ਼ ਕਾਮਿਆਂ ਦੀ ਜਥੇਬੰਦੀ ਦਾ ਆਪੇ ਬਣਿਆ ਪ੍ਰਧਾਨ ਬਿਲਕੁਲ ਸਰਕਾਰ ਦੇ ਨਾਲ ਮਿਲਿਆ ਹੋਇਆ ਹੈ। ਜਥੇਬੰਦੀ ਦੇ ਫ਼ੈਸਲੇ ਅਨੁਸਾਰ 25 ਅਗਸਤ ਤੋਂ ਸੀਵਰੇਜ਼ ਦੀਆਂ ਮੋਟਰਾਂ ਬੰਦ ਕੀਤੀਆਂ ਜਾਣਗੀਆਂ ਅਤੇ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸੂਬਾ ਆਗੂ ਮਿਲਖਾ ਸਿੰਘ, ਵਿਨੋਦ ਕੁਮਾਰ, ਮੋਹਨ ਰਾਮ, ਯਾਦਵਿੰਦਰ ਧੂਰੀ, ਬੌਬੀ ਤਪਾ,ਮਨਜੀਤ ਮਹਿਤਾ, ਚਰਨਜੀਤ ਖੁੱਡੀ ਤੇ ਮੁਕੇਸ਼ ਕੁਮਾਰ ਹਾਜ਼ਰ ਸਨ।



# ਭਾਗਵਤ ਕਥਾ ਦੌਰਾਨ ਸਵਾਮੀ ਰਾਮ ਤੀਰਥ ਨੇ ਸੁਣਾਈ ਬਾਲ ਸ੍ਰੀ ਕ੍ਰਿਸ਼ਨ ਲੀਲ੍ਹਾ



ਤਪਾ ਮੰਡੀ, 23 ਅਗਸਤ (ਭੂਸ਼ਨ ਘੜੈਲਾ):ਬਠਿੰਡਾ-ਬਰਨਾਲਾ ਮੁੱਖ ਮਾਰਗ 'ਤੇ ਸਥਿਤ ਡੇਰਾ ਬਾਬਾ ਇੰਦਰ ਦਾਸ ਤਪਾ ਵਿਖੇ ਬਾਬਾ ਭਗਵਾਨ ਦਾਸ ਜੀ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਧਾਰਮਿਕ ਸਮਾਗਮ ਦੇ ਚੌਥੇ ਦਿਨ ਸਵਾਮੀ ਰਾਮ ਤੀਰਥ ਜੀ ਹਰਿਦੁਆਰ ਵਾਲੇ ਨੇ ਸ੍ਰੀ ਕ੍ਰਿਸ਼ਨ ਅਵਤਾਰ ਕਥਾ ਦਾ ਪ੍ਰਸੰਗ ਵਰਨਣ ਕੀਤਾ ਗਿਆ। ਪ੍ਰਵਚਨਾਂ ਦੀ ਵਰਖਾ ਕਰਦੇ ਹੋਏ ਸਵਾਮੀ ਜੀ ਨੇ ਕਿਹਾ ਕਿ ਜੇਕਰ ਦੋਸਤੀ ਹੋਵੇ ਤਾਂ ਕ੍ਰਿਸ਼ਨ ਕ੍ਰਿਸ਼ਨ ਸੁਦਾਮੇ ਵਰਗੀ ਹੋਣੀ ਚਾਹੀਦੀ ਹੈ ਪਰ ਅੱਜ ਕੱਲ ਤਾਂ ਦੋਸਤੀ ਸਿਰਫ ਪੈਸੇ ਦੀ ਹੈ,ਜੇਕਰ ਮਤਲਬ ਤੇ ਪੈਸਾ ਹੈ, ਤਾਂ ਦੋਸਤੀ ਹੈ ਜੇਕਰ ਨਹੀਂ ਤਾਂ ਸਭ ਕੁਝ ਖਤਮ ਹੈ,ਇੱਥੋਂ ਤੱਕ ਕਿ ਹੁਣ ਤਾਂ ਰਿਸ਼ਤੇਦਾਰੀਆਂ ਵੀ ਪੈਸੇ ਨਾਲ ਹੀ ਰਹਿ ਗਈਆਂ ਨਹੀਂ ਇਹ ਵੀ ਖਤਮ ਹਨ। ਸਵਾਮੀ ਜੀ ਨੇ ਕਿਹਾ ਕਿ ਸ੍ਰੀ ਮਦ ਭਾਗਵਤ ਕਥਾ ਵਿੱਕ ਲਿਖੇ ਮੰਤਰ ਅਤੇ ਬਾਣੀ ਕੇਵਲ ਪ੍ਰਮਾਤਮਾ ਦੀ ਪੂਜਾ ਅਤੇ ਉਸ ਦੇ ਚਰਿੱਤਰ ਦਾ ਵਰਨਣ ਹੀ ਨਹੀਂ ਹੈ। ਸ੍ਰੀ ਮਦਭਾਗਵਤ ਕਥਾ ਵਿੱਚ ਉਹ ਸਾਰੇ ਤੱਤ ਸ਼ਾਮਲ ਹਨ,ਜਿਨ੍ਹਾਂ ਰਾਹੀਂ ਕੋਈ ਜੀਵ ਨਾ ਸਿਰਫ ਆਪਣੇ ਆਪ ਨੂੰ ਲਾਭ ਪਹੁੰਚਾ ਸਕਦਾ ਹੈ ਸਗੋਂ ਆਪਣੇ ਨਾਲ ਜੁੜੇ ਲੋਕਾਂ ਨੂੰ ਲਾਭ ਪਹੁੰਚਾ ਸਕਦਾ ਹੈ। ਮਨੁੱਖ ਨੂੰ ਜੀਵਨ ਵਿੱਚ ਭਾਗਵਤ ਕਥਾ ਜਰੂਰ ਸੁਣਨੀ ਚਾਹੀਦੀ ਹੈ,ਇਸ ਨਾਲ ਜੀਵ ਦਾ ਕਲਿਆਣ ਹੁੰਦਾ ਹੈ। ਸ੍ਰੀ ਕ੍ਰਿਸ਼ਨ ਦੇ ਜਨਮ ਸਮੇਂ ਲੋਕਾਂ ਨੇ ਫੁੱਲਾਂ ਦੀ ਵਰਖਾ ਕੀਤੀ ਅਤੇ ਹਾਜਰੀਨ ਸੰਗਤਾਂ ਨੱਚਣ ਲਈ ਮਜਬੂਰ ਹੋ ਗਈਆਂ। ਸੰਗਤਾਂ ਲਈ ਖਿਡੌਣੇ,ਟੌਫੀਆਂ,ਮੱਖਣ ਮਿਸਰੀ ਦਾ ਭੋਗ ਵਰਤਾਇਆ ਗਿਆ।ਇਸ ਮੌਕੇ ਮਹਾਰਾਜ ਗੋਬਿੰਦ ਦਾਸ ਬੁਰਜ ਮਾਨਸ਼ਾਹੀਆ,ਪੰਡਿਤ ਕਾਲਾ ਰਾਮ ਸ਼ਰਮਾ,ਪੰਡਿਤ ਅਰਵਿੰਦ ਸ਼ਰਮਾ,ਪੰਡਿਤ ਮੱਖਣ ਸ਼ਰਮਾ,ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਕੁਮਾਰ ਟਾਂਡਾ,ਰਾਮ ਬਾਗ ਕਮੇਟੀ ਦੇ ਪ੍ਰਧਾਨ ਹੇਮ ਰਾਜ ਸ਼ੰਟੀ ਮੌੜ,ਗੋਲਡੀ ਮਹਿਤਾ,ਮਿਸਤਰੀ ਹਰਪਾਲ ਸਿੰਘ,ਸੁਰੇਸ਼ ਕੁਮਾਰ ਪੱਖੋ ਸਾਬਕਾ ਪ੍ਰਧਾਨ ਨਗਰ ਕੌਂਸਲ,ਨੰਬਰਦਾਰ ਬਲਵੰਤ ਸਿੰਘ,ਪਵਨ ਕੁਮਾਰ ਬਤਾਰਾ,ਅਸ਼ੋਕ ਕੁਮਾਰ ਭੂਤ,ਸੋਹਣ ਲਾਲ ਵਧਵਾ,ਦਰਸ਼ਨ ਲਾਲ ਮੌੜ,ਰਾਜ ਕੁਮਾਰ ਪੱਖੋ,ਰਮੇਸ਼ ਕੁਮਾਰ ਪੱਖੋ,ਦੀਪਾ ਬੂਟਾਂ ਵਾਲਾ,ਮਨੀ ,ਅਸ਼ਵਨੀ ਵਕੀਲ,ਕਮਲ ਪੱਖੋ,ਕਮਲ ਨੰਬਰਦਾਰ,ਮਨੀਸ਼ ਉਗੋ,ਰਾਜ ਕੁਮਾਰ ਲੁਹਾਰੇ ਵਾਲਾ,ਦੀਪਾ ਗਰਗ,ਰਾਧਾ ਧੂਰਕੋਟੀਆਂ,ਪਵਨ ਕੁਮਾਰ ਢਿਲਵਾਂ,ਸੱਤ ਪਾਲ ਮੌੜ,ਰੋਹਿਤ ਸਿੰਗਲਾ,ਭੁਪਿੰਦਰ ਮੌੜ,ਬਿੰਦਰ ਗਰਗ,ਜੀਵਨ ਔਜਲਾ ਆਦਿ ਵੱਡੀ ਗਿਣਤੀ 'ਚ ਔਰਤ ਸੰਗਤਾਂ ਨੇ ਹਾਜ਼ਰੀ ਲਵਾਈ।



# ਪਟਿਆਲਾ-ਆਸ/ਪਾਸ



## ਸਿਹਤ ਮਹਿਕਮੇ ਦੀਆਂ ਟੀਮਾਂ ਨੇ 226 ਸਰਕਾਰੀ ਅਦਾਰਿਆਂ 'ਚ ਚੈੱਕ ਕੀਤਾ ਡੇਂਗੂ ਦਾ ਲਾਰਵਾ

ਪਟਿਆਲਾ, 23 ਅਗਸਤ (ਰੁਪਾਣਾ) : ਇਸ ਸਾਲ ਦੇਰ ਤੱਕ ਚੱਲ ਰਹੇ ਮੀਂਹ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਿਹਤ ਵਿਭਾਗ ਪਟਿਆਲਾ ਦੀਆਂ ਟੀਮਾਂ ਵੱਲੋਂ ਡੇਂਗੂ ਤੇ ਮਲੇਰੀਏ ਦੀ ਰੋਕਥਾਮ ਲਈ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਇਸੇ ਕੜੀ ਤਹਿਤ ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜਿਲ੍ਹੇ ਵਿੱਚ ਪੈਂਦੇ ਹੋਟਸਪੋਟ ਏਰੀਆਜ਼ ਦੇ ਨਾਲ-ਨਾਲ 226 ਸਰਕਾਰੀ ਅਦਾਰਿਆਂ ਵਿੱਚ ਡੇਂਗੂ ਵਿਰੋਧੀ ਡਰਾਈ ਡੇਅ ਗਤੀਵਿਧੀਆਂ ਕੀਤੀਆਂ ਗਈਆਂ। ਇਸ ਦੌਰਾਨ ਸਿਵਲ ਸਰਜਨ ਆਫਿਸ, ਕੋਰਟ ਕਾਂਪਲੈਕਸ ਏਰੀਏ ਦੇ ਪ੍ਰਾਈਵੇਟ ਆਫਿਸ, ਪੀਐਸਪੀਸੀਐਲ ਦੇ ਹੈੱਡ ਆਫਿਸ, ਪੀਐਸਟੀਸੀਐਲ, ਐਸਬੀਆਈ ਬੈਂਕ, ਪਟਿਆਲੇ ਦੀ ਸੈਂਟਰਲ ਜੇਲ੍ਹ, ਡੀਸੀ ਆਫਿਸ ਸੈਕਟ੍ਰੀਏਟ, ਪੀਐਸਪੀਸੀਐਲ ਰਾਜਪੁਰਾ ਕਲੋਨੀ, ਅਰਬਨ ਅਸਟੇਟ ਸਥਿਤ ਪੁੱਡਾ ਆਫਿਸ, ਪੀਆਰਟੀਸੀ ਦੇ ਨਵੇਂ ਬੱਸ ਸਟੈਂਡ ਸਥਿਤ ਆਫਿਸ, ਡੀਐਮਡਬਲਿਊ ਰੇਲਵੇ, ਪੋਸਟ ਆਫਿਸ, ਬਾਗਬਾਨੀ ਆਫਿਸ, ਪਟਵਾਰਖਾਨਾ, ਪੀਐਸਪੀਸੀਐਲ ਪਾਠਕ ਵਿਹਾਰ, ਪੀਆਰਟੀਸੀ ਵਰਕਸ਼ਾਪ, ਵਾਟਰ ਸਪਲਾਈ, ਮਾਈਨਿੰਗ ਡਿਪਾਰਟਮੈਂਟ, ਪ੍ਰਦੂਸ਼ਨ ਕੰਟਰੋਲ, ਸਰਕਾਰੀ ਆਯੁਰਵੈਦਿਕ ਕਾਲਜ, ਇੰਸ਼ੋਰੈਂਸ ਆਫਿਸ ਸਾਈਂ ਮਾਰਕਿਟ, ਸਪੋਰਟਸ ਅਥਾਰਟੀ, ਮਿਊਂਸਪਲ ਕਾਰਪੋਰੇਸ਼ਨ, ਪੰਜਾਬ ਵਾਟਰ ਸਪਲਾਈ ਡਿਪਾਰਟਮੈਂਟ, ਵਾਟਰ ਰਿਸੋਰਸ, ਆਈਟੀਆਈ ਬੁਆਇਜ਼, ਸਰਕਾਰੀ ਪ੍ਰੈੱਸ, ਜ਼ਿਲ੍ਹਾ ਪ੍ਰੀਸ਼ਦ, ਏਡੀਸੀਆਰ ਆਫਿਸ, ਪਟਵਾਰ ਖਾਨਾ ਵਿਖੇ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਕਈ ਥਾਵਾਂ ਉੱਤੇ ਮਿਲਿਆ ਲਾਰਵਾ ਮੌਕੇ ਉੱਤੇ ਹੀ ਨਸ਼ਟ ਕਰਵਾਇਆ ਗਿਆ। ਜ਼ਿਲ੍ਹਾ ਐਪੀਡੇਮੋਲੋਜਿਸਟ ਡਾ. ਸੁਮਿਤ ਸਿੰਘ ਨੇ ਆਖਿਆ ਕਿ ਇਸ ਵਾਰ ਮੀਂਹ ਦਾ ਮੌਸਮ ਜਲਦ ਸ਼ੁਰੂ ਹੋਣ ਅਤੇ ਦੇਰ ਤੱਕ ਹੋ ਰਹੀ ਬਰਸਾਤ ਕਾਰਨ ਡੇਂਗੂ ਦਾ ਲਾਰਵਾ ਵੱਧ ਤਾਦਾਦ ਵਿੱਚ ਮਿਲ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜ਼ਿਲ੍ਹੇ ਵਿੱਚ ਹੁਣ ਤੱਕ 47 ਡੇਂਗੂ ਦੇ ਕੇਸ ਪਾਏ ਗਏ ਹਨ। ਇਸ ਹਫਤੇ ਜ਼ਿਲ੍ਹੇ ਭਰ ਦੇ 40798 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 531 ਥਾਵਾ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ।

## ਪੰਜ ਤੋਲੇ ਸੋਨੇ ਦੇ ਗਹਿਣੇ ਚੋਰੀ, ਜਾਂਚ ਸ਼ੁਰੂ

ਸਮਾਣਾ, 23 ਅਗਸਤ (ਵਿਜੇ ਕੁਮਾਰ) : ਸਦਰ ਥਾਣੇ ਅਧੀਨ ਪੈਂਦੇ ਪਿੰਡ ਮਿਆਲ ਖੁਰਦ ਦੇ ਇੱਕ ਘਰੋਂ ਪੰਜ ਤੋਲੇ ਸੋਨੇ ਦੇ ਗਹਿਣੇ ਚੋਰੀ ਹੋਣ ਦੀ ਸ਼ਿਕਾਇਤ ਮਿਲਣ 'ਤੇ ਸਦਰ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮਾਮਲੇ ਦੇ ਜਾਂਚ ਅਧਿਕਾਰੀ, ਸਦਰ ਪੁਲਿਸ ਦੇ ਏ.ਐਸ.ਆਈ. ਰਾਜਕੁਮਾਰ ਸ਼ਰਮਾ ਨੇ ਦੱਸਿਆ ਕਿ ਮਲਕੀਤ ਸਿੰਘ ਵਾਸੀ ਮਿਆਲ ਖੁਰਦ ਵੱਲੋਂ ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ, ਪਰਸੋਂ ਰਾਤ ਜਦੋਂ ਉਹ ਪਤੀ-ਪਤਨੀ ਘਰ ਨਹੀਂ ਸਨ, ਤਾਂ ਦਰਵਾਜ਼ੇ ਦਾ ਤਾਲਾ ਤੋੜ ਕੇ ਅਲਮਾਰੀ ਦੀ ਸੇਫ਼ ਵਿੱਚੋਂ ਪੰਜ ਤੋਲੇ ਸੋਨੇ ਦੇ ਗਹਿਣੇ ਅਤੇ 1500 ਰੁਪਏ ਚੋਰੀ ਕਰ ਲਏ ਗਏ।ਅਧਿਕਾਰੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਾ ਇੱਕ ਪਰਿਵਾਰ ਨਾਲ ਪਹਿਲਾਂ ਵੀ ਝਗੜਾ ਹੈ ਅਤੇ ਮਾਮਲਾ ਅਦਾਲਤ ਵਿੱਚ ਹੈ, ਜਿਸ ਦੀ ਜਾਂਚ ਚੱਲ ਰਹੀ ਹੈ। ਚੋਰੀ ਦੇ ਇਸ ਮਾਮਲੇ ਨੂੰ ਸ਼ੱਕੀ ਦੱਸਦੇ ਹੋਏ ਜਾਂਚ ਅਧਿਕਾਰੀ ਨੇ ਕਿਹਾ ਕਿ ਚੋਰੀ ਸਬੰਧੀ ਸ਼ਿਕਾਇਤ ਦੀ ਸੂਚਨਾ ਉੱਚ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਭੁੱਕੀ ਵੇਚਣ ਲਈ ਸੜਕ 'ਤੇ ਖੜ੍ਹੇ ਨੌਜਵਾਨ ਤੋਂ 5 ਕਿੱਲੋ ਭੁੱਕੀ ਬ੍ਰਾਮਦ

ਸਮਾਣਾ, 23 ਅਗਸਤ (ਵਿਜੇ ਕੁਮਾਰ): ਸਦਰ ਪੁਲਿਸ ਨੇ ਇੱਕ ਨੌਜਵਾਨ ਨੂੰ 5 ਕਿੱਲੋ ਭੁੱਕੀ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜੋ ਨਸ਼ੇ ਵਾਲੀ ਚੀਜ਼ ਵੇਚਣ ਲਈ ਸੜਕ 'ਤੇ ਖੜ੍ਹਾ ਸੀ। ਪੁਲਿਸ ਨੇ ਉਸ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਮਨਜੀਤ ਸਿੰਘ ਪੁੱਤਰ ਸ਼ੀਸ਼ਾ ਸਿੰਘ ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ।ਸਦਰ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਏ.ਐਸ.ਆਈ. ਜਸਵਿੰਦਰ ਸਿੰਘ ਸੰਧੂ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਮਰਦਾਨਹੇੜੀ ਦੇ ਬੱਸ ਅੱਡੇ 'ਤੇ ਮੌਜੂਦ ਸਨ। ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਮੁਲਜ਼ਮ ਪਿੰਡ ਮਰੋੜੀ ਨੂੰ ਜਾਂਦੀ ਪੱਕੀ ਸੜਕ 'ਤੇ ਰਜਵਾਹੇ ਕੋਲ ਭੁੱਕੀ ਵੇਚਣ ਲਈ ਖੜ੍ਹਾ ਹੈ। ਪੁਲਿਸ ਪਾਰਟੀ ਨੇ ਛਾਪਾ ਮਾਰ ਕੇ ਉਸ ਕੋਲੋਂ 5 ਕਿੱਲੋ ਭੁੱਕੀ ਬਰਾਮਦ ਕਰਕੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਮੁਲਜ਼ਮ 'ਤੇ ਪਹਿਲਾਂ ਵੀ ਕੇਸ ਦਰਜ ਹਨ। ਅਧਿਕਾਰੀ ਅਨੁਸਾਰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ।

## ਨਗਰ ਨਿਗਮ ਵਿਖੇ ਪਲਾਸਟਿਕ ਲਿਫਾਫੇ ਦੇ ਕਾਰੋਬਾਰੀਆਂ ਨਾਲ ਮੀਟਿੰਗ

### ਪਲਾਸਟਿਕ ਮੁਕਤ ਪਟਿਆਲਾ ਬਣਾਉਣ ਵਿੱਚ ਚਾਹੀਦੈ ਪਟਿਆਲਵੀਆਂ ਦਾ ਸਾਥ: ਮੇਅਰ ਅਤੇ ਕਮਿਸ਼ਨਰ

ਪਟਿਆਲਾ, 23 ਅਗਸਤ (ਰੁਪਾਣਾ) : ਪਟਿਆਲਾ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਨਗਰ ਨਿਗਮ ਵੱਲੋਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸੇ ਸੰਦਰਭ ਵਿੱਚ ਨਗਰ ਨਿਗਮ ਵਿਖੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਪਲਾਸਟਿਕ ਲਿਫਾਫੇ ਦੇ ਕਾਰੋਬਾਰੀਆਂ ਨਾਲ ਬਹੁਤ ਖੁਸ਼ਨੁਮਾ ਮਾਹੌਲ ਵਿੱਚ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਸ਼ਹਿਰ ਦੇ ਕਈ ਪਲਾਸਟਿਕ ਲਿਫਾਫੇ ਆਦਿ ਦੇ ਕਾਰੋਬਾਰੀ, ਨਗਰ ਨਿਗਮ ਅਧਿਕਾਰੀ ਅਤੇ ਹੋਰ ਸਬੰਧਤ ਵਿਅਕਤੀ ਹਾਜ਼ਰ ਸਨ। ਦੱਸ ਦੇਈਏ ਕਿ ਕਾਰੋਬਾਰੀਆਂ ਨੇ ਖੁਦ ਮੰਨਿਆ ਕਿ ਉਹ 50 ਪ੍ਰਤੀਸ਼ਤ ਸਟਾਕ ਖਤਮ ਕਰ ਚੁੱਕੇ ਹਨ ਅਤੇ ਬਾਕੀ ਦਾ ਰਹਿੰਦਾ ਸਟਾਕ 10-12 ਦਿਨ ਵਿਚ ਖਤਮ ਕਰ ਕੇ ਅੱਗੋਂ ਪਲਾਸਟਿਕ ਲਿਫਾਫੇ ਨਹੀਂ ਵੇਚਣਗੇ।ਮੇਅਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਲਾਸਟਿਕ ਪ੍ਰਦੂਸ਼ਨ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਬਣ ਚੁੱਕੀ ਹੈ। ਖ਼ਾਸ ਕਰਕੇ ਪਲਾਸਟਿਕ ਲਿਫਾਫੇ ਨਾ ਸਿਰਫ਼ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਨਿਕਾਸੀ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਲਈ ਨਗਰ ਨਿਗਮ ਦਾ ਮੁੱਖ ਟੀਚਾ ਪਟਿਆਲਾ ਨੂੰ ਪਲਾਸਟਿਕ ਲਿਫਾਫਿਆਂ ਤੋਂ ਮੁਕਤ ਕਰਨਾ ਹੈ। ਉਨ੍ਹਾਂ ਹੋਰਨਾਂ ਕਾਰੋਬਾਰੀਆਂ ਨੂੰ ਇਸ ਮੁਹਿਮ ਵਿਚ ਸਾਥ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਕਿ 10 ਤੋਂ 12 ਦਿਨਾਂ ਬਾਅਦ ਨਿਗਮ ਵੱਲੋਂ ਇਸ ਸਬੰਧੀ ਸਖ਼ਤ ਕਾਰਵਾਈ ਦੀ ਸ਼ੁਰੂਆਤ ਕੀਤੀ ਜਾਵੇਗੀ।ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਕਾਰੋਬਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਲਾਸਟਿਕ ਦੀ ਥਾਂ ਕਾਗਜ਼, ਜੂਟ ਜਾਂ ਹੋਰ ਬਾਇਓਡਿਗ੍ਰੇਡੇਬਲ ਵਸਤੂਆਂ ਦੇ ਥੈਲੇ ਵਰਤਣ ਦੀ ਸ਼ੁਰੂਆਤ ਕਰਨ। ਉਨ੍ਹਾਂ ਕਿਹਾ ਕਿ ਜੇ ਸ਼ਹਿਰ ਦੇ ਕਾਰੋਬਾਰੀ ਇਸ ਮੁਹਿਮ ਨਾਲ ਜੁੜਦੇ ਹਨ, ਤਾਂ ਆਮ ਲੋਕ ਵੀ ਇਸ ਵਿੱਚ ਪੂਰੀ ਤਰ੍ਹਾਂ ਸਹਿਯੋਗ ਕਰਨਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਵੀ ਪਲਾਸਟਿਕ ਲਿਫਾਫਿਆਂ ਦਾ ਪ੍ਰਯੋਗ ਜਾਰੀ ਰੱਖਦਾ ਹੈ ਤਾਂ ਉਸ 'ਤੇ ਮੋਟਾ ਜੁਰਮਾਨਾ ਲਗਾਇਆ ਜਾਵੇਗਾ। ਮੀਟਿੰਗ ਦੇ ਆਖ਼ਿਰ ਵਿੱਚ ਮੇਅਰ ਅਤੇ ਕਮਿਸ਼ਨਰ ਨੇ ਸਾਰੇ ਪਟਿਆਲਵੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਅਤੇ ਪਲਾਸਟਿਕ ਦਾ ਪ੍ਰਯੋਗ ਛੱਡ ਕੇ ਸ਼ਹਿਰ ਨੂੰ ਪਲਾਸਟਿਕ ਮੁਕਤ ਬਣਾਉਣ ਦੇ ਇਸ ਮਿਸ਼ਨ ਵਿੱਚ ਭਾਗੀਦਾਰ ਬਣਨ। ਇਸ ਦੇ ਨਾਲ ਹੀ ਸਾਰੇ ਪਟਿਆਲਵੀ ਸਬਜ਼ੀ, ਰਾਸ਼ਨ, ਫਰੂਟ ਆਦਿ ਸਮਾਨ ਲਿਆਉਣ ਲਈ ਕੱਪੜੇ ਜਾਂ ਜੂਟ ਆਦਿ ਦੇ ਬਣੇ ਥੈਲੇ ਵਰਤੋਂ ਵਿੱਚ ਲੈ ਕੇ ਆਉਣ।





## ਡਾ. ਡੀ.ਸੀ. ਸ਼ਰਮਾ ਨੂੰ 2025 ਦੇ ਸਭ ਤੋਂ ਯੋਗ ਪ੍ਰਿੰਸੀਪਲ ਵਜੋਂ ਸਨਮਾਨਿਤ



ਨਾਭਾ, 23 ਅਗਸਤ (ਬਲਜਿੰਦਰ ਮਾਨ/ਚੋਹਰੀਮਾਜਰਾ) : ਇੱਕ ਸ਼ਾਨਦਾਰ ਨਿੱਜੀ ਪ੍ਰਾਪਤੀ ਵਿੱਚ ਪੰਜਾਬ ਪਬਲਿਕ ਸਕੂਲ ਨਾਭਾ ਦੇ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੂੰ 3 ਅਗਸਤ 2025 ਨੂੰ ਨਵੀਂ ਦਿੱਲੀ ਵਿੱਚ ਨੈਸ਼ਨਲ ਸਕੂਲ ਕਾਨਫਰੰਸ ਅਤੇ ਐਵਾਰਡਾਂ ਵਿੱਚ ਪੰਜਾਬ ਰਾਜ ਤੋਂ 2025 ਦੇ ਸਭ ਤੋਂ ਯੋਗ ਪ੍ਰਿੰਸੀਪਲ ਵਜੋਂ ਸਨਮਾਨਿਤ ਕੀਤਾ ਗਿਆ। ਇੱਕ ਉਦੇਸ਼ਪੂਰਨ ਪਹੁੰਚ ਵਾਲੇ ਇੱਕ ਤਜਰਬੇਕਾਰ ਸਿੱਖਿਆ ਸ਼ਾਸਤਰੀ, ਡਾ. ਸ਼ਰਮਾ ਨੇ 26 ਪੁਰਸਕਾਰ ਪ੍ਰਾਪਤ ਕੀਤੇ ਹਨ, 29 ਪ੍ਰਕਾਸ਼ਨ ਲਿਖੇ ਹਨ, ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫੋਰਮਾਂ 'ਤੇ 30 ਪੇਸ਼ਕਾਰੀਆਂ ਦਿੱਤੀਆਂ ਹਨ। ਉਨ੍ਹਾਂ ਦੀ ਲੀਡਰਸ਼ਿਪ ਸ਼ੈਲੀ ਨਿਊ ਐਜੂਕੇਸ਼ਨ ਪਾਲਿਸੀ 2020 ਅਤੇ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ ਦੇ ਆਦਰਸ਼ਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਨੂੰ ਚੇਅਰਮੈਨ, ਬੋਰਡ ਆਫ਼ ਗਵਰਨਰਜ਼ ਅਤੇ ਬੋਰਡ ਮੈਂਬਰਾਂ ਦੇ ਮਾਰਗਦਰਸ਼ਨ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਅਤੇ ਮਾਪਿਆਂ ਦੇ ਅਟੁੱਟ ਸਮਰਥਨ ਅਤੇ ਸਹਿਯੋਗ ਨੂੰ ਸਮਰਪਿਤ ਕੀਤਾ।

## ਚੌਥਾ ਦਰਜਾ ਤੇ ਕੱਚੇ ਮੁਲਾਜ਼ਮਾਂ ਦੀ ਮੀਟਿੰਗ

ਪਟਿਆਲਾ, 23 ਅਗਸਤ (ਚ.ਨ.ਸ.): ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ 1680 ਦੇ ਮੰਡੀ ਬੋਰਡ ਵਿਚਲੇ ਚੌਥਾ ਦਰਜਾ ਅਤੇ ਕੱਚੇ ਮੁਲਾਜ਼ਮਾਂ ਦੀ ਮੀਟਿੰਗ ਯੂਨੀਅਨ ਦਫਤਰ ਰਾਜਪੁਰਾ ਕਲੋਨੀ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਵਿੱਚ ਪੰਜਾਬ ਮੰਡੀ ਬੋਰਡ ਦੇ ਵਾਟਰ ਵਰਕਸਾਂ ਦੇ ਜੋ ਕਾਮੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਨ ਦੀਆਂ ਸੇਵਾਵਾਂ ਪੱਕੀਆਂ ਕਰਵਾਉਣ ਅਤੇ ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਨ ਅਤੇ ਸਾਰੇ ਕਾਮਿਆਂ ਨੂੰ ਬੋਰਡ ਵਿੱਚ ਖਪਾਉਣ ਵਰਗੇ ਮਸਲਿਆਂ ਨੂੰ ਵਿਚਾਰਿਆ ਗਿਆ, ਚਲਦੀ ਮੀਟਿੰਗ ਵਿੱਚ ਸੂਬਾ ਪ੍ਰਧਾਨ ਸਾਥੀ ਦਰਸ਼ਨ ਸਿੰਘ ਲੁਬਾਣਾ ਵੱਲੋਂ ਬੋਰਡ ਦੇ ਚੇਅਰਮੈਨ ਸਰਦਾਰ ਹਰਚੰਦ ਸਿੰਘ ਬਰਸਟ ਨਾਲ ਗੱਲਬਾਤ ਕੀਤੀ ਅਤੇ ਬੇਨਤੀ ਕੀਤੀ ਗਈ ਕਿ ਲਬਿੰਤ ਪਈਆਂ ਮੰਗਾਂ ਤੇ



ਰਿਵਿਊ ਗੱਲਬਾਤ ਕਰਨ ਲਈ ਯੂਨੀਅਨ ਨੂੰ ਮੀਟਿੰਗ ਦਾ ਸਮਾਂ ਦਿੱਤਾ ਜਾਵੇ। ਇਸ ਮੌਕੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਕਿਹਾ ਗਿਆ ਕਿ ਬੋਰਡ ਨੂੰ ਮੰਗਾਂ ਦਾ ਰਿਵਿਊ ਏਜੰਡਾ ਭੇਜਿਆ ਜਾਵੇ ਤਾਂ ਜੋ ਗੱਲਬਾਤ ਕਰਨ ਲਈ ਮੀਟਿੰਗ ਦਾ ਸਮਾਂ ਨਿਸ਼ਚਿਤ ਕੀਤਾ ਜਾਵੇ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਬੋਰਡ ਮੈਨੇਜਮੈਂਟ ਨੂੰ ਰਿਵਿਊ ਅਜੰਡਾ ਨਵੀਂ ਤਰਜ ਦੇ ਆਧਾਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਪੰਜਾਬ ਮੰਡੀ ਬੋਰਡ ਵਿਚਲੇ ਕੁਲਦੀਪ ਸਿੰਘ, ਰਾਜੂ ਸਿੰਘ, ਕ੍ਰਿਸ਼ਨ ਸਿੰਘ, ਗੁਰਿੰਦਰ ਸਿੰਘ ਗੁਰੀ, ਰਮੇਸ਼ ਕੁਮਾਰ, ਹਰਭਜਨ ਸਿੰਘ ਭਗਵਾਨ, ਪੱਪੂ ਸਿੰਘ, ਸਤਿਨਰਾਇਣ ਗੋਨੀ, ਆਦਿ ਹਾਜ਼ਰ ਸਨ। ਇਸ ਮੌਕੇ ਸਾਥੀ ਕੁਲਦੀਪ ਸਿੰਘ ਸੰਗਰੂਰ ਨੂੰ ਵਰਕਿੰਗ ਪ੍ਰਧਾਨ ਦੀਆਂ ਜਿੰਮੇਵਾਰੀਆਂ ਦਿੱਤੀਆਂ ਗਈਆਂ ਅਤੇ ਗੁਰਿੰਦਰ ਸਿੰਘ ਗੁਰੀ ਭਾਦਸੋਂ ਨੂੰ ਸਹਾਇਕ ਜਨਰਲ ਸਕੱਤਰ ਦੀਆਂ ਜਿੰਮੇਵਾਰੀ ਸੌਂਪੀਆਂ ਗਈਆਂ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਯੂਥ ਫੈਡਰੇਸ਼ਨ ਆਫ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਕੀਤੇ ਜਾ ਰਹੇ ਕੰਮ ਸ਼ਲਾਘਾਯੋਗ: ਐਸ.ਪੀ. ਬੈਂਸ

ਪਟਿਆਲਾ, 23 ਅਗਸਤ (ਚ.ਨ.ਸ.): ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਦੇ ਨੁਮਾਇੰਦਿਆਂ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਨਵਨੀਤ ਕੌਰ ਫਰੀਦਕੋਟ, ਰਮਨਦੀਪ ਸਿੰਘ ਪੀ ਵੀ ਓ ਸਾਂਝ ਕੇਂਦਰ ਤ੍ਰਿਪੜੀ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਐਸ ਪੀ/ ਡੀ ਗੁਰਬੰਸ ਸਿੰਘ ਬੈਂਸ ਨਾਲ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਸਬੰਧੀ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਲਈ ਸੱਦਾ ਪੱਤਰ ਦਿੱਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਐਸ ਪੀ /ਡੀ ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ।



## ਸੀਨੀਅਰ ਸਿਟੀਜ਼ਨਜ਼ ਨੂੰ ਗੁਲਾਬ ਦੇ ਫੁੱਲ ਦੇ ਕੇ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ



ਪਟਿਆਲਾ, 23 ਅਗਸਤ (ਚ.ਨ.ਸ.) : ਸੀਨੀਅਰ ਸਿਟੀਜ਼ਨਜ਼ ਨੂੰ ਰੋਜ਼ਾਨਾ ਜੀਵਨ ਵਿੱਚ ਆਪਣੀ ਸਿਹਤ ਦਾ ਚੈਕ ਅਪ ਲਗਾਤਾਰ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਵਾ ਆਧੁਨਿਕ ਯੁੱਗ ਅਨੁਸਾਰ ਆਪਣੇ ਆਪ ਨੂੰ ਪਰਿਵਾਰਾਂ ਵਿੱਚ ਅਡਜਸਟ ਕਰਨਾ ਚਾਹੀਦਾ ਹੈ, ਕਿਉਂਕਿ ਗਿਆਨ ਵਿਗਿਆਨ ਦੀ ਤਰੱਕੀ ਨਾਲ ਸਮੁੱਚੀ ਰਹਿਣੀ- ਸਹਿਣੀ ਤੇ ਵਿਚਾਰ-ਵਿਵਹਾਰ ਬਦਲ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਜਾਗਰ ਸਿੰਘ ਸੇਵਾ ਮੁਕਤ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਸੀਨੀਅਰ ਸਿਟੀਜ਼ਨਜ਼ ਵੈਲਫੇਅਰ ਸੋਸਾਇਟੀ ਅਰਬਨ ਅਸਟੇਟ ਪਟਿਆਲਾ ਦੀ ਸੀਨੀਅਰ ਸਿਟੀਜ਼ਨ ਦਿਵਸ ਮਨਾਉਣ ਲਈ ਆਯੋਜਤ ਮੀਟਿੰਗ ਵਿੱਚ ਬੋਲਦਿਆਂ ਕੀਤਾ। ਇਸ ਮੌਕੇ 'ਤੇ ਡਾ.ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਬਾਰੇ ਮੁੱਖ ਭਾਸ਼ਣ ਵਿੱਚ ਵਿਸਤਾਰ ਨਾਲ ਜਾਣਕਾਰੀ ਦਿੱਤੀ। ਡਾ.ਗੁਰਸ਼ਰਨ ਕੌਰ ਜੱਗੀ ਨੇ ਸੋਸਾਇਟੀ ਦੀ ਡਾਇਰੈਕਟਰੀ ਜਾਰੀ ਕੀਤੀ। ਦਲੀਪ ਸਿੰਘ ਉਪਲ ਨੇ ਡਾ.ਭੀਮਇੰਦਰ ਸਿੰਘ ਦੀ ਜਾਣ ਪਹਿਚਾਣ ਕਰਵਾਈ। ਸੋਸਾਇਟੀ ਵੱਲੋਂ ਸਾਰੇ ਮੈਂਬਰਾਂ ਨੂੰ ਸੀਨੀਅਰ ਸਿਟੀਜ਼ਨ ਦਿਵਸ ਦੇ ਮੌਕੇ 'ਤੇ ਗੁਲਾਬ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ 'ਤੇ ਮਨੀਪਾਲ ਹਸਪਤਾਲ ਪਟਿਆਲਾ ਦੇ ਹੱਡੀਆਂ ਅਤੇ ਯੂਰੋਲੋਜੀ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਨੇ ਮੈਂਬਰਾਂ ਦਾ ਚੈਕ ਅਪ ਕੀਤਾ। ਨਿਰਮਲ ਕੌਰ ਰੋਜ, ਤਰਲੋਕ ਸਿੰਘ ਢਿੱਲੋਂ ਅਤੇ ਗੁਰਮੀਤ ਕੌਰ ਨੇ ਕਵਿਤਾਵਾਂ ਅਤੇ ਗੀਤ ਸੁਣਾਕੇ ਮੈਂਬਰਾਂ ਦਾ ਮਨੋਰੰਜਨ ਕੀਤਾ। ਮੈਂਬਰਾਂ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਤੇ ਤੋਹਫ਼ੇ ਦਿੱਤੇ ਗਏ। ਹਰਬੰਸ ਸਿੰਘ ਸੇਠੀ ਤੇ ਸੁਦਰਸ਼ਨ ਸੇਠੀ ਦੀ ਜੋੜੀ ਨੂੰ 80ਵੇਂ ਜਨਮ ਦਿਵਸ 'ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ।ਅਸ਼ੋਕ ਰਾਜ ਸਿੰਘ ਪੰਨੂੰ ਪ੍ਰਧਾਨ ਸੋਸਾਇਟੀ ਨੇ ਪ੍ਰਧਾਨਗੀ ਭਾਸ਼ਣ ਵਿੱਚ ਪੁਡਾ ਨਾਲ ਤਾਲਮੇਲ ਕਰਕੇ ਅੱਗੇ ਤੋਂ ਹਰ ਮਹੀਨੇ ਸੋਸਾਇਟੀ ਦੀ ਮੀਟਿੰਗ ਈਲਾਈਟ ਕਲੱਬ ਵਿੱਚ ਕਰਨ ਦੇ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ। ਸੋਸਇਟੀ ਦੇ ਜਨਰਲ ਸਕੱਤਰ ਐਸ.ਪੀ.ਗੋਇਲ ਨੇ ਮੁੱਖ ਮਹਿਮਾਨ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਤੇ ਮੰਚ ਸੰਚਾਲਨ ਕੀਤਾ।

## ਕਾਰ ਦੀ ਟੱਕਰ ਨਾਲ ਦੂਜੀ ਕਾਰ ਦੇ ਚਾਲਕ ਦੀਆਂ ਲੱਤਾਂ ਟੁੱਟੀਆਂ, ਕੇਸ ਦਰਜ

ਸਮਾਣਾ, 23 ਅਗਸਤ (ਵਿਜੇ ਕੁਮਾਰ) : ਸਮਾਣਾ-ਪਾਤੜਾਂ ਸੜਕ 'ਤੇ ਪਿੰਡ ਰੇਤਗੜ੍ਹ ਨੇੜੇ ਇੱਕ ਕਾਰ ਦੀ ਟੱਕਰ ਨਾਲ ਦੂਜੀ ਕਾਰ ਦੇ ਚਾਲਕ ਦੀਆਂ ਦੋਵੇਂ ਲੱਤਾਂ ਦੀਆਂ ਹੱਡੀਆਂ ਟੁੱਟਣ ਦੇ ਮਾਮਲੇ ਵਿੱਚ ਪੁਲਿਸ ਨੇ ਮੁਲਜ਼ਮ ਕਾਰ ਚਾਲਕ ਹਿਮਾਂਸ਼ੂ ਬਾਂਸਲ ਪੁੱਤਰ ਰਾਕੇਸ਼ ਬਾਂਸਲ ਵਾਸੀ ਸੈਵਨ ਸਿਟੀ ਸਮਾਣਾ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਅਨਿਲ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਬੈਕ ਸਾਈਡ ਰਾਮਲੀਲਾ ਮੰਦਰ, ਸਮਾਣਾ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 10 ਜੁਲਾਈ ਦੀ ਸਵੇਰ 10 ਵਜੇ ਉਹ ਆਪਣੀ ਕਾਰ ਵਿੱਚ ਪਿੰਡ ਸ਼ਾਹਪੁਰ ਜਾ ਰਿਹਾ ਸੀ ਕਿ ਪਿੰਡ ਰੇਤਗੜ੍ਹ ਨੇੜੇ ਹਰਮਨ ਫੈਕਟਰੀ ਕੋਲ ਮੁਲਜ਼ਮ ਚਾਲਕ ਨੇ ਆਪਣੀ ਤੇਜ਼ ਰਫ਼ਤਾਰ ਕਾਰ ਲਾਪਰਵਾਹੀ ਨਾਲ ਉਸਦੀ ਕਾਰ ਵਿੱਚ ਮਾਰ ਦਿੱਤੀ। ਇਸ ਹਾਦਸੇ ਵਿੱਚ ਉਸਦੀ ਇੱਕ ਲੱਤ ਦੀ ਹੱਡੀ ਜਦਕਿ ਦੂਜੀ ਲੱਤ ਦੇ ਗਿੱਟੇ ਦੀ ਹੱਡੀ ਟੁੱਟ ਗਈ। ਇਲਾਜ ਲਈ ਸਿਵਲ ਹਸਪਤਾਲ ਲਿਜਾਣ 'ਤੇ ਗੰਭੀਰ ਹਾਲਤ ਦੇਖਦਿਆਂ ਡਾਕਟਰਾਂ ਨੇ ਉਸਨੂੰ ਪਟਿਆਲਾ ਰੈਫਰ ਕਰ ਦਿੱਤਾ, ਜਦੋਂਕਿ ਮੁਲਜ਼ਮ ਚਾਲਕ ਕਾਰ ਸਮੇਤ ਫ਼ਰਾਰ ਹੋ ਗਿਆ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਕੇਸ ਦਰਜ ਕਰਕੇ ਮੁਲਜ਼ਮ ਕਾਰ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਧੋਖਾਧੜੀ ਕਰਨ ਸਬੰਧੀ ਮਾਮਲਾ ਦਰਜ

ਪਟਿਆਲਾ, 23 ਅਗਸਤ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਲਖਵਿੰਦਰ ਦਾਸ ਪੁੱਤਰ ਸੰਤ ਰਾਮ ਵਾਸੀ ਡੰਡੋਆ ਜ਼ਿਲ੍ਹਾ ਪਟਿਆਲਾ ਨੇ ਕਥਿਤ ਦੋਸ਼ੀਆਂ ਕੁਲਦੀਪ ਸਿੰਘ, ਜਸਪ੍ਰੀਤ ਕੌਰ , ਡੋਗਰ ਸਿੰਘ ਵਾਸੀ ਪਿੰਡ ਬਠੋਈ ਖੁਰਦ ਜ਼ਿਲ੍ਹਾ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਸਟੈਪ ਬਾਏ ਸਟੈਪ ਨਾਮ ਦਾ ਇਮੀਗ੍ਰੇਸ਼ਾਨ ਦਾ ਦਫਤਰ ਹੈ।ਉਸ ਦੇ ਦੋਸ਼ੀ ਕੁਲਦੀਪ ਸਿੰਘ ਨਾਲ ਪਰਿਵਾਰਿਕ ਸਬੰਧ ਹੋਣ ਕਾਰਨ ਉਸਨੇ ਕਥਿਤ ਦੋਸ਼ੀ ਡੋਗਰ ਨੂੰ ਵਿਦੇਸ਼ ਪੁਹੰਚਾਉਣ ਸਬੰਧੀ 17 ਲੱਖ ਰੁਪਏ ਵਿੱਚ ਗੱਲ ਕਰ ਲਈ, ਜੋ ਕਥਿਤ ਦੋਸ਼ੀ ਡੋਗਰ ਸਿੰਘ ਵਿਦੇਸ਼ (ਕੈਨੇਡਾ) ਚਲਾ ਗਿਆ ਪਰ ਬਾਅਦ ਵਿੱਚ ਕਥਿਤ ਦੋਸ਼ੀ ਨੇ ਉਸ ਨੂੰ ਪੈਸੇ ਨਹੀਂ ਦਿੱਤੇ ਅਤੇ ਸਿਰਫ 1,30,000 ਰੁਪਏ ਹੀ ਦਿੱਤੇ ਅਤੇ ਬਾਕੀ ਬਚਦੇ 15,25,000 ਰੁਪਏ ਦੀ ਧੋਖਾਧੜੀ ਕੀਤੀ ਹੈ। ਪੁਲਿਸ ਨੇ ਧਾਰਾ 316(2), 318(4),61(2) ਬੀ.ਐਨ.ਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਹਰਿਦੁਆਰ ਲਈ ਵਾਇਆ ਪਟਿਆਲਾ ਦੇ ਰਸਤੇ ਸ਼ੁਰੂ ਹੋਵੇ ਵੰਦੇ ਭਾਰਤ ਐਕਸਪ੍ਰੈਸ: ਪੰਕਜ ਗੌੜ

ਪਟਿਆਲਾ, 23 ਅਗਸਤ (ਚ.ਨ.ਸ.) : ਹਿੰਦੁਸਤਾਨ ਅਧੀਵਕਤਾ ਲੀਗਲ ਸੈਨਾ ਪੰਜਾਬ ਸ਼ਿਵ ਸੈਨਾ ਹਿੰਦੁਸਤਾਨ ਦੀ ਇਕ ਬੇਹੱਦ ਮਹੱਤਵਪੂਰਨ ਮੀਟਿੰਗ ਯਾਦਵਿੰਦਰ ਕੰਪਲੈਕਸ ਜ਼ਿਲ੍ਹਾ ਕੋਰਟ ਪਟਿਆਲਾ ਵਿਖੇ ਲੀਗਲ ਸੈਨਾ ਵੱਲੋਂ ਕੀਤੀ ਗਈ। ਜਿਸ ਵਿਚ ਉਚੇਚੇ ਤੌਰ 'ਤੇ ਪੰਜਾਬ ਪ੍ਰਮੁੱਖ ਪੰਕਜ ਗੌੜ ਐਡਵੋਕੇਟ ਨੇ ਸ਼ਿਰਕਤ ਕੀਤੀ, ਇਸ ਬੈਠਕ ਵਿਚ ਉਨ੍ਹਾਂ ਨੇ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ (ਰਾਜਨੀਤਿਕ ਸ਼ਾਖਾ) ਦੀ ਨੀਤੀਆਂ ਬਾਰੇ ਨਵੇਂ ਬਣੇ ਵਕੀਲ ਭਾਈਚਾਰੇ ਨੂੰ ਦੱਸਿਆ ਗਿਆ। ਇਸ ਬੈਠਕ ਵਿਚ ਖ਼ਾਸ ਗੱਲ ਇਹ ਰਹੀ ਕਿ ਕੁਝ ਮਹਿਲਾ ਵਕੀਲਾਂ ਨੇ ਵੀ ਇਸ ਮੀਟਿੰਗ ਵਿਚ ਭਾਗ ਲਿਆ । ਪੰਜਾਬ ਪ੍ਰਮੁੱਖ ਨੇ ਦੇਸ਼ ਅਤੇ ਵਿਦੇਸ਼ 'ਚ ਹਾਲ ਦੀ ਘੜੀ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਭਾਰਤ ਦੀ ਸਥਿਤੀ ਬਾਰੇ ਚਰਚਾ ਵਾਤ ਕੀਤੀ। ਇਸ ਦੇ ਨਾਲ ਹੀ ਲੀਗਲ ਸੈਨਾ ਪੰਜਾਬ ਪ੍ਰਧਾਨ ਨੇ ਰੇਲ ਰਾਜ ਮੰਤਰੀ ਲਾਲ ਰਵਨੀਤ ਸਿੰਘ ਬਿੱਟੂ ਦੇ ਨਾਂ ਇਕ ਮੰਗ ਪੱਤਰ ਜਾਰੀ ਕੀਤਾ ਗਿਆ, ਜਿਸ 'ਚ ਉਨ੍ਹਾਂ ਆਖਿਆ ਕਿ ਇਕ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਬਠਿੰਡਾ ਤੋਂ ਹਰਿਦੁਆਰ ਵਾਇਆ ਸੰਗਰੂਰ ਪਟਿਆਲਾ ਹੁੰਦੇ ਅੰਬਾਲਾ ਤੋਂ ਹੁੰਦੇ ਸਿੱਧੇ ਹੀ ਹਰਿਦੁਆਰ ਤੱਕ ਸ਼ੁਰੂ ਕਰਨ ਦੀ ਗੱਲ ਵਾਰ ਆਖੀ। ਉਨ੍ਹਾਂ ਆਖਿਆ ਕਿ ਇਹ ਰੇਲ ਗੱਡੀ ਗੰਗਾ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ ਲਈ ਇਕ ਮੀਲ ਦਾ ਪੱਥਰ ਸਾਬਤ ਹੋਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰਧਾਨ ਕਮਲ ਨਾਗਪਾਲ - ਐਡਵੋਕੇਟ ਰੋਨੀ ਪੰਕਜ ਐਡਵੋਕੇਟ ਰਾਜ ਕੁਮਾਰ ਨਾਗਪਾਲ ਐਡਵੋਕੇਟ ਅਤੇ ਹੋਰ ਕਈ ਐਡਵੋਕੇਟ ਅਤੇ ਕਈ ਮਹਿਲਾ ਐਡਵੋਕੇਟ ਵੀ ਮੌਜੂਦ ਰਹੇ।

## ਸੜਕ ਹਾਦਸੇ 'ਚ ਜ਼ਖਮੀ, ਮਾਮਲਾ ਦਰਜ

ਪਟਿਆਲਾ, 23 ਅਗਸਤ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਸੁਨੀਤਾ ਰਾਣੀ ਪਤਨੀ ਜੱਗਾ ਸਿੰਘ ਵਾਸੀ ਧੀਰੂ ਦੀ ਬਸਤੀ ਪਟਿਆਲਾ ਨੇ ਕਾਰ ਦੇ ਅਣਪਛਾਤੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਨੂੰਹ ਹਰਕੀਰਤ ਕੌਰ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਧੀਰੂ ਨਗਰ ਪਟਿਆਲਾ ਕੋਲ ਜਾ ਰਹੀ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਅਤੇ ਉਸਦੀ ਨੂੰਹ ਦੇ ਕਾਫੀ ਸੱਟਾਂ ਲੱਗੀਆਂ ਤੇ ਉਸ ਦੀ ਬਾਂਹ ਟੁੱਟ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਡਾ. ਬੀ.ਐੱਸ. ਸੰਧੂ ਸਕੂਲ ਦੇ ਖਿਡਾਰੀਆਂ ਨੇ ਕਰਾਟੇ ਖੇਡ ਮੁਕਾਬਲੇ 'ਚ ਜਿੱਤੇ 17 ਸੋਨ



ਦੇਵੀਗੜ੍ਹ, 23 ਅਗਸਤ (ਗੁਰਜੀਤ ਸਿੰਘ ਢੋਟ) : ਡਾ. ਬੀ ਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ ਜੁਲਾਹਖੇੜੀ ਖੇਡਾਂ ਦੇ ਖੇਤਰ ਵਿੱਚ ਹਮੇਸ਼ਾਂ ਚਰਚਾ ਦਾ ਵਿਸ਼ਾ ਰਿਹਾ ਹੈ । ਪਿਛਲੇ ਕੁਝ ਦਿਨਾਂ ਤੋਂ ਜ਼ੋਨ ਪੱਧਰ ਦੀਆਂ 69 ਵੀਆਂ ਟੂਰਨਾਮੈਂਟ ਪ੍ਰਤੀਯੋਗਤਾ ਸਾਲ 2025-26 ਖੇਡਾਂ ਸ਼ੁਰੂ ਹੋ ਚੁੱਕੀਆਂ ਹਨ । ਇਨ੍ਹਾਂ ਖੇਡਾਂ ਦੇ ਵਿੱਚ ਇਸ ਸਕੂਲ ਦੇ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਨਾ ਸਿਰਫ ਭਾਗ ਲਿਆ ਬਲਕਿ ਜਿੱਤ ਪ੍ਰਾਪਤ ਕਰਦੇ ਹੋਏ ਸਕੂਲ ਦੀ ਝੋਲੀ ਵਿੱਚ ਸੋਨੇ ਦੇ ਮੈਡਲ ਪਾਏ । ਜ਼ਿਕਰ ਯੋਗ ਹੈ ਕਿ ਕਰਾਟੇ ਖੇਡ ਮੁਕਾਬਲਿਆਂ ਵਿੱਚੋਂ ਲੜਕਿਆਂ ਵਿੱਚੋਂ ਨਵਨਦੀਪ ਸਿੰਘ ਨੇ ਸੋਨੇ ਦਾ ਤਗਮਾ, ਗੁਰਨੂਰ ਸਿੰਘ ਨੇ ਸੋਨੇ ਦਾ ਤਗਮਾ, ਅਰਮਾਨ ਪ੍ਰੀਤ ਸਿੰਘ ਨੇ ਸੋਨੇ ਦਾ ਤਗਮਾ, ਅਭਿਜੋਤ ਸਿੰਘ ਨੇ ਸੋਨੇ ਦਾ ਤਗਮਾ, ਅਭਿਰਾਜਵੀਰ ਸਿੰਘ ਨੇ ਸੋਨੇ ਦਾ ਤਗਮਾ, ਨਵਨਦੀਪ ਸਿੰਘ ਨੇ ਸੋਨੇ ਦਾ ਤਗਮਾ, ਪ੍ਰਿੰਸਪਾਲ ਸਿੰਘ ਨੇ ਸੋਨੇ ਦਾ ਤਗਮਾ, ਆਰਿਅਨ ਗੋਸਵਾਮੀ ਨੇ ਸੋਨੇ ਦਾ ਤਗਮਾ, ਤੁਸ਼ਾਰ ਸ਼ਰਮਾ ਨੇ ਸੋਨੇ ਦਾ ਤਗਮਾ, ਪ੍ਰਤਾਪ ਸਿੰਘ ਨੇ ਸੋਨੇ ਦਾ ਤਗਮਾ ਅਤੇ ਵਿਕਰਮਜੀਤ ਸਿੰਘ ਨੇ ਸੋਨੇ ਦਾ ਤਗਮਾ, ਵਾਸੂ ਬਨਵਾਲਾ ਨੇ ਸੋਨੇ ਦਾ ਤਗਮਾਂ ਅਤੇ ਯੁਗ ਢੀਂਡਸਾ ਨੇ ਵੀ ਸੋਨੇ ਦਾ ਤਗਮਾਂ ਹਾਸਿਲ ਕੀਤਾ ਹੈ। ਇਸੇ ਤਰਾਂ ਲੜਕੀਆਂ ਨੇ ਕਰਾਟੇ ਖੇਡ ਮੁਕਾਬਲੇ ਵਿੱਚੋਂ ਗੈਰੀ ਨੇ ਸੋਨ ਤਗਮਾਂ, ਅਨੂ ਨੇ ਸੋਨ ਤਗਮਾਂ, ਜੈਸਵੀ ਨੇ ਸੋਨ ਤਗਮਾਂ , ਮਨਤੇਜ ਨੇ ਸੋਨ ਤਗਮਾਂ , ਰਿਤਿਕਾ ਅਤੇ ਮਨਪ੍ਰੀਤ ਕੌਰ ਨੇ ਚਾਂਦੀ ਦਾ ਤਗਮਾਂ ਹਾਂਸਿਲ ਕੀਤਾ ਹੈ । ਮੌਕੇ ਤੇ ਮੌਜੂਦ ਅਧਿਕਾਰੀਆਂ ਅਤੇ ਕੋਚ ਸਹਿਬਾਨ ਵੱਲੋਂ ਜੇਤੂ ਖਿਡਾਰੀਆਂ ਨੂੰ ਜਿੱਤ ਦੀ ਵਧਾਈ ਦਿੰਦੇ ਹੋਏ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ । ਸਕੂਲ ਚੇਅਰਮੈਨ ਹਰਦੀਪ ਸਿੰਘ ਸੰਧੂ , ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਵੱਲੋਂ ਜੇਤੂ ਖਿਡਾਰੀਆਂ ਨੂੰ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਦੀ ਜਿੱਤ ਦਾ ਸਿਹਰਾ ਕੋਚ ਰਵਿੰਦਰ ਸਿੰਘ ਅਤੇ ਸਪੋਰਟਸ ਇੰਚਾਰਜ ਅਵਤਾਰ ਸਿੰਘ ਨੂੰ ਜਾਂਦਾ ਹੈ । ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਨੇ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਵੱਲੋਂ 17 ਸੋਨੇ ਦੇ ਅਤੇ 2 ਚਾਂਦੀ ਦੇ ਤਗਮੇਂ ਕਰਾਟੇ ਖੇਡ ਮੁਕਾਬਲੇ ਵਿੱਚ ਸਕੂਲ ਦੀ ਝੋਲੀ ਪਾਏ ਹਨ।

## ਮਾਤਾ ਗੁਜਰੀ ਸਕੂਲ ਗੁਥਮੜਾ ਦੇ ਖਿਡਾਰੀਆਂ ਦੀ ਤਾਈਕਵਾਂਡੋ ਮੁਕਾਬਲੇ 'ਚ ਸ਼ਾਨਦਾਰ ਜਿੱਤ



ਦੇਵੀਗੜ੍ਹ, 23 ਅਗਸਤ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ (ਦੇਵੀਗੜ) ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 18 ਅਗਸਤ 2025 ਨੂੰ ਐਮੀਨੇਂਸ ਸਕੂਲ, ਬਲਬੇੜਾ ਵਿਖੇ ਕਰਵਾਈਆਂ ਗਈਆਂ 69ਵੀਂ ਗਰਮ ਰੁੱਤ ਜੋਨਲ ਸਕੂਲ ਪੱਧਰੀ ਖੇਡਾਂ (ਤਾਈਕਵਾਂਡੋ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ -17 ਅਤੇ ਅੰਡਰ-19 ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਹ ਜਾਣਕਾਰੀ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਸਾਂਝੀ ਕਰਦੇ ਹੋਏ ਕਿਹਾ ਕਿ ਇਸ ਮਹੱਤਵਪੂਰਨ ਜਿੱਤ ਨਾਲ ਸਕੂਲ ਦੀ ਟੀਮ ਨੇ ਨਾ ਕੇਵਲ ਸਿਰਫ਼ ਸੰਸਥਾ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਸਗੋਂ ਪੂਰੇ ਖੇਤਰ ਨੂੰ ਗੌਰਵਾਨਵਿਤ ਕੀਤਾ ਹੈ।ਇਸ ਉਪਲੱਬਧੀ 'ਤੇ ਸਕੂਲ ਦੇ ਪ੍ਰੈਜੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਸ: ਭੁਪਿੰਦਰ ਸਿੰਘ, ਪ੍ਰਿੰਸੀਪਲ ਮਮਤਾ ਮੱਕੜ ਅਤੇ ਕੋਚ ਸ: ਹਰਦੀਪ ਕੁਮਾਰ ਨੇ ਜਿੱਤ ਦਰਜ ਕਰਨ ਵਾਲੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ । ਡਾਇਰੈਕਟਰ ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਨਿਰੰਤਰ ਮਿਹਨਤ, ਅਨੁਸ਼ਾਸਨ, ਕੋਚ ਦੀ ਰਹਿਨੁਮਾਈ ਅਤੇ ਸਕੂਲ ਪ੍ਰਬੰਧਕੀ ਦੇ ਸਹਿਯੋਗ ਦਾ ਜੀਵੰਤ ਨਤੀਜਾ ਹੈ।

## ਵਿਸ਼ੇਸ਼ ਲੋੜਵੰਦ ਬੱਚਿਆਂ ਲਈ ਮੈਡੀਕਲ ਕੈਂਪ ਲਗਾਇਆ



ਭੁਨਰਹੇੜੀ, 23 ਅਗਸਤ (ਗੁਰਜੀਤ ਸਿੰਘ ਢੋਟ) : ਸਮੱਗਰ ਸਿੱਖਿਆ ਅਭਿਆਨ ਆਈ ਈ ਡੀ ਸੈੱਲ ਅਧੀਨ ਮਾਣਯੋਗ ਸ.ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਦੀ ਰਹਿਨੁਮਾਈ ਹੇਠ ਸਰਕਾਰੀ ਐਲੀਮੈਂਟਰੀ ਬਲਾਕ ਦਫ਼ਤਰ ਭੁੱਨਰਹੇੜੀ -1 ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਮੈਡੀਕਲ assessment ਕੈਂਪ ਅਲਿਮਕੋ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਉੱਤੇ ਕੈਂਪ ਦੀ ਪ੍ਰਧਾਨਗੀ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਸ਼ਾਲੂ ਮੇਹਰਾ,ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਮਨਵਿੰਦਰ ਕੌਰ ਭੁੱਲਰ ਵਲੋਂ ਕੀਤੀ ਗਈ ਅਤੇ ਤਿੰਨੋ ਬਲਾਕਾਂ ਭੁਨਰਹੇੜੀ -1,2 ਅਤੇ ਦੇਵੀਗੜ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ਼੍ਰੀਮਤੀ ਬਲਜੀਤ ਕੌਰ ਅਤੇ ਸਰਦਾਰ ਦਵਿੰਦਰ ਸਿੰਘ ਹਾਜ਼ਰ ਰਹੇ ਅਤੇ ਉਹਨਾਂ ਵੱਲੋਂ ਦਸਿਆ ਗਿਆ ਕਿ ਬਲਾਕ ਭੁੱਨਰਹੇੜੀ 1,2 ਅਤੇ ਦੇਵੀਗੜ ਦੇ ਲਗਭਗ 60 ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਜਾਂਚ ਕੀਤੀ ਗਈ ਅਤੇ ਬਚਿਆ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਵ੍ਹੀਲ ਚੇਅਰ,ਟ੍ਰਾਈ ਸਾਈਕਲ,ਕੰਨਾਂ ਦੀਆਂ ਮਸ਼ੀਨਾਂ , ਕੇਲੀਪਰ ਆਦਿ ਸਮਾਂਨ ਦੀ recomandation ਕੀਤੀ ਗਈ ਇਸ ਮੌਕੇ ਜ਼ਿਲਾ ਸਪੈਸ਼ਲ educator ਪੁਨੀਤ ਸ਼ਰਮਾ , ਸ਼੍ਰੀਮਤੀ ਅਮਰਜੀਤ ਕੌਰ, physiotharapist ਮੈਡਮ ਗੀਤ ਕਮਲ ਸ਼ਾਮਲ ਰਹੇ।

## ਯੰਗ ਸਟਾਰ ਵੈਲਫੇਅਰ ਕਲੱਬ ਨੇ ਇਨਵਾਇਰਮੈਂਟ ਪਾਰਕ ਵਿੱਚ ਲਗਾਏ ਪੌਦੇ

ਪਟਿਆਲਾ, 23 ਅਗਸਤ (ਚ.ਨ.ਸ) : ਯੰਗ ਸਟਾਰ ਵੈਲਫੇਅਰ ਕਲੱਬ ਦੇ ਚੇਅਰਮੈਨ ਪ੍ਰਿੰਸ ਖਰਬੰਦਾ, ਪ੍ਰਧਾਨ ਗੁਲਾਬ ਰਾਏ ਗਰਗ ਅਤੇ ਜਨਰਲ ਸਕੱਤਰ ਕੁਮਾਰ ਵਿਸ਼ੇਸ਼ ਅਤੇ ਹੋਰ ਮੈਂਬਰਾਂ ਵੱਲੋਂ ਵਾਤਾਵਰਨ ਨੂੰ ਸ਼ੁੱਧ ਅਤੇ ਹਰਾ ਭਰਾ ਰੱਖਣ ਲਈ ਅੱਜ ਇੰਨਵਾਇਰਮੈਂਟ ਪਾਰਕ ਪਾਸੀ ਰੋਡ ਵਿਖੇ ਪੌਦੇ ਲਗਾਏ ਗਏ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਸ਼ਹਿਰ ਦੀਆਂ ਨਾਮਵਰ ਸ਼ਖਸੀਅਤਾਂ ਨੇ ਵੱਡੇ ਪੱਧਰ 'ਤੇ ਭਾਗ ਲਿਆ ਅਤੇ ਕਲੱਬ ਦੇ ਇਸ ਉਪਰਾਲੇ ਦੀ ਦਿਲੋਂ ਸ਼ਲਾਘਾ ਕੀਤੀ।



ਇਸ ਮੌਕੇ ਕੁਮਾਰ ਵਿਸ਼ੇਸ਼ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੇ ਕਲੱਬ ਵੱਲੋਂ ਪਾਰਕ ਵਿਖੇ 34 ਦੇ ਕਰੀਬ ਬੂਟੇ ਸਮੇਤ ਵੱਡੇ ਲੋਹੇ ਦੇ ਗਮਲੇ ਅਤੇ 100 ਬੂਟੇ ਹੋਰ ਵੀ ਦਿੱਤੇ ਗਏ ਹਨ। ਇਸ ਦੇ ਨਾਲ ਹੀ ਇੱਕ ਤ੍ਰਿਵੇਣੀ ਨਿੰਮ, ਪਿੱਪਲ ਤੇ ਬੋਹੜ ਵੀ ਲਗਾਈ ਗਈ, ਜਿਸ ਨਾਲ ਪਾਰਕ ਦੀ ਖੂਬਸੂਰਤੀ ਵਿੱਚ ਹੋਰ ਵਾਧਾ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਕਲੱਬ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਹਰ ਸਾਲ ਪੌਦੇ ਲਗਾਏ ਜਾਂਦੇ ਹਨ, ਤਾਂ ਜੋ ਆਮ ਲੋਕਾਂ ਨੂੰ ਸ਼ੁੱਧ ਹਵਾ ਅਤੇ ਛਾਂ ਮਿਲਦੀ ਰਹੇ। ਇਸ ਮੌਕੇ ਸੰਤ ਬਾਂਗਾ, ਰਾਜੇਸ਼ ਗਾਂਧੀ, ਆਦਰਸ਼ ਸੂਦ, ਨਰਿੰਦਰ ਗਰਗ, ਇਨਵਾਇਰਮੈਂਟ ਪਾਰਕ ਦੇ ਮੈਂਬਰ ਜਸਬੀਰ ਸਿੰਘ ਗਾਂਧੀ, ਪੈਟਰਨ ਗੁਰਦੀਪ ਸਿੰਘ, ਪ੍ਰਧਾਨ ਡੀ.ਐਸ.ਪੀ ਟਿਵਾਣਾ ਅਤੇ ਸਕੱਤਰ ਵਿਜੇ ਸਿੰਘੀ ਅਤੇ ਹੋਰ ਮੈਂਬਰ ਮੌਕੇ 'ਤੇ ਹਾਜ਼ਰ ਸਨ।


## ਝੋਨੇ ਦੀ ਪਰਾਲੀ ਤੇ ਹੋਰ ਫਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਲਈ ਸਮੂਹ ਬੇਲਰ ਮਾਲਕਾਂ ਨਾਲ ਮੀਟਿੰਗ

ਸਮਾਣਾ, 23 ਅਗਸਤ (ਸੁਖਜਿੰਦਰ ਸਿੰਘ ਕੁਲਾਰਾਂ): ਡਿਪਟੀ ਕਮਿਸਨਰ ਪਟਿਆਲਾ ਡਾ.ਪੀਤੀ ਯਾਦਵ ਪਟਿਆਲਾ ਦੇ ਹੁਕਮਾ ਅਨੁਸਾਰ ਅਤੇ ਐਸ.ਡੀ.ਐਮ ਰਿਚਾ ਗੋਇਲ ਦੀ ਪ੍ਰਧਾਨਗੀ ਹੇਠ ਬਲਾਕ ਖੇਤੀਬਾੜੀ ਅਫਸਰ ਸ੍ਰੀ ਸਤੀਸ ਕੁਮਾਰ ਜੀ ਵੱਲੋ ਬਲਾਕ ਸਮਾਣਾ ਦੇ ਸਮੂਹ ਬੈਲਰ ਮਾਲਕਾ ਨਾਲ ਝੋਨੇ ਦੀ ਪਰਾਲੀ ਅਤੇ ਹੋਰ ਫਸਲਾ ਦੀ ਰਹਿੰਦ -ਖੂੰਹਦ ਨੂੰ ਸੰਭਾਲਣ ਸਬੰਧੀ ਵਿਚਾਰ ਵਟਾਦਰਾ ਕੀਤਾ ਗਿਆ ਤਾਂ ਜੋ ਕਿ ਬਲਾਕ ਸਮਾਣਾ ਵਿੱਚ 0% ਬਰਨਿੰਗ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ । ਮੀਟਿੰਗ ਵਿੱਚ ਹਾਜਰ ਬੇਲਰ ਮਾਲਕਾ ਵੱਲੋ ਜਿਲ੍ਹਾ ਪ੍ਰਸਾਸਨ ਅਤੇ ਖੇਤਾਬਾੜੀ ਵਿਭਾਗ ਨੂੰ ਪੂਰਣ ਸਹਿਯੋਗ ਦਾ ਭਰੋਸਾ ਦਿੱਤਾ ਗਿਆ । ਸਮੂਬ ਬੇਲਰ ਮਾਲਕਾ ਵੱਲੋ ਆਪਣੀਆ ਕੁਝ ਮੁਸਕਿਲਾ ਵੀ ਸਾਝੀਆ ਕੀਤੀਆ ਗਈਆ ਕਿ ਬੇਲਰ ਮਾਲਕਾ ਵੱਲੋ ਦੱਸਿਆ ਗਿਆ ਕਿ ਇੰਡਸਟਰੀ ਮਾਲਕਾ ਵੱਲੋ ਪਰਾਲੀ ਦੀਆ ਗੱਠਾ ਦੇ ਦਿੱਤੇ ਜਾਣ ਵਾਲੇ ਰੇਟ ਬਹੁਤ ਘੱਟ ਹਨ, ਜਿਸ ਕਰਕੇ ਉਹਨਾ ਵੱਲੋ ਮੰਗ ਕੀਤੀ ਗਈ ਕਿ ਇਸ ਦਾ ਰੇਟ ਵਧਾਇਆ ਜਾਵੇ।ਬੇਲਰ ਮਾਲਕਾਂ ਵੱਲੋ ਦੱਸਿਆ ਗਿਆ ਕਿ ਇੰਡਸਟਰੀ ਵੱਲੋ ਮਾਲ ਦੀ ਬਹੁਤ ਹੀ ਘੱਟ ਖਰੀਦ ਕੀਤੀ ਜਾਦੀ ਹੈ ਜਿਸ ਕਰਕੇ ਉਹਨਾ ਨੂੰ ਮਾਲ ਵੀ ਬਾਹਰ ਵੇਚਣਾ ਪੈਂਦਾ ਹੈ ਅਤੇ ਬੇਲਰ ਵੀ ਬਲਾਕ ਤੋ ਬਾਹਰ ਚਲਾਉਣੇ ਪੈਂਦੇ ਹਨ। ਇਸ ਮੀਟਿੰਗ ਵਿੱਚ ਤਹਿਸਲੀਦਾਰ ਸਰਵੇਸ਼ ਰਾਜਨ ਅਤੇ ਖੇਤੀਬਾੜੀ ਦੇ ਕਰਮਚਾਰੀ ਹਾਜ਼ਰ ਸਨ ।





# ਪਟਿਆਲਾ-ਆਸ/ਪਾਸ



## ਚੋਰਾਂ ਨੇ ਚਾਰ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

### ☛ਦੁਕਾਨਾਂ ਦੇ ਸ਼ਟਰ ਤੋੜ ਕੇ ਲੱਖਾਂ ਦੇ ਟਾਇਰ ਤੇ ਬੈਟਰੀਆਂ ਚੋਰੀ



ਸਮਾਣਾ, 23 ਅਗਸਤ (ਵਿਜੇ ਕੁਮਾਰ) : ਬੀਤੀ ਰਾਤ ਅਣਪਛਾਤੇ ਚੋਰਾਂ ਨੇ ਮੂੰਹ ਢੱਕ ਕੇ ਸ਼ਹਿਰ ਦੀ ਮੁੱਖ ਸੜਕ ਘੱਗਾ ਰੋਡ 'ਤੇ ਸਥਿਤ ਚਾਰ ਦੁਕਾਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਦੁਕਾਨਾਂ ਦੇ ਸ਼ਟਰ ਤੋੜ ਕੇ 8 ਲੱਖ ਰੁਪਏ ਦੇ ਟਾਇਰ ਅਤੇ ਬੈਟਰੀਆਂ ਚੋਰੀ ਕਰ ਲਈਆਂ। ਸੂਚਨਾ ਮਿਲਣ 'ਤੇ ਸਿਟੀ ਪੁਲਿਸ ਅਤੇ ਸੀ.ਆਈ.ਏ. ਸਟਾਫ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ।ਸਤੀ ਮੰਦਿਰ ਦੇ ਬਾਹਰ ਸਥਿਤ ਲੂੰਬਾ ਬੈਟਰੀ ਦੀ ਦੁਕਾਨ ਦਾ ਸ਼ਟਰ ਤੋੜ ਕੇ ਚੋਰ 3.50 ਲੱਖ ਰੁਪਏ ਦੀਆਂ ਨਵੀਆਂ ਬੈਟਰੀਆਂ ਚੋਰੀ ਕਰਕੇ ਲੈ ਗਏ। ਦੁਕਾਨ ਮਾਲਕਾਂ ਅਨੁਸਾਰ ਅੱਧੀ ਰਾਤ ਤੋਂ ਬਾਅਦ ਮੂੰਹ ਢੱਕੀ ਚੋਰਾਂ ਨੇ ਦੁਕਾਨ ਦੇ ਬਾਹਰ ਲੱਗੇ ਕੈਮਰੇ ਨੂੰ ਤੋੜ ਦਿੱਤਾ ਅਤੇ ਲੋਹੇ ਦੇ ਸ਼ਟਰ ਨੂੰ ਉੱਪਰ ਚੁੱਕ ਕੇ ਦੁਕਾਨ ਦੇ ਅੰਦਰ ਲੱਗੇ ਟਫਨ ਗਲਾਸ ਨੂੰ ਤੋੜ ਦਿੱਤਾ। ਇਸ ਤੋਂ ਬਾਅਦ ਇੱਕ ਚੋਰ ਦੁਕਾਨ ਦੇ ਅੰਦਰ ਦਾਖਲ ਹੋਇਆ ਅਤੇ ਉਸਨੇ ਉੱਥੇ ਰੱਖੀਆਂ ਨਾਮੀ ਕੰਪਨੀਆਂ ਦੀਆਂ ਲਗਭਗ 15 ਵੱਡੀਆਂ ਬੈਟਰੀਆਂ ਟੁੱਟੇ ਸ਼ਟਰ ਦੇ ਹੇਠਾਂ ਤੋਂ ਖਿਸਕਾ ਕੇ ਬਾਹਰ ਖੜ੍ਹੇ ਆਪਣੇ ਸਾਥੀਆਂ ਨੂੰ ਫੜਾ ਦਿੱਤੀਆਂ। ਉਨ੍ਹਾਂ ਦੱਸਿਆ ਕਿ 10 ਸਾਲ ਪਹਿਲਾਂ ਵੀ ਉਨ੍ਹਾਂ ਦੀ ਇਸੇ ਦੁਕਾਨ 'ਤੇ ਹੋਈ ਲੱਖਾਂ ਰੁਪਏ ਦੀ ਚੋਰੀ ਦਾ ਅੱਜ ਤੱਕ ਕੋਈ ਸੁਰਾਗ ਨਹੀਂ ਮਿਲਿਆ।ਚੋਰੀ ਦੀ ਇੱਕ ਹੋਰ ਘਟਨਾ ਵਿੱਚ ਚੋਰਾਂ ਨੇ ਟੀ-ਪੁਆਇੰਟ ਘੱਗਾ ਰੋਡ 'ਤੇ ਸਥਿਤ ਮਿੱਤਲ ਟਾਇਰ ਦੀ ਦੁਕਾਨ ਦਾ ਸ਼ਟਰ ਤੋੜ ਕੇ ਇੱਕ ਲੱਖ ਰੁਪਏ ਤੋਂ ਵੱਧ ਦੇ ਟਾਇਰ ਚੋਰੀ ਕਰ ਲਏ। ਦੁਕਾਨ ਮਾਲਕ ਸੁਰਿੰਦਰ ਮਿੱਤਲ ਨੇ ਦੱਸਿਆ ਕਿ ਵਾਰਦਾਤ ਦੀ ਸੂਚਨਾ ਉਨ੍ਹਾਂ ਦੇ ਗੁਆਂਢੀਆਂ ਨੇ ਸ਼ਟਰ ਟੁੱਟਿਆ ਦੇਖ ਕੇ ਉਨ੍ਹਾਂ ਨੂੰ ਦਿੱਤੀ। ਚੋਰ ਦੋਵੇਂ ਸ਼ਟਰ ਤੋੜ ਕੇ ਦੁਕਾਨ ਦੇ ਅੰਦਰ ਰੱਖੇ ਮੋਟਰਸਾਈਕਲਾਂ, ਕਾਰਾਂ ਅਤੇ ਪਿਕਅੱਪ ਗੱਡੀਆਂ ਦੇ ਟਾਇਰ ਚੋਰੀ ਕਰਕੇ ਲੈ ਗਏ।ਚੋਰੀ ਦੀ ਘਟਨਾ ਦੇ ਇੱਕ ਹੋਰ ਪੀੜਤ ਦੁਕਾਨਦਾਰ ਨਰਾਇਣ ਸਿੰਘ ਨੇ ਦੱਸਿਆ ਕਿ ਅੱਧੀ ਰਾਤ ਤੋਂ ਬਾਅਦ ਚੋਰਾਂ ਨੇ ਦੁਕਾਨ ਦਾ ਸ਼ਟਰ ਤੋੜ ਕੇ ਦੁਕਾਨ ਦੇ ਅੰਦਰ ਪਈਆਂ ਲਗਭਗ 1.25 ਲੱਖ ਰੁਪਏ ਦੀਆਂ ਟਰੈਕਟਰਾਂ ਦੀਆਂ ਬੈਟਰੀਆਂ ਚੋਰੀ ਕਰ ਲਈਆਂ,ਜਦੋਂਕਿ ਚੋਰੀ ਦੇ ਇੱਕ ਹੋਰ ਮਾਮਲੇ ਵਿੱਚ ਦੁਕਾਨਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਦੁਕਾਨ ਦਾ ਸ਼ਟਰ ਤੋੜ ਕੇ ਚੋਰ ਲਗਭਗ 50 ਹਜ਼ਾਰ ਰੁਪਏ ਦੀਆਂ ਬੈਟਰੀਆਂ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਚੋਰਾਂ ਨੇ ਦੁਕਾਨ ਦੇ ਬਾਹਰ ਲੱਗੇ ਕੈਮਰਿਆਂ ਨੂੰ ਵੀ ਤੋੜ ਦਿੱਤਾ।ਇਸ ਸਬੰਧੀ ਸਿਟੀ ਪੁਲਿਸ ਮੁਖੀ ਇੰਸਪੈਕਟਰ ਵਿਨਰਪ੍ਰੀਤ ਸਿੰਘ, ਸੀ.ਆਈ.ਏ. ਸਟਾਫ ਮੁਖੀ ਇੰਸਪੈਕਟਰ ਅੰਕੁਰਦੀਪ ਸਿੰਘ, ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਜਾ ਰਹੇ ਹਨ। ਵਾਰਦਾਤ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਪੰਜਾਬ ਦੀ ਤਰੱਕੀ ਲਈ ਸੂਬਾ ਸਰਕਾਰ ਲੈ ਰਹੀ ਇਤਿਹਾਸਿਕ ਫੈਸਲੇ: ਹਰਚੰਦ ਸਿੰਘ ਬਰਸਟ

### ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਲੋਕ ਮਿਲਣੀ ਪ੍ਰੋਗਰਾਮ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ



ਪਟਿਆਲਾ, 23 ਅਗਸਤ (ਚ.ਨ.ਸ.) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਲੋਕ ਪਹੁੰਚੇ, ਜਿਨ੍ਹਾਂ ਵੱਲੋਂ ਸ. ਬਰਸਟ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ ਗਿਆ। ਸ. ਬਰਸਟ ਨੇ ਹਰ ਵਿਅਕਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਮੌਕੇ ਤੇ ਹੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ ਅਤੇ ਯੋਜਨਾਬੱਧ ਤਰੀਕੇ ਨਾਲ ਸੂਬੇ ਨੂੰ ਵਿਕਾਸ ਦੀ ਰਾਹ 'ਤੇ ਅੱਗੇ ਵਧਾਇਆ ਜਾ ਰਿਹਾ ਹੈ। ਸੂਬੇ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮਿਸਾਲੀ ਕਾਰਜ ਕੀਤੇ ਗਏ ਹਨ, ਜਿਸਦੇ ਤਹਿਤ ਸਿਹਤ, ਸਿੱਖਿਆ, ਰੋਜ਼ਗਾਰ, ਖੇਤੀਬਾੜੀ ਸਮੇਤ ਹਰ ਖੇਤਰ ਵਿੱਚ ਵਿਸ਼ੇਸ਼ ਕਦਮ ਚੁੱਕੇ ਹਨ, ਜਿਸ ਤੋਂ ਲੋਕ ਬਹੁਤ ਖੁਸ਼ ਹਨ। ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਤਹਿਤ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਨਸ਼ਿਆਂ ਦੇ ਦਲਦਲ ਵਿੱਚ ਫਸੇ ਨੌਜਵਾਨਾਂ ਦਾ ਸਰਕਾਰੀ ਪੱਧਰ 'ਤੇ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਸੂਬਾ ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਵਿੱਚ ਖੇਡ ਮੈਦਾਨਾਂ ਬਣਾਏ ਜਾ ਰਹੇ ਹਨ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪਟਿਆਲਾ ਦੇ ਨੁਮਾਇੰਦੀਆਂ ਵੱਲੋਂ ਸ. ਹਰਚੰਦ ਸਿੰਘ ਬਰਸਟ ਦਾ ਮੰਡੀ ਲੇਬਰ ਰੇਟ ਵਿੱਚ 10 ਫੀਸਦ ਵਾਧਾ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਜਸਬੀਰ ਸਿੰਘ ਚੰਦੂਆ ਚੇਅਰਮੈਨ ਮਾਰਕਿਟ ਕਮੇਟੀ ਬਨੂੰੜ, ਹਰਿੰਦਰ ਸਿੰਘ ਧਬਲਾਨ, ਐਡਵੋਕੇਟ ਹਰਤੇਜ਼ ਸੰਧੂ, ਸ਼ਾਮ ਲਾਲ ਦੱਤ, ਗੁਲਜਾਰ ਦੁਘਾਟ, ਇੰਜ. ਸਤਵਿੰਦਰ ਸਿੰਘ ਸੈਣੀ ਸੀਨੀਅਰ ਮੀਤ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਪੰਜਾਬ, ਦਵਿੰਦਰ ਸਿੰਘ ਬੈਦਵਾਨ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਜ਼ਿਲ੍ਹਾ ਪਟਿਆਲਾ, ਦੀਪਕ ਡਕਾਲਾ, ਰਵੀ ਅਹੂਜਾ, ਸੰਦੀਪ ਸਿੰਘ ਸਰਪੰਚ ਪਿੰਡ ਬੰਮਣਾ, ਚਰਨ ਸਿੰਘ ਸਾਬਕਾ ਸਰਪੰਚ ਮਹਿਮਦਪੁਰ, ਕੁਲਵਿੰਦਰ ਸਿੰਘ ਵੀ ਮੌਜੂਦ ਰਹੇ।

### ਮਾਮਲਾ ਦੋ ਨੌਜਵਾਨਾਂ ਤੇ ਨਾਬਾਲਗ ਲੜਕੀ ਦੇ ਲਾਪਤਾ ਹੋਣ ਦਾ

## ਲੜਕਿਆਂ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਥਾਣਾ ਘੱਗਾ ਦੇ ਗੇਟ ਸਾਹਮਣੇ ਲਗਾਇਆ ਧਰਨਾ



ਬਾਦਸ਼ਾਹਪੁਰ, 23 ਅਗਸਤ (ਰਿਸ਼ੀਪਾਲ ਗੁਪਤਾ) : ਸਬ ਡਵੀਜ਼ਨ ਪਾਤੜਾਂ ਦੇ ਅਧੀਨ ਪਿੰਡ ਡਰੌਲੀ ਦੇ ਦੋ ਨੌਜਵਾਨ ਅਤੇ ਨਾਲ ਲੱਗਦੇ ਪਿੰਡ ਦੀ ਇੱਕ ਨਾਬਾਲਗ ਲੜਕੀ ਇੱਕ ਮਹੀਨੇ ਤੋਂ ਲਾਪਤਾ ਸੀ, ਜਿਸ ਦੇ ਸੰਬੰਧ ਵਿੱਚ ਲੜਕੀ ਦੇ ਪਰਿਵਾਰ ਵੱਲੋਂ ਇਹਨਾਂ ਲੜਕਿਆਂ ਦੇ ਖਿਲਾਫ ਕੇਸ ਦਰਜ ਕਰਵਾਇਆ ਗਿਆ ਸੀ।ਪਰ ਇਸ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਲਾਪਤਾ ਲੜਕਿਆਂ ਦੇ ਪਰਿਵਾਰਿਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਪੁਲਿਸ ਥਾਣਾ ਘੱਗਾ ਦਾ ਘਿਰਾਓ ਕਰਕੇ ਗੇਟ ਸਾਹਮਣੇ ਧਰਨਾ ਲਗਾ ਦਿੱਤਾ। ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪੁਲਿਸ ਵੱਲੋਂ ਇੱਕ ਮਹੀਨੇ ਦੇ ਕਰੀਬ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਦੋਸ ਲਾਉਂਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਲਾਪਤਾ ਲੜਕਿਆਂ ਦੇ ਪਿਤਾ ਗੁਰਮੁੱਖ ਸਿੰਘ, ਬਲਵਿੰਦਰ ਰਾਮ, ਮਾਂ ਅਮਰਜੀਤ ਕੌਰ, ਅਮਰੀਕੋ ਦੇਵੀ ਨੇ ਦੱਸਿਆ ਕਿ ਉਹਨਾਂ ਦੇ ਲੜਕੇ ਪਾਤੜਾਂ ਵਿਖੇ ਕਾਰ ਬਾਜ਼ਾਰ ਵਿੱਚ ਡੈਂਟਿੰਗ ਪੈਂਟਿੰਗ ਦਾ ਕੰਮ ਕਰਦੇ ਹਨ। ਬੀਤੀ 29 ਅਤੇ 30 ਜੁਲਾਈ ਦੀ ਰਾਤ ਨੂੰ ਉਹਨਾਂ ਦੇ ਲੜਕੇ ਮਿਨਤ ਰਾਮ ਅਤੇ ਮੰਨੂ ਅਚਾਨਕ ਘਰੋਂ ਚਲੇ ਗਏ। ਤੜਕਸਾਰ ਕਰੀਬ 3 ਵਜੇ ਦੇ ਕਰੀਬ ਨਾਲ ਲੱਗਦੇ ਪਿੰਡ ਦੀ ਲੜਕੀ ਦੇ ਮਾਪੇ ਪੁਲਿਸ ਲੈ ਕੇ ਉਹਨਾਂ ਦੇ ਘਰੇ ਆਏ ਅਤੇ ਕਿਹਾ ਕਿ ਦੋਵੇਂ ਲੜਕੇ ਉਹਨਾਂ ਦੀ ਨਾਬਾਲਗ ਲੜਕੀ ਨੂੰ ਲੈ ਕੇ ਕਥਿਤ ਤੌਰ 'ਤੇ ਫਰਾਰ ਹੋ ਗਏ ਹਨ। ਇਸ ਦੌਰਾਨ ਜਦੋਂ ਉਹ ਲੜਕਿਆਂ ਦੀ ਭਾਲ ਕਰ ਰਹੇ ਸਨ ਤਾਂ ਭਾਖੜਾ ਨਹਿਰ ਦੇ ਕਿਨਾਰੇ ਉਹਨਾਂ ਦੇ ਮੋਟਰਸਾਈਕਲ ਦੇ ਕੁਝ ਹਿੱਸੇ ਮਿਲੇ ਜਿਸ ਤੋਂ ਪਰਿਵਾਰ ਨੂੰ ਸ਼ੱਕ ਹੋਣ ਤੇ ਜਦੋਂ ਗੋਤਾਖੋਰ ਬੁਲਾ ਕੇ ਭਾਖੜਾ ਨਹਿਰ ਵਿੱਚ ਭਾਲ ਸ਼ੁਰੂ ਕੀਤੀ ਤਾਂ ਨਹਿਰ ਵਿੱਚੋਂ ਲੜਕਿਆਂ ਦਾ ਮੋਟਰਸਾਈਕਲ ਅਤੇ ਮੋਬਾਇਲ ਫੋਨ ਗੋਤਾਖੋਰ ਨੂੰ ਲੱਭਾ। ਉਹਨਾਂ ਸ਼ੱਕ ਜ਼ਾਹਿਰ ਕੀਤਾ ਕਿ ਲੜਕਿਆਂ ਨੂੰ ਗਾਇਬ ਜਾਂ ਕਤਲ ਕਰ ਦਿੱਤਾ ਗਿਆ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਪੁਲਿਸ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਨਸਾਫ਼ ਦੀ ਮੰਗ ਕਰਦਿਆਂ ਉਹਨਾਂ ਕਿਹਾ ਕਿ ਪੁਲਿਸ ਲੜਕਿਆਂ ਦੇ ਲਾਪਤਾ ਹੋਣ ਦੇ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਕਰਨ ਦੇ ਨਾਲ ਨਾਲ ਮਾਮਲੇ ਵਿੱਚ ਕਿਸੇ ਵਿਅਕਤੀ ਦੇ ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਇਸ ਸਬੰਧੀ ਥਾਣਾ ਮੁਖੀ ਘੱਗਾ ਪਵਿੱਤਰ ਸਿੰਘ ਨੇ ਦੱਸਿਆ ਕਿ ਲਾਪਤਾ ਹੋਈ ਨਾਬਾਲਗ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ ਤੇ ਲੜਕੀ ਨੂੰ ਲੈ ਕੇ ਜਾਣ ਵਾਲੇ ਲੜਕੇ ਸਮੇਤ ਇੱਕ ਨਾਬਾਲਗ ਲੜਕੇ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਬਾਦਸ਼ਾਹਪੁਰ ਪੁਲਿਸ ਚੌਕੀ ਦੇ ਇੰਚਾਰਜ ਜੈ ਪ੍ਰਕਾਸ਼ ਸਿੰਘ ਦੀ ਅਗਵਾਈ ਵਿੱਚ ਪੁਲਿਸ ਜਾਂਚ ਕਰ ਰਹੀ ਹੈ। ਭਾਖੜਾ ਨਹਿਰ ਵਿੱਚੋਂ ਮੋਬਾਈਲ ਫੋਨ ਅਤੇ ਮੋਟਰਸਾਈਕਲ ਮਿਲਣ ਦੇ ਮਾਮਲੇ ਸਬੰਧੀ ਉਹਨਾਂ ਕਿਹਾ ਕਿ ਹਾਲੇ ਤੱਕ ਕੋਈ ਵੀ ਅਜਿਹਾ ਸਬੂਤ ਹਾਸਲ ਨਹੀਂ ਹੋਇਆ ਜਿਸ ਦੇ ਆਧਾਰ ਤੇ ਕਿਸੇ ਨੂੰ ਦੋਸ਼ੀ ਬਣਾਇਆ ਜਾ ਸਕੇ। ਪੁਲਿਸ ਮਾਮਲੇ ਦੀ ਬਰੀਕੀ ਨਾਲ ਪੜਤਾਲ ਕਰ ਰਹੀ ਹੈ ਜਲਦੀ ਕੇਸ ਨੂੰ ਹੱਲ ਕਰ ਲਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਉਰਲਾਣਾ, ਜਰਨੈਲ ਸਿੰਘ ਡਰੌਲੀ, ਅਮਨ ਘੱਗਾ, ਜੱਸ ਘੱਗਾ, ਜਸਕਰਨ ਸਿੰਘ, ਮਨਦੀਪ ਸਿੰਘ ਮੋਮੀਆਂ, ਜਸਵਿੰਦਰ ਸਿੰਘ, ਰਾਜੂ , ਰੋਸ਼ਨ ਰਾਮ, ਦਰਸ਼ਨ ਰਾਮ, ਨੰਬਰਦਾਰ ਬੀਰਾ ਰਾਮ ਡਰੌਲੀ ਅਤੇ ਮੇਵਾ ਰਾਮ ਆਦਿ ਹਾਜ਼ਰ ਸਨ।

## ਨਗਰ ਨਿਗਮ ਤੇ ਪ੍ਰਦੂਸ਼ਨ ਕੰਟਰੋਲ ਬੋਰਡ ਦੀਆਂ ਟੀਮਾਂ ਵੱਲੋਂ ਵੱਖ-ਵੱਖ ਮੰਡੀਆਂ 'ਚ ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਦੌਰਾ



ਪਟਿਆਲਾ, 23 ਅਗਸਤ (ਰੁਪਾਣਾ) : ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਨਗਰ ਨਿਗਮ, ਪਟਿਆਲਾ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਸਹਿਯੋਗ ਨਾਲ ਸ਼ਹਿਰ ਦੀਆਂ ਵੱਖ-ਵੱਖ ਮੰਡੀਆਂ ਦਾ ਅੱਜ ਸਾਂਝਾ ਦੌਰਾ ਕੀਤਾ ਗਿਆ। ਦੌਰੇ ਦੌਰਾਨ, ਟੀਮਾਂ ਨੇ ਦੁਕਾਨਦਾਰਾਂ, ਸਬਜ਼ੀ ਵਿਕਰੇਤਾਵਾਂ ਅਤੇ ਆਮ ਲੋਕਾਂ ਨੂੰ ਪਲਾਸਟਿਕ ਕੈਰੀ-ਬੈਗਾਂ ਦੀ ਵਰਤੋਂ ਬੰਦ ਕਰਨ ਅਤੇ ਇਸ ਦੀ ਬਜਾਏ ਵਾਤਾਵਰਨ-ਅਨੁਕੂਲ ਬਦਲ ਜਿਵੇਂ ਕਿ ਕੱਪੜੇ ਤੇ ਜੂਟ ਆਦਿ ਦੇ ਥੈਲੇ ਅਪਣਾਉਣ ਲਈ ਸਰਗਰਮੀ ਨਾਲ ਪ੍ਰੇਰਿਤ ਕਰਦਿਆਂ ਜਾਗਰੂਕ ਕੀਤਾ। ਇਸ ਨਿਰੀਖਣ ਦੌਰੇ ਦੀ ਅਗਵਾਈ ਨਗਰ ਨਿਗਮ ਦੇ ਮੈਡੀਕਲ ਅਫਸਰ ਹੈਲਥ ਡਾ. ਨਵਿੰਦਰ ਸਿੰਘ ਨੇ ਕੀਤੀ, ਜਿਸ ਵਿੱਚ ਨਗਰ ਨਿਗਮ ਦੀ ਆਪਣੀ ਟੀਮ ਸ਼ਾਮਲ ਸਮੇਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਜੇ.ਈ.ਈ. ਇੰਜ. ਦਵਿੰਦਰ ਸਿੰਘ,ਅਤੇ ਇੰਜ. ਰਵੀ ਕੁਮਾਰ ਸ਼ਾਮਲ ਸਨ। ਇਸ ਮੁਹਿੰਮ ਦੌਰਾਨ ਟੀਮ ਨੇ ਵਾਤਾਵਰਨ ਅਤੇ ਜਨਤਕ ਸਿਹਤ 'ਤੇ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਜਾਗਰੂਕਤਾ 'ਤੇ ਜ਼ੋਰ ਦਿੰਦਿਆਂ ਨਾਗਰਿਕਾਂ ਨੂੰ ਪਟਿਆਲਾ ਨੂੰ ਸਾਫ਼ ਅਤੇ ਪ੍ਰਦੂਸ਼ਣ ਮੁਕਤ ਰੱਖਣ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

## ਡਾ. ਮੱਟੂ ਨੇ ਲੋਕਾਂ ਦੀਆਂ ਸੁਣੀਆਂ ਦੁੱਖ ਤਕਲੀਫਾਂ



ਬਾਦਸ਼ਾਹਪੁਰ, 23 ਅਗਸਤ (ਰਿਸ਼ੀਪਾਲ ਗੁਪਤਾ) : ਪਟਿਆਲਾ ਦੇ ਹਲਕਾ ਸ਼ੁਤਰਾਣਾ ਦੇ ਪਿੰਡ ਪਿੰਡ ਜਾ ਕੇ ਆਮ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਅਧਿਕਾਰਾਂ ਬਾਰੇ ਜਾਗਰੂਕ ਕਰਨ, ਬੱਚਿਆਂ ਨੂੰ ਉੱਚ ਸਿੱਖਿਆ ਵੱਲ ਵਧਣ ਅਤੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨ ਲਈ ਚਲਾਈ ਮੁਹਿੰਮ ਤਹਿਤ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਪਿੰਡ ਬੇਲੂਮਾਜਰਾ ਵਿਖੇ ਘਰ ਘਰ ਜਾ ਕੇ ਲੋਕਾਂ ਦਾ ਹਾਲ ਚਾਲ ਜਾਣਿਆ, ਉਨਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ। ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਲੋਕਾਂ ਨੂੰ ਝੂਠੇ ਸਬਜਬਾਗ ਦਿਖਾ ਕੇ ਸੱਤ੍ਹਾ ਵਿੱਚ ਆਈ ਬਦਲਾਅ ਵਾਲੀ ਸਰਕਾਰ ਨੇ ਪੰਜਾਬ ਦੀਆਂ ਮਹਿਲਾਵਾਂ ਨਾਲ ਵੋਟਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਪੰਜਾਬ ਦੀਆਂ ਮਹਿਲਾਵਾਂ ਨੂੰ ਇਕ ਹਜਾਰ ਰੁਪਏ ਸਨਮਾਨ ਭੱਤਾ ਦਿੱਤਾ ਜਾਵੇਗਾ ਪਰ ਅੱਜ ਸਰਕਾਰ ਦੇ ਕਾਰਜਕਾਲ ਨੂੰ ਸਾਢੇ ਤਿੰਨ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਸਾਡੀਆਂ ਮਾਤਾਵਾਂ ਭੈਣਾਂ ਨਾਲ ਕੀਤਾ ਵਾਅਦਾ ਸਰਕਾਰ ਨੇ ਪੂਰਾ ਨਹੀਂ ਕੀਤਾ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਮਹਿਲਾਵਾਂ ਦਾ 32 ਮਹੀਨਿਆਂ ਦਾ ਬਣਦਾ 32 ਹਜ਼ਾਰ ਰੁਪਏ ਪ੍ਰਤੀ ਮਹਿਲਾ ਦਿੱਤਾ ਜਾਵੇ। ਹਲਕੇ ਦੀਆਂ ਤਕਰੀਬਨ ਸੜਕਾਂ ਦਾ ਬਹੁਤ ਮਾੜਾ ਹਾਲ ਹੈ। ਸਿੱਖਿਆ ਤੇ ਸਿਹਤ ਇਹ ਦੋ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦਾ ਫਰਜ਼ ਹੈ।

## ਪਬਲਿਕ ਕਾਲਜ 'ਚ ਵਜ਼ੀਫਾ ਪ੍ਰਾਪਤ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਵਰਕਸ਼ਾਪ ਲਗਾਈ



ਸਮਾਣਾ, 23 ਅਗਸਤ (ਵਿਜੇ ਕੁਮਾਰ) : ਪਬਲਿਕ ਕਾਲਜ, ਸਮਾਣਾ ਦੇ ਆਈ.ਕਿਊ.ਏ. ਸੈਲ ਅਤੇ ਵਿਦਿਆਰਥੀ ਵਜ਼ੀਫਾ ਸੈਲ ਵੱਲੋਂ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਅਗਵਾਈ ਹੇਠ ਵਜ਼ੀਫਾ ਪ੍ਰਾਪਤ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਇੱਕ ਵਰਕਸ਼ਾਪ ਆਯੋਜਿਤ ਕੀਤੀ ਗਈ, ਜਿਸ ਵਿਚ ਤਹਿਸੀਲ ਭਲਾਈ ਅਫਸਰ, ਸਮਾਣਾ ਜਗਦੀਪ ਸ਼ਰਮਾ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਕਾਲਜ ਦੇ ਵਜ਼ੀਫਾ ਨੋਡਲ ਅਫਸਰ ਡਾ. ਇਕਬਾਲ ਸੋਮੀਆ ਨੇ ਜਗਦੀਪ ਸ਼ਰਮਾ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਰਕਸ਼ਪ ਵਿਚ ਵਜ਼ੀਫਾ ਪ੍ਰਾਪਤ ਕਰਨ ਦੀ ਵਿਧੀ ਬਾਰੇ ਜਾਣਕਾਰੀ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ।ਉਨ੍ਹਾਂ ਨੇ ਇਹ ਵੀ ਕਿਹਾ ਕਿ ਆਨਲਾਈਨ ਅਪਲਾਈ ਕਰਕੇ ਪੂਰੇ ਫਾਰਮ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਓ.ਟੀ.ਆਰ. ਬਾਰੇ ਦੱਸਦਿਆਂ ਕਿਹਾ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਫਾਰਮ ਸਬੰਧੀ ਕੋਈ ਮੁਸ਼ਕਿਲ ਪੇਸ ਆਉਂਦੀ ਹੈ, ਤਾਂ ਉਹ ਤਹਿਸੀਲ ਭਲਾਈ ਅਫਸਰ ਸਮਾਣਾ ਨਾਲ ਸੰਪਰਕ ਕਰ ਸਕਦਾ ਹੈ। ਕਾਲਜ ਪ੍ਰਿੰਸਪਲ ਡਾ. ਹਰਕੀਰਤ ਸਿੰਘ ਨੇ ਭਲਾਈ ਅਫਸਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਵਜ਼ੀਫਾ ਸਕੀਮ ਸੁਚੱਜੇ ਢੰਗ ਨਾਲ ਲਾਗੂ ਕਰਕੇ ਚੰਗਾ ਕਾਰਜ ਕਰ ਰਹੇ ਹਨ। ਵਿਦਿਆਰਥੀਆਂ ਨੂੰ ਇਸ ਸਕੀਮ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ। ਵਿਦਿਆਰਥੀਆਂ ਦੇ ਪੁੱਛੇ ਗਏ ਅਨੇਕਾਂ ਸੁਆਲਾਂ ਦੇ ਜੁਆਬ ਭਲਾਈ ਅਫਸਰ ਨੇ ਸਰਲ ਅਤੇ ਸੌਖੇ ਢੰਗ ਨਾਲ ਦਿੱਤੇ। ਅਖੀਰ ਵਿਚ ਡਾ. ਅਰਵਿੰਦਰ ਕੌਰ ਕਾਕੜਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਵਰਕਸ਼ਾਪ ਵਿਚ ਕਾਲਜ ਦੇ ਵਜ਼ੀਫਾ ਸਹਾਇਕ ਕੁਲਵਿੰਦਰ ਸਿੰਘ ਅਤੇ ਪ੍ਰੋ. ਸੋਹਣ ਕੁਮਾਰ ਤੋਂ ਇਲਾਵਾ ਹੋਰ ਕਾਲਜਾਂ ਤੋ ਨੋਡਲ ਅਫਸਰ ਤਰਲੋਚਨ ਸਿੰਘ ਅਤੇ ਲਖਵਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ।

## ਗੁੱਗਾ ਜਾਹਰ ਪੀਰ ਦੇ ਮੇਲੇ 'ਤੇ ਸੰਗਤਾਂ ਨੇ ਮੱਥਾ ਟੇਕਿਆ



ਭਾਦਸੋਂ, 23 ਅਗਸਤ (ਭਰਪੂਰ ਸਿੰਘ ਮੱਟਰਾਂ) : ਗੁੱਗਾ ਜਾਹਰ ਪੀਰ ਦੇ ਮੇਲੇ ਨੂੰ ਮੁੱਖ ਰੱਖ ਕੇ ਪਿੰਡ ਲੁਬਾਣਾ ਟੇਕੂ ਵੱਲੋ ਪੰਜਾਬ ਦਾ ਪ੍ਰਸਿੱਧ ਕਵੀਸ਼ਰੀ ਜਥਾ ਮੇਵਾ ਸਿੰਘ ਪਾਲੀਆ ਕੁਲਦੀਪ ਸਿੰਘ ਚੱਠਾ ਅਤੇ ਹਰਪਾਲ ਸਿੰਘ ਸਮਲਾ ਨੂੰ ਬੁਲਾਇਆ ਗਿਆ ਜਥੇ ਵੱਲੋਂ ਪੰਜਾਬ ਦੇ ਸੂਰਮਿਆਂ ਦੀਆਂ ਵਾਰਾਂ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ ਪੰਚਾਇਤ ਵੱਲੋਂ ਕਵੀਸ਼ਰੀ ਜਥੇ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ।ਇਸ ਪ੍ਰੋਗਰਾਮ ਵਿੱਚ ਬੀਬੀਆਂ ਨੇ ਵੀ ਸ਼ਿਰਕਤ ਕੀਤੀ। ਇਸ ਸਮੇਂ ਪਿੰਡ ਦੇ ਪਤਵੰਤੇ ਸੱਜਣ ਰਾਮ ਸਿੰਘ ਸਰਪੰਚ, ਭਗਵਾਨ ਸਿੰਘ, ਦਰਸ਼ਨ ਸਿੰਘ ਪ੍ਰਧਾਨ, ਨਰਿੰਦਰ ਸਿੰਘ ਸੋਹੀ, ਗੁਰਮੀਤ ਸਿੰਘ, ਜਸਵੀਰ ਸਿੰਘ, ਚਮਕੌਰ ਸਿੰਘ ਸਰਪੰਚ ,ਹੁਸ਼ਿਆਰ ਸਿੰਘ ਕੈਦੂਪੁਰ, ਕਰਮਜੀਤ ਸਿੰਘ, ਨੈਬ ਸਿੰਘ, ਅਵਤਾਰ ਸਿੰਘ, ਹੈਰੀ ਡੀਜੇ ,ਰਜਿੰਦਰ ਸਿੰਘ ,ਬਘੇਲ ਸਿੰਘ, ਹਰਦੇਵ ਸਿੰਘ, ਜਰਨੈਲ ਸਿੰਘ ਨੰਬਰਦਾਰ, ਯੂਵੀ, ਗਰਨੂਰ ਕੌਰ ਗੁਰਕੀਰਤ ਕੌਰ, ਦਿਲਜੀਤ ਕੌਰ ਆਦਿ ਹਾਜ਼ਰ ਸਨ।

## 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ (ਲਾਇਬ੍ਰੇਰੀ) ਦਾ ਉਦਘਾਟਨ 28 ਨੂੰ



ਪਟਿਆਲਾ, 23 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੀ ਸੁਚੱਜੀ ਰਹਿਨੁਮਾਈ ਸਦਕਾ, ਯੂਨੀਵਰਸਿਟੀ ਵਿਖੇ ਪਦਮਸ਼੍ਰੀ ਤੇ ਗਿਆਨਪੀਠ ਐਵਾਰਡੀ ਪ੍ਰੋਫ਼ੈਸਰ ਗੁਰਦਿਆਲ ਸਿੰਘ ਦੇ ਨਾਂ 'ਤੇ ਸਥਾਪਿਤ ਚੇਅਰ ਵਿਚ, 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ 'ਵਿਰਾਸਤ ਕੇਂਦਰ' (ਲਾਇਬ੍ਰੇਰੀ) ਦਾ ਉਦਘਾਟਨ 28 ਅਗਸਤ,2025 ਨੂੰ ਸਵੇਰੇ 11.00 ਵਜੇ ਕੀਤਾ ਜਾ ਰਿਹਾ ਹੈ। ਇਹ ਸੂਚਨਾ ਦਿੰਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ,ਕੋਆਰਡੀਨੇਟਰ ਪੰਜਾਬੀਪੀਡੀਆ ਕੇਂਦਰ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਕਰਨਗੇ।ਇਸ ਅਵਸਰ 'ਤੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਆਪਣੇ ਵਿਚਾਰ ਸਾਂਝੇ ਕਰਨਗੇ। ਇਸ ਸਮਾਗਮ ਦੇ ਮੁੱਖ ਵਕਤਾ ਡੀ.ਏ.ਵੀ. ਕਾਲਜ ਅਬੋਹਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਤਰਸੇਮ ਸ਼ਰਮਾ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਗੁਰਦਿਆਲ ਸਿੰਘ ਦੇ ਸਪੁੱਤਰ ਰਵਿੰਦਰ ਸਿੰਘ ਹੋਣਗੇ।ਸਮਾਗਮ ਦੇ ਆਰੰਭ ਵਿਚ ਡਾ. ਰਾਜਵੰਤ ਕੌਰ 'ਪੰਜਾਬੀ' ਸਵਾਗਤੀ ਸ਼ਬਦ ਅਤੇ ਡੀਨ ਭਾਸ਼ਾਵਾਂ ਡਾ. ਬਲਵਿੰਦਰ ਕੌਰ ਸਿੱਧੂ ਧੰਨਵਾਦੀ ਸ਼ਬਦ ਸਾਂਝੇ ਕਰਨਗੇ।

## ਰੋਟਰੀ ਕਲੱਬ ਸਮਾਣਾ ਨੇ ਪੌਦੇ ਵੰਡ ਕੈਂਪ ਲਗਾਇਆ



ਸਮਾਣਾ, 23 ਅਗਸਤ (ਹਰਜਿੰਦਰ ਸਿੰਘ ਜਵੰਦਾ):ਰੋਟਰੀ ਕਲੱਬ ਸਮਾਣਾ ਵੱਲੋਂ ਪ੍ਰਧਾਨ ਰੋਟੇਰੀਅਨ ਅਰੁਣ ਬਾਂਸਲ, ਸਕੱਤਰ ਸੁਮਿਤ ਗੋਇਲ ਅਤੇ ਕੈਸ਼ੀਅਰ ਰੋਟੇਰੀਅਨ ਗੌਰਵ ਜਿੰਦਲ ਦੀ ਅਗਵਾਈ ਵਿੱਚ ਅਗਰਵਾਲ ਗਊਸ਼ਾਲਾ ਗੇਟ 'ਤੇ ਪੌਦੇ ਵੰਡਣ ਦੇ ਪ੍ਰੋਜੈਕਟ ਤਹਿਤ ਪੌਦੇ ਵੰਡਣ ਦਾ ਕੈਂਪ ਲਗਾਇਆ ਗਿਆ, ਜਿਸ ਵਿੱਚ ਲਗਭਗ 450 ਪੌਦੇ ਵੰਡੇ ਗਏ।ਇਸ ਮੌਕੇ ਜ਼ਿਲ੍ਹਾ ਗਵਰਨਰ ਰੋਟੇਰੀਅਨ ਅਮਿਤ ਸਿੰਗਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਲੋਕਾਂ ਨੂੰ ਪੌਦਿਆਂ ਦੀ ਸੰਭਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਦਿਨੋ-ਦਿਨ ਗੰਧਲੇ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਅਤੇ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ।ਇਸ ਦੇ ਨਾਲ ਹੀ ਉਨ੍ਹਾਂ ਮੀਡੀਆ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਨ ਦੀ ਸ਼ੁੱਧਤਾ ਅਤੇ ਹਰ ਦਿਨ ਵਧ ਰਹੀ ਗਰਮੀ ਨੂੰ ਦੇਖਦਿਆਂ ਆਪਣੇ ਘਰਾਂ, ਖੇਤਾਂ, ਧਾਰਮਿਕ ਅਤੇ ਸਾਂਝੀਆਂ ਥਾਵਾਂ 'ਤੇ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਵੇ।ਇਸ ਮੌਕੇ ਪ੍ਰੋਜੈਕਟ ਦੇ ਚੇਅਰਮੈਨ ਰੋਟੇਰੀਅਨ ਜੀ.ਸੀ. ਗੋਇਲ ਨੇ ਦੱਸਿਆ ਕਿ ਇਹ ਪੌਦੇ ਵੱਖ-ਵੱਖ ਪਿੰਡਾਂ ਤੇ ਖੇਤਾਂ ਵਿੱਚ ਲਗਾਏ ਜਾਣਗੇ।ਇਸ ਮੌਕੇ ਕਲੱਬ ਮੈਂਬਰ ਸਤੀਸ਼ ਸਿੰਗਲਾ, ਅਮਿਤ ਲੂਥਰਾ, ਅਮਿਤ ਕਾਂਸਲ, ਬਲਜਿੰਦਰ ਮੌਦਗਿਲ, ਇੰਜੀ. ਤਰਸੇਮ ਗੋਇਲ, ਮੌਕੁਸ਼ ਅਗਰਵਾਲ, ਸੁਮਿਤ ਸਿੰਗਲਾ, ਅਮਿਤ ਗਰਗ ਗੁਰਦਾਸ ਅਤੇ ਸੁਨੀਲ ਗਰਗ (ਚੀਨੂ) ਵੀ ਮੌਜੂਦ ਰਹੇ।

## ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਮੀਟਿੰਗ



ਸਮਾਣਾ, 23 ਅਗਸਤ (ਸੁਖਜਿੰਦਰ ਸਿੰਘ ਕੁਲਾਰਾਂ) : ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਮੀਟਿੰਗ ਗੁਰਦੁਆਰਾ ਈਸ਼ਰਸਰ ਸਾਹਿਬ ਵਿਖੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਢੈਂਠਲ ਦੀ ਅਗਵਾਈ ਹੇਠ ਹੋਈ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਨੇ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਗੁਰਨਾਮ ਸਿੰਘ ਢੈਂਠਲ ਨੇ ਕਿਹਾ ਕਿ ਸੰਗਠਨ ਦੇ ਸੰਵਿਧਾਨ ਅਨੁਸਾਰ ਬਲਾਕ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਚੋਣਾਂ ਹੁੰਦੀਆਂ ਹਨ। ਸ਼ੰਭੂ ਮੋਰਚੇ ਕਾਰਨ ਚੋਣ ਪ੍ਰਕਿਰਿਆ ਵਿੱਚ ਦੇਰੀ ਹੋਈ। ਇਸ ਪ੍ਰਕਿਰਿਆ ਨੂੰ ਪੂਰਾ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਾਰੀਆਂ ਇਕਾਈਆਂ ਨੂੰ ਫੰਡ ਅਤੇ ਮੈਂਬਰਸ਼ਿਪ ਦੀਆਂ ਕਾਪੀਆਂ ਦਿੱਤੀਆਂ ਗਈਆਂ ਤਾਂ ਜੋ ਬਲਾਕ ਪੱਧਰ ਦੀਆਂ ਚੋਣਾਂ ਕਰਵਾਈਆਂ ਜਾ ਸਕਣ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਵਿੱਚ ਬਿਜਲੀ ਬੋਰਡ ਵੱਲੋਂ ਚਿੱਪ ਵਾਲੇ ਮੀਟਰ ਲਗਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਯਾਦਵਿੰਦਰ ਸਿੰਘ ਕੂਕਾ ਸੀਨੀਅਰ ਮੀਤ ਪ੍ਰਧਾਨ ਬਲਾਕ ਸਮਾਣਾ, ਗੁਰਲਾਲ ਸਿੰਘ ਕੂਕਾ, ਚਤਰ ਸਿੰਘ ਬਿਜਲਪੁਰ, ਅਮਰਜੀਤ ਸਿੰਘ ਬਿਜਲਪੁਰ,ਮਨਸਾ ਸਿੰਘ ਬਿਜਲਪੁਰ,ਅੰਗਰੇਜ਼ ਸਿੰਘ ਰਤਨਹੇੜੀ ਜ਼ਿਲ੍ਹਾ ਕਮੇਟੀ ਮੈਂਬਰ, ਇੰਦਰਜੀਤ ਸਿੰਘ ਧਨੇਠਾ,ਗੁਰਵਿੰਦਰ ਸਿੰਘ ਬਹਾਦਰਗੜ੍ਹ, ਮਾਨ ਸਿੰਘ ਸਹਿਜਪੁਰ, ਰਣਜੀਤ ਸਿੰਘ,ਪ੍ਰਤਾਪ ਸਿੰਘ ਗੜ੍ਹੀ ਸਾਹਿਬ,ਯਾਦਵਿੰਦਰ ਸਿੰਘ ਗੜ੍ਹੀ ਸਾਹਿਬ,ਲਖਵਿੰਦਰ ਸਿੰਘ ਸੋਧੇਵਾਲ, ਸੁਖਵੰਤ ਸਿੰਘ ਸਰਪੰਚ ਅਸਮਾਨਪੁਰ, ਗੁਰਦੀਪ ਸਿੰਘ ਭੋਲੀ ਕਾਨਗੜ, ਪਰਮਿੰਦਰ ਸਿੰਘ ਗੁਰੂ ਤੇਗ ਬਹਾਦਰ ਨਗਰ,ਕਸ਼ਮੀਰ ਸਿੰਘ ਢੈਂਠਲ, ਗੁਰਦੀਪ ਸਿੰਘ ਦੁਲੜ ,ਲਾਡੀ ਦੁਲੜ, ਨਸੀਬ ਸਿੰਘ ਚਤਹਿਰਾ,ਗੁਰਦੇਵ ਸਿੰਘ ਚੌਹਠ, ਗੁਰਬਾਜ ਸਿੰਘ ਢੈਠਲ, ਪ੍ਰੈਸ ਸਕੱਤਰ ਸੁਖਜਿੰਦਰ ਸਿੰਘ ਕੁਲਾਰਾਂ ਅਤੇ ਰਿਸ਼ਵ ਮਿੱਤਲ ਹਾਜ਼ਰ ਸਨ।

## ਮੰਗਾਂ ਸਬੰਧੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਮੀਟਿੰਗ



ਨਾਭਾ, 23 ਅਗਸਤ (ਗੁਰਚਰਨ ਸਿੰਘ ਚੌਧਰੀ ਮਾਜਰਾ) :ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਗੁਰਵਿੰਦਰ ਬੌੜਾਂ ਅਤੇ ਬਲਾਕ ਮੀਤ ਪ੍ਰਧਾਨ ਮਨਜੀਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 29 ਅਗਸਤ 2025 ਨੂੰ ਸੰਗਰੂਰ ਵਿਖੇ ਡਿਪਟੀ ਕਮਿਸ਼ਨਰ (ਡੀ.ਸੀ.) ਦਫਤਰ ਦੇ ਸਾਹਮਣੇ ਵਿਸ਼ਾਲ ਧਰਨਾ ਲਗਾਇਆ ਜਾ ਰਿਹਾ ਹੈ, ਜਿਸ ਦੀ ਅੱਜ ਸ਼ਾਹੀ ਸਮਾਧਾਂ ਬਾਗ 'ਚ ਬਲਾਕ ਕਮੇਟੀ ਆਗੂਆਂ ਦੀ ਮੀਟਿੰਗ ਕੀਤੀ, ਜਿਸ ਵਿੱਚ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚੋਂ ਵੱਡੀ ਗਿਣਤੀ 'ਚ ਮਜ਼ਦੂਰਾਂ ਦੀ ਸ਼ਮੂਲੀਅਤ ਕਰਾਉਣ ਦਾ ਫੈਸਲਾ ਕੀਤਾ ਗਿਆ।ਇਹ ਧਰਨਾ ਜੇਲੀ ਡੱਕੇ ਮਜ਼ਦੂਰਾਂ ਦੀ ਤੁਰੰਤ ਰਿਹਾਈ, ਉਨ੍ਹਾਂ 'ਤੇ ਦਰਜ ਕੀਤੇ ਝੂਠੇ ਕੇਸਾਂ ਦੀ ਵਾਪਸੀ ਅਤੇ ਲੈਂਡ ਸੀਲਿੰਗ ਐਕਟ 1972 ਨੂੰ ਸਖਤੀ ਨਾਲ ਲਾਗੂ ਕਰਕੇ 17.5 ਏਕੜ ਤੋਂ ਵੱਧ ਜ਼ਮੀਨ ਨੂੰ ਬੇਜ਼ਮੀਨੇ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਵਿੱਚ ਨਿਰਪੱਖ ਢੰਗ ਨਾਲ ਵੰਡਣ ਦੀ ਮੰਗ ਨੂੰ ਲੈ ਕੇ ਲਗਾਇਆ ਜਾ ਰਿਹਾ ਹੈ। ਕਮੇਟੀ ਨੇ ਸਪੱਸ਼ਟ ਕੀਤਾ ਕਿ ਇਹ ਮੰਗਾਂ ਨਾ ਸਿਰਫ਼ ਮਜ਼ਦੂਰਾਂ ਅਤੇ ਕਿਸਾਨਾਂ ਦੇ ਮੁਢਲੇ ਹੱਕਾਂ ਨਾਲ ਜੁੜੀਆਂ ਹਨ, ਸਗੋਂ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਅਧੀਨ ਸਰਕਾਰ ਦੀ ਜ਼ਿੰਮੇਵਾਰੀ ਵੀ ਹਨ।ਕਮੇਟੀ ਦੇ ਆਗੂਆਂ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਸਰਕਾਰ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ ਮਜ਼ਦੂਰ ਵਿਰੋਧੀ ਨੀਤੀਆਂ ਅਪਣਾ ਰਹੀ ਹੈ।ਗੁਰਵਿੰਦਰ ਬੌੜਾਂ ਨੇ ਪੰਜਾਬ ਸਰਕਾਰ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਇਨ੍ਹਾਂ ਮੰਗਾਂ ਨੂੰ ਤੁਰੰਤ ਪੂਰਾ ਨਾ ਕੀਤਾ ਅਤੇ ਮਜ਼ਦੂਰਾਂ 'ਤੇ ਜਬਰ ਜਾਰੀ ਰੱਖਿਆ, ਤਾਂ ਸੰਘਰਸ਼ ਨੂੰ ਹੋਰ ਤਿੱਖਾ ਅਤੇ ਵਿਆਪਕ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਕਿਸਾਨ ਜਥੇਬੰਦੀਆਂ, ਮਜ਼ਦੂਰ ਸੰਗਠਨਾਂ, ਸਮਾਜਿਕ ਅਤੇ ਪ੍ਰਗਤੀਸ਼ੀਲ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਧਰਨੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਚਮਕੌਰ ਸਿੰਘ ਨਰਮਾਣਾ, ਬਲਵੀਰ ਸਿੰਘ ਕਕਰਾਲਾ, ਜਸਪਾਲ ਸਿੰਘ, ਮਿੰਟੂ ਸਿੰਘ, ਜਗਰੂਪ ਸਿੰਘ ਤੇ ਹੋਰ ਸ਼ਾਮਿਲ ਰਹੇ।

## ਸਰਦਾਰ ਮੋਹਨ ਸਿੰਘ ਇੰਟਰ-ਸਕੂਲ ਬਹਿਸ ਮੁਕਾਬਲੇ 'ਚ ਪਟਿਆਲਾ ਦੇ ਚੋਟੀ ਦੇ ਸਕੂਲਾਂ ਨੇ ਹਿੱਸਾ ਲਿਆ



ਪਟਿਆਲਾ, 23 ਅਗਸਤ (ਚ.ਨ.ਸ.) : ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ, ਇੱਕ ਵਾਰ ਫਿਰ ਤਿੱਖੇ ਬੌਧਿਕ ਆਦਾਨ-ਪ੍ਰਦਾਨ ਦਾ ਮੰਚ ਬਣ ਗਿਆ, ਕਿਉਂਕਿ ਇਸਨੇ 23 ਅਗਸਤ 2025 ਨੂੰ ਸਰਦਾਰ ਮੋਹਨ ਸਿੰਘ ਇੰਟਰ-ਸਕੂਲ ਬਹਿਸ ਮੁਕਾਬਲੇ ਦੀ ਮੇਜ਼ਬਾਨੀ ਕੀਤੀ। ਇਸ ਸਾਲਾਨਾ ਬਹਿਸ ਮੁਕਾਬਲੇ ਦੇ ਤੀਜੇ ਐਡੀਸ਼ਨ ਵਿੱਚ ਹਿੱਸਾ ਲੈਣ ਲਈ ਪਟਿਆਲਾ ਅਤੇ ਪਟਿਆਲਾ ਜ਼ਿਲ੍ਹੇ ਦੇ ਦਸ ਚੋਟੀ ਦੇ ਸਕੂਲਾਂ ਨੂੰ ਸੱਦਾ ਦਿੱਤਾ ਗਿਆ ਸੀ।ਇਸ ਸਾਲ ਵਿਸ਼ਾ ਸੀ: ਕੀ ਧਰਤੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਨਾਲੋਂ ਪੁਲਾੜ ਖੋਜ ਨੂੰ ਤਰਜ਼ੀਹ ਦਿੱਤੀ ਜਾਣੀ ਚਾਹੀਦੀ ਹੈ ? ਇੱਕ ਕਰੀਬੀ ਮੁਕਾਬਲੇ ਤੋਂ ਬਾਅਦ, ਸੇਂਟ ਪੀਟਰਜ਼ ਅਕੈਡਮੀ, ਪਟਿਆਲਾ ਨੇ ਜੇਤੂ ਟਰਾਫੀ ਜਿੱਤੀ। ਬੁੱਢਾ ਦਲ ਪਬਲਿਕ ਸਕੂਲ ਨੇ ਪਹਿਲਾ ਰਨਰ-ਅੱਪ ਕੱਪ ਪ੍ਰਾਪਤ ਕੀਤਾ, ਜਦੋਂਕਿ ਸ੍ਰੀ ਗੁਰੂ ਤੇਗ ਬਹਾਦਰ ਸਕੂਲ ਨੇ ਦੂਜਾ ਰਨਰ-ਅੱਪ ਕੱਪ ਪ੍ਰਾਪਤ ਕੀਤਾ। ਵਿਅਕਤੀਗਤ ਪੱਧਰ 'ਤੇ, ਬੁੱਢਾ ਦਲ ਪਬਲਿਕ ਸਕੂਲ ਦੀ ਗੁਰਗਨੀਮਤ ਕੌਰ ਨੂੰ ਸਰਵੋਤਮ ਸਪੀਕਰ ਘੋਸ਼ਿਤ ਕੀਤਾ ਗਿਆ ਅਤੇ ਬੋਸ ਬਲੂਟੁੱਥ ਸਪੀਕਰ ਨਾਲ ਸਨਮਾਨਿਤ ਕੀਤਾ ਗਿਆ।ਤਿੱਖੇ ਸਵਾਲਾਂ ਦੀ ਕਲਾ ਨੂੰ ਮਾਨਤਾ ਦਿੰਦੇ ਹੋਏ, ਸੇਂਟ ਪੀਟਰਜ਼ ਅਕੈਡਮੀ, ਪਟਿਆਲਾ ਦੀਆਂ ਵਰਿਤੀ ਅਰੋੜਾ ਅਤੇ ਸਮਰਵੀਰ ਨੂੰ ਸਰਵੋਤਮ ਇੰਟਰਜੈਕਟਰ ਦੇ ਖਿਤਾਬ ਦਿੱਤੇ ਗਏ, ਹਰੇਕ ਨੂੰ 5,000 ਦੀਆਂ ਕਿਤਾਬਾਂ ਮਿਲੀਆਂ। ਸੁਤੰਤਰ ਜੱਜਾਂ ਦੇ ਵਿਸ਼ੇਸ਼ ਪੈਨਲ ਵਿੱਚ ਸ਼੍ਰੀਮਤੀ ਨੇਹਾ ਗੁਪਤਾ, ਇੱਕ ਮਸ਼ਹੂਰ ਪ੍ਰੇਰਕ ਸਪੀਕਰ ਅਤੇ ਜੀਵਨ ਕੋਚ, ਡਾ. ਅਮਿਤ ਧੀਰ, ਐਸੋਸੀਏਟ ਪ੍ਰੋਫ਼ੈਸਰ ਅਤੇ ਮੁਖੀ, ਸਕੂਲ ਆਫ਼ ਐਨਰਜੀ ਐਂਡ ਐਨਵਾਇਰਮੈਂਟ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ, ਅਤੇ ਡਾ. ਮਮਤਾ ਗੁਲਾਟੀ, ਸਹਾਇਕ ਪ੍ਰੋਫ਼ੈਸਰ, ਗਣਿਤ ਵਿਭਾਗ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਸ਼ਾਮਲ ਸਨ।



ਥਾਣਾ ਸਿਟੀ ਸਮਾਣਾ ਦੇ ਨਵ-ਨਿਯੁਕਤ ਇੰਚਾਰਜ ਇੰਸਪੈਕਟਰ ਵਿਨਰਪ੍ਰੀਤ ਸਿੰਘ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਨਮਾਨਿਤ ਕਰਦੇ ਹੋਏ ਟ੍ਰੈਫਿਕ ਇੰਚਾਰਜ ਝਿਰਮਲ ਸਿੰਘ, ਹੌਲਦਾਰ ਜਸਪਾਲ ਸਿੰਘ ਅਤੇ ਨਾਲ ਥਾਣੇਦਾਰ ਗੁਰਬਖਸ਼ ਸਿੰਘ।
(ਫੋਟੋ ਤੇ ਵੇਰਵਾ: ਸੁਖਜਿੰਦਰ ਸਿੰਘ ਕੁਲਾਰਾਂ)

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
24 ਅਗਸਤ 2025 ਦਿਨ ਐਤਵਾਰ
ਗੁ: ਸਾਹਿਬ ਸੁਖਦਾਸਪੁਰਾ ਮੁਹੱਲਾ, ਕੱਪੜਾ ਮਾਰਕੀਟ ਦੇ ਪਿਛਲੇ ਪਾਸੇ, ਪਟਿਆਲਾ
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।